# ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਨਵ-ਸਿਰਜਿਤ ਰਾਗਾਂ ਦਾ ਵਿਵਿਧ ਆਯਾਮ: ਇੱਕ ਸਮੀਕਸ਼ਾਤਮਕ ਅਧਿਐਨ
# (20ਵੀਂ ਸਦੀ ਦੇ ਸੰਦਰਭ ਵਿੱਚ)

# DIFFERENT DIMENSIONS OF NEW-CREATED RAGAS OF INDIAN CLASSICAL MUSIC: A CRITICAL STUDY
# (IN THE CONTEXT OF THE 20th CENTURY)

**DOCTOR OF PHILOSOPHY**

**in**

**Performing Arts (music)**

**By**

**Navpreet Kaur**

**Registration Number: 11919242**

**Supervised By**

**Dr. Kumar Sargam (25050)**

**Theater and Music (Assistant professor)**

**Lovely Professional University**

**LOVELY PROFESSIONAL UNIVERSITY, PUNJAB**

**2025**

# DECLARATION

I, hereby declared that the presented work in the thesis entitled "**ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਨਵ-ਸਿਰਜਿਤ ਰਾਗਾਂ ਦਾ ਵਿਵਿਧ ਆਯਾਮ : ਇੱਕ ਸਮੀਕਸ਼ਾਤਮਕ ਅਧਿਐਨ (20ਵੀਂ ਸਦੀ ਦੇ ਸੰਦਰਭ ਵਿੱਚ)**" in fulfilment of degree of **Doctor of Philosophy (Ph.D.)** is outcome of research work carried out by me under the supervision of Dr. Kumar Sargam, working as Assistant professor, in the school of Theater and Music of Lovely Professional University, Punjab, India. In keeping with general practice of reporting scientific observations, due acknowledgements have been made whenever work described here has been based on findings of other investigator. This work has not been submitted in part or full to any other University or Institute for the award of any degree.

**(Signature of Scholar)**


Name of the scholar: Navpreet Kaur

Registration No.: 11919242

Department/school: Theater and Music

Lovely Professional University, Punjab, India

# CERTIFICATE

This is to certify that the work reported in the Ph. D. thesis entitled "**ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਨਵ–ਸਿਰਜਿਤ ਰਾਗਾਂ ਦਾ ਵਿਵਿਧ ਆਯਾਮ:ਇੱਕ ਸਮੀਕਸ਼ਾਤਮਕ ਅਧਿਐਨ (20ਵੀਂ ਸਦੀ ਦੇ ਸੰਦਰਭ ਵਿੱਚ)**" submitted in fulfillment of the requirement for the award of degree of **Doctor of Philosophy (Ph.D.)** in the Theater and Music, is a research work carried out by Navpreet Kaur, 11919242, is bonafide record of his/her original work carried out under my supervision and that no part of thesis has been submitted for any other degree, diploma or equivalent course.

**(Signature of Supervisor)**

Name of supervisor: Dr. Kumar Sargam

Designation: Assistant Professor

Department/school: Theater and Music

University: Lovely Professional University

# ਧੰਨਵਾਦ


ਕਿਸੇ ਵੀ ਕਾਰਜ ਨੂੰ ਆਰੰਭ ਕਰਨਾ ਸਾਡਾ ਮੌਲਿਕ ਉੱਦਮ ਹੁੰਦਾ ਹੈ ਪਰ ਉਸਨੂੰ ਮੁਕਾਮ ਤੱਕ ਪਹੁੰਚਾਉਣ ਲਈ ਕਈ ਸਖ਼ਸ਼ੀਅਤਾਂ, ਸਾਥੀਆਂ, ਗੁਰੂ ਅਤੇ ਮਾਤਾ-ਪਿਤਾ ਦਾ ਸਾਂਝਾ ਯੋਗਦਾਨ ਹੁੰਦਾ ਹੈ। ਇਸ ਲਘੂ ਖੋਜ-ਕਾਰਜ ਨੂੰ ਅੰਤਿਮ ਅੰਜ਼ਾਮ ਤੱਕ ਪਹੁੰਚਾਉਣ ਵਿਚ ਜਿਨ੍ਹਾਂ ਗੁਣੀਜਨਾਂ ਅਤੇ ਸਾਥੀਆਂ ਦਾ ਸਹਿਯੋਗ ਹਾਸਿਲ ਹੋਇਆ ਹੈ ਉਹਨਾਂ ਦਾ ਧੰਨਵਾਦ ਕਰਨਾ ਮੈਂ ਆਪਣਾ ਮੁੱਢਲਾ ਫਰਜ਼ ਸਮਝਦੀ ਹਾਂ।

ਸਭ ਤੋਂ ਪਹਿਲਾਂ ਮੈਂ ਉਸ ਪਰਮ ਪਿਤਾ ਪ੍ਰਮਾਤਮਾ ਤੇ ਆਪਣੇ ਗੁਰੂ ਦੀ ਧੰਨਵਾਦੀ ਹਾਂ ਜਿਸਦੀ ਅਪਾਰ ਰਹਿਮਤ ਸਦਕਾ ਮੈਂ ਇਸ ਖੋਜ-ਕਾਰਜ ਨੂੰ ਕਰਨ ਦੇ ਸਮਰੱਥ ਹੋਈ।

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਆਪਣੀ ਰੱਬ ਰੂਪੀ ਮਾਤਾ ਜੀ ਸਵ.ਬਲਬੀਰ ਕੌਰ, ਪਿਤਾ ਸ. ਬਲਬੀਰ ਸਿੰਘ ਜੀ ਦਾ ਅਤੇ ਤਾਇਆ ਜੀ ਸ. ਤਰਲੋਚਨ ਸਿੰਘ, ਤਾਈ ਦਵਿੰਦਰ ਕੌਰ ਤੇ ਭੂਆ ਦਰਸ਼ਨ ਕੌਰ ਜੀ ਦਾ ਜਿਨ੍ਹਾਂ ਦੇ ਆਸ਼ੀਰਵਾਦ ਅਤੇ ਹੌਂਸਲੇ ਸਦਕਾ ਮੈਂ ਇਹ ਖੋਜ ਕਾਰਜ ਨੂੰ ਸੰਪੰਨ ਕੀਤਾ। ਮੈਂ ਧੰਨਵਾਦੀ ਹਾਂ ਆਪਣੇ ਮੰਗੇਤਰ ਧਰਮਿੰਦਰ ਸਿੰਘ, ਆਪਣੀਆਂ ਭੈਣਾਂ ਸੁਖਪਾਲ ਕੌਰ, ਰਜਿੰਦਰ ਕੌਰ, ਪਵਨਦੀਪ ਕੌਰ ਅਤੇ ਭਰਾ ਸੋਹਣ ਸਿੰਘ, ਗੁਰਪ੍ਰੀਤ ਸਿੰਘ, ਤਰਨਜੀਤ ਸਿੰਘ ਜੀਜਾ ਗੁਰਪ੍ਰੀਤ ਸਿੰਘ ਤੇ ਭਾਣਜਾ ਤਰਨਜੀਤ,ਮਨਸੁੱਖ ਅਤੇ ਭਾਣਜੀ ਜਸਨਾਦ ਅਤੇ ਗੁਰਸਿਫਤ ਦਾ ਜਿਨ੍ਹਾਂ ਨੇ ਮੇਰੀ ਪੜਾਈ 'ਚ ਮੇਰਾ ਸਾਥ ਦਿੱਤਾ।

ਮੈਂ ਦਿਲੋਂ ਧੰਨਵਾਦੀ ਹਾਂ ਆਪਣੇ ਵਿਭਾਗ ਦੇ ਮੁਖੀ ਅਤੇ ਗੁਰੂ ਰੂਪ ਨਿਗਰਾਨ ਡਾ. ਕੁਮਾਰ ਸਰਗਮ ਜੀ ਦਾ, ਜਿੰਨ੍ਹਾਂ ਦੀ ਯੋਗ ਅਗਵਾਈ ਅਤੇ ਬਹੁਮੁੱਲੇ ਸੁਝਾਵਾਂ ਨਾਲ ਮੈਂ ਆਪਣਾ ਖੋਜ ਕਾਰਜ ਪੂਰਾ ਕਰਨ ਵਿੱਚ ਸਫ਼ਲ ਹੋਈ ਹਾਂ।

ਮੈਂ ਦਿਲੋਂ ਧੰਨਵਾਦੀ ਹਾਂ ਵਿਭਾਗ ਦੇ ਸਮੂਹ ਅਧਿਆਪਕ ਤੇ ਗੈਰ-ਅਧਿਆਪਕ ਅਮਲੇ ਦਾ, ਜਿਨ੍ਹਾਂ ਤੋਂ ਮੈਨੂੰ ਚੰਗੀ ਸੇਧ ਤੇ ਅਣਮੁੱਲੇ ਸੁਝਾਅ ਮਿਲੇ। ਮੈਂ ਧੰਨਵਾਦੀ ਹਾਂ ਵਿਭਾਗ ਦੇ ਦਫ਼ਤਰੀ ਅਮਲੇ ਦੇ ਮੈਂਬਰਾਂ ਅਤੇ ਸਮੂਹ ਲਾਇਬਰ੍ਰੇਰੀ ਸਟਾਫ਼ ਦਾ ਜਿੰਨ੍ਹਾਂ ਨੇ ਲੋੜ ਪੈਣ ਤੇ ਮੇਰੀ ਹਰ ਸੰਭਵ ਮਦਦ ਕੀਤੀ।

ਮੈਂ ਵਿਸ਼ੇਸ਼ ਧੰਨਵਾਦੀ ਹਾਂ ਮੇਰੇ ਬਹੁਤ ਹੀ ਸਤਿਕਾਰਯੋਗ ਗੁਰੂ ਸ਼ਿਵਾਨੀ ਨਾਰਦ ਦਾ, ਜਿੰਨ੍ਹਾ ਨੇ ਮੈਨੂੰ ਸੰਗੀਤ ਦੀ ਸਿੱਖਿਆ ਦੇ ਨਾਲ-ਨਾਲ ਦੁਨਿਆਵੀ ਸਿੱਖਿਆ ਵੀ ਦਿੱਤੀ ਅਤੇ ਮੇਰੇ ਵਿਅਕਤੀਤਵ ਨੂੰ ਨਿਖਾਰਿਆ।

ਮੈਂ ਤਹਿ ਦਿੱਲੋਂ ਧੰਨਵਾਦੀ ਹਾਂ ਮੇਰੇ ਦੋਸਤ ਮੋਨਿਕਾ, ਰੁਪਿੰਦਰ ਕੌਰ, ਡਾ. ਸਗੁਨਾ, ਡ, ਗੀਤਾ ਦਾ ਜਿੰਨਾ ਨੇ ਇਸ ਖੋਜ-ਕਾਰਜ ਦੌਰਾਨ ਮੇਰੀ ਹਰ ਪੱਖ ਤੋਂ ਮਦਦ ਕੀਤੀ।

ਮੈਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ ਡਾ. ਰਾਜੇਸ਼ ਸਾਹਾ, ਡਾ. ਰਵੀ ਭਟਨਾਗਰ, ਡਾ. ਸਰੋਜ ਘੋਸ਼, ਡਾ. ਅਨੀਦਿਆ ਬੈਨਰਜੀ, ਡਾ. ਅਰਚਨਾ ਦੀਕਸ਼ਤ, ਡਾ. ਯਸ਼ ਪਾੱਲ, ਡਾ. ਡਾ. ਰਾਜੇਸ਼ ਸ਼ਰਮਾ, ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਡਾ. ਵਿਜੈ ਪ੍ਰਵੀਣ, ਡਾ. ਰਾਮਸ਼ੰਕਰ, ਡਾ. ਲਾਵੰਨਿਆ, ਡਾ. ਅਰਚਨਾ ਪੰਡਿਤ ਜਿੰਨ੍ਹਾਂ ਨੇ ਇਸ ਖੋਜ ਕਾਰਜ ਲਈ ਆਪਣਾ ਕੀਮਤੀ ਸਮਾਂ ਦਿੰਦੇ ਹੋਏ ਨਵੀਨ ਰਾਗਾਂ ਅਤੇ ਉਨਾਂ ਦੀ ਸਰੰਚਨਾ ਆਦਿ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ।

ਅੰਤ ਵਿੱਚ ਮੈਂ ਉਨ੍ਹਾਂ ਸਾਰੇ ਅਧਿਆਪਕਾਂ, ਕਲਾਕਾਰਾਂ (ਇੰਟਰਨੈੱਟ ਦੇ ਮਾਧਿਅਮ ਰਾਹੀਂ) ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਖੋਜ-ਵਿਸ਼ੇ ਦੇ ਸਬੰਧ ਵਿੱਚ ਕੀਮਤੀ ਜਾਣਕਾਰੀ ਦਿੱਤੀ।

ਨਾਲ ਹੀ ਮੈਂ ਧੰਨਵਾਦੀ ਹਾਂ ਉਹਨਾਂ ਸਾਰੇ ਵਿਦਵਾਨ ਲੇਖਕਾਂ ਦਾ, ਜਿਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਅਤੇ ਗ੍ਰੰਥਾਂ ਦੀ ਸਹਾਇਤਾ ਨਾਲ ਮੈਂ ਆਪਣਾ ਖੋਜ ਕਾਰਜ ਪੂਰਾ ਕਰ ਸਕੀ

**ਨਵਪ੍ਰੀਤ ਕੌਰ**

# ਸਾਰ

ਪ੍ਰਾਚੀਨ ਕਾਲ ਤੋਂ ਲੈ ਕੇ ਅੱਜ ਤੱਕ ਭਾਰਤੀ ਸੰਗੀਤ ਦਾ ਆਧਾਰ ਰਾਗ ਹੀ ਹਨ। ਹਿੰਦੁਸਤਾਨੀ ਸੰਗੀਤ ਵਿੱਚ ਰਾਗ ਮੁੱਢ ਤੋਂ ਹੀ ਸਭ ਤੋਂ ਮਹੱਤਵਪੂਰਨ ਅਤੇ ਅਨਿੱਖੜਵਾਂ ਅੰਗ ਰਿਹਾ ਹੈ। ਲਗਭਗ ਹਰ ਕਾਲ ਵਿੱਚ ਅਨੇਕਾਂ ਵਿਦਿਵਾਨਾਂ ਨੇ ਰਾਗ ਦੇ ਸੰਦਰਭ ਵਿੱਚ ਆਪਣੇ-ਆਪਣੇ ਮੱਤ ਪ੍ਰਸਤੁਤ ਕੀਤੇ ਹਨ। ਰਾਗ ਸ਼ਬਦ ਸਭ ਤੋਂ ਪਹਿਲਾਂ ਮਤੰਗ ਮੁਨੀ ਨੇ ਆਪਣੇ ਗ੍ਰੰਥ 'ਬ੍ਰਹਿਦੇਸ਼ੀ' ਵਿੱਚ ਉਲੀਕਿਆ।

ਜਿਸ ਤੋਂ ਭਾਵ ਇਹ ਹੈ ਕਿ ਸਵਰ ਅਤੇ ਵਰਣ ਨਾਲ ਸਜੀ ਹੋਈ ਉਹ ਧੁਨੀ ਰਾਗ ਕਹਿਲਾਉਂਦੀ ਹੈ ਜੋ ਸ੍ਰੋਤਿਆਂ ਦੇ ਮਨ ਨੂੰ ਆਕਰਸ਼ਣ ਤੇ ਰੰਜਕਤਾ ਪ੍ਰਦਾਨ ਕਰਦੀ ਹੈ।

ਗ੍ਰੰਥਕਾਰ ਮਤੰਗ ਮੁਨੀ ਨੇ ਰਾਗ ਦੀ ਜਨਨੀ ਜਾਤੀ ਨੂੰ ਮੰਨਿਆ ਹੈ ਅਤੇ ਜਾਤੀ ਦੇ ਦਸ ਲੱਛਣ ਗ੍ਰਹਿ, ਅੰਸ਼, ਮੰਦਰ, ਤਾਰ, ਅਲਪਤਵ, ਬਹੁਤਵ, ਨਿਆਸ, ਉਪਨਿਆਸ, ਔੜਵ ਅਤੇ ਸ਼ਾੜਵ ਕਹੇ ਹਨ। ਸਮਾਂ ਪਾ ਕੇ ਜਾਤੀ ਦੇ ਇਹ ਦਸ ਲੱਛਣ ਹੀ ਰਾਗ ਦੇ ਨਿਯਮ ਬਣ ਗਏ ਤੇ ਸਮੇਂ ਸਮੇਂ ਰਾਗ ਦੇ ਇਨ੍ਹਾਂ ਨਿਯਮਾਂ ਅਤੇ ਲੱਛਣਾਂ ਵਿੱਚ ਬਦਲਾਵ ਆਉਂਦਾ ਗਿਆ ਜਿਸ ਦੇ ਸਿੱਟੇ ਵਜੋਂ ਰਾਗਾਂ ਦੇ ਕਿਰਿਆਤਮਕ ਪੱਖ ਵਿੱਚ ਨਵੇਂ-ਨਵੇਂ ਪ੍ਰਯੋਗਾਂ ਨਾਲ ਇਨ੍ਹਾਂ ਦੇ ਸਵਰੂਪ ਵਿੱਚ ਵੀ ਅੰਤਰ ਭੇਦ ਆ ਗਿਆ।

ਵਰਤਮਾਨ ਸਮੇਂ ਵਿੱਚ ਪ੍ਰਚਲਿਤ ਰਾਗਾਂ ਦੀ ਗਿਣਤੀ 400 ਦੇ ਲਗਭਗ ਹੈ। ਇਸ ਦੇ ਬਾਵਜੂਦ ਵੀ ਨਵੀਨ ਰਾਗਾਂ ਦੀ ਸਿਰਜਨਾ ਨਿਰੰਤਰ ਜਾਰੀ ਹੈ। ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਨਵੇਂ ਰਾਗ, ਪਰੰਪਰਾਗਤ ਤੇ ਪ੍ਰਾਚੀਨ ਰਾਗਾਂ ਵਿੱਚ ਕੁੱਝ ਪਰਿਵਰਤਨ ਕਰਕੇ ਦੱਖਣੀ ਸੰਗੀਤ ਪੱਧਤੀ ਤੋਂ ਗ੍ਰਹਿਣ ਕੀਤੇ ਹੋਏ ਰਾਗਾਂ ਜਾਂ ਫਿਰ ਸੰਗੀਤਕਾਰਾਂ ਦੁਆਰਾ ਕੁੱਝ ਸਵਰਾਂ ਦੇ ਫੇਰ ਬਦਲ ਆਦਿ ਨਾਲ ਵਿਭਿੰਨ ਢੰਗਾਂ ਨਾਲ ਨਿਰਮਿਤ ਕੀਤੇ ਜਾਂਦੇ ਹਨ। ਰਾਗਾਂ ਦੀ ਉੱਤਪੱਤੀ ਸਮੇਂ ਇਹ ਗੱਲ ਧਿਆਨ ਵਿੱਚ ਰੱਖਣੀ ਬਹੁਤ ਮਹੱਤਵਪੂਰਨ ਹੈ ਕਿ ਰਾਗ ਦੇ ਨਿਯਮਾਂ ਦਾ ਉਲਘੰਣ ਨਹੀਂ ਹੋਣਾ ਚਾਹੀਦਾ ਤੇ ਇਸ ਦੇ ਨਾਲ-ਨਾਲ ਰਾਗ ਦੇ ਮਹੱਤਵਪੂਰਨ ਤੱਤ ਸਹਿਜਤਾ, ਰੰਜਕਤਾ ਆਦਿ ਦਾ ਸੰਬੰਧ ਵੀ ਬਣਿਆ ਰਹਿਣਾ ਚਾਹੀਦਾ ਹੈ। ਇਨ੍ਹਾਂ ਸਭ

ਨਿਯਮਾਂ ਦੀ ਸਹਾਇਤਾ ਨਾਲ ਹੀ ਨਵੀਨ ਨਿਰਮਤ ਰਾਗਾਂ ਨੂੰ ਸੰਗੀਤ ਜਗਤ ਵਿੱਚ ਸਵੀਕਾਰ ਕੀਤਾ ਜਾ ਸਕਦਾ ਹੈ।

ਨਵੀਨ ਰਾਗਾਂ ਦੀ ਸਿਰਜਨਾ ਲਈ ਰਾਗਾਂ ਦਾ ਪੂਰਨ ਗਿਆਨ, ਅਭਿਆਸ ਆਦਿ ਬਹੁਤ ਜਰੂਰੀ ਹੈ। ਨਵੀਨ ਰਾਗਾਂ ਨੂੰ ਉਤਪੰਨ ਕਰਨ ਸੰਬੰਧੀ ਕੁਝ ਵਿਸ਼ੇਸ਼ ਸਿਧਾਂਤ ਤੇ ਨਿਯਮ ਨਿਮਨਲਿਖਿਤ ਅਨੁਸਾਰ ਹਨ:- 1.ਹਰ ਰਾਗ ਕਿਸੀ ਥਾਟ ਦੇ ਅੰਤਰਗਤ ਹੋਣਾ ਚਾਹੀਦਾ ਹੈ। 2.ਰਾਗ ਦੇ ਅੰਤਰਭੂਤ 5 ਸਵਰ ਹੋਣੇ ਲਾਜ਼ਮੀ ਹਨ। 3.ਸਭ ਰਾਗਾਂ ਦਾ ਆਧਾਰ ਸਵਰ ਸ਼ੜਜ ਹੋਣਾ ਚਾਹੀਦਾ ਹੈ। 4.ਰਾਗ ਵਿੱਚ ਮ ਤੇ ਪ ਸਵਰ ਇੱਕ ਹੀ ਸਮੇਂ ਤੇ ਵਰਜਿਤ ਨਹੀਂ ਹੋ ਸਕਦੇ। 5.ਰਾਗ ਦੀ ਸਿਰਜਨਾ ਸਮੇਂ ਰਾਗਾਂ ਦੇ ਸਮੇਂ ਸਿਧਾਂਤ ਦਾ ਵੀ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। 6.ਰਾਗ ਵਿੱਚ ਸਵਰ, ਵਰਣ, ਵਾਦੀ-ਸੰਵਾਦੀ, ਆਰੋਹ-ਅਵਰੋਹ, ਵਰਜਿਤ ਸਵਰ, ਜਾਤੀ, ਪੂਰਵਾਂਗ ਤੇ ਉਤਰਾਂਗ ਆਦਿ ਲੋੜੀਂਦੇ ਤੱਤਾਂ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਨਵੀਨ ਰਾਗ ਨਿਰਮਿਤ ਕਰਨ ਦੇ ਵਿਭਿੰਨ ਢੰਗ:-

1. ਇੱਕ ਸਵਰ ਦੇ ਬਦਲਣ ਨਾਲ (ਜਿਵੇਂ ਰਾਗ ਯਮਨ ਵਿੱਚ ਸ਼ੁੱਧ ਰੇ ਦੀ ਜਗ੍ਹਾ ਕੋਮਲ ਰੇ ਦੀ ਵਰਤੋਂ ਨਾਲ ਰਾਗ ਪੁਰੀਆ ਕਲਿਆਣ ਬਣ ਜਾਂਦਾ ਹੈ। )
2. ਦੋ ਸਵਰਾਂ ਦੇ ਬਦਲਣ ਨਾਲ (ਜਿਵੇਂ ਰਾਗ ਯਮਨ ਵਿੱਚ ਸ਼ੁੱਧ ਰੇ-ਧ ਦੀ ਥਾਂ ਤੇ ਕੋਮਲ ਰੇ-ਧ ਦੇ ਇਸਤੇਮਾਲ ਨਾਲ ਪੁਰੀਆ ਧਨਾਸਰੀ ਰਾਗ ਬਣਦਾ ਹੈ। )
3. ਰਾਗ ਦੀ ਜਾਤੀ ਬਦਲ ਕੇ (ਜਿਵੇਂ ਰਾਗ ਮੀਆਂ ਕੀ ਤੋੜੀ ਦਾ ਪ ਸਵਰ ਪੂਰੀ ਤਰ੍ਹਾਂ ਵਰਜਿਤ ਕਰਨ ਨਾਲ ਰਾਗ ਗੁਜਰੀ ਤੋੜੀ ਬਣ ਜਾਦਾਂ ਹੈ। )
4. ਵਾਦੀ-ਸੰਵਾਦੀ ਸਵਰ ਵਿੱਚ ਪਰਿਵਰਤਨ ਕਰਕੇ (ਜੇਕਰ ਮਾਰਵਾ ਰਾਗ ਦੇ ਵਾਦੀ-ਸੰਵਾਦੀ ਗ-ਧ ਨੂੰ ਗ-ਨੀ ਵਾਦੀ-ਸੰਵਾਦੀ ਕਰਨ ’ਤੇ ਰਾਗ ਪੁਰੀਆ ਬਣਦਾ ਹੈ। )
5. ਸ਼ੁੱਧ, ਛਾਇਆਲਗ, ਸੰਕੀਰਣ ਭੇਦ-
    - ਸ਼ੁੱਧ ਰਾਗ- ਜਿਸ ਵਿੱਚ ਕਿਸੀ ਹੋਰ ਰਾਗ ਦੀ ਛਾਇਆ ਜਾਂ ਮਿਸ਼ਰਣ ਨਹੀਂ ਹੁੰਦਾ ਜਿਵੇਂ ਯਮਨ, ਭੈਰਵ ਆਦਿ।

- ਛਾਇਆਲਗ ਰਾਗ- ਜਿਸ ਰਾਗ ਵਿੱਚ ਕਿਸੇ ਹੋਰ ਰਾਗ ਦੀ ਛਾਇਆ ਜਾਂ ਮਿਸ਼ਰਣ ਮਿਲਦਾ ਹੈ ਜਿਵੇਂ ਰਾਗ ਜੈਜੈਵੰਤੀ।
- ਸੰਕੀਰਣ ਰਾਗ- ਜਿਨ੍ਹਾਂ ਵਿੱਚ ਦੋ ਜਾਂ ਦੋ ਤੋਂ ਵੱਧ ਰਾਗਾਂ ਦਾ ਅੰਸ਼ ਜਾਂ ਮਿਸ਼ਰਣ ਹੋਵੇ ਜਿਵੇਂ ਭਟਿਆਰ।

6. ਜੋੜ, ਮਿਸ਼ਰ ਤੇ ਸੰਕੀਰਣ ਰਾਗ ਦੇ ਪ੍ਰਯੋਗ ਨਾਲ-
    - ਜੋੜ ਰਾਗ- ਇਸ ਵਿੱਚ ਦੋ ਸੁਤੰਤਰ ਰਾਗਾਂ ਨੂੰ ਨਿਯਮਪੂਰਵਕ ਢੰਗ ਨਾਲ ਜੋੜਿਆ ਜਾਂਦਾ ਹੈ ਜਿਵੇਂ ਭੈਰਵ-ਬਹਾਰ ਆਦਿ।
    - ਮਿਸ਼ਰ ਰਾਗ- ਮੂਲ ਰਾਗ ਵਿੱਚ ਇੱਕ ਜਾਂ ਦੋ ਰਾਗਾਂ ਦੇ ਕੁਝ ਅੰਸ਼ ਮਿਲਾਉਣ ਨਾਲ ਇਹ ਰਾਗ ਬਣਦੇ ਹਨ ਉਦਾਹਰਨ ਦੇ ਤੌਰ ’ਤੇ ਮਾਲਗੁੰਜੀ।
    - ਸੰਕੀਰਣ ਰਾਗ- ਦੋ ਰਾਗਾਂ ਤੋਂ ਵੱਧ ਰਾਗਾਂ ਦੇ ਮਿਲਾਵਟ ਨਾਲ ਬਣੇ ਰਾਗ ਸੰਕੀਰਣ ਰਾਗ ਬਣਦੇ ਹਨ ਜਿਵੇਂ ਭਟਿਆਰ।
7. ਦੱਖਣੀ ਪੱਧਤੀ ਦੇ ਰਾਗਾਂ ਦੇ ਆਦਾਨ-ਪ੍ਰਦਾਨ ਨਾਲ ਵੀ ਵਿਭਿੰਨ ਨਵੇਂ ਰਾਗ ਨਿਰਮਿਤ ਹੁੰਦੇ ਹਨ।
8. ਰਾਗਾਂਗ ਪ੍ਰਕਿਰਿਆ ਦੇ ਬਦਲਣ ਨਾਲ:- ਜਦੋਂ ਕੋਈ ਮੂਲ ਰਾਗ ਪੂਰੀ ਤਰ੍ਹਾਂ ਕਿਸੇ ਦੂਸਰੇ ਰਾਗ ਦਾ ਅੰਗ ਲੈ ਕੇ ਗਾਇਆ-ਬਜਾਇਆ ਜਾਂਦਾ ਹੈ। ਉਦਾਹਰਨ ਵਜੋਂ ਵਿਭਾਸ ਰਾਗ ਨੂੰ ਸ਼੍ਰੀ ਅੰਗ ਨਾਲ ਪ੍ਰਸਤੁਤ ਕਰਨ ਨਾਲ ਰੇਵਾ ਰਾਗ ਬਣ ਜਾਂਦਾ ਹੈ।
9. ਮੂਰਛਨਾ ਪ੍ਰਕਿਰਿਆ ਨਾਲ:- ਹਰ ਸਵਰ ਨੂੰ ਸ਼ੜਜ ਮੰਨ ਕੇ ਕ੍ਰਮਵਾਰ ਸਵਰਾਂ ਨਾਲ ਵਿਭਿੰਨ ਰਾਗ ਉੱਤਪੰਨ ਹੁੰਦੇ ਹਨ।
10. ਅਲੱਗ- ਅਲੱਗ ਰਾਗਾਂ ਦੇ ਆਰੋਹ-ਅਵਰੋਹ ਦੇ ਮਿਲਾਉਣ ਨਾਲ:- ਜੇਕਰ ਜੌਨਪੁਰੀ ਦੇ ਆਰੋਹ ਤੇ ਕੋਮਲ ਰਿਸ਼ਭ ਆਸਾਵਰੀ ਦੇ ਅਵਰੋਹ ਨੂੰ ਮਿਲਾਇਆ ਜਾਂਦਾ ਹੈ ਤਾਂ ਗੰਧਾਰੀ ਰਾਗ ਬਣ ਜਾਂਦਾ ਹੈ।

11. ਵਿਵਾਦੀ ਸਵਰ ਦੀ ਸਹਾਇਤਾ ਨਾਲ:- ਜਿਵੇਂ ਰਾਗ ਬਿਲਾਵਲ ਵਿੱਚ ਜੇਕਰ ਕੋਮਲ ਨੀ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਅਲਹਿਆ ਬਿਲਾਵਲ ਰਾਗ ਬਣਦਾ ਹੈ।

12. ਅਧਵ-ਦਰਸ਼ਕ ਸਵਰ ਵਿੱਚ ਪਰਿਵਰਤਨ ਕਰਨ ਨਾਲ:- ਜੇਕਰ ਹਿੰਡੋਲ ਰਾਗ ਵਿੱਚ ਤੀਵਰ ਮਧਿਅਮ ਨਾਂ ਲੈ ਕੇ ਸ਼ੁੱਧ ਮਧਿਅਮ ਦਾ ਪ੍ਰਯੋਗ ਕੀਤਾ ਜਾਵੇ ਤਾਂ ਭਿੰਨ ਸ਼ੜਜ ਰਾਗ ਨਿਰਮਿਤ ਹੁੰਦਾ ਹੈ।

13. ਮੂਲ ਰਾਗ ਵਿੱਚ ਕਿਸੀ ਹੋਰ ਰਾਗ ਦਾ ਟੁਕੜਾ ਜੋੜਨ ਨਾਲ:- ਰਾਗ ਭੈਰਵ ਵਿੱਚ 'ਮ' ਪ ਧੁ ਨੀ ਧੁ ਪ' ਸਵਰ ਸਮੂਹ ਦੀ ਵਰਤੋਂ ਨਾਲ ਰਾਗ ਰਾਮਕਲੀ ਬਣ ਜਾਦਾਂ ਹੈ।

14. ਲ਼ੋਕ ਸੰਗੀਤ ਨਾਲ ਨਵੀਨ ਰਾਗ:- ਲੋਕ ਸੰਗੀਤ ਦੇ ਆਧਾਰ ਨਾਲ ਵੀ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਵਿਭਿੰਨ ਰਾਗ ਬਣੇ ਹਨ ਜਿਵੇਂ ਕਿ ਰਾਗ ਮਾਂਡ, ਪਹਾੜੀ ਆਦਿ।

15. ਘਰਾਣਿਆਂ ਦੇ ਮਤਾਂ ਵਿੱਚ ਭਿੰਨਤਾ ਦੇ ਆਧਾਰ 'ਤੇ:- ਹਰ ਘਰਾਣੇ ਵਿੱਚ ਇੱਕ ਹੀ ਰਾਗ ਨੂੰ ਅਲੱਗ-ਅਲੱਗ ਤਰ੍ਹਾਂ ਨਾਲ ਗਾਇਆ ਬਜਾਇਆ ਜਾਦਾਂ ਹੈ ਜਿਸ ਦੇ ਸਿੱਟੇ ਵਜੋਂ ਇੱਕ ਹੀ ਰਾਗ ਰਾਗ ਦੇ ਵਿਭਿੰਨ ਰੂਪ ਪ੍ਰਚਾਰ ਵਿੱਚ ਆਉਣ ਲੱਗੇ।

ਨਿਯਮਾਂ ਤੇ ਸਿਧਾਤਾਂ ਦੀ ਪਾਲਣਾ ਕਰਦੇ ਹੋਏ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਕਈ ਕਲਾਕਾਰਾਂ ਨੇ ਨਵੀਨ ਰਾਗ ਨਿਰਮਿਤ ਕੀਤੇ ਜਿਨ੍ਹਾਂ ਵਿੱਚੋਂ ਕੁਝ ਦਾ ਉਲੇਖ ਨਿਮਨਲਿਖਿਤ ਹੈ:

- ਪੰ. ਵਿਸ਼ਨੂ ਦਿਗੰਬਰ ਪਲੁਸਕਰ ਨੇ ਦੇਸ਼ਰੰਗ ਅਤੇ ਬਿਹਾਰੀ ਰਾਗਾਂ ਦੀ ਰਚਨਾ ਕੀਤੀ।
- ਪੰ. ਓਂਕਾਰਨਾਥ ਠਾਕੁਰ ਨੇ ਚਪੰਕ, ਨੀਲਾਮਬਰੀ ਰਾਗਾਂ ਦੀ ਸਿਰਜਨਾ ਕਰਕੇ ਉਨ੍ਹਾਂ ਦਾ ਪ੍ਰਚਾਰ-ਪ੍ਰਸਾਰ ਵੀ ਕੀਤਾ।
- ਪੰ. ਨਰਾਇਣ ਰਾਵ ਵਿਆਸ ਨੇ ਮਾਲਗੁੰਜੀ ਰਾਗ ਨੂੰ ਉਸਾਰਿਆ।

- ਪੰ. ਰਵੀ ਸ਼ੰਕਰ ਨੇ ਵੀ ਉੱਤਮ ਰਾਗਾਂ ਬਣਾਇਆ ਜਿਵੇਂ ਕਿ ਰਾਗ ਰੰਗੇਸ਼ਵਰੀ, ਗੰਗੇਸ਼ਵਰੀ, ਪਰਮੇਸ਼ਵਰੀ, ਪਲਾਸਕਾਫੀ, ਮੋਹਨਕੌਂਸ, ਜਨਸੰਮੋਹਿਨੀ ਆਦਿ।

## ਉਦੇਸ਼

1) ਇਸ ਖੋਜ ਕਾਰਜ ਰਾਹੀਂ ਆਧੁਨਿਕ ਕਾਲ ਦੇ ਨਵੀਨ ਰਾਗਾਂ ਦੀਆਂ ਰਚਨਾਵਾਂ ਦਾ ਸੰਕਲਨ, ਜ਼ਰੂਰਤ, ਸਰੂਪ ਆਦਿ ਦਾ ਅਨੁਸ਼ੀਲਨ ਕਰਨ ਉਪਰੰਤ ਵਿਸ਼ਲੇਸ਼ਣ ਕੀਤਾ ਜਾਵੇਗਾ ਤੇ ਇਨ੍ਹਾਂ ਸਭ ਤੱਥਾਂ ਦੀ ਵਿਸਥਾਰਪੂਰਵਕ ਚਰਚਾ ਤੋਂ ਬਾਅਦ ਇਸ ਜਾਣਕਾਰੀ ਨੂੰ ਆਉਣ ਵਾਲੀਆਂ ਸੁਰੱਖਿਅਤ ਕਰਨਾ।

2) ਨਵੀਨ ਰਾਗਾਂ ਦੇ ਸਵਰ, ਤਾਲ, ਕਲਾ, ਸਾਹਿਤਕ, ਕਲਾ ਪੱਖ ਤੇ ਭਾਵ ਪੱਖ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨਾ।

3) ਨਵ-ਰਾਗਾਂ ਵਿੱਚੋਂ ਪ੍ਰਚਲਿਤ ਤੇ ਅਪ੍ਰਚਲਿਤ ਸਰੂਪ ਦਾ ਸਰਵਪੱਖੀ ਅਧਿਐਨ ਕਰਨਾ।

4) ਨਵੇਂ ਰਾਗਾਂ ਦਾ ਸੰਗੀਤ ਜਗਤ ਵਿੱਚ ਸ਼ਾਸਤਰੀ ਸੰਗੀਤ ਦੇ ਵਿਭਿੰਨ ਕਲਾਕਾਰਾਂ ਦੇ ਮੱਤ ਦਾ ਵਿਸ਼ੇਸ਼ ਅਧਿਐਨ ਕਰਨਾ।

## ਪਰਿਕਲਪਨਾ

ਖੋਜਾਰਥਣ ਦੇ ਪੂਰਵ ਅਨੁਮਾਨ ਅਨੁਸਾਰ ਨਵੀਨ ਰਾਗਾਂ ਦੀ ਸਿਰਜਨਾ ਨਿਮਨਲਿਖਿਤ ਕਾਰਨਾਂ ਕਰਕੇ ਹੋ ਸਕਦੀ ਹੈ:-

- ਪੁਰਾਣੇ ਰਾਗਾਂ ਦਾ ਅਲੋਪ ਹੋਣਾ ਤੇ ਨਵੇਂ ਰਾਗਾਂ ਦੇ ਨਿਰਮਿਤ ਹੋਣ ਦੇ ਮੂਲ ਕਾਰਨ ਰਾਗਾਂ ਦਾ ਕਠਿਨ ਸਵਰੂਪ, ਸਾਧਨਾ ਦੀ ਕਮੀ, ਕਠਿਨ ਸਾਹਿਤ ਤੇ ਸਮਾਜ ਵਿੱਚ ਬਦਲਾਵ ਹੋ ਸਕਦੇ ਹਨ।

- ਅੱਜ ਦਾ ਦੌਰ ਕਲਪਨਾ ਤੇ ਰਚਨਾਤਮਕਤਾ ਦਾ ਦੌਰ ਹੈ, ਤਾਂ ਸੰਭਵ ਹੈ ਕਿ ਇਸ ਕਰਕੇ ਵੀ ਵਿਭਿੰਨ ਨਵੇਂ ਰਾਗ ਨਿਰਮਿਤ ਹੋਏ ਹੋਣ।

- ਹੋ ਸਕਦਾ ਹੈ ਕਿ ਉੱਤਰੀ ਭਾਰਤੀ ਸੰਗੀਤ ਵਿੱਚ ਨਵ-ਸਿਰਜਿਤ ਰਾਗ ਦੱਖਣੀ ਪੱਧਤੀ ਦੇ ਵਧੇਰੇ ਪ੍ਰਚਲਨ, ਰਾਗਾਂਗ ਜਾਂ ਵਿਵਾਦੀ ਸਵਰਾਂ ਦੇ ਮਿਸ਼ਰਨ ਨਾਲ਼ ਵੀ ਰਾਗਾਂ ਦਾ ਨਿਰਮਾਣ ਹੋਇਆ ਹੋਵੇ।
- ਪੀੜ੍ਹੀਆਂ ਦੇ ਰੂਪਾਂਤਰਣ ਕਾਰਨ ਨਵੀਂ ਪੀੜ੍ਹੀ ਵਿੱਚ ਗਿਆਨ ਤੇ ਗੁਣਵੱਤਾ ਦੀ ਕਮੀ ਨਵੀਨ ਰਾਗਾਂ ਦੇ ਜਨਮ ਦਾ ਇੱਕ ਵੱਡਾ ਕਾਰਨ ਹੋ ਸਕਦਾ ਹੈ।
- ਜੇਕਰ ਪੂਰਨ ਗਿਆਨ ਨਾਲ ਨਵੀਨ ਰਾਗਾਂ ਦਾ ਨਿਰਮਾਣ ਹੋਇਆ ਹੁੰਦਾ ਤਾਂ ਸ਼ਾਇਦ ਸਾਰੇ ਨਵ-ਸਿਰਜਿਤ ਰਾਗ ਪ੍ਰਚਲਿੱਤ ਤੇ ਸਰਵ-ਸਵੀਕਾਰਿਤ ਹੁੰਦੇ।

# ਵਿਸ਼ਾ-ਸੂਚੀ


| | ਪੰਨਾ ਨੰ. |
| --- | --- |
| ਭੂਮਿਕਾ | xvi |
| **ਅਧਿਆਇ ਇੱਕ : ਆਧੁਨਿਕ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦਾ ਸਵਰੂਪ** | 1 – 16 |
| 1.1 ਧਰੁਪਦ ਗਾਇਨ ਸ਼ੈਲੀ | 2 – 7 |
| 1.2 ਧਮਾਰ ਗਾਇਨ ਸ਼ੈਲੀ | 7 – 8 |
| 1.3 ਸਾਦਰਾ ਗਾਇਨ ਸ਼ੈਲੀ | 9 |
| 1.4 ਖਿਆਲ ਗਾਇਨ ਸ਼ੈਲੀ | 9 – 15 |
| 1.5 ਤਰਾਨਾ ਗਾਇਨ ਸ਼ੈਲੀ | 15 |
| 1.6 ਤ੍ਰਿਵੱਟ ਗਾਇਨ ਸ਼ੈਲੀ | 15 |
| 1.7 ਚਤੁਰੰਗ ਗਾਇਨ ਸ਼ੈਲੀ | 15 – 16 |
| 1.8 ਵਾਦਨ ਸ਼ੈਲੀ | 16 |
| 1.9 ਮਸੀਤਖਾਨੀ ਗਤ ਸ਼ੈਲੀ ਜਾਂ ਵਿਲੰਬਿਤ ਗਤ | 16-17 |
| 1.10 ਫਿਰੋਜਖਾਨੀ ਗਤ ਸ਼ੈਲੀ | 17 |
| 1.11 ਰਜਾਖਾਨੀ ਗਤ ਸ਼ੈਲੀ | 17-18 |
| **ਅਧਿਆਇ ਦੂਜਾ : ਸੰਬੰਧਿਤ ਸਾਹਿਤ ਦਾ ਪੁਨਰ ਅਵਲੋਕਨ ਅਤੇ ਖੋਜ ਕਾਰਜ ਵਿਧੀ** | 19 – 23 |
| 2.1 ਵਿਸ਼ਾ ਅਤੇ ਸੀਮਾ | 19 |

**ਪੰਨਾ ਨੰ.**


| | | |
|---|---|---|
| 2.2 | ਖੋਜ ਕਾਰਜ ਦੀ ਪ੍ਰਸੰਗਿਕਤਾ | 19 |
| 2.3 | ਖੋਜ ਕਾਰਜ ਦੇ ਉਦੇਸ਼ | 20 |
| 2.4 | ਖੋਜ ਕਾਰਜ ਵਿਧੀ | 20 |
| 2.5 | ਪੂਰਵ ਖੋਜ ਕਾਰਜ ਦਾ ਸਰਵੇਖਣ | 21 |
| **ਅਧਿਆਇ ਤੀਜਾ : ਰਾਗ-ਰਾਗਿਨੀ ਪੱਧਤੀ ਅਤੇ ਰਾਗ ਨਿਰਮਾਣ ਸਿਧਾਂਤ ਤੇ ਨਿਯਮ** | | 24 – 44 |
| 3.1 | ਰਾਗ | 24 |
| 3.2 | ਰਾਗ ਦੀ ਇਤਿਹਾਸਿਕ ਪ੍ਰਿਸ਼ਠ ਭੂਮੀ | 25 |
| 3.3 | ਜਾਤੀ ਵਰਗੀਕਰਣ | 26 |
| 3.4 | ਗ੍ਰਾਮਰਾਗ ਵਰਗੀਕਰਣ | 26 |
| 3.5 | ਸ਼ੁੱਧ, ਛਾਇਆਲਗ, ਸੰਕੀਰਣ ਰਾਗ ਵਰਗੀਕਰਨ | 27 |
| 3.6 | ਰਾਗ-ਰਾਗਿਨੀ ਪੱਧਤੀ | 27 |
| 3.7 | ਮੂਰਛਨਾ ਪੱਧਤੀ | 28 |
| 3.8 | ਆਧੁਨਿਕ ਸਮੇਂ ਵਿੱਚ ਹਿੰਦੁਸਤਾਨੀ ਸੰਗੀਤ ਵਿੱਚ ਮੂਰਛਨਾ ਦੀ ਭੂਮਿਕਾ | 30 |
| 3.9 | ਥਾਟ ਰਾਗ ਵਰਗੀਕਰਣ ਪੱਧਤੀ | 32 |
| 3.10 | ਰਾਗਾਂਗ ਪੱਧਤੀ | 34 |
| 3.11 | ਰਾਗ ਨਿਰਮਾਣ ਸਿਧਾਂਤ ਤੇ ਨਿਯਮ | 37 |
| 3.12 | ਨਵੀਨ ਰਾਗ ਨਿਰਮਿਤ ਕਰਨ ਦੇ ਵਿਭਿੰਨ ਢੰਗ | 38 |

**ਪੰਨਾ ਨੰ.**


| | |
|---|---|
| **ਅਧਿਆਇ ਚੌਥਾ : ਨਵੀਨ ਰਾਗਾਂ ਦਾ ਨਿਰਮਾਣ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ** | 40 – 169 |
| 4.1 ਨਵੀਨ ਰਾਗਾਂ ਬਾਰੇ ਵਿਭਿੰਨ ਪਰਿਭਾਸ਼ਾਵਾਂ | 41 |
| 4.2 20ਵੀਂ ਸਦੀ ਦੇ ਨਵ-ਨਿਰਮਿਤ ਰਾਗ | 43 |
| 4.2.1 1900 ਈ. ਤੋਂ 1925 ਈ. ਤੱਕ ਬਣੇ ਰਾਗ | 44 |
| 4.2.2 1926 ਈ. ਤੋਂ 1950 ਈ. ਤੱਕ ਬਣੇ ਰਾਗ | 46 |
| 4.2.3 1951 ਈ. ਤੋਂ 1975 ਈ. ਤੱਕ ਬਣੇ ਰਾਗ | 68 |
| 4.2.4 1976 ਈ. ਤੋਂ 1999 ਈ. ਤੱਕ ਬਣੇ ਰਾਗ | 97 |
| 4.3 ਦੱਖਣੀ ਪੱਧਤੀ ਤੋਂ ਆਏ ਰਾਗਾਂ ਦਾ ਵਿਵਰਣ | 159 |
| **ਅਧਿਆਇ ਪੰਜਵਾਂ : ਨਵੀਨ ਰਾਗਾਂ ਵਿੱਚ ਰਸ, ਭਾਵ ਅਤੇ ਸਾਹਿਤਿਕ ਪੱਖ** | 170 – 217 |
| 5.1 ਰਾਗਾਂ ਵਿੱਚ ਰਸ, ਭਾਵ ਤੇ ਸਾਹਿਤ | 170 |
| 5.2 20ਵੀਂ ਸਦੀ ਨਵ-ਨਿਰਮਿਤ ਰਾਗਾਂ ਵਿੱਚ ਰਸ, ਭਾਵ ਅਤੇ ਸਾਹਿਤਿਕ ਪੱਖ | 175 |
| 5.2.1 1900 ਈ. ਤੋਂ 1925 ਈ. ਤੱਕ ਬਣੇ ਰਾਗ | 175 |
| 5.2.2 1926 ਈ. ਤੋਂ 1950 ਈ. ਤੱਕ ਬਣੇ ਰਾਗ | 176 |
| 5.2.3 1951 ਈ. ਤੋਂ 1975 ਈ. ਤੱਕ ਬਣੇ ਰਾਗ | 182 |
| 5.2.4 1976 ਈ. ਤੋਂ 1999 ਈ. ਤੱਕ ਬਣੇ ਰਾਗ | 193 |
| 5.3 ਚੁਣੀਂਦਾ ਬੰਦਿਸ਼ਾਂ | 206 |

**ਪੰਨਾ ਨੰ.**

**ਅਧਿਆਇ ਛੇਵਾਂ : 20 ਵੀਂ ਸਦੀ ਦੇ ਨਵ-ਸਿਰਜਿਤ ਰਾਗਾਂ ਦਾ ਪ੍ਰਚਾਰ-ਪ੍ਰਸਾਰ, ਲੋਕਪ੍ਰਿਯਤਾ ਅਤੇ ਸਿਰਜਿਨਸ਼ੀਲਤਾ** 218 – 236

6.1 ਨਵੀਨ ਰਾਗਾਂ ਦੀ ਨਿਰਮਿਤੀ ਦੇ ਕਾਰਨਾਂ ਦਾ ਵਿਸ਼ਲੇਸ਼ਣ 218

6.2 ਨਵੀਨ ਰਾਗਾਂ ਦਾ ਪ੍ਰਚਾਰ-ਪ੍ਰਸਾਰ 221

6.3 ਨਵੀਨ ਰਾਗਾਂ ਦੀ ਲੋਕਪ੍ਰਿਯਤਾ 226

6.4 ਨਵੀਨ ਰਾਗਾਂ ਦੀ ਸਿਰਜਨਸ਼ੀਲਤਾ 227

6.5 ਨਵੀਨ ਸਿਰਜਿਤ ਰਾਗਾਂ ਦੀ ਲੋਕਪ੍ਰਿਯਤਾ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਕਾਰਨਾਂ ਦਾ ਵਿਸ਼ਲੇਸ਼ਣ 229

6.6 20ਵੀਂ ਸਦੀ ਵਿੱਚ ਸਮੇਂ ਅਨੁਸਾਰ ਨਵੀਨ ਰਾਗਾਂ ਦੀ ਵੱਧਦੀ ਗਿਣਤੀ ਦੇ ਕਾਰਨ 234

ਸਿੱਟਾ 237 – 238

ਸੰਦਰਭ ਗ੍ਰੰਥ ਸੂਚੀ 239 - 249

# ਭੂਮਿਕਾ

ਮੁੱਢ ਕਦੀਮ ਤੋਂ ਦੇਖਿਆ ਜਾਵੇ ਤਾਂ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਸਮੇਂ-ਸਮੇਂ 'ਤੇ ਨਵੀਨਤਾ ਆਈ ਅਤੇ ਜਿਸਦੇ ਸਿੱਟੇ ਵਜੋਂ ਅਜੋਕਾ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਸਾਡੇ ਸਾਹਮਣੇ ਉੱਭਰ ਕੇ ਆਇਆ। ਹਰ ਨਵੀਨ ਰਾਗ ਆਪਣੇ ਨਿਰਮਾਣ ਖੰਡ ਵਿੱਚ ਨਵੀਨ ਹੁੰਦੇ ਹਨ। ਵਿਭਿੰਨ ਕਾਲ ਖੰਡਾਂ ਵਿੱਚ ਸੰਗੀਤ ਪਾਣੀ ਦੀ ਧਾਰਾ ਵਾਂਗ ਵਹਿੰਦਾ ਆਇਆ ਹੈ ਅਤੇ ਉਸਦਾ ਲਗਾਤਾਰ ਵਿਕਾਸ ਹੁੰਦਾ ਆਇਆ ਜੋ ਅੱਜ ਵੀ ਲਗਾਤਾਰ ਜਾਰੀ ਹੈ। ਹਰ ਕਾਲ ਖੰਡ ਵਿੱਚ ਸੰਗੀਤ ਦੀਆਂ ਵਿਭਿੰਨ ਸ਼ੈਲੀਆਂ, ਰਾਗਾਂ ਆਦਿ ਦੀ ਸਿਰਜਨਾ ਹੁੰਦੀ ਆਈ ਹੈ। ਇਸੇ ਕਾਰਨ ਸੰਗੀਤ ਦੇ ਕਿਰਿਆਤਮਕ ਪੱਖ ਵਿੱਚ ਹਮੇਸ਼ਾ ਇੱਕ ਹੀਏ ਦੀ ਤਰ੍ਹਾਂ ਨਵੀਨਤਾ ਝਲਕਦੀ ਰਹਿੰਦੀ ਹੈ। ਸੰਗੀਤ ਜਗਤ ਨੇ ਹਰ ਕਾਲ-ਖੰਡ ਵਿੱਚ ਇਸ ਕਲਾਤਮਕ, ਨਵੀਨਤਾ ਆਦਿ ਨੂੰ ਸਿਰ-ਮੱਥੇ ਸੱਜਦਾ ਕੀਤਾ ਹੈ। ਇਤਿਹਾਸ ਗਵਾਹ ਹੈ ਮੀਆਂ ਤਾਨਸੇਨ, ਅਮੀਰ ਖੁਸਰੋ ਆਦਿ ਮਹਾਨ ਸੰਗੀਤਕਾਰਾਂ ਨੇ ਵੀ ਆਪਣੇ ਸਮੇਂ ਦੌਰਾਨ ਨਵੀਨ ਰਾਗ ਸਿਰਜਿਤ ਕਰਕੇ ਇਸ ਸੰਗੀਤ ਜਗਤ ਨੂੰ ਭੇਂਟ ਕੀਤੇ ਜੋ ਅੱਜ ਵੀ ਪ੍ਰਚਲਨ ਵਿੱਚ ਹਨ।

ਜਿਸ ਰਾਗ ਵਿੱਚ ਰੰਜਕਤਾ ਹੋਵੇਗੀ ਕੇਵਲ ਉਹ ਰਾਗ ਹੀ ਜੀਵਿਤ ਰਹਿੰਦੇ ਹਨ। ਜੇਕਰ ਉਸ ਵਿੱਚ ਰੰਜਕਤਾ ਨਹੀਂ ਹੈ ਫਿਰ ਉਹ ਚਾਹੇ ਕਿੰਨੇ ਵੀ ਵੱਡੇ ਕਲਾਕਾਰ ਦੀ ਰਚਨਾ ਹੋਵੇ, ਉਹ ਆਪਣੇ ਆਪ ਖਤਮ ਹੋ ਜਾਣਗੇ। ਕੇਵਲ ਸੁਰਾਂ ਦਾ ਇੱਕ ਨਵਾਂ ਮੇਲ ਇੱਕ ਨਵਾਂ ਰਾਗ ਉਤਪੰਨ ਨਹੀਂ ਕਰ ਸਕਦਾ। ਨਵੀਨ ਰਾਗਾਂ ਦੀ ਸਿਰਜਨਾ ਹਿੰਦੁਸਤਾਨੀ ਰਾਗ ਰਚਨਾ ਦੇ ਸਿਧਾਂਤਾਂ, ਨਿਯਮਾਂ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ। ਹਰ ਨਵੀਨ ਰਾਗ ਦਾ ਮੌਲਿਕ ਅਤੇ ਆਪਣੀ ਮੌਜੂਦਗੀ ਹੋਣੀ ਚਾਹੀਦੀ ਹੈ।

## ਅਧਿਆਇ – 1

# ਆਧੁਨਿਕ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦਾ ਸਵਰੂਪ

ਅਨੇਕਾਂ ਪਰਿਵਰਤਨਾਂ ਅਤੇ ਉੱਥਲ-ਪੁੱਥਲਾਂ ਵਿੱਚੋਂ ਲੰਘ ਕੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਨੇ ਵਰਤਮਾਨ ਸਮਾਂ ਵਿੱਚ ਆ ਕੇ ਇੱਕ ਪ੍ਰਭਾਵਸ਼ਾਲੀ, ਅਦਭੁੱਤ ਤੇ ਸਥਿਰ ਸਵਰੂਪ ਹਾਸਿਲ ਕੀਤਾ। ਇੱਥੇ ਸਥਿਰਤਾ ਦਾ ਭਾਵ ਸਵਰੂਪ ਜਾਂ ਇੱਕ ਨਿਸ਼ਚਿਤ ਪ੍ਰਣਾਲੀ ਤੋਂ ਹੈ ਕਿਉਂਕਿ ਆਰੰਭ ਤੋਂ ਹੀ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦਾ ਕਿਰਿਆਤਮਕ ਪੱਖ ਬਹੁਤ ਹੀ ਪਰਿਵਰਤਨਾਂ, ਨਵੀਨੀਕਰਨ ਅਤੇ ਚਮਤਕਾਰਿਕਤਾ ਨਾਲ ਭਰਪੂਰ ਰਿਹਾ ਹੈ। ਹਰ ਕਲਾਕਾਰ ਦੇ ਪ੍ਰਦਰਸ਼ਨ ਵਿੱਚ ਇੱਕ ਹੀ ਰਾਗ ਵਿੱਚ ਕਈ ਤਰ੍ਹਾਂ ਦੀਆਂ ਭਿੰਨਤਾਵਾਂ ਆਮ ਹੀ ਦੇਖਣ ਨੂੰ ਮਿਲਦੀਆਂ ਹਨ। ਇਹ ਭਿੰਨਤਾਵਾਂ ਸਵਰ ਲਗਾਵ ਦੇ ਢੰਗ, ਪ੍ਰਸਤੁਤੀਕਰਨ ਦੇ ਢੰਗ ਆਦਿ ਕਰਕੇ ਪਾਈਆਂ ਜਾਂਦੀਆਂ ਹਨ। ਆਧੁਨਿਕ ਰਾਗ ਸੰਗੀਤ ਦੇ ਪ੍ਰਸਤੁਤੀਕਰਣ ਦਾ ਪ੍ਰਮੁੱਖ ਸ਼ੈਲੀ ਤੇ ਮਾਧਿਅਮ ਖਿਆਲ ਗਾਇਨ ਸ਼ੈਲੀ ਹੈ। ਇਸੀ ਕਾਰਨ ਆਧੁਨਿਕ ਕਾਲ ਨੂੰ ਖਿਆਲ ਗਾਇਕੀ ਦਾ ਕਾਲ ਮੰਨਿਆ ਜਾਂਦਾ ਹੈ ਤੇ ਅਕਸਰ ਖਿਆਲ ਗਾਇਨ ਨੂੰ ਰਾਗ ਸੰਗੀਤ ਦੇ ਸਮਾਨਅਰਥੀ ਸ਼ਬਦ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ।

ਵਰਤਮਾਨ ਸਮਾਂ ਵਿੱਚ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦਾ ਨਾਮ ਲੈਣ ’ਤੇ ਸਭ ਤੋਂ ਪਹਿਲਾਂ ਖਿਆਲ ਗਾਇਨ ਸ਼ੈਲੀ ਦਾ ਪ੍ਰਤੀਬਿੰਬ ਹੀ ਦਿਖਾਈ ਦਿੰਦਾ ਹੈ। ਜਨ ਸਾਧਾਰਨ ਖਿਆਲ ਗਾਇਨ ਸ਼ੈਲੀ ਨੂੰ ਹੀ ਸ਼ਾਸਤਰੀ ਸੰਗੀਤ ਸਮਝਦੇ ਹਨ। ਵਿਦਿਆਲਿਆਂ ਅਤੇ ਵਿਸ਼ਵਵਿਦਿਆਲਿਆਂ ਵਿੱਚ ਵੀ ਸ਼ਾਸਤਰੀ ਸੰਗੀਤ ਦੇ ਵਿਸ਼ੇ ਵਿੱਚ ਖਿਆਲ ਸ਼ੈਲੀ ਹੀ ਪ੍ਰਮੁਖਤਾ ਨਾਲ ਸਿਖਾਈ ਜਾਂਦੀ ਹੈ। ਖਿਆਲ ਸ਼ੈਲੀ ਦੇ ਵਿਸ਼ਲੇਸ਼ਣ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਸ ਖਿਆਲ ਸ਼ੈਲੀ ਵਿੱਚ ਸ਼ਿਸ਼ਟਤਾ, ਨਮਰਤਾ, ਕਲਪਨਾ ਆਦਿ ਸ਼ਾਮਿਲ ਹੋ ਚੁੱਕੇ ਹਨ।

ਖਿਆਲ ਸ਼ੈਲੀ ਆਧੁਨਿਕ ਸ਼ਾਸਤਰੀ ਸੰਗੀਤ ਦਾ ਸਵਰੂਪ ਹੈ। ਖਿਆਲ ਸ਼ੈਲੀ ਤੱਕ ਪਹੁੰਚਣ ਲਈ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਅਨੇਕਾਂ ਸ਼ੈਲੀਆਂ ਉਦਗਮ ਤੇ ਵਿਕਾਸ ਹੋਇਆ ਹੈ ਜਿਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ –

## 1.1 ਧਰੁਪਦ ਗਾਇਨ ਸ਼ੈਲੀ

ਧਰੁਪਦ ਗਾਇਨ ਵਿਧਾ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਇੱਕ ਵਿਸ਼ੇਸ਼ ਤੇ ਪ੍ਰਮੁੱਖ ਸਥਾਨ ਰੱਖਦੀ ਹੈ। ਇਹ ਗਾਇਨ ਸ਼ੈਲੀ ਮੱਧ ਕਾਲ ਵਿੱਚ ਹੋਂਦ ਵਿੱਚ ਆਈ। ਧਰੁਪਦ ਗਾਇਨ ਵਿਧਾ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਗਲੇ ਦਾ ਹਾਰ ਅਤੇ ਸੁਰ, ਤਾਲ, ਸਾਹਿਤ ਦੀ ਅਦਭੁੱਤ ਤ੍ਰਿਵਣੀ ਜਾਂ ਸੰਗਮ ਵੀ ਕਿਹਾ ਗਿਆ ਹੈ। [1] ਰਾਗ ਦੇ ਸੱਚੇ, ਸਹੀ ਤੇ ਸ਼ੁੱਧ ਸਰੂਪ ਦੀ ਝਾਂਕੀ ਦੇਖਣ ਲਈ ਧਰੁਪਦ ਸਭ ਤੋਂ ਉੱਤਮ ਗਾਇਨ ਸ਼ੈਲੀ ਹੈ। ਇਸ ਗਾਇਨ ਸ਼ੈਲੀ ਨੇ ਲਗਭਗ 500 ਸਾਲਾਂ ਤੱਕ ਸੰਗੀਤ ਜਗਤ 'ਚ ਰਾਜ ਕੀਤਾ। ਇਸ ਨਿਵੇਕਲੀ ਅਤੇ ਖੂਬਸੂਰਤ ਗਾਇਨ ਸ਼ੈਲੀ ਨੂੰ ਕਈ ਮਹਾਨ ਸੰਗੀਤਕਾਰਾਂ ਨੇ ਅਪਣਾ ਕੇ ਸਿਖਰਾਂ ਤੱਕ ਪਹੁੰਚਾਇਆ। ਸੁਆਮੀ ਹਰੀਦਾਸ, ਤਾਨਸੇਨ, ਬੈਜੂ ਬਾਵਰਾ, ਗੋਪਾਲ ਨਾਇਕ ਆਦਿ ਮਹਾਨ ਸੰਗੀਤਕਾਰਾਂ ਨੇ ਧਰੁਪਦ ਗਾਇਨ ਸ਼ੈਲੀ ਦਾ ਖੁਬ ਪ੍ਰਚਾਰ-ਪ੍ਰਸਾਰ ਕੀਤਾ।

**ਸਵਰੂਪ –** ਇਹ ਇੱਕ ਲੈਅਕਾਰੀ ਪ੍ਰਧਾਨ ਗਾਇਨ ਸ਼ੈਲੀ ਹੈ। ਇਹ ਖਿਆਲ ਗਾਇਨ ਸ਼ੈਲੀ ਦੇ ਮੁਕਾਬਲੇ ਘੱਟ ਰੰਜਕ ਹੁੰਦੀ ਹੈ, ਪਰ ਫਿਰ ਵੀ ਰਾਗ ਦੀ ਸ਼ੁੱਧਤਾ, ਸਵਰ, ਲੈਅ ਅਤੇ ਤਾਲ ਉੱਤੇ ਪੂਰਨ ਅਧਿਕਾਰ ਲਈ ਇਸ ਦੀ ਆਪਣੀ ਵਿੱਲਖਣਤਾ ਹੈ। ਧਰੁਪਦ ਗਾਇਨ ਸ਼ੈਲੀ ਅਧਿਕ ਗੰਭੀਰ, ਵਿਧੀਪੂਰਣ, ਦ੍ਰਿੜ, ਸਥਿਰ, ਸ਼ਾਂਤ ਅਤੇ ਚਿੰਤਨ-ਮਨਨ ਨਾਲ ਭਰਪੂਰ ਹੁੰਦੀ ਹੈ ਇਸ ਗਾਇਨ ਸ਼ੈਲੀ ਨੂੰ ਹੋਂਦ ਵਿੱਚ ਲਿਆਉਣ ਤੇ ਪ੍ਰਚਾਰ-ਪ੍ਰਸਾਰ ਕਰਨ ਦਾ ਸਿਹਰਾ ਰਾਜਾ ਮਾਨ ਸਿੰਘ ਤੋਮਰ ਦੇ ਸਿਰ ਬੱਝਦਾ ਹੈ।

**ਅਰਥ ਅਤੇ ਬਣਤਰ** - ਧਰੁਪਦ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਧਰੁਵ+ਪਦ' ਤੋਂ ਬਣਿਆ ਹੈ। ਧਰੁਵ ਤੋਂ ਭਾਵ ਵਿਸ਼ੇਸ਼ ਰੂਪ ਨਾਲ ਰਚਿਆ ਗਿਆ, ਸਥਿਰ, ਦ੍ਰਿੜ, ਸਥਾਈ, ਅਚਲ, ਅਟੱਲ ਹੁੰਦਾ ਹੈ ਤੇ ਪਦ ਤੋਂ ਭਾਵ ਹੈ -ਗੇਅ ਸ਼ਬਦ, ਪੰਗਤੀ ਆਦਿ। ਇਸ ਦਾ ਅਵਤਾਰ ਪ੍ਰਬੰਧ ਗਾਇਨ ਸ਼ੈਲੀ ਤੋਂ ਮੰਨੀ ਜਾਂਦੀ ਹੈ। ਇਹ ਪ੍ਰਬੰਧ ਦੀ ਤਰ੍ਹਾਂ ਨਿਬੱਧ ਹੈ ਤੇ ਇਸ ਲਈ ਇਸਦਾ ਹਰ ਇੱਕ ਸ਼ਬਦ ਨਿਸ਼ਚਿਤ, ਸਵਰ ਤੇ ਤਾਲ ਵਿੱਚ ਬੱਝਿਆ ਹੁੰਦਾ ਹੈ।

---

[1] ਭਰਤ ਵਿਆਸ,ਧਰੁਪਦ-ਸ਼ਮੀਕਸ਼ਾ, ਪੰ. 1

**ਠਾਕੁਰ ਜੈਦੇਵ ਜੀ ਅਨੁਸਾਰ**, "ਧਰੁਪਦ ਗਾਇਨ ਸ਼ੈਲੀ ਵਿਸ਼ੁੱਧ ਰੂਪ ਵਿੱਚ ਸ਼ਾਸਤਰੀ, ਮਹਾਨ, ਬੇਹੱਦ ਉੱਚੀ ਅਤੇ ਬਾਹਰੀ ਆਡੰਬਰ ਤੋਂ ਮੁਕਤ ਗਾਇਨ ਸ਼ੈਲੀ ਹੈ। [2]"

**<u>ਅਚਾਰੀਆ ਬ੍ਰਿਹਸਪਤੀ ਜੀ ਅਨੁਸਾਰ</u>** -ਧਰੁਪਦ ਗੀਤ ਦੇ ਚਾਰ ਅੰਗ ਹੁੰਦੇ ਹਨ- ਸੁਰ(ਰਾਗ), ਪਦ(ਭਾਸ਼ਾ), ਤਾਲ ਅਤੇ ਮਾਰਗ। ਪਦ ਜਾਂ ਸ਼ਬਦ-ਖੰਡਾਂ, ਗੀਤ ਦੇ ਬੋਲਾਂ ਦੇ ਲੈਅ ਪ੍ਰਧਾਨ ਪ੍ਰਯੋਗਾਂ ਤੋਂ ਜਿਨ੍ਹਾਂ ਗਾਨ ਸ਼ੈਲੀਆਂ ਦੀ ਰਚਨਾ ਹੁੰਦੀ ਹੈ, ਉਨ੍ਹਾਂ ਨੂੰ 'ਪਦਆਸ਼ਰਿਤ ਗੀਤੀਆਂ ਜਾਂ ਗਾਨ ਸ਼ੈਲੀਆਂ ਕਹਿੰਦੇ ਹਨ। ਪਦਆਸ਼ਰਿਤ ਗੀਤੀ ਦੇ ਚਾਰ ਪ੍ਰਕਾਰ ਹਨ- ਮਾਗਧੀ, ਅਰਧਮਾਗਧੀ, ਸੰਭਾਵਿਤਾ, ਪ੍ਰਿਥੁਲਾ। ਇਨ੍ਹਾਂ ਪਦਆਸ਼ਰਿਤ ਗੀਤੀਆਂ ਨੂੰ ਹੀ ਧਰੁਪਦ ਗਾਨ ਸ਼ੈਲੀ ਕਹਿੰਦੇ ਹਨ। "[3]ਤਾਨਸੇਨ ਅਨੁਸਾਰ "ਧਰੁਪਦ ਵਿੱਚ ਚਾਰ ਤੁਕਾਂ ਹੋਣੀਆ ਚਾਹੀਦੀਆਂ ਹਨ, ਉਸਨੂੰ ਸ਼ੁੱਧ ਅੱਖਰਾਂ ਨਾਲ ਸਜਿਆ, ਚੰਗੇ ਗੁਰੂਆਂ ਦੇ ਚੇਲਿਆਂ ਦੁਆਰਾ ਬਣਾਇਆ ਗਿਆ ਅਤੇ ਮੌਕੇ ਅਨੁਸਾਰ ਕਿਸੀ ਵੀ ਰਸ ਵਿੱਚ ਰਸਮਈ ਹੋਣਾ ਚਾਹੀਦਾ ਹੈ। "[4]

"ਧਰੁਪਦ ਵਿੱਚ ਉਦਗ੍ਰਹਿ, ਧਰੁਵਕ, ਆਭੋਗ - ਤਿੰਨ ਧਾਤੂ ਹੁੰਦੇ ਹਨ ਅਤੇ ਇਹ ਮੱਧਦੇਸ਼ੀ ਭਾਸ਼ਾ ਵਿੱਚ ਬੰਨੇ ਹੁੰਦੇ ਹਨ। ਕੁੱਝ ਲੋਕ ਇਸਦੇ ਧਰੁਵ ਨਾਂ ਦੇ ਭਾਗ ਨੂੰ ਧਰੁਪਦ ਕਹਿੰਦੇ ਹਨ।"[5]

ਧਰੁਪਦ ਗਾਇਨ ਸ਼ੈਲੀ ਸ਼ਬਦ ਪ੍ਰਧਾਨ ਤੇ ਅਲਾਪ ਪ੍ਰਧਾਨ ਹੈ ਤੇ ਇਸ ਦੇ ਨਿਰਣਾਇਕ ਤੱਤਾਂ ਵਿੱਚ ਸਭ ਤੋਂ ਉੱਤਮ ਸਥਾਨ ਸਵਰ ਨੂੰ ਪ੍ਰਾਪਤ ਹੈ। 'ਕਲਾਵੰਤ' ਵਰਗ ਧਰੁਵਪਦਕਾਰਾਂ ਨੇ ਆਲਾਪ ਦੀ ਪ੍ਰਧਾਨਤਾ ਨੂੰ ਸਵੀਕਾਰ ਕਰਦੇ ਹੋਏ ਧਰੁਪਦ ਵਿੱਚ ਨਿਬੱਧ ਤੇ ਅਨਿਬੱਧ ਦੋਵੇਂ ਤਰ੍ਹਾਂ ਦੇ ਅਲਾਪਾਂ ਨੂੰ ਅਪਣਾਇਆ ਗਿਆ ਹੈ। ਧਰੁਪਦ ਦੇ ਅਲਾਪ ਦੀ ਕਿਰਿਆ ਨੂੰ ਦੋ ਅੰਗਾਂ ਵਿੱਚ ਵੰਡਿਆ ਗਿਆ ਹੈ ਜੋ ਕਿ ਨਿਮਨਲਿਖਿਤ ਹਨ-

1. "ਪਹਿਲੇ ਪ੍ਰਕਾਰ ਦਾ ਅਲਾਪ ਅਨਿਬੱਧ ਗਾਇਨ ਭੇਦ ਦੇ ਅੰਤਰਗਤ ਆਉਂਦਾ ਹੈ ਜਿਸ ਨੂੰ ਨੋਮ ਤੋਮ ਦਾ ਅਲਾਪ ਕਹਿੰਦੇ ਹਨ। ਆਲਾਪਚਾਰੀ ਦੇ ਇਸ ਪਹਿਲੇ ਪ੍ਰਕਾਰ

---

[2] ਠਾਕੁਰ ਜੈਦੇਵ ਸਿੰਘ, "ਹਿੰਦੁਸਤਾਨੀ ਸੰਗੀਤ- ਵਿਧਾਔਂ ਕਾ ਸੌਂਦਰਯ ਸ਼ਾਸਤਰ",ਸੰਗੀਤ, ਸਤੰਬਰ 2001, ਪੰ. 81.
[3] ਆਚਾਰੀਆ ਬ੍ਰਹਸਪਤੀ, ਸੰਗੀਤ ਚਿੰਤਾਮਣੀ -1, ਪੰ. 132-133.
[4] ਡਾ. ਲਕਸ਼ਮੀ ਨਾਰਾਇਣ ਗਰਗ, ਸੰਪਾਦਕੀ ਲੇਖ, ਸੰਗੀਤ ਜਨ.ਫਰ.1964,ਧਰੁਪਦ ਧਮਾਰ ਅੰਕ,ਪੰ. 7.
[5] ਉਹੀ, ਪੰ. 7।.

ਦਾ ਸਥਾਨ ਗੀਤ ਆਰੰਭ ਕਰਨ ਤੋਂ ਪਹਿਲਾਂ ਆਉਂਦਾ ਹੈ। ਇਸ ਵਿੱਚ ਅ, ਨਾ, ਨੋਮ, ਤ, ਤਰ, ਨਰਿ, ਨਾ, ਰਾ, ਤਾਨਨਾ, ਰੇਨਾ, ਓਮ, ਇਤਿ ਆਦਿ ਬੋਲਾਂ ਦਾ ਪ੍ਰਯੋਗ ਹੁੰਦਾ ਹੈ।"[6]

2. "ਆਲਾਪਚਾਰੀ ਦੇ ਦੂਸਰੇ ਪ੍ਰਕਾਰ ਨੂੰ ਨਿੱਬਧ ਗਾਨ ਅਲਾਪਾਂ ਦੀ ਸੰਗਿਆ ਦਿੱਤੀ ਗਈ ਹੈ। ਜਿਨ੍ਹਾਂ ਦੀ ਸ਼ੁਰੂਆਤ ਬੰਦਿਸ਼ ਦੇ ਸਥਾਈ ਅਤੇ ਅੰਤਰਾ ਆਦਿ ਵਿਭਾਗਾਂ ਨੂੰ ਗਾਉਣ ਤੋਂ ਬਾਅਦ ਬੰਦਿਸ਼ ਦੇ ਸ਼ਬਦਾਂ ਨੂੰ ਲੈ ਕੇ ਕੀਤਾ ਜਾਂਦਾ ਹੈ। "[7]

**ਅਲਾਪ ਦੇ 4 ਪ੍ਰਕਾਰ ਹਨ –**


- ਸਥਾਈ ਅੰਗ ਦਾ ਅਲਾਪ
- ਅੰਤਰੇ ਦਾ ਅਲਾਪ
- ਸੰਚਾਰੀ ਦਾ ਅਲਾਪ
- ਆਭੋਗ ਦਾ ਅਲਾਪ

ਧਰੁਪਦ ਦੇ ਚਾਰ ਭਾਗ ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਹੁੰਦੇ ਹਨ। ਕੁਝ ਧਰੁਪਦਾਂ ਵਿੱਚ ਕੇਵਲ ਸਥਾਈ ਤੇ ਅੰਤਰਾ ਦੋ ਭਾਗ ਹੁੰਦੇ ਹਨ। ਇਸ ਦੀਆਂ ਰਚਨਾਵਾਂ ਅਨੇਕ ਭਾਸ਼ਾਵਾਂ ਮਾਲਵੀ, ਉਰਦੂ, ਸੰਸਕ੍ਰਿਤੀ, ਹਿੰਦੀ, ਬ੍ਰਜ ਭਾਸ਼ਾਵਾਂ ਵਿੱਚ ਮਿਲਦੀਆਂ ਹਨ। ਇਹ ਜੋਰਦਾਰ ਤੇ ਮਰਦਾਨਾ ਗਾਇਕੀ ਕਹੀ ਜਾਂਦੀ ਹੈ। ਇਸ ਵਿੱਚ ਸ਼ਿੰਗਾਰ, ਭਗਤੀ, ਵੀਰ ਅਤੇ ਸ਼ਾਂਤ ਰਸ ਝਲਕਦਾ ਹੈ। ਇਨ੍ਹਾਂ ਗੀਤਾਂ ਵਿੱਚ ਦੇਵਤਿਆਂ ਦੀ ਸਤੁਤੀ, ਰਾਜਿਆਂ ਦੀ ਪ੍ਰਸੰਸਾ ਆਦਿ ਕੀਤੀ ਜਾਂਦੀ ਹੈ। ਇਸ ਗਾਇਨ ਸ਼ੈਲੀ ਨਾਲ ਪਖਾਵਜ ਦੀ ਸੰਗਤ ਕੀਤੀ ਜਾਂਦੀ ਹੈ ਤੇ ਚਾਰਤਾਲ, ਤੀਵਰਾ, ਰੂਦਰ, ਸੂਲਫਾਕ ਆਦਿ ਤਾਲਾਂ ਬਜਾਈਆਂ ਜਾਂਦੀਆਂ ਹਨ। ਪਰ ਅੱਜਕੱਲ ਇਸਦਾ ਪ੍ਰਚਾਰ ਬਹੁਤ ਘੱਟ ਗਿਆ ਹੈ। ਅਕਬਰ ਦੇ ਕਾਲਖੰਡ ਵਿੱਚ ਇਸ ਦੀਆਂ ਚਾਰ ਸ਼ੈਲੀਆਂ ਦਾ ਉਦਗਮ ਹੋਇਆ, ਜੋ ਬਾਣੀਆਂ ਕਹਿਲਾਈਆਂ। ਜੋ ਇਸ ਪ੍ਰਕਾਰ ਹਨ–

---

[6] ਸ਼ਮਾਜਿਕ ਵਿਗਿਆਨ ਪੱਤਰ, ਅੰਕ 58, ਸੰਗੀਤਕ ਗਾਇਨ ਸ਼ੈਲੀਆਂ (ਵਿਸ਼ੇਸ਼ ਅੰਕ), ਭਾਰਤੀ ਗਾਇਨ ਸ਼ੈਲੀ-ਧਰੁਪਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੁਨੀਵਰਸਿਟੀ, ਪਟਿਆਲਾ, 2010, ਪੰਨਾ 132

[7] ਉਹੀ, ਪੰਨਾ 132




ਪੰ. ਭਾਤਖੰਡੇ ਜੀ ਅਨੁਸਾਰ –

1. "ਧਰੁਪਦ ਦੇ ਸਥਾਈ, ਅੰਤਰਾ, ਸੰਚਾਰੀ, ਆਭੋਗ 4 ਭਾਗ ਹਨ ਪ੍ਰੰਤੂ ਕਈ ਧਰੁਪਦਾਂ ਵਿੱਚ ਸਥਾਈ ਤੇ ਅੰਤਰਾ ਦੋ ਹੀ ਭਾਗ ਹੁੰਦੇ ਹਨ।
2. ਇਸ ਵਿੱਚ ਵੀਰ ਰਸ, ਸ਼ਿੰਗਾਰ ਰਸ ਅਤੇ ਸ਼ਾਂਤ ਰਸ ਦੀ ਪ੍ਰਧਾਨਤਾ ਹੁੰਦੀ ਹੈ।
3. ਇਸ ਵਿੱਚ ਭਾਸ਼ਾ ਉੱਚ ਕੋਟੀ ਦੀ ਪ੍ਰਯੋਗ ਹੁੰਦੀ ਹੈ।
4. ਇਸ ਦੀ ਸੰਗਤੀ ਚੌਤਾਲ, ਸੂਲਫਾਕ, ਝੰਪਾ, ਤੀਵਰਾ, ਬ੍ਰਹਮਾ ਅਤੇ ਰੂਦਰ ਆਦਿ ਤਾਲਾਂ ਨਾਲ ਕੀਤੀ ਜਾਂਦੀ ਹੈ।
5. ਆਇਨੇ-ਅਕਬਰੀ ਅਨੁਸਾਰ ਪੰਜਾਬੀ ਔਰਤਾਂ ਡਫ ਅਤੇ ਢਾਲ ਬਜਾ ਕੇ ਧਰੁਪਦ ਗਾਇਨ ਕਰਦੀਆਂ ਸਨ।
6. ਧਰੁਪਦ ਨੂੰ ਮਰਦਾਨਾ ਅਤੇ ਜੋਰਦਾਰ ਗਾਇਨ ਸ਼ੈਲੀ ਮੰਨਿਆ ਜਾਂਦਾ ਹੈ।
7. ਧਰੁਪਦ ਦੇ ਗਾਇਕ ਕਲਾਵੰਤ ਕਹਾਉਂਦੇ ਹਨ।
8. ਹਰ ਘਰਾਣੇ ਦੇ ਗਾਇਕ ਆਪਣੇ ਪੂਰਵਜਾਂ ਦੀ ਬਾਣੀ ਤੋਂ ਹੀ ਆਪਣੇ ਗਾਇਨ ਦਾ ਅਭਿਆਸ ਕਰਦੇ ਸਨ।[8]"

ਇਸ ਸ਼ੈਲੀ ਵਿੱਚ ਵਿਲੰਬਿਤ ਲੈਅ ਤੋਂ ਹੌਲੀ-ਹੌਲੀ ਦਰੁਤ ਲੈਅ ਵੱਲ ਵਧਿਆ ਜਾਂਦਾ ਹੈ। ਇਸ ਵਿੱਚ ਨੋਮ-ਤੋਮ ਦਾ ਅਲਾਪ ਬਹੁਤ ਹੀ ਪਿਆਰਾ ਲੱਗਦਾ ਹੈ। ਲੈਅ ਵਿੱਚ ਬੱਝੇ ਅਤੇ ਗਮਕ ਨਾਲ ਭਰਪੂਰ ਦਰੁੱਤ ਅਲਾਪ ਤੋਂ ਬਾਅਦ ਮੱਧ ਵਿਲੰਬਿਤ ਲੈਅ ਵਿੱਚ ਪਦ ਦੇ

[8] ਪੰ. ਭਾਤਖੰਡੇ, ਕ੍ਰਮਿਕ ਪੁਸਤਕ ਮਾਲਿਕਾ (ਭਾਗ-4), ਪੰਨਾ 46-47.

ਗਾਇਨ ਨਾਲ ਇੱਕ ਅਨੂਠਾ ਪ੍ਰਭਾਵ ਉਪਜਦਾ ਹੈ ਤੇ ਇਹੀ ਇਸੀ ਸ਼ੈਲੀ ਦਾ ਪ੍ਰਾਣ ਮੰਨਿਆ ਜਾਂਦਾ ਹੈ। ਨੌਮਤੌਮ ਦੇ ਅਲਾਪ ਤੋਂ ਬਾਅਦ ਗੀਤ ਦੇ ਚਾਰਾਂ-ਖੰਡਾਂ ਨੂੰ ਗਾਉਣ ਸਮਾਂ, ਸਰੋਤਿਆਂ ਦਾ ਮਨ ਸ਼ਾਂਤ ਹੋ ਜਾਂਦਾ ਹੈ। ਇਸ ਸ਼ੈਲੀ ਦੇ ਨਾਲ ਮ੍ਰਿਦੰਗ ਤੇ ਪਖਾਵਜ ਦੀ ਸੰਗਤ ਨਾਲ ਜੋ ਗੰਭੀਰ, ਮਧੁਰ ਆਵਾਜ ਵਾਲੇ ਸਾਜ ਹੁੰਦੇ ਹਨ, ਉਨ੍ਹਾਂ ਨਾਲ ਇਸ ਸ਼ੈਲੀ ਨੂੰ ਚਾਰ ਚੰਨ ਲੱਗ ਜਾਂਦੇ ਹਨ –

- ਨੋਮਤੋਮ
- ਬੰਦਿਸ਼
- ਲੈਅਕਾਰੀ
- ਉਪਜ

ਸਭ ਤੋਂ ਪਹਿਲਾਂ ਨੋਮ-ਤੋਮ ਦਾ ਆਲਾਪ ਲੈਅ ਰਹਿਤ ਹੁੰਦਾ ਹੈ। ਇਸ ਅਲਾਪ ਦੀ ਲੈਅ ਵਿਲੰਬਿਤ ਤੋਂ ਦਰੁਤ ਵੱਲ ਵੱਧਦੀ ਹੈ। ਇਸ ਅਲਾਪ ਦੀ ਲੈਅ ਵਿਲੰਬਿਤ ਮੱਧ ਲੈਅ ਦਾ ਪ੍ਰਯੋਗ ਕੀਤਾ ਜਾਂਦਾ ਹੈ। ਫਿਰ ਵਿਭਿੰਨ ਲੈਅਕਾਰੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਠੀਕ ਇਸੇ ਤਰ੍ਹਾਂ ਉਪਜ, ਬੋਲਤਾਨ ਆਦਿ ਇਸ ਸ਼ੈਲੀ ਦੀ ਖੂਬਸੂਰਤੀ ਵਧਾਉਂਦੇ ਹਨ।

**<u>ਧਰੁਪਦ ਗਾਇਨ ਸ਼ੈਲੀ ਦੀ ਸਥਿਤੀ</u>** – ਵਰਤਮਾਨ ਕਾਲ ਵਿੱਚ ਬਾਣੀਆ ਦੀ ਡੂੰਘਾਈ ਨੂੰ ਸਮਝਣ ਵਾਲੇ ਗਾਇਕ ਬਹੁਤ ਜਿਆਦਾ ਘੱਟ ਹਨ। ਸੰਗੀਤ ਜਗਤ ਤੇ ਜਨ ਸਧਾਰਨ ਵਿੱਚ ਖਿਆਲ ਗਾਇਨ ਦੀ ਲੋਕਪ੍ਰਿਯਤਾ ਵੱਧਣ ਨਾਲ ਧਰੁਪਦ ਦੀਆਂ ਬਾਣੀਆਂ ਨਾਮਾਤਰ ਹੀ ਰਹਿ ਗਈਆਂ। ਧਰੁਪਦ ਗਾਇਨ ਵਿੱਚ ਤਾਨਾਂ ਦਾ ਪ੍ਰਯੋਗ ਨਹੀਂ ਹੁੰਦਾ ਪਰ ਲੈਅਕਾਰੀਆਂ ਜਿਵੇਂ ਆੜ, ਦੋਗੁਣ, ਤਿੰਨਗੁਣ, ਚਾਰਗੁਣ, ਅੱਠਗੁਣ, ਗਮਕ, ਬੋਲਤਾਨ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ।

"ਰਾਮਪੁਰ ਦੇ ਤਾਨਸੇਨ ਪਰੰਪਰਾ ਦੇ ਧਰੁਵਪਦ ਗਾਇਕ ਤਾਂ ਇੱਦਾਂ ਕਹਿੰਦੇ ਹਨ ਕਿ ਪ੍ਰਾਚੀਨ ਕਾਲ ਵਿੱਚ ਦੁਗੁਣ, ਚੌਗੁਣ, ਅੱਠਗੁਣ, ਬੋਲਤਾਨ ਆਦਿ ਪ੍ਰਕਾਰ ਧਰੁਵਪਦ ਵਿੱਚ ਨਿਸ਼ਿੱਧ ਮੰਨੇ ਜਾਂਦੇ ਹਨ। ਇਹ ਪ੍ਰਕਾਰ ਕੇਵਲ ਧਮਾਰ ਗੀਤ ਵਿੱਚ ਅਰਥਾਤ ਧਮਾਰ ਤਾਲ

ਵਿੱਚ ਗਾਈ ਜਾਣ ਵਾਲੀ ਹੋਰੀ ਨਾਮਕ ਗੀਤ ਵਿੱਚ ਚੱਲਦੇ ਸੀ, ਪਰ ਹੁਣ ਲੋਕ ਧਰੁਵਪਦ ਵਿੱਚ ਦੋਗੁਣ, ਚੌਗੁਣ, ਬੋਲਤਾਨ ਪ੍ਰਕਾਰ ਕਰਨ ਲੱਗੇ ਹਨ, ਇਹ ਸੱਚ ਹੈ। "[9]

ਪਹਿਲਾਂ ਇਸ ਸ਼ੈਲੀ ਵਿੱਚ ਕੁਝ ਔਖੀਆਂ ਤੇ ਗੰਭੀਰ ਪ੍ਰਕਿਰਤੀ ਵਾਲੀਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ ਪਰ ਵਰਤਮਾਨ ਕਾਲ ਵਿੱਚ ਇਨ੍ਹਾਂ ਨੂੰ ਵਿਸ਼ੇਸ਼ ਮਹੱਤਵ ਨਹੀਂ ਦਿੱਤਾ ਜਾਂਦਾ ਤੇ ਅਜਿਹਾ ਮੰਨ ਲਿਆ ਗਿਆ ਹੈ ਕਿ ਇਨ੍ਹਾਂ ਤਾਲਾਂ ਵਿੱਚੋਂ ਰਸ ਦੀ ਉੱਤਪੱਤੀ ਨਹੀਂ ਹੋ ਸਕਦੀ ਅਤੇ ਇਨ੍ਹਾਂ ਤਾਲਾਂ ਦੀਆਂ ਜਿਆਦਾ ਵਿਭਾਗ ਤੇ ਮਾਤਰਾਵਾਂ ਕਾਰਨ ਪ੍ਰਸਤੁਤੀ ਤੇ ਕਲਾ ਪ੍ਰਦਰਸ਼ਨ ਸਮਾਂ ਅੜਿੱਕਾ ਜਿਹਾ ਆ ਜਾਂਦਾ ਹੈ ਤੇ ਗਾਇਨ ਦੀ ਸੁੰਦਰਤਾ ਵਿੱਚ ਅੜਚਨ ਆਉਂਦੀ ਹੈ, ਪਰ ਇਹ ਕਹਿਣਾ ਠੀਕ ਨਹੀਂ ਹੈ। ਇਨ੍ਹਾਂ ਤਾਲਾਂ ਉੱਤੇ ਪੂਰਨ ਅਧਿਕਾਰ ਲਈ ਬਹੁਤ ਅਭਿਆਸ ਦੀ ਲੋੜ ਹੈ ਜੋ ਕਿ ਵਰਤਮਾਨ ਸਮਾਂ ਦੀ ਇੱਕ ਵੱਡੀ ਕਮਜੋਰੀ ਹੈ।

## 1.2 ਧਮਾਰ ਗਾਇਨ ਸ਼ੈਲੀ

"ਧਮਾਰ ਸ਼ਬਦ ਦੀ ਉਤਪੱਤੀ 'ਧਮ' ਧਾਤੂ ਵਿੱਚ 'ਅਲ' ਦੇ ਸੰਯੋਗ ਤੋਂ ਮੰਨੀ ਜਾ ਸਕਦੀ ਹੈ। ਸੰਸਕ੍ਰਿਤ ਧਾਤੂ 'ਧਮ' ਦਾ ਅਰਥ ਸੁਲਗਨਾ, ਭੜਕਨਾ, ਜੋਰ ਨਾਲ਼ ਫੂਕਣਾ ਤੇ ਬਜਾਉਣਾ ਹੈ"। [10]

ਇਸ ਦਾ ਸ਼ਾਬਦਿਕ ਅਰਥ 'ਧਮ' ਵਰਗੀ ਧੁਨੀ ਵਾਲਾ ਜਾਂ ਧੁਮ ਮਚਾਉਣ ਵਾਲਾ ਹੁੰਦਾ ਹੈ।

ਅਚਾਰਿਆ ਬ੍ਰਿਹਿਸਪਤੀ ਅਨੁਸਾਰ, "ਗਾਨ ਦਾ ਉਹ ਪ੍ਰਕਾਰ ਜੋ ਪ੍ਰੇਰਿਤ ਕਰਦਾ ਹੋਇਆ ਅਥਵਾ ਫੜਕਦਾ ਹੋਇਆ ਚਲੇ"। [11]

ਧਮਾਰ ਸ਼ੈਲੀ ਰਾਧਾ-ਕ੍ਰਿਸ਼ਨ ਤੇ ਗੋਪੀਆਂ ਦਾ ਫੱਗਣ ਮਹੀਨੇ ਦੀ ਲੀਲਾ ਨਾਲ ਸੰਬੰਧਿਤ ਹੈ ਤੇ ਇਸਦੇ ਸ਼ਬਦਾਂ ਵਿੱਚ ਵੀ ਕ੍ਰਿਸ਼ਨ ਦੀ ਹੋਰੀ ਲੀਲਾ ਦਾ ਹੀ ਵਿਸਤ੍ਰਿਤ

---

[9] ਪੰ. ਭਾਤਖੰਡੇ, ਕ੍ਰਮਿਕ ਪੁਸਤਕ ਮਾਲਿਕਾ (ਭਾਗ-4), ਪੰਨਾ 47.

[10] ਨਿੰਮਬਾਰਕ ਭਗਤੀ ਸੰਪਰਦਾਇ ਵਿੱਚ ਨਿਰਧਾਰਿਤ 'ਧਮਾਰ' ਗਾਇਨ ਸ਼ੈਲੀ, ਸੰਗੀਤ (ਹੋਲੀ ਗੀਤ ਅੰਕ) ਜਨਵਰੀ 2022,ਪੰ. 29.

[11] ਉਹੀ. ਪੰ. 29.

ਵਰਣਨ ਮਿਲਦਾ ਹੈ। ਇਹ ਤਾਲ ਵਿੱਚ ਬੱਝੀ ਹੋਈ ਹੁੰਦੀ ਹੈ ਤੇ ਭਗਤੀ ਪ੍ਰਧਾਨ ਹੁੰਦੀ ਹੈ ਜਿਸ ਵਿੱਚ ਹੋਲੀ ਦੇ ਤਿਉਹਾਰ ਦਾ ਉਲਲਾਸ, ਉਤਸ਼ਾਹ, ਉਮੰਗ ਆਦਿ ਵਿਸ਼ੇਸ਼ ਰੂਪ ਵਿੱਚ ਝਲਕਦੀ ਹੈ। ਇਸ ਦੀ ਭਾਸ਼ਾ ਅਧਿਕਤਰ ਬ੍ਰਜ, ਹਿੰਦੀ ਤੇ ਉਰਦੂ ਭਾਸ਼ਾ ਹੁੰਦੀ ਹੈ। ਇਸ ਦੀ ਭਾਸ਼ਾ ਉੱਚ ਕੋਟੀ ਦੀ ਨਹੀਂ ਹੁੰਦੀ ਹੈ ਉਸ ਦਾ ਅਰਥ ਵੀ ਸਾਧਾਰਨ ਹੀ ਹੁੰਦਾ ਹੈ।

ਧਰੁਪਦ ਗਾਉਣ ਵਾਲੇ ਗਾਇਕ 'ਕਲਾਵੰਤ' ਹੀ ਇਸ ਗਾਇਨ ਸ਼ੈਲੀ ਨੂੰ ਗਾਉਂਦੇ ਹਨ ਕਿਉਂਕਿ ਇਹ ਗਾਇਕੀ ਧਰੁਪਦ ਵਰਗੀ ਹੀ ਹੈ। ਫਰਕ ਸਿਰਫ ਇੰਨਾ ਹੈ ਕਿ ਇਸ ਦੀ ਗੰਭੀਰਤਾ ਘੱਟ ਹੁੰਦੀ ਹੈ। 'ਧਮਾਰ' ਨਾਮਕ ਤਾਲ ਵਿੱਚ ਗਾਇਨ ਕਲਾ "ਧਮਾਰ" ਸ਼ੈਲੀ ਅਖਵਾਉਂਦੀ ਹੈ। ਇਹ ਤਾਲ 14 ਮਾਤਰਾਵਾਂ ਦੀ ਹੁੰਦੀ ਹੈ ਤੇ ਇਸਦੇ ਵਿਭਾਗ 5-2-3-4 ਦੇ ਹੁੰਦੇ ਹਨ। ਇਸ ਦੇ ਦੋ ਭਾਗ ਹੁੰਦੇ ਹਨ -

1. ਸਥਾਈ

2. ਅੰਤਰਾ

ਇਸ ਵਿੱਚ ਵਿਭਿੰਨ ਲੈਅਕਾਰੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਵਿੱਚ ਠਾਹ, ਦੋਗੁਣ, ਚਾਰਗੁਣ, ਗਮਕ, ਬੋਲਤਾਨ ਆਦਿ ਪ੍ਰਕਾਰ ਗਾਏ ਜਾਂਦੇ ਹਨ। ਗਾਇਨ ਲਈ ਆਵਾਜ ਮਧੁਰ ਤੇ ਗੰਭੀਰ ਹੋਣੀ ਚਾਹੀਦੀ ਹੈ। ਇਸਦੇ ਨਾਲ-ਨਾਲ ਉੱਚਕੋਟੀ ਦਾ ਸਵਰ ਗਿਆਨ ਤੇ ਰਾਗ ਗਿਆਨ ਵੀ ਜਰੂਰੀ ਹੁੰਦਾ ਹੈ। ਧਮਾਰ ਸ਼ੈਲੀ ਨਾਲ ਪਖਾਵਜ ਦੀ ਸੰਗਤ ਕੀਤੀ ਜਾਂਦੀ ਹੈ।

ਧਮਾਰ ਦਾ ਵਿਕਾਸ 'ਧਰੁਪਦ' ਦੇ ਨਾਲ਼-ਨਾਲ਼ ਹੋਇਆ। ਅਸਲ ਵਿੱਚ ਧਮਾਰ ਧਰੁਪਦ ਦੀ ਹੀ ਸਹਾਇਕ ਗਾਇਨ ਵਿਧਾ ਵਜੋਂ ਪਹਿਚਾਣੀ ਜਾਂਦੀ ਹੈ ਪਰ ਧਰੁਪਦ ਨਾਲੋਂ ਘੱਟ ਗੰਭੀਰ ਹੈ।

ਕੁਝ ਗਾਇਕ ਬੋਲ-ਤਾਨਾਂ ਦਾ ਵੀ ਵਿਭਿੰਨ ਲੈਅਕਾਰੀਆਂ ਵਿੱਚ ਪ੍ਰਦਰਸ਼ਨ ਕਰਦੇ ਹਨ। ਧਮਾਰ ਤਾਲ ਕਠਿਨ ਹੋਣ ਕਰਕੇ ਵਰਤਮਾਨ ਕਾਲ ਵਿੱਚ ਇਸ ਦਾ ਪ੍ਰਚਾਰ-ਪ੍ਰਸਾਰ ਬਹੁਤ ਘੱਟ ਹੋ ਰਿਹਾ ਹੈ।

## 1.3 ਸਾਦਰਾ

ਇਹ ਗਾਇਨ ਸ਼ੈਲੀ ਵੀ ਧਰੁਪਦ ਵਰਗੀ ਹੀ ਹੁੰਦੀ ਹੈ। ਸਾਦਰਾ ਵਿੱਚ ਸਥਾਈ-ਅੰਤਰਾ 2 ਭਾਗ ਹੁੰਦੇ ਹਨ। ਇਸ ਸ਼ੈਲੀ ਵਿੱਚ ਸਥਾਈ ਤੇ ਅੰਤਰੇ ਦੀਆਂ 4-4 ਪੰਕਤੀਆਂ ਪਾਈਆਂ ਜਾਂਦੀਆਂ ਹਨ। ਇਹ ਮੱਧ ਲੈਅ ਵਿੱਚ ਗਾਇਆ ਜਾਂਦਾ ਹੈ। ਇਸ ਗਾਇਨ ਸ਼ੈਲੀ ਲਈ ਝਪਤਾਲ ਵਿੱਚ ਗਾਈ ਜਾਂਦੀ ਹੈ। 'ਤੋਹਫਤ-ਉਲ-ਹਿੰਦ' ਦੇ ਅਨੁਸਾਰ ਇਸਦੀ ਰਚਨਾ ਸਿਰਫ ਮਥੁਰਾ ਤੇ ਬ੍ਰਜ ਭਾਸ਼ਾ ਵਿੱਚ ਕੀਤੀ ਜਾਂਦੀ ਹੈ। ਇਸ ਵਿੱਚ ਰਣ ਵਿੱਚ ਸਾਹਸ, ਵੀਰਤਾ ਤੇ ਕਦੀ-ਕਦੀ ਸੁੰਦਰਤਾ ਦਾ ਵਰਣਨ ਮਿਲਦਾ ਹੈ। ਇਸ ਵਿੱਚ ਲੈਅਕਾਰੀ ਅਤੇ ਤਾਨਾਂ ਦੋਵਾਂ ਦਾ ਪ੍ਰਯੋਗ ਹੁੰਦਾ ਹੈ। ਵਰਤਮਾਨ ਸਮਾਂ ਵਿੱਚ ਇਸ ਦਾ ਪ੍ਰਯੋਗ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ।

## 1.4 ਖਿਆਲ

ਸਮਾਜਿਕ, ਰਾਜਨੀਤਿਕ ਅਤੇ ਸੱਭਿਅਤਾ ਦੇ ਬਦਲਾਵ ਦੇ ਨਾਲ-ਨਾਲ ਵਿਦੇਸ਼ੀ ਤਾਕਤਾਂ ਤੇ ਸੱਭਿਆਤਾਵਾਂ ਦੇ ਪ੍ਰਭਾਵ ਕਾਰਨ ਸ਼ਾਸਤਰੀ ਸੰਗੀਤ ਵਿੱਚ ਵੀ ਬਦਲਾਵ ਆਦਿ ਆਉਂਦਾ ਗਿਆ। ਜਿਸ ਦੇ ਸਿੱਟੇ ਵਜੋਂ ਅੱਜ ਦੇ ਸ਼ਾਸਤਰੀ ਸੰਗੀਤ ਦਾ ਸਥਿਰ ਰੂਪ ਪ੍ਰਾਪਤ ਹੋਇਆ ਹੈ। ਇਹ ਸ਼ੈਲੀ ਰਾਗ, ਤਾਲ ਅਤੇ ਨਿਯਮਾਂ ਦੇ ਬੰਨ੍ਹੇ ਹੋਣ ਦੇ ਬਾਵਜੂਦ ਵੀ ਹਰ ਕਲਾਕਾਰ ਆਪਣੀ ਕੁਸ਼ਲਤਾ, ਕਲਪਨਾ ਸ਼ਕਤੀ ਅਤੇ ਮਰਜੀ ਨਾਲ ਭਾਵ ਨਿਰਮਾਣ ਅਤੇ ਪ੍ਰਸਤੁਤੀਕਰਨ ਦੇ ਲਈ ਆਜਾਦ ਹੁੰਦਾ ਹੈ। ਇਸ ਲਈ ਇਹ ਮੰਨਣਾ ਉਚਿੱਤ ਹੈ ਕਿ ਇਨ੍ਹਾਂ ਸਭ ਕਾਰਨਾਂ ਕਰਕੇ ਹੀ ਇਸ ਵਿਧਾ ਦਾ ਸਵਰੂਪ ਬਹੁਤ ਹੀ ਪ੍ਰਭਾਵਸ਼ਾਲੀ, ਚਮਤਕਾਰਿਕ, ਨਵੀਨ ਤੇ ਆਕਰਸ਼ਕ ਹੋ ਗਿਆ।

ਵਰਤਮਾਨ ਸਮਾਂ ਵਿੱਚ ਖਿਆਲ ਗਾਇਨ ਸ਼ੈਲੀ ਹੀ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਪ੍ਰਮੁੱਖ ਗਾਇਨ ਸ਼ੈਲੀ ਹੈ। ਇਸ ਗਾਇਨ ਸ਼ੈਲੀ ਵਿੱਚ ਗਾਇਨ ਦਾ ਸੁਤੰਤਰ ਰੂਪ ਗਲੇ ਦੀਆਂ ਹਰਕਤਾਂ ਜਿਵੇਂ ਮੀਂਡ, ਮੁਰਕੀ, ਖਟਕਾ, ਗਮਕ ਆਦਿ, ਵਿਭਿੰਨ ਭਾਵ ਅਤੇ ਰਸਾਂ ਦਾ ਪ੍ਰਯੋਗ ਕਰਨ ਦੀ ਪੂਰਨ ਰੂਪ ਵਿੱਚ ਆਜਾਦੀ ਹੁੰਦੀ ਹੈ।

ਖਿਆਲ ਸ਼ਬਦ ਦੀ ਉਤਪੱਤੀ ਫਾਰਸੀ ਸ਼ਬਦ 'ਖੇਯਾਲ' ਤੋਂ ਮੰਨੀ ਜਾਂਦੀ ਹੈ। ਖਿਆਲ ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ। ਵਿਚਾਰ, ਕਲਪਨਾ, ਭਾਵਨਾ, ਰਾਗ ਪ੍ਰਵਿਰਤੀ, ਭਰਮ, ਅਨੁਮਾਨ, ਧਿਆਨ ਆਦਿ ਇਸ ਸ਼ਬਦ ਦੇ ਅਰਥ ਹਨ। [12] ਖਿਆਲ ਗਾਇਨ ਸ਼ੈਲੀ ਸ਼ਾਸਤਰੀ ਸੰਗੀਤ ਵਿੱਚ ਲਗਭਗ 250 ਸਾਲ ਪੁਰਾਣੀ ਤੇ ਲੋਕਪ੍ਰਿਅ ਹੈ। ਫਿਰੋਜ ਖਾਂ (ਅਦਾਰੰਗ), ਨੇਮਤ ਖਾਂ (ਸਦਾਰੰਗ) ਇਸ ਗਾਇਨ ਸ਼ੈਲੀ ਦੇ ਸਭ ਤੋਂ ਵੱਡੇ ਪ੍ਰਵਰਤਕ ਮੰਨੇ ਜਾਂਦੇ ਹਨ। ਵਿਭਿੰਨ ਕਾਲ-ਖੰਡਾਂ ਵਿੱਚ ਵਿਭਿੰਨ ਸ਼ੈਲੀਆਂ ਵਿਕਸਿਤ ਵੀ ਹੋਈਆਂ ਤੇ ਲੁਪਤ ਵੀ ਹੁੰਦੀਆਂ ਗਈਆਂ। ਨਵੀਨ ਗਾਇਨ ਸ਼ੈਲੀਆਂ ਲੁਪਤ ਹੁੰਦੀਆਂ ਗਾਇਨ ਸ਼ੈਲੀਆਂ ਨੂੰ ਆਪਣੇ ਅੰਦਰ ਸਮਾਉਂਦੀਆਂ ਗਈਆਂ। ਇਸ ਤਰ੍ਹਾਂ ਪ੍ਰਾਚੀਨ ਗਾਇਨ ਸ਼ੈਲੀਆਂ ਜਾਤੀ, ਗੀਤੀ, ਪ੍ਰਬੰਧ, ਧਰੁਪਦ ਆਦਿ ਦਾ ਵਿਭਿੰਨ ਪਰਿਸਥਿਤੀਆਂ ਵਿੱਚ ਪਰਿਵਰਤਨ ਹੁੰਦਾ ਗਿਆ ਅਤੇ ਜਿਸ ਤੋਂ ਬਾਅਦ ਅੱਜ ਦੀ ਇਹ ਗਾਇਨ ਸ਼ੈਲੀ ਸਾਡੇ ਸਾਹਮਣੇ ਉੱਭਰ ਕੇ ਆਈ। ਜਿਆਦਾਤਰ ਇਸ ਗਾਇਨ ਸ਼ੈਲੀ ਵਿੱਚ ਇੱਕ ਸਥਾਈ ਅਤੇ ਇੱਕ ਅੰਤਰਾ ਪਾਇਆ ਜਾਂਦਾ ਹੈ। ਖਿਆਲ ਗਾਇਨ ਵਿੱਚ ਵਿਭਿੰਨ ਤਾਲਾਂ ਤੀਨ ਤਾਲ, ਏਕਤਾਲ, ਝੂਮਰਾ, ਤਿਲਵਾੜਾ, ਤੀਵਰਾ, ਝੱਪਤਾਲ, ਆੜਾ ਚਾਰ ਤਾਲ ਆਦਿ ਨੂੰ ਮਹੱਤਵਪੂਰਨ ਤੇ ਵਿਸ਼ੇਸ਼ ਸਥਾਨ ਹਾਸਿਲ ਹੈ। ਇਸ ਗਾਇਨ ਸ਼ੈਲੀ ਦਾ ਪ੍ਰਸਤੁਤੀਕਰਨ ਵੀ ਬਾਕੀ ਗਾਇਨ ਵਿਧਾਵਾਂ ਵਾਂਗ ਨਿਯਮਾਂ ਦੇ ਤਹਿਤ ਹੀ ਹੁੰਦਾ ਹੈ। ਵਰਤਮਾਨ ਕਾਲ ਵਿੱਚ ਖਿਆਲ ਗਾਇਨ ਸ਼ੈਲੀ ਦੇ ਰੂਪ ਪ੍ਰਚਲਿਤ ਹਨ -

### 1.4.1. ਵੱਡਾ ਖਿਆਲ

ਇਸ ਖਿਆਲ ਵਿੱਚ ਸ਼ਬਦਾਂ ਦੀ ਗਿਣਤੀ ਘੱਟ ਹੁੰਦੀ ਹੈ। ਇਸ ਨੂੰ ਵਿਲੰਬਿਤ ਲੈਅ ਵਿੱਚ ਗਾਇਆ ਜਾਂਦਾ ਹੈ ਜਿਸ ਕਾਰਨ ਇਸ ਦੇ ਗਾਇਨ ਵਿੱਚ ਸਮਾਂ ਵੀ ਵੱਧ ਲੱਗਦਾ ਹੈ ਤੇ ਇਸ ਲਈ ਇਸ ਦਾ ਨਾਮ ਵੱਡਾ ਖਿਆਲ ਪਿਆ। ਗਾਇਨ ਆਰੰਭ ਕਰਨ ਤੋਂ ਪਹਿਲਾਂ ਗਾਇਕ ਨੂੰ ਸ਼ੜਜ ਸਵਰ 'ਤੇ ਸਥਿਰ ਰਹਿ ਕੇ ਉਸਦਾ ਉਚਾਰਣ ਕਰਦਾ ਹੈ ਤਾਂ ਜੋ ਸਭ ਦਾ ਧਿਆਨ ਇਕਾਗਰ ਹੋ ਸਕੇ। ਸ਼ੜਜ ਦਾ ਅਲਾਪ ਸਥਿਰਤਾ ਨਾਲ ਕਰਨਾ ਚਾਹੀਦਾ ਹੈ। ਕੁੱਝ ਕਲਾਕਾਰ ਸ ਦੀ ਜਗ੍ਹਾ 'ਤੇ ਓਮ, ਨੋਮ-ਤੋਮ, ਹਰਿ ਆਦਿ ਦਾ ਉਚਾਰਣ ਕਰਦੇ ਹਨ

[12] ਉਰਦੂ ਹਿੰਦੀ ਕੋਸ਼,ਪੰ. ਨੰ. 147,ਪ੍ਰਕਾਸ਼ਕ ਉੱਤਰ ਪ੍ਰਦੇਸ਼ ਸੂਚਨਾ ਵਿਭਾਗ

ਜਿਸ ਨੂੰ ਆਰੰਭਿਕ ਅਲਾਪ ਵੀ ਕਹਿੰਦੇ ਹਨ। ਆਰੰਭਿਕ ਅਲਾਪ ਤਾਲ ਵਿੱਚ ਬੰਨ੍ਹਿਆ ਹੋਇਆ ਨਹੀਂ ਹੁੰਦਾ ਹੈ। ਖਿਆਲ ਗਾਇਨ ਵਿੱਚ ਅਲਾਪ ਕੇਵਲ ਰਾਗ ਨੂੰ ਸਪੱਸ਼ਟ ਕਰਨ ਲਈ ਗਾਉਂਦੇ ਹਨ ਜੋ ਕਿ ਛੋਟਾ ਜਿਹਾ ਹੀ ਹੁੰਦਾ ਹੈ। ਵੱਡੇ ਖਿਆਲ ਦੀ ਬੰਦਿਸ਼ ਤਾਲਬੱਧ ਰੂਪ ਵਿੱਚ ਪੇਸ਼ ਕੀਤੀ ਜਾਂਦੀ ਹੈ। ਕੁਝ ਗਾਇਕ ਕਲਾਕਾਰ ਪੂਰੀ ਬੰਦਿਸ਼ ਦੇ ਗਾਇਨ ਉਪਰੰਤ ਅਲਾਪ ਕਰਦੇ ਹਨ ਤੇ ਕੁਝ ਕਲਾਕਾਰ ਕੇਵਲ ਸਥਾਈ ਦੇ ਗਾਇਨ ਤੋਂ ਬਾਅਦ ਅਲਾਪ ਕਰਦੇ ਹਨ ਤੇ ਇਸ ਤੋਂ ਬਾਅਦ ਵਿੱਚ ਅੰਤਰੇ ਨੂੰ ਗਾਉਂਦੇ ਹਨ।

ਸਥਾਈ ਦਾ ਮੁਖੜਾ ਗਾਉਣ ਦੇ ਬਾਅਦ ਸਥਾਈ ਦੇ ਅਲਾਪ ਆਰੰਭ ਕੀਤੇ ਜਾਂਦੇ ਹਨ। ਇਹ ਅਲਾਪ ਰਾਗ ਦੇ ਨਿਯਮਾਂ ਅਨੁਸਾਰ ਸਵਰ ਆਦਿ ਨਾਲ ਬੜਤ ਹਾਸਿਲ ਕਰਨ ਵਾਲੇ ਹੋਣੇ ਚਾਹੀਦੇ ਹਨ। ਰਾਗ ਦਾ ਅੰਗ, ਪ੍ਰਤੀਅੰਗ, ਸਵਰ ਸੰਗਤੀ, ਪਕੜ, ਵਾਦੀ, ਸੰਵਾਦੀ ਆਦਿ ਰਾਗ ਦੀ ਜਰੂਰੀ ਗੱਲਾਂ ਅਲਾਪਾਂ ਦੇ ਰਾਹੀਂ ਹੀ ਦਰਸਾਈਆਂ ਜਾਂਦੀਆਂ ਹਨ। ਕੁਝ ਗਾਇਕ ਪਹਿਲਾਂ ਆਕਾਰ ਵਿੱਚ ਤਾਲਬੱਧ ਆਲਾਪ ਕਰਦੇ ਹਨ ਫਿਰ ਤਾਲਬੱਧ ਬੋਲਾਲਾਪ ਕਰਦੇ ਹਨ ਪਰ ਕੁੱਝ ਗਾਇਕ ਕਲਾਕਾਰ ਕੇਵਲ ਬੋਲ ਅਲਾਪ ਹੀ ਕਰਦੇ ਹਨ। ਸਭ ਤੋਂ ਪਹਿਲਾਂ ਮੱਧ ਸ਼ੜਜ ਤੇ ਮੰਦਰ ਸਪਤੱਕ ਦੇ ਸਵਰਾਂ ਦਾ ਅਲਾਪ ਇਸ ਤੋਂ ਬਾਅਦ ਕ੍ਰਮਵਾਰ ਇੱਕ-ਇੱਕ ਜਾਂ ਦੋ ਸਵਰ ਬੜਤ ਨਾਲ ਅਲਾਪ ਕਰਦੇ ਹੋਏ ਸਵਰਾਂ ਵਿੱਚ ਖਟਕਾ, ਮੁਰਕੀ, ਮੀਂਡ ਆਦਿ ਦਾ ਪ੍ਰਯੋਗ ਕਰਕੇ ਪ੍ਰਸਤੁਤੀ ਦੇਣੀ। ਫਿਰ ਤਾਰ ਸ਼ੜਜ ਉੱਤੇ ਥੋੜ੍ਹਾ ਰੁੱਕ ਉਸ ਨੂੰ ਸਥਿਰ ਕਰਕੇ ਖਿਆਲ ਦੀ ਬੰਦਿਸ਼ ਦੇ ਅੰਤਰੇ ਵੱਲ ਵੱਧਣਾ। ਇਸ ਦੌਰਾਨ ਅੰਤਰੇ ਦੇ ਬੋਲ ਪਹਿਲੀ ਸਮ ਤੱਕ ਗਾਉਣਾ। ਉਸ ਤੋਂ ਬਾਅਦ ਅੰਤਰੇ ਵਿੱਚ ਤਾਰ ਸਪਤੱਕ ਦੇ ਸਵਰਾਂ ਦਾ ਕ੍ਰਮਿਕ ਵਿਸਥਾਰ ਕਰਦੇ ਹੋਏ ਆਲਾਪਚਾਰੀ ਕਰਦੇ ਹਨ।

ਅੰਤਰੇ ਦੇ ਅਲਾਪ ਦੀ ਉਠਾਨ ਅਧਿਕਤਰ ਮੱਧ ਸਪਤੱਕ ਦੇ ਗ, ਮ ਜਾਂ ਪ ਤੋਂ ਹੁੰਦੀ ਹੈ। ਤਾਰ ਸਪਤੱਕ ਵਿੱਚ ਰਾਗ ਦੇ ਸਵਰੂਪ ਦੇ ਅਨੁਕੂਲ ਆਲਾਪਚਾਰੀ ਦਾ ਵਿਸਥਾਰ ਕਰਨ ਤੋਂ ਬਾਅਦ ਹੌਲੀ-ਹੌਲੀ ਆਲਾਪ ਖਤਮ ਕਰਕੇ ਫਿਰ ਤੋਂ ਸਥਾਈ ਦਾ ਮੁੱਖੜਾ ਉਠਾਇਆ ਜਾਂਦਾ ਹੈ। ਆਲਾਪਚਾਰੀ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਬਿਨਾਂ ਆਲਾਪ ਦੇ ਰਾਗ ਦੇ ਸਵਰੂਪ ਦੇ ਦਰਸ਼ਨ ਨਹੀਂ ਹੁੰਦੇ।

## 1.4.2. ਛੋਟਾ ਖਿਆਲ

ਛੋਟੇ ਖਿਆਲ ਨੂੰ ਦਰੁਤ ਖਿਆਲ ਵੀ ਆਖਿਆ ਜਾਂਦਾ ਹੈ ਜਿਸ ਤੋਂ ਭਾਵ ਹੈ ਕਿ ਮੱਧ ਜਾਂ ਤੇਜ ਗਤੀ ਵਿੱਚ ਗਾਇਆ ਵਜਾਇਆ ਜਾਣ ਵਾਲਾ ਖਿਆਲ। ਛੋਟਾ ਖਿਆਲ ਵਿੱਚ ਅਲਾਪ ਬਹੁਤ ਘੱਟ ਲਏ ਜਾਂਦੇ ਹਨ ਪਰ ਇਸ ਵਿੱਚ ਤਾਨਾਂ ਤੇ ਬੋਲਤਾਨਾਂ ਦਾ ਪ੍ਰਯੋਗ ਅਧਿਕ ਕੀਤਾ ਜਾਂਦਾ ਹੈ। ਇਸ ਖਿਆਲ ਦੀ ਪ੍ਰਸਤੁਤੀਕਰਨ ਦਾ ਸਮਾਂ ਵੱਡੇ ਖਿਆਲ ਦੇ ਮੁਕਾਬਲੇ ਘੱਟ ਹੁੰਦਾ ਹੈ ਕਿਉਂਕਿ ਇਸ ਵਿੱਚ ਆਲਾਪਚਾਰੀ ਘੱਟ ਅਤੇ ਇਸ ਖਿਆਲ ਦੀ ਲੈਅ ਵੀ ਤੇਜ ਹੁੰਦੀ ਹੈ। ਛੋਟਾ ਖਿਆਲ ਵਿੱਚ ਤਿੰਨਾਂ ਸਪਤੱਕਾਂ ਵਿੱਚ ਸਪਾਟ ਤਾਨਾਂ, ਛੋਟੀਆਂ-ਛੋਟੀਆਂ ਚਮਤਕਾਰਿਕ ਤਾਨਾਂ, ਅਲੱਗ-ਅਲੱਗ ਢੰਗ ਨਾਲ ਮੁੱਖੜੇ ਨੂੰ ਗਾਉਣਾ ਆਦਿ ਹੁੰਦਾ ਹੈ। ਹਰ ਕਲਾਕਾਰ ਬੋਲ-ਅਲਾਪ, ਬੋਲਤਾਨ, ਤਾਨ ਆਦਿ ਸਭ ਦਾ ਪ੍ਰਯੋਗ ਅਲੱਗ-ਅਲੱਗ ਮਾਤਰਾ ਵਿੱਚ ਕੀਤਾ ਜਾਂਦਾ ਹੈ ਜਿਸ ਤੋਂ ਭਾਵ ਹੈ ਕਿ ਕੁੱਝ ਕਲਾਕਾਰ ਆਲਪਚਾਰੀ 'ਤੇ ਵੱਧ ਧਿਆਨ ਦਿੰਦੇ ਹਨ ਤੇ ਕੁਝ ਕਲਾਕਾਰ ਪ੍ਰਸਤੁਤੀ ਸਮਾਂ ਤਾਨਾਂ ਨੂੰ ਜਿਆਦਾ ਪ੍ਰਧਾਨਤਾ ਦਿੰਦੇ ਹਨ। ਛੋਟੇ ਖਿਆਲ ਨੂੰ ਹੇਠ ਲਿਖੇ ਅਨੁਸਾਰ ਭਾਗਾਂ ਵਿੱਚ ਵੰਡਿਆ ਗਿਆ ਹੈ -

- ਰਾਗ ਦਾ ਸਪੱਸ਼ਟੀਕਰਨ
- ਸਥਾਈ ਦਾ ਗਾਇਨ
- ਅੰਤਰੇ ਦਾ ਗਾਇਨ
- ਬੋਲਤਾਨਾਂ
- ਤਾਨਾਂ

ਰਾਗ ਨਿਯਮਾਂ ਅਤੇ ਸ਼ੈਲੀ ਦੇ ਕੁੱਝ ਨਿਯਮਾਂ ਅਨੁਸਾਰ ਆਪਣੀ ਕਲਾ, ਕੁਸ਼ਲਤਾ ਤੇ ਕਲਪਨਾ ਦੇ ਨਾਲ ਆਪਣੀ ਪ੍ਰਸਤੁਤੀ ਦਿੰਦੇ ਹਨ।

**ਰਾਗ ਦਾ ਸਪੱਸ਼ਟੀਕਰਨ**- ਇਸ ਰਾਗ ਦੇ ਅੰਤਰਗਤ ਰਾਗ ਦੇ ਮੁੱਖ ਸਵਰਾਂ ਦੇ ਇੱਕ ਜਾਂ ਦੋ ਛੋਟੇ-ਛੋਟੇ ਅਨਿਬੱਧ ਭਾਵਪੂਰਨ ਅਲਾਪਾਂ ਨਾਲ ਸਰੋਤਿਆਂ ਦੇ ਸਨਮੁੱਖ ਰੱਖਿਆ ਜਾਂਦਾ ਹੈ।

1. **<u>ਸਥਾਈ ਦਾ ਗਾਇਨ</u>**- ਇਸ ਤੋਂ ਉਪਰੰਤ ਖਿਆਲ ਦੀ ਬੰਦਿਸ਼ ਦੀ ਪਹਿਲੀ ਪੰਗਤੀ ਜਿਸ ਨੂੰ ਸਥਾਈ ਆਖਿਆ ਜਾਂਦਾ ਹੈ, ਨੂੰ ਪੇਸ਼ ਕੀਤਾ ਜਾਂਦਾ ਹੈ। ਕੁੱਝ ਬੰਦਿਸ਼ਾਂ ਵਿੱਚ ਸਥਾਈ ਇੱਕ ਪੰਗਤੀ ਦੀ ਹੁੰਦੀ ਹੈ ਤੇ ਕੁੱਝ ਵਿੱਚ ਦੋ ਪੰਗਤੀਆਂ ਦੀ ਵੀ ਸਥਾਈ ਹੁੰਦੀ ਹੈ।

2. **<u>ਅੰਤਰੇ ਦਾ ਗਾਇਨ</u>** - ਸਥਾਈ ਤੋਂ ਅਗਲਾ ਭਾਗ ਅੰਤਰਾ ਹੁੰਦਾ ਹੈ ਤੇ ਇਹ ਅਧਿਕਤਰ ਤਾਰ ਸਪਤੱਕ ਗਾਇਆ ਜਾਂਦਾ ਹੈ। ਇਸਦੀਆਂ ਦੀਆਂ ਦੋ ਜਾਂ ਤਿੰਨ ਪੰਗਤੀਆਂ ਹੁੰਦੀਆਂ ਹਨ।

3. **<u>ਰਾਗ ਦਾ ਵਿਸਥਾਰ</u>** - ਇਸ ਭਾਗ ਦੇ ਅੰਤਰਗਤ ਬੋਲਆਲਾਪ, ਬੋਲਤਾਨ, ਤਾਨ ਸਰਗਮ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ ਤੇ ਇਹ ਸਭ ਰਾਗ ਨੂੰ ਮਨਮੋਹਕ, ਮਧੁਰ ਤੇ ਸੁੰਦਰ ਬਣਾਉਣ ਵਿੱਚ ਸਹਾਇਕ ਹੁੰਦੇ ਹਨ।

<u>ਖਿਆਲ ਗਾਇਨ ਦਾ ਇਹ ਕ੍ਰਮ ਹੋਣਾ ਚਾਹੀਦਾ ਹੈ-[13]</u>

1. **<u>ਨੋਮ-ਤੋਮ</u>** - ਪਹਿਲੇ ਤਿੰਨ ਤੋਂ ਪੰਜ ਮਿੰਟ ਤੱਕ 'ਨੋਮ-ਤੋਮ' ਦਾ ਆਲਾਪ ਕਰਨਾ ਚਾਹੀਦਾ ਹੈ ਜਿਸ ਨਾਲ ਰਾਗ ਦੇ ਸਵਰਾਂ ਉੱਤੇ ਕਲਾਕਾਰ ਦੀ ਪਕੜ ਮਜਬੂਤ ਹੋ ਜਾਂਦੀ ਹੈ ਤੇ ਇੱਕ ਮਹੌਲ ਜਿਹਾ ਬਣ ਜਾਂਦਾ ਹੈ।

2. **<u>ਗੀਤ ਦਰਸ਼ਨ</u>** - ਗੀਤ ਤੋਂ ਭਾਵ ਹੈ ਇੱਕ-ਇੱਕ ਭਾਗ ਨੂੰ ਜੋੜ ਕੇ ਸਥਾਈ ਤੇ ਅੰਤਰਾ ਦੇ ਸਪੱਸ਼ਟ ਸ਼ਬਦਾਂ ਨੂੰ ਗਾ ਕੇ ਸਰੋਤਿਆਂ ਦੇ ਧਿਆਨ ਨੂੰ ਖਿੱਚਣਾ।

3. **<u>ਆਲਾਪ</u>**- ਰਾਗ ਦੇ ਨਿਯਮਾਂ ਅਨੁਸਾਰ ਸਵਰ ਅਤੇ ਮਾਤਰਾ ਦੀ ਦ੍ਰਿਸ਼ਟੀ ਤੋਂ ਕ੍ਰਮਵਾਰ ਵੱਧਣ ਵਾਲੇ ਆਲਾਪ ਹੋਣੇ ਜਰੂਰੀ ਹਨ।

ਰਾਗ ਦਾ ਅੰਗ, ਪਕੜ, ਵਾਦੀ-ਸੰਵਾਦੀ, ਸਵਰ ਸੰਗਤੀ ਆਦਿ ਆਲਾਪਾਂ ਦੁਆਰਾ ਦਰਸਾਇਆ ਜਾਂਦਾ ਹੈ।

---

[13] ਸੰਗੀਤ, ਖਿਆਲ ਅੰਕ,1976 (ਅੰਕ ਜਨਵਰੀ-ਫਰਵਰੀ) ਪੰ. ਨੰ. 90-91

ਆਲਾਪ ਕਰਨ ਦੇ ਨਿਯਮ

- ਆਲਾਪ ਦੀ ਬੜਤ ਨਿਯਮਢੰਗ ਰੂਪ ਨਾਲ ਹੋਣੀ ਚਾਹੀਦੀ ਹੈ।
- ਵਾਦੀ-ਸੰਵਾਦੀ ਆਦਿ ਸਵਰਾਂ ਨੂੰ ਧਿਆਨ ਵਿੱਚ ਰੱਖ ਕੇ ਆਲਾਪ ਕਰਨੇ ਚਾਹੀਦੇ ਹਨ।
- ਸ਼ੁੱਧ ਸਵਰ, ਖਟਕਾ, ਗਿਟਕਰੀ, ਅਲਪਤਵ-ਬਹੁਤਵ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

4. **ਬਹਿਲਾਵਾ** - ਇਸ ਤੋਂ ਭਾਵ ਹੈ ਭੁਲਾਉਣ ਦਾ ਜਰੀਆ। ਵਿਲੰਬਿਤ ਲੈਅ ਨਾਲ ਚੱਲਣ ਵਾਲੀ ਆਲਾਪਚਾਰੀ ਨੂੰ ਹੌਲੀ-ਹੌਲੀ ਮੱਧ ਲੈਅ ਤੱਕ ਲੈ ਕੇ ਆਉਣਾ ਜੋ ਸਰੋਤਿਆਂ ਨੂੰ ਮਨਮੋਹਕ ਕਰਦੀ ਹੈ।

5. **ਬੋਲ-ਤਾਨਾਂ** - ਬੰਦਿਸ਼ ਦੇ ਬੋਲਾਂ ਦੀਆਂ ਵਿਭਿੰਨ ਰਚਨਾਵਾਂ ਬੋਲ ਤਾਨਾਂ ਅਖਵਾਉਂਦੀਆਂ ਹਨ। ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਬੋਲ ਤਾਨਾਂ ਦਾ ਨਿਰਮਾਣ ਤੇ ਪ੍ਰਦਰਸ਼ਨ ਕਰਨਾ ਚਾਹੀਦਾ ਹੈ।

6. **ਸਵਰ-ਤਾਨ -** ਇਸ ਦਾ ਭਾਵ ਹੈ ਸਵਰਾਂ ਨਾਲ ਸਜੀ ਹੋਈ ਤਾਨ। ਇਹ ਵੀ ਰਾਗ ਦੇ ਨਿਯਮਾਂ ਅਨੁਸਾਰ ਹੀ ਹੁੰਦੀ ਹੈ, ਜਿਸਦੇ ਪ੍ਰਕਾਰ ਨਿਮਨਲਿਖਿਤ ਅਨੁਸਾਰ ਹਨ -

- ਵਾਦੀ-ਸੰਵਾਦੀ ਤਾਨ
- ਪਕੜ ਤਾਨ
- ਵਾਦੀ ਮੱਧ ਤਾਨ
- ਸਰਲ ਤਾਨ
- ਵਿਸ਼ਿਸ਼ਟ ਮੱਧ ਤਾਨ
- ਅਨੁਲੋਮ ਤਾਨ
- ਪ੍ਰਤੀਲੋਮ ਤਾਨ

- ਚੱਕਰਗਤੀ ਤਾਨ
- ਦਵੈਸਪਤਕੀਯ ਤ੍ਰਿਯਸਪਤਕੀਯ ਤਾਨ

## 1.5 ਤਰਾਨਾ ਗਾਇਨ ਸ਼ੈਲੀ

ਇਸ ਗਾਇਨ ਸ਼ੈਲੀ ਵਿੱਚ ਤਨਨ, ਨਾ ਦਿਰ ਦਿਰ, ਦੀਮਤਨਨ, ਨੋਮ ਤੋਮ ਦਾਨੀ, ਤਦਾਨੀ, ਯਲਲੀ ਯਲਲੀ ਆਦਿ ਵਰਣ ਪ੍ਰਯੋਗ ਕੀਤੇ ਜਾਂਦੇ ਹਨ। ਤਰਾਨਾ ਸਾਰੇ ਰਾਗਾਂ ਵਿੱਚ ਅਤੇ ਸਾਰੀਆਂ ਤਾਲਾਂ ਵਿੱਚ ਗਾਈ ਜਾਣ ਵਾਲੀ ਸ਼ੈਲੀ ਹੈ। ਕੁਝ ਵਿਦਿਵਾਨ ਤਰਾਨੇ ਦੇ ਬੋਲਾਂ ਨੂੰ ਮੰਗਲ ਸੂਚਕ ਮੰਨਦੇ ਹਨ ਅਤੇ ਉਨ੍ਹਾਂ ਦੇ ਅਨੁਸਾਰ ਓਮ ਹਰਿ ਅਨੰਤ ਨਾਰਾਇਣ ਦਾ ਹੀ ਅਪਭ੍ਰੰਸਾ ਰੂਪ ਤਨਨ ਨਾ ਦਿਰ ਦਿਰ ਤਦਾਨੀ ਹੈ। ਜਿਆਦਾਤਰ ਤਰਾਨੇ ਦੇ ਅੰਤ ਵਿੱਚ ਤਬਲੇ ਜਾਂ ਪਖਾਵਜ ਦੇ ਬੋਲਾਂ ਦਾ ਤਿਹਾਈਦਾਰ ਟੁਕੜਾ ਪ੍ਰਯੋਗ ਕੀਤਾ ਜਾਂਦਾ ਹੈ। ਮੁੱਖ ਰੂਪ ਵਿੱਚ ਤਰਾਨਾ ਤੀਨਤਾਲ ਅਤੇ ਏਕਤਾਲ ਵਿੱਚ ਗਾਇਆ ਜਾਂਦਾ ਹੈ। ਤਰਾਨੇ ਦੇ ਦੋ ਭਾਗ ਹੁੰਦੇ ਹਨ, ਸਥਾਈ ਅਤੇ ਅੰਤਰਾ। ਤਰਾਨੇ ਦੀ ਗਤੀ ਹੌਲੀ-ਹੌਲੀ ਵਧਾਈ ਜਾਂਦੀ ਹੈ। ਤਰਾਨੇ ਦੇ ਮੁੱਖ ਉਦੇਸ਼ ਤਿਆਰੀ, ਲੈਅਕਾਰੀ, ਉਚਾਰਣ ਅਭਿਆਸ ਹਨ। ਤਰਾਨਾ ਛੋਟੇ ਖਿਆਲ ਤੋਂ ਬਾਅਦ ਗਾਇਆ ਜਾਂਦਾ ਹੈ।

## 1.6 ਤ੍ਰਿਵੱਟ ਗਾਇਨ ਸ਼ੈਲੀ

ਇਹ ਗਾਇਨ ਸ਼ੈਲੀ ਖਿਆਲ ਅੰਗ ਅਤੇ ਧਰੁਪਦ ਅੰਗ ਨਾਲ ਗਾਈ ਜਾਂਦੀ ਹੈ। ਇਸ ਵਿੱਚ ਸਾਰਥਕ ਬੋਲ, ਪਖਾਵਜ ਜਾਂ ਤਬਲੇ ਦੇ ਬੋਲ ਅਤੇ ਤਰਾਨੇ ਦੇ ਬੋਲਾਂ ਨਾਲ ਮਿਲ ਕੇ ਬਣੀ ਹੋਈ ਰਚਨਾ ਤ੍ਰਿਵੱਟ ਕਹਿਲਾਉਂਦੀ ਹੈ। ਰਾਗ ਅਤੇ ਤਾਲ ਵਿੱਚ ਬੰਨ੍ਹੇ ਹੋਏ ਅਨੇਕ ਤ੍ਰਿਵੱਟ ਇਸ ਤਰ੍ਹਾਂ ਦੇ ਪ੍ਰਪਾਤ ਹੁੰਦੇ ਹਨ ਜਿਨ੍ਹਾਂ ਵਿੱਚ ਕੇਵਲ ਤਬਲੇ ਜਾਂ ਪਖਾਵਜ ਦੇ ਬੋਲ ਹੀ ਹੁੰਦੇ ਹਨ।

## 1.7 ਚਤੁਰੰਗ ਗਾਇਨ ਸ਼ੈਲੀ

ਚਤੁਰੰਗ ਦਾ ਵਰਣਨ ਬ੍ਰਿਹਦੇਸ਼ੀ ਵਿੱਚ ਮਿਦਾ ਹੈ ਜਿਸ ਵਿੱਚ ਖੰਡਾਂ ਨੂੰ 4 ਰਾਗ, 4 ਤਾਲ ਅਤੇ 4 ਭਾਸ਼ਾ ਦੇ ਪਦਾਂ ਵਿੱਚ ਗਾਇਆ ਜਾਂਦਾ ਸੀ। ਜਦ ਕਿ ਅੱਜ ਦੇ ਚਤੁਰੰਗ ਵਿੱਚ 4

ਅੰਗ ਹਨ, ਰਾਗ ਅਤੇ ਤਾਲ 1-1 ਹਨ। ਇਸ ਵਿੱਚ ਸਭ ਤੋਂ ਪਹਿਲਾਂ ਪਦ, ਫਿਰ ਤਰਾਨੇ ਦੇ ਬੋਲ, ਫਿਰ ਸਰਗਮ ਅਤੇ ਅੰਤ ਵਿੱਚ ਤਬਲੇ ਜਾਂ ਮ੍ਰਿਦੰਗ ਦੇ ਬੋਲ ਜਾਂ ਕਿਸੇ ਹੋਰ ਭਾਸ਼ਾ ਦੇ ਸ਼ਬਦ ਹੁੰਦੇ ਹਨ।

## 1.8 ਵਾਦਨ ਸ਼ੈਲੀ

ਸਿਤਾਰ, ਸਰੋਦ, ਵੀਣਾ ਆਦਿ ਤੱਤ ਵਾਦਾਂ ਉੱਤੇ ਵਜਾਉਣ ਵਾਲੀ ਰਾਗ ਅਨੁਕੂਲ ਸਵਰ, ਤਾਲ ਬੱਧ ਰਚਨਾ ਨੂੰ ਗਤ ਕਹਿੰਦੇ ਹਨ।ਜਿਸ ਤਰ੍ਹਾਂ ਗਾਇਨ ਵਿੱਚ ਸਵਰਾਂ ਅਤੇ ਸ਼ਬਦਾਂ ਦੇ ਸੁਮੇਲ ਨਾਲ ਗੀਤ ਬਣਦਾ ਹੈ, ਉਸੀ ਤਰ੍ਹਾਂ ਵਾਦਾਂ ਦੇ ਬੋਲਾਂ ਅਨੁਸਾਰ ਕਿਸੀ ਰਾਗ ਦੇ ਸਵਰਾਂ ਦੀ ਕੋਈ ਰਚਨਾ ਤਾਲ-ਬੱਧ ਹੋ ਕੇ ਗਤ ਕਹਾਉਂਦੀ ਹੈ।ਗਤ ਦੇ ਦੋ ਮੁੱਖ ਭਾਗ ਹੁੰਦੇ ਹਨ:- ਸਥਾਈ ਅਤੇ ਅੰਤਰਾ।ਆਮ ਤੌਰ ’ਤੇ ਸਥਾਈ ਅਤੇ ਅੰਤਰੇ ਦੀਆਂ ਦੋ-ਦੋ ਪੰਕਤੀਆਂ ਹੁੰਦੀਆਂ ਹਨ।ਪਰ ਕੁੱਝ ਗਤਾਂ ਵਿੱਚ ਸਥਾਈ ਕੁੱਝ ਲੰਬੀ ਵੀ ਹੁੰਦੀ ਹੈ।ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਮਸੀਤਖਾਨੀ ਗਤ, ਫਿਰੋਜਖਾਨੀ ਗਤ, ਰਜਾਖਾਨੀ ਗਤ, ਅਮੀਰਖਾਨੀ ਗਤ, ਜਫਰਖਾਨੀ ਗਤ ਆਦਿ ਪ੍ਰਪਾਤ ਹੁੰਦੀਆਂ ਹਨ।ਸਾਰੇ ਤੰਤਰ ਵਾਦਾਂ ਵਿੱਚ ਜੋ ਮਿਜਰਾਬ ਅਤੇ ਜਵਾ ਨਾਲ ਬਜਾਏ ਜਾਂਦੇ ਹਨ, ਉਨ੍ਹਾਂ ਵਿੱਚ ਮੁੱਖ ਤੌਰ ’ਤੇ ਮਸੀਤਖਾਨੀ ਅਤੇ ਰਜਾਖਾਨੀ ਗਤ ਵਜਾਈ ਜਾਂਦੀ ਹੈ।ਜਿਨ੍ਹਾਂ ਨੂੰ ਕ੍ਰਮਵਾਰ ਵਿਲੰਬਿਤ ਗਤ ਅਤੇ ਦਰੁਤ ਗਤ ਵੀ ਕਹਿੰਦੇ ਹਨ।

## 1.9 ਮਸੀਤਖਾਨੀ ਗਤ ਸ਼ੈਲੀ ਜਾਂ ਵਿਲੰਬਿਤ ਗਤ

ਉਸਤਾਦ ਤਾਨਸੇਨ ਨਾਲ ਸੰਬੰਧਿਤ ਸੇਨੀਆ ਘਰਾਣੇ ਦੇ ਉਸਤਾਦ ਮਸੀਤ ਖਾਂ ਦੇ ਨਾਮ ’ਤੇ ਇਸ ਗਤ ਸ਼ੈਲੀ ਦਾ ਨਾਮ ਪਿਆ।ਇਸ ਨੂੰ ਦਿੱਲੀ ਦਾ ਬਾਜ ਜਾਂ ਪਛੂਆ (ਪੱਛਮੀ) ਬਾਜ ਵੀ ਕਿਹਾ ਜਾਂਦਾ ਹੈ ਕਿਉਂਕਿ ਮਸੀਤ ਖਾਨ ਦਿੱਲੀ ਦੇ ਰਹਿਣ ਵਾਲੇ ਸਨ।ਮਸੀਤਖਾਨੀ ਗਤ ਦੇ ਬੋਲ ਨਿਸ਼ਚਿਤ ਹੁੰਦੇ ਹਨ।ਬੋਲਾਂ ਵਿੱਚ ਥੋੜ੍ਹਾ ਜਿਹਾ ਫੇਰ ਬਦਲ ਕਰ ਲੈਂਦੇ ਹਨ, ਪਰ ਆਧਾਰ ਉਹੀ ਰਹਿੰਦਾ ਹੈ। ਇਸ ਦਾ ਵਾਦਨ ਤੀਨ ਤਾਲ (ਮੱਧ ਲੈਅ) ਵਿੱਚ ਹੁੰਦਾ ਸੀ। ਉ. ਮਸੀਤ ਖਾਂ ਨੇ ਉਸ ਸਮੇਂ ਸਿਤਾਰ ਦੀ ਗਤਾਂ ਦਾ ਆਵਿਸ਼ਕਾਰ ਕੀਤਾ ਸੀ, ਜਦੋਂ ਧਰੁਪਦ ਦਾ ਸਥਾਨ ਖਿਆਲ ਗਾਇਨ ਸ਼ੈਲੀ ਲੈ ਰਹੀ ਸੀ।ਇਸ ਗਤ ਵਿੱਚ ਚਾਰਗੁਣ, ਛੇਗੁਣ,

ਅੱਠਗੁਣ ਆਦਿ ਲੈਅਕਾਰੀਆਂ ਦੀ ਤਾਨ, ਤੋੜੇ ਵੱਜਦੇ ਹਨ।ਆਧੁਨਿਕ ਯੁੱਗ ਵਿੱਚ ਇਨ੍ਹਾਂ ਦੀ ਲੈਅ ਪਹਿਲਾਂ ਨਾਲੋਂ ਵਿਲੰਬਿਤ ਹੋ ਗਈ ਹੈ।ਉ. ਮਸੀਤ ਖਾਂ ਨੇ ਵਾਦਨ ਦੇ ਨਿਯਮ ਵਿੱਚ ਸਭ ਤੋਂ ਪਹਿਲਾਂ ਵੰਡ ਦਾ ਨਿਯਮ ਪ੍ਰਸਤੁਤ ਕਰਕੇ ਬੋਲਾਂ ਨੂੰ 'ਦਿਰ ਦਾ ਦਿਰ ਦਾ ਰਾ ਦਾ ਦਾ ਰਾ' ਵਿੱਚ ਵੰਡ ਕਰਕੇ ਇੱਕ ਨਵੀਨ ਰੂਪ ਪ੍ਰਦਾਨ ਕੀਤਾ।ਇਹ ਬੋਲ 8 ਮਾਤਾਰਾਵਾਂ ਦੇ ਹਨ ਅਤੇ ਇਨ੍ਹਾਂ ਬੋਲਾਂ ਨੂੰ ਦੋ ਬਜਾ ਕੇ 16 ਮਾਤਰਾਵਾਂ ਦੇ ਕਰ ਲਏ ਜਾਂਦੇ ਹਨ।ਇਸ ਤਰ੍ਹਾਂ ਇਹ ਗਤਾਂ ਤੀਨਤਾਲ ਵਿੱਚ ਬੰਨ੍ਹੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਗਤਾਂ ਦਾ ਆਰੰਭ 12 ਵੀਂ ਮਾਤਰਾ ਤੋਂ ਹੁੰਦਾ ਹੈ।ਮਸੀਤ ਖਾਂ ਨੇ ਧਰੁਪਦ ਤੱਤਾਂ ਦਾ ਪ੍ਰਯੋਗ ਸਿਤਾਰ ਵਿੱਚ ਕੀਤਾ ਅਤੇ ਗਤ ਤੋੜਿਆਂ ਦਾ ਆਵਿਸ਼ਕਾਰ ਕੀਤਾ ਜੋ ਧਰੁਪਦ ਦੇ ਸਿਧਾਤਾਂ ਉੱਤੇ ਆਧਾਰਿਤ ਸੀ।ਕੁੱਝ ਲੋਕਾਂ ਨੇ ਇਸ ਗਤ ਸ਼ੈਲੀ ਵਿੱਚ ਦਾ ਦਾ ਦਾ - ਦਾ ਰਾ ਦਾ ਰਾ ਅਤੇ ਦਾ ਦਿਰ ਦਾ ਰਾ ਦਾ ਦੁਗੁਣ ਅਤੇ ਚਾਰਗੁਣ ਵਿੱਚ ਪ੍ਰਯੋਗ ਕੀਤਾ।ਇਸ ਪ੍ਰਕਾਰ ਦੇ ਬੋਲਾਂ ਦਾ ਪ੍ਰਯੋਗ ਜਿਆਦਾਤਰ ਰਬਾਬ ਅਤੇ ਸਰੋਦ ਵਾਦਕਾਂ ਦੇ ਘਰਾਣੇ ਦੇ ਕਲਾਕਾਰਾਂ ਨੇ ਹੀ ਕੀਤਾ ਹੈ।ਇਸ ਗਤ ਦਾ ਪ੍ਰਚਲਨ ਅੱਜ ਲਗਭੱਗ ਸਾਰੇ ਘਰਾਣਿਆਂ ਵਿੱਚ ਹੈ।

## 1.10 ਫਿਰੋਜਖਾਨੀ ਗਤ ਸ਼ੈਲੀ

ਫਿਰੋਜਖਾਨੀ ਗਤ ਸਿਤਾਰ ਅਤੇ ਸਰੋਦ ਦੇ ਘਰਾਣਿਆਂ ਵਿੱਚ ਗਤ ਦਾ ਇੱਕ ਪ੍ਰਕਾਰ ਹੈ।ਫਿਰੋਜ ਖਾਂ ਨੇ ਤੰਤਰਵਾਦਨ ਦੀ ਇੱਕ ਨਵੀਂ ਸ਼ੈਲੀ ਪੇਸ਼ ਕੀਤੀ ਜੋ ਫਿਰੋਜਖਾਨੀ ਗਤ ਕਹਿਲਾਈ।ਇਹ ਗਤਾਂ ਵੱਡੀਆਂ ਹੁੰਦੀਆਂ ਹਨ।ਇਹ ਦੋ ਜਾਂ ਤਿੰਨ ਆਵਰਤਨਾਂ ਦੀ ਹੁੰਦੀ ਹੈ।ਇਸ ਵਿੱਚ ਜਿੱਥੇ ਸਥਾਈ ਖਤਮ ਹੁੰਦੀ ਹੈ, ਉੱਥੋਂ ਹੀ ਅੰਤਰਾ ਸ਼ੁਰੂ ਹੋ ਜਾਂਦਾ ਸੀ। ਇਹ ਮੱਧ ਲੈਅ ਦੀ ਗਤ ਹੁੰਦੀ ਸੀ ਅਤੇ ਇਸ ਨੂੰ 'ਖੁਫਲੀਦਾਰ ਗਤਾਂ' ਵੀ ਕਹਿੰਦੇ ਸੀ।ਇਨ੍ਹਾਂ ਕਾਰਨਾਂ ਦੇ ਕਰਕੇ ਹੀ ਜਿਆਦਾ ਪ੍ਰਚਾਰ-ਪ੍ਰਸਾਰ ਨਾ ਹੋ ਸਕਿਆ ਜਦਕਿ ਮਸੀਤਖਾਨੀ ਤੇ ਰਜਾਖਾਨੀ ਗਤ ਸ਼ੈਲੀ ਅੱਜ ਵੀ ਪ੍ਰਚਲਨ ਵਿੱਚ ਹਨ।

## 1.11 ਰਜਾਖਾਨੀ ਗਤ ਸ਼ੈਲੀ

ਤਰਾਨਾ ਦਾ ਅਨੁਕਰਣ ਕਰ ਸਿਤਾਰ ਆਦਿ ਵਾਦਾਂ ਉੱਤੇ ਬਜਾਉਣ ਯੋਗ ਗਤ ਨੂੰ ਰਜਾਖਾਨੀ ਗਤ ਕਿਹਾ ਜਾਂਦਾ ਹੈ।ਮੰਨਿਆ ਜਾਂਦਾ ਹੈ ਕਿ ਇਸ ਗਤ ਦੀ ਉੱਤਪੱਤੀ ਮਸੀਤ ਖਾਂ ਦੇ ਸ਼ਿਸ਼

ਗੁਲਾਮ ਰਜਾ ਦੁਆਰਾ ਕੀਤੀ ਗਈ ਹੈ। ਇਸ ਵਾਦਨ ਸ਼ੈਲੀ ਨੂੰ ਪੂਰਵੀ ਬਾਜ ਵੀ ਕਿਹਾ ਜਾਂਦਾ ਹੈ। ਇਹ ਵਿਲੰਬਿਤ ਲੈਅ ਵਿੱਚ ਨਹੀਨ ਹੁੰਦੀ। ਅੱਜ ਕੱਲ ਮਸੀਤਖਾਨੀ ਗਤ ਬਜਾਉਣ ਦੇ ਬਾਅਦ ਰਜਾਖਾਨੀ ਗਤ ਬਜਾਉਣ ਦਾ ਪ੍ਰਚਲਨ ਹੈ। ਜਿਸ ਪ੍ਰਕਾਰ ਖਿਆਲ ਗਾਉਣ ਦੇ ਬਾਅਦ ਤਰਾਨਾ ਗਾਉਣ ਦੀ ਰੀਤ ਪ੍ਰਚਲਨ ਵਿੱਚ ਹੈ। ਅੱਜਕੱਲ ਮੱਧ ਲੈਅ ਅਤੇ ਦਰੁਤ ਲੈਅ ਦੀਆਂ ਦੋ ਹੀ ਗਤਾਂ ਦਾ ਅਧਿਕ ਪ੍ਰਯੋਗ ਕੀਤਾ ਜਾਂਦਾ ਹੈ। ਆਮ ਤੌਰ 'ਤੇ 'ਦਾ ਦਿਰ ਦਿਰ ਦਿਰ ਦਾ ਰਦਾ ਰਾ ਦਾ' ਬੋਲ ਰਜਾਖਾਨੀ ਗਤ ਵਿੱਚ ਵਧੇਰੇ ਆਉਂਦੇ ਹਨ।

# ਅਧਿਆਇ - 2

# ਸੰਬੰਧਿਤ ਸਾਹਿਤ ਦਾ ਪੁਨਰ ਅਵਲੋਕਨ ਅਤੇ ਖੋਜ ਕਾਰਜ ਵਿਧੀ

## 2.1 ਵਿਸ਼ਾ ਤੇ ਸੀਮਾ

ਕਿਸੇ ਵੀ ਖੋਜ ਕਾਰਜ ਨੂੰ ਆਰੰਭ ਕਰਨ ਉਪਰੰਤ ਉਸ ਵਿਸ਼ੇ ਨੂੰ ਪੂਰਨਤਾ ਪ੍ਰਦਾਨ ਕਰਨਾ ਸਾਡਾ ਮੌਲਿਕ ਉੱਦਮ ਹੁੰਦਾ ਹੈ। ਪ੍ਰਸਤੁਤ ਖੋਜ ਕਾਰਜ "ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਨਵ-ਸਿਰਜਿਤ ਰਾਗਾਂ ਦਾ ਵਿਵਿਧ ਆਯਾਮ: ਇੱਕ ਸਮੀਕਸ਼ਾਤਮਕ ਅਧਿਐਨ (20ਵੀਂ ਸਦੀ ਦੇ ਸੰਦਰਭ ਵਿੱਚ)" ਦਾ ਵਿਸ਼ਾ ਅਧਿਐਨ ਲਈ ਲਿਆ ਗਿਆ ਹੈ। ਇਹ ਪ੍ਰਸਤੁਤ ਖੋਜ ਕਾਰਜ ਨਵੇਂ ਰਾਗਾਂ ਦੀ ਰਚਨਾ, ਉੱਤਪੱਤੀ ਆਦਿ ਉੱਤੇ ਅਧਾਰਿਤ ਹੈ ਅਤੇ ਇਸ ਖੋਜ ਕਾਰਜ ਦੀ ਹੱਦ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਆਧੁਨਿਕ ਕਾਲ ਵਿੱਚ ਸਿਰਜੇ ਹੋਏ ਰਾਗਾਂ ਦੇ ਪਠਨ-ਪਾਠਨ ਕੀਤਾ ਗਿਆ ਹੈ। ਇਸ ਵਿਸ਼ੇ ਦੇ ਅਧੀਨ ਨਵ-ਰਾਗਾਂ ਦੇ ਸਿਰਜਨਕਾਰ, ਨਿਯਮ, ਸਿਧਾਂਤ, ਬਣਤਰ, ਸਰੂਪ, ਸਾਹਿਤ ਪੱਖ, ਭਾਵ ਪੱਖ, ਕਲਾ ਪੱਖ, ਤਾਲ ਪੱਖ ਆਦਿ ਨੂੰ ਬਿਆਨਿਆ ਗਿਆ ਹੈ।

## 2.2 ਖੋਜ ਕਾਰਜ ਦੀ ਪ੍ਰਸੰਗਿਕਤਾ

ਖੋਜ ਕਾਰਜ ਨੂੰ ਨੇਪਰੇ ਚਾੜਨ ਲਈ ਉਸ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦਾ ਹੱਲ ਕਰਨ ਦੇ ਯਤਨ ਕੀਤੇ ਜਾਂਦੇ ਹਨ ਅਤੇ ਵਿਸ਼ੇ ਦੀ ਸਪੱਸ਼ਟਤਾ, ਪ੍ਰਮਾਣਿਕਤਾ, ਅਰਥਪੂਰਣ ਨਤੀਜਿਆਂ ਤੱਕ ਪਹੁੰਚਿਆ ਜਾਂਦਾ ਹੈ। ਵਿਸ਼ੇ ਨਾਲ ਸੰਬੰਧਿਤ ਪੂਰਵ ਖੋਜ ਕਾਰਜਾਂ ਵਿੱਚ ਕੁੱਝ ਕਲਾਕਾਰਾਂ ਦੀਆਂ ਜੀਵਨੀਆਂ ਵਿੱਚ ਉਨ੍ਹਾਂ ਦੇ ਅਣਮੁੱਲੇ ਯੋਗਦਾਨ ਬਾਰੇ ਚਰਚਾ ਕੀਤੀ ਗਈ ਹੈ, ਪਰ 20ਵੀਂ ਸਦੀ ਵਿੱਚ ਨਿਰਮਿਤ ਨਵੀਨ ਰਾਗਾਂ ਬਾਰੇ ਵਿਸ਼ਲੇਸ਼ਣ ਨਹੀਂ ਕੀਤਾ ਗਿਆ ਹੈ। ਪ੍ਰਸਤੁਤ ਖੋਜ ਪ੍ਰਬੰਧ ਵਿੱਚ 20ਵੀਂ ਸਦੀ ਅਧੀਨ ਸਿਰਜਿਤ ਨਵੀਨ ਰਾਗਾਂ ਦੇ ਸਿਰਜਨਕਾਰ, ਨਿਯਮ, ਸਿਧਾਂਤ, ਬਣਤਰ, ਸਰੂਪ, ਸਾਹਿਤ ਪੱਖ, ਭਾਵ ਪੱਖ, ਕਲਾ ਪੱਖ, ਤਾਲ ਪੱਖ ਆਦਿ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ ਹੈ।

## 2.3 ਖੋਜ ਕਾਰਜ ਦੇ ਉਦੇਸ਼

1) ਇਸ ਖੋਜ ਕਾਰਜ ਰਾਹੀਂ 20ਵੀਂ ਸਦੀ ਦੇ ਨਵੀਨ ਰਾਗਾਂ ਦੀਆਂ ਰਚਨਾਵਾਂ ਦਾ ਸੰਕਲਨ, ਜ਼ਰੂਰਤ, ਸਰੂਪ ਆਦਿ ਦਾ ਅਨੁਸ਼ੀਲਨ ਕਰਨ ਉਪਰੰਤ ਵਿਸ਼ਲੇਸ਼ਣ ਕੀਤਾ ਜਾਵੇਗਾ ਤੇ ਇਨ੍ਹਾਂ ਸਭ ਤੱਥਾਂ ਦੀ ਵਿਸਥਾਰਪੂਰਵਕ ਚਰਚਾ ਤੋਂ ਬਾਅਦ ਇਸ ਜਾਣਕਾਰੀ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਕਰਨਾ।

2) ਨਵੀਨ ਰਾਗਾਂ ਦੇ ਸਵਰ, ਤਾਲ, ਸਾਹਿਤਕ, ਕਲਾ ਪੱਖ ਤੇ ਭਾਵ ਪੱਖ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨਾ।

3) ਨਵ-ਰਾਗਾਂ ਵਿੱਚੋਂ ਪ੍ਰਚਲਿਤ ਤੇ ਅਪ੍ਰਚਲਿਤ ਸਰੂਪ ਦਾ ਸਰਵਪੱਖੀ ਅਧਿਐਨ ਕਰਨਾ।

4) ਨਵੇਂ ਰਾਗਾਂ ਦਾ ਸੰਗੀਤ ਜਗਤ ਵਿੱਚ ਸ਼ਾਸਤਰੀ ਸੰਗੀਤ ਦੇ ਵਿਭਿੰਨ ਕਲਾਕਾਰਾਂ ਦੇ ਮੱਤ ਦਾ ਵਿਸ਼ੇਸ਼ ਅਧਿਐਨ ਕਰਨਾ।

## 2.4 ਖੋਜ ਕਾਰਜ ਦੀ ਵਿਧੀ

ਖੋਜਾਰਥਣ ਨੇ ਆਪਣੇ ਖੋਜ ਕਾਰਜ ਨੂੰ ਸੰਪੂਰਨ ਕਰਨ ਲਈ ਹਰ ਸੰਭਵ ਸਾਧਨਾਂ ਦਾ ਉਪਯੋਗ ਕਰਕੇ ਨੇਪਰੇ ਚਾੜ੍ਹਿਆ ਗਿਆ ਹੈ। ਵਿਗਿਆਨਿਕ ਵਿਧੀਆਂ ਆਦਿ ਦਾ ਉਪਯੋਗ ਕਰਕੇ ਖੋਜ ਪ੍ਰਬੰਧ ਦਾ ਕਾਰਜ ਪੂਰਾ ਕੀਤਾ ਗਿਆ ਹੈ। ਪ੍ਰਸਤੁਤ ਖੋਜ ਕਾਰਜ ਲਈ ਹੇਠ ਲਿਖੇ ਸੋਮਿਆਂ ਦੀ ਵਰਤੋਂ ਕੀਤੀ ਜਾਵੇਗੀ:-

**ਮੁੱਖ ਸੋਮੇ:-**

- ਨਵੀਨ ਰਾਗਾਂ ਦੇ ਸੰਬੰਧ ਵਿੱਚ ਵਿਭਿੰਨ ਕਲਾਕਾਰਾਂ ਤੇ ਵਿਦਵਾਨਾਂ ਨਾਲ਼ ਨਿੱਜੀ ਭੇਂਟਵਾਰਤਾਲਪ ਕੀਤੀਆਂ ਗਈਆਂ।
- ਕਲਾਕਾਰਾਂ ਦੀਆਂ ਪ੍ਰਸਤੁਤੀਆਂ ਰਾਹੀਂ ਵੀ ਜਾਣਕਾਰੀ ਇਕੱਠੀ ਕੀਤੀ ਗਈ ਹੈ।

**ਗੌਣ ਸੋਮੇ:-**

- ਵਿਸ਼ੇ ਨਾਲ ਸੰਬੰਧਿਤ ਵਿਭਿੰਨ ਪੁਸਤਕਾਂ, ਅਖਬਾਰਾਂ, ਪਤੱਰਕਾਵਾਂ, ਗੋਸ਼ਠੀਆਂ, ਲੇਖਾਂ ਆਦਿ ਰਾਹੀਂ ਸਮੱਗਰੀ ਨੂੰ ਪ੍ਰਾਪਤ ਕੀਤਾ ਗਿਆ ਹੈ।
- ਰੇਡਿਉ, ਦੂਰਦਰਸ਼ਨ, ਰਿਕਾਰਡਿੰਗਾਂ, ਇੰਟਰਨੈੱਟ ਆਦਿ ਸਾਧਨਾਂ ਦਾ ਵੀ ਉਪਯੋਗ ਕੀਤਾ ਗਿਆ ਹੈ।

## 2.5 ਪੂਰਵਖੋਜ ਕਾਰਜ ਦਾ ਸਰਵੇਖਣ -

ਵਿਸ਼ੇ ਦੀ ਚੋਣ ਕਰਨ ਤੋਂ ਪਹਿਲਾਂ ਵਿਸ਼ੇ ਨਾਲ ਸੰਬੰਧਿਤ ਪੂਰਵ ਖੋਜ ਕਾਰਜਾਂ ਦਾ ਅਧਿਐਨ, ਵਿਸ਼ਲੇਸ਼ਣ ਆਦਿ ਕੀਤਾ ਜਾਂਦਾ ਹੈ, ਤਾਂ ਕਿ ਪਹਿਲਾਂ ਕੀਤੇ ਹੋਏ ਖੋਜ ਕਾਰਜਾਂ ਦੀ ਪੜਚੋਲ ਕਰਨ ਉਪਰੰਤ ਨਵੀਂਆਂ ਦਿਸ਼ਾਵਾਂ ਦੀ ਭਾਲ ਕਰਕੇ ਨਵੇਂ ਤੱਥਾਂ ਅਤੇ ਵਿਸ਼ੇ ਦੀ ਚੋਣ ਕੀਤੀ ਜਾ ਸਕੇ। ਪੂਰਵ ਖੋਜ ਕਾਰਜ ਦੇ ਅਧਿਐਨ ਨਾਲ ਖੋਜਾਰਥੀ ਨੂੰ ਆਪਣੇ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਮਿਲਦੀ ਹੈ। ਪ੍ਰਸਤੁਤ ਖੋਜ ਕਾਰਜ ਦੀ ਚੋਣ ਲਈ ਖੋਜਾਰਥਣ ਦੁਆਰਾ ਵਿਭਿੰਨ ਪੂਰਵ ਖੋਜ ਕਾਰਜਾਂ ਦਾ ਅਧਿਐਨ ਕੀਤਾ ਗਿਆ ਹੈ ਜੋ ਨਿਮਨਲਿਖਿਤ ਅਨੁਸਾਰ ਹਨ:-

**ਖੋਜ ਪ੍ਰਬੰਧ-**

- **ਅਨੀਤਾ ਰਾਣੀ, ਭਾਰਤੀਯ ਸ਼ਾਸਤਰੀ ਸੰਗੀਤ ਮੇਂ ਰਾਗ ਕੀ ਉੱਤਪੱਤੀ ਏਵੰ ਵਿਕਾਸ, ਪੰਜਾਬ ਯੁਨੀਵਰਸਿਟੀ**

  ਇਸ ਵਿੱਚ ਰਾਗ ਦੇ ਪੂਰਨ ਇਤਿਹਾਸ ਵੱਲ ਝਾਤ ਮਾਰੀ ਗਈ ਹੈ।

**ਕਿਤਾਬਾਂ :-**

- **ਗਰਗ, ਲਕਸ਼ਮੀਨਰਾਇਣ (ਡਾ.), ਭਾਰਤ ਦੇ ਸੰਗੀਤਕਾਰ, ਸੰਗੀਤ ਕਾਰਾਯਲ ਹਾਥਰਸ, ਪਹਿਲਾ ਸੰਸਕਰਣ, 2013**

  ਇਸ ਕਿਤਾਬ ਵਿੱਚ ਲੇਖਕ ਨੇ ਭਾਰਤ ਦੇ ਲਗਭੱਗ 400 ਵਿਭਿੰਨ ਕਲਾਕਾਰਾਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਬਿਆਨਿਆਂ ਹੈ।

- **ਕੁਮਾਰ, ਨਰੇਸ਼ (ਡਾ.), ਹਿੰਦੁਸਤਾਨੀ ਸ਼ਾਸਤਰੀ ਸੰਗੀਤ ਮੇਂ ਪ੍ਰਯੋਗ ਏਵੰਮ ਪਰਿਵਰਤਨ, ਕਨਿਸ਼ਕ ਪਬਲੀਸ਼ਰ, ਡਿਸਟਰੀਬਿਊਟਰਸ, ਨਵੀਂ ਦਿੱਲੀ, ਪਹਿਲਾ ਸੰਸਕਰਣ 2013**

  ਇਸ ਕਿਤਾਬ ਅਧੀਨ ਸ਼ਾਸਤਰੀ ਸੰਗੀਤ ਵਿੱਚ ਪ੍ਰਯੋਗ ਤੇ ਪਰਿਵਰਤਨ ਦੀ ਵਿਸ਼ੇਸ਼ ਰੂਪ ਵਿੱਚ ਚਰਚਾ ਕੀਤੀ ਗਈ ਹੈ।

- **ਸ਼ਰਮਾ, ਭਾਰਤੀ (ਡਾ.), ਹਿੰਦੁਸਤਾਨੀ ਸੰਗੀਤ ਮੇਂ ਸ਼ੁੱਧ-ਛਾਇਆਲਗ ਤੇ ਸੰਕੀਰਣ ਰਾਗੋਂ ਕੀ ਅਵਧਾਰਣਾ, ਸੰਜਯ ਪ੍ਰਕਾਸ਼ਨ, ਨਵੀਂ ਦਿੱਲੀ, ਪਹਿਲਾ ਸੰਸਕਰਣ, 2010**

  ਇਸ ਕਿਤਾਬ ਵਿੱਚ ਡਾ. ਭਾਰਤੀ ਸ਼ਰਮਾ ਨੇ ਉੱਤਰੀ ਭਾਰਤੀ ਸੰਗੀਤ ਵਿੱਚ ਰਾਗ ਵਰਗੀਕਰਣ ਦੀਆਂ ਵਿਭਿੰਨ ਪੱਧਤੀਆਂ ਬਾਰੇ ਵਿਸਤ੍ਰਿਤ ਰੂਪ ਵਿੱਚ ਲਿਖਿਆ ਹੈ।

- **ਨਰਿੰਦਰ ਕੌਰ (ਡਾ.), ਸੰਗੀਤ ਕੇ ਮੂਲ ਤਤਵ, ਭਾਗ-1, ਕਨਿਸ਼ਕ ਪਬਲੀਸ਼ਰ, ਡਿਸਟਰੀਬਿਊਟਰਸ, ਨਵੀਂ ਦਿੱਲੀ**

  ਰਾਗ ਦਾ ਇਤਿਹਾਸ, ਰਾਗ ਦੀਆਂ ਜਾਤੀਆਂ ਆਦਿ ਉੱਤੇ ਚਾਨਣਾ ਪਾਇਆ ਗਿਆ ਹੈ।

- **ਸੁਭਾਸ਼, ਰਾਨੀ ਚੌਧਰੀ, ਸੰਗੀਤ ਕੇ ਪ੍ਰਮੁੱਖ ਸ਼ਾਸਤਰੀਯ ਸਿਧਾਂਤ, ਕਨਿਸ਼ਕ ਪਬਲੀਸ਼ਰ, ਡਿਸਟਰੀਬਿਊਟਰਸ, ਨਵੀਂ ਦਿੱਲੀ, ਪਹਿਲਾ ਸੰਸਕਰਣ, 2002**

  ਇਸ ਵਿੱਚ ਲੇਖਿਕਾ ਨੇ ਸ਼ਾਸਤਰੀ ਸੰਗੀਤ ਦੇ ਵਿਭਿੰਨ ਨਿਯਮਾਂ ਅਤੇ ਸਿਧਾਂਤਾਂ ਦੀ ਪੂਰਨ ਰੂਪ ਵਿੱਚ ਵਿਆਖਿਆ ਕੀਤੀ ਗਈ ਹੈ।

- **ਝਾ, ਮੋਹਨਾਨੰਦ, ਭਾਰਤ ਕੇ ਮਹਾਨ ਸੰਗੀਤਅੱਗਿਯ, ਆਰ ਟੇਕ ਆੱਫਸੈੱਟ ਪ੍ਰਿੰਟਰਸ, ਦਿੱਲੀ**

  ਇਸ ਕਿਤਾਬ ਵਿੱਚ ਭਾਰਤ ਦੇ ਵੱਖ-ਵੱਖ ਸੰਗੀਤਕਾਰਾਂ ਬਾਰੇ ਵਿਸਤ੍ਰਿਤ ਰੂਪ ਵਿੱਚ ਬਿਆਨਿਆ ਗਿਆ ਹੈ।

- **ਝਾ, ਪੰ. ਰਾਮਾਸ਼ਰੈਯ, ਅਭਿਨਵ ਗੀਤਾਂਜਲੀ, ਭਾਗ-4, ਸੰਗੀਤ ਸਦਨ ਪ੍ਰਕਾਸ਼ਨ, ਪੰਜਵਾਂ ਸੰਸਕਰਣ 2015**

  ਅਭਿਨਵ ਗੀਤਾਂਜਲੀ ਵਿੱਚ ਵੱਖ-ਵੱਖ ਰਾਗਾਂ ਦਾ ਪਰਿਚੈ ਤੇ ਉਨ੍ਹਾਂ ਦੀਆਂ ਬੰਦਿਸ਼ਾਂ ਨੂੰ ਦਰਜ ਕੀਤਾ ਹੈ। ਇਸ ਵਿੱਚ ਰਾਗ ਪਰਮੇਸ਼ਵਰੀ ਤੇ ਨਟ ਭੈਰਵ ਆਦਿ ਨਵ ਰਾਗ ਵੀ ਦਰਜ ਹਨ।

- **ਝਾ, ਪੰ. ਰਾਮਾਸ਼ਰੈਯ, ਅਭਿਨਵ ਗੀਤਾਂਜਲੀ, ਭਾਗ-3, ਸੰਗੀਤ ਸਦਨ ਪ੍ਰਕਾਸ਼ਨ, ਪੰਜਵਾਂ ਸੰਸਕਰਣ 2006**

  ਅਭਿਨਵ ਗੀਤਾਂਜਲੀ ਦੇ ਇਸ ਭਾਗ ਵਿੱਚ ਜਨਸੰਮੋਹਿਨੀ ਜੋ ਕਿ ਨਵੀਨ ਰਾਗ ਹੈ, ਉਸ ਦੀ ਵਿਸ਼ੇਸ਼ ਚਰਚਾ ਪ੍ਰਾਪਤ ਹੁੰਦੀ ਹੈ।

- **ਸ਼ਰਮਾ, ਯੋਗਿੰਦਰ ਪਾਲ ਤੇ ਬਚਿੱਤਰ ਸਿੰਘ : ਭਾਰਤੀ ਸੰਗੀਤ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

  ਇਸ ਕਿਤਾਬ ਵਿੱਚ ਲੇਖਕ ਨੇ ਭਾਰਤੀ ਸੰਗੀਤ ਦੇ ਇਤਿਹਾਸ ਬਾਰੇ ਵਿਸਥਾਰਪੂਰਵਕ ਵਰਣਨ ਕੀਤਾ ਹੋਇਆ ਹੈ।

**<u>ਪੱਤਰਿਕਾ</u> :**

- **ਜਸਬੀਰ ਕੌਰ (ਡਾ.), ਸਮਾਜਿਕ ਵਿਗਿਆਨ ਪੱਤਰ, ਭਾਰਤੀ ਸੰਗੀਤ ਦੇ ਪ੍ਰਮੁੱਖ ਸੰਗੀਤਕਾਰ, ਵਿਸ਼ੇਸ਼ ਅੰਕ, ਭਾਗ-2, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 60, 2012**

  ਇਸ ਸਮਾਜਿਕ ਵਿਗਿਆਨ ਪੱਤਰ ਵਿੱਚ ਵਿਭਿੰਨ ਲੇਖਕਾਂ ਵਲੋਂ ਭਾਰਤ ਦੇ ਕੁੱਝ ਪ੍ਰਚਲਿਤ ਸੰਗੀਤਕਾਰਾਂ ਦੀਆਂ ਜੀਵਨੀਆਂ ਤੇ ਉਨ੍ਹਾਂ ਵਲੋਂ ਨਿਰਮਿਤ ਨਵੀਨ ਰਾਗਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜੋ ਕਿ ਖੋਜਾਰਥਣ ਲਈ ਬਹੁਤ ਮਹੱਤਵਪੂਰਨ ਜਾਣਕਾਰੀ ਹੈ।

# ਅਧਿਆਇ – 3

# ਰਾਗ–ਰਾਗਿਨੀ ਪੱਧਤੀ ਅਤੇ ਰਾਗ ਨਿਰਮਾਣ ਸਿਧਾਂਤ ਤੇ ਨਿਯਮ

ਸੰਗੀਤ ਅਨਾਦਿ ਕਾਲ ਤੋਂ ਹੀ ਮਨੁੱਖ ਲਈ ਆਪਣੇ ਭਾਵਾਂ ਨੂੰ ਵਿਅਕਤ ਕਰਨ ਦਾ ਉੱਤਮ ਸਾਧਨ ਰਿਹਾ ਹੈ ਤੇ ਹਿੰਦੁਸਤਾਨੀ ਸੰਗੀਤ ਦਾ ਜਿਕਰ ਆਉਂਦਿਆਂ ਸਭ ਤੋਂ ਪਹਿਲਾਂ ਰਾਗ ਸ਼ਬਦ ਦਾ ਹੀ ਧਿਆਨ ਆਉਂਦਾ ਹੈ।

ਰਾਗ ਦਾ ਇਤਿਹਾਸ ਬਹੁਤ ਪ੍ਰਾਚੀਨ ਹੈ। ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦਾ ਆਧਾਰ ਮੁੱਢ ਕਦੀਮ ਤੋਂ ਹੀ ਰਾਗ ਰਿਹਾ ਹੈ। ਰਾਗ ਹਿੰਦੁਸਤਾਨੀ ਸੰਗੀਤ ਦੀ ਆਤਮਾ ਤੇ ਅਨਿੱਖੜਾਂ ਅੰਗ ਹੈ। ਰਾਗ ਤੋਂ ਬਿਨਾਂ ਹਿੰਦੁਸਤਾਨੀ ਸੰਗੀਤ ਦਾ ਕੋਈ ਵੀ ਵਜੂਦ ਨਹੀਂ ਹੈ। ਬਿਨਾਂ ਰਾਗ ਦੇ ਭਾਰਤੀ ਸ਼ਾਸਤਰੀ ਸੰਗੀਤ ਦੀ ਕਲਪਨਾ ਵੀ ਵਿਚਾਰ ਤੋਂ ਪਰੇ ਹੈ। ਸ਼ਾਸਤਰੀ ਸੰਗੀਤ ਦਾ ਸੁੰਦਰ ਭਵਨ ਇਸੇ ਰਾਗ ਰੂਪੀ ਨੀਂਹ 'ਤੇ ਟਿਕਿਆ ਹੋਇਆ ਹੈ। ਇਸੇ ਲਈ ਭਾਰਤੀ ਸੰਗੀਤ ਨੂੰ ਰਾਗਦਾਰੀ ਸੰਗੀਤ ਵੀ ਕਹਿੰਦੇ ਹਨ। ਹਰ ਰਾਗ ਦਾ ਆਪਣਾ ਵਿਅਕਤਿਤਿਵ, ਆਕ੍ਰਿਤੀ ਤੇ ਮੋਹਕਤਾ ਹੈ। ਰਾਗ ਦੇ ਵਿਸ਼ੇਸ਼ ਸਵਰ ਸਮੂਹ ਅਤੇ ਗਾਇਕ/ਵਾਦਕ ਦੀ ਸਾਧਨਾ, ਅਭਿਆਸ, ਕਲਾ ਤੇ ਪ੍ਰਤਿਭਾ ਦੇ ਮਿਸ਼ਰਣ ਨਾਲ ਅਲੌਕਿਕ ਸੁੱਖ ਹਾਸਿਲ ਹੁੰਦਾ ਹੈ।

## 3.1 ਰਾਗ ਸ਼ਬਦ ਦਾ ਅਰਥ ਤੇ ਉੱਤਪੱਤੀ

ਰਾਗ ਸ਼ਬਦ ਮੂਲ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਇਸ ਦੀ ਉੱਤਪੱਤੀ 'ਰੰਜ' ਧਾਤੂ ਤੋਂ ਹੋਈ ਹੈ, ਜਿਸਦਾ ਅਰਥ ਹੈ 'ਰੰਜਕਤਾ'। ਰੰਜਕਤਾ ਤੋਂ ਭਾਵ ਹੈ ਰੰਗਣ ਵਾਲਾ ਅਰਥਾਤ ਜਿਸ ਵਿੱਚ ਰੰਗ ਦੇਣ ਦੀ ਸ਼ਕਤੀ ਹੋਵੇ ਉਹੀ ਰਾਗ ਹੈ। ਰਾਗ ਅਤੇ ਰੰਜਕਤਾ ਅਭਿੰਨ ਹਨ। ਰਾਗ ਦਾ ਸਾਧਯ ਤੇ ਰੰਜਕਤਾ ਹੈ। ਨਿਸ਼ਚਿਤ ਸਵਰ ਸਮੂਹ ਤੋਂ ਹੀ ਰਾਗ ਬਣਦੇ ਹਨ। ਸੰਸਕ੍ਰਿਤ ਵਿੱਚ ਇੱਕ ਸਲੋਕ ਪ੍ਰਾਪਤ ਹੁੰਦਾ ਹੈ, "ਰੰਜ ਭਵੇ ਰੰਗ ਅਰਥਾਤ ਰਾਗ ਸ਼ਬਦ ਰੰਜਧਾਤੂ ਤੋਂ ਬਣਿਆ ਹੈ ਜਿਸਦਾ ਮੁੱਖ ਅਰਥ ਹੈ ਰੰਗਨਾ"।[14]

---

[14] ਸੁਭਦਰਾ ਚੌਧਰੀ, ਸਾਰੰਗਦੇਵ ਕ੍ਰਿਤ ਸੰਗੀਤ ਰਤਨਾਕਰ ਅਨੁਵਾਦ,ਪੰ.3

ਰਾਗ ਸ਼ਬਦ ਸਭ ਤੋਂ ਪਹਿਲਾਂ ਮਤੰਗ ਮੁਨੀ ਨੇ ਆਪਣੇ ਗ੍ਰੰਥ 'ਬ੍ਰਿਜਿਦੇਸ਼ੀ' ਵਿੱਚ ਉਲੀਕਿਆ ਜਿਸ ਦੀ ਪਰਿਭਾਸ਼ਾ ਨਿਮਨਲਿਖਿਤ ਅਨੁਸਾਰ ਹੈ –

"यौऽसौ ध्वनि विशेषस्तु स्वरवर्णविभूषितः।
रंजको जनचित्तानां स च राग उदाहृतः"

ਜਿਸ ਤੋਂ ਭਾਵ ਇਹ ਹੈ ਕਿ ਸਵਰ ਅਤੇ ਵਰਣ ਨਾਲ ਸਜੀ ਹੋਈ ਉਹ ਧੁਨੀ ਰਾਗ ਕਹਿਲਾਉਂਦੀ ਹੈ ਜੋ ਸ੍ਰੋਤਿਆਂ ਦੇ ਮਨ ਨੂੰ ਆਕਰਸ਼ਣ ਤੇ ਰੰਜਕਤਾ ਪ੍ਰਦਾਨ ਕਰਦੀ ਹੈ।

ਗ੍ਰੰਥਕਾਰ ਮਤੰਗ ਮੁਨੀ ਨੇ ਰਾਗ ਦੀ ਜਨਨੀ ਜਾਤੀ ਨੂੰ ਮੰਨਿਆ ਹੈ ਅਤੇ ਜਾਤੀ ਦੇ ਦਸ ਲੱਛਣ ਗ੍ਰਹਿ, ਅੰਸ਼, ਮੰਦਰ, ਤਾਰ, ਅਲਪਤਵ, ਬਹੁਤਵ, ਨਿਆਸ, ਉਪਨਿਆਸ, ਔੜਵ ਅਤੇ ਸ਼ਾੜਵ ਕਹੇ ਹਨ। ਸਮਾਂ ਪਾ ਕੇ ਜਾਤੀ ਦੇ ਇਹ ਦਸ ਲੱਛਣ ਹੀ ਰਾਗ ਦੇ ਨਿਯਮ ਬਣ ਗਏ ਤੇ ਸਮਾਂ ਰਾਗ ਦੇ ਇਨ੍ਹਾਂ ਨਿਯਮਾਂ ਅਤੇ ਲੱਛਣਾਂ ਵਿੱਚ ਬਦਲਾਵ ਆਉਂਦਾ ਗਿਆ ਜਿਸ ਦੇ ਸਿੱਟੇ ਵਜੋਂ ਰਾਗਾਂ ਦੇ ਕਿਰਿਆਤਮਕ ਪੱਖ ਵਿੱਚ ਨਵੇਂ-ਨਵੇਂ ਪ੍ਰਯੋਗਾਂ ਨਾਲ ਇਨ੍ਹਾਂ ਦੇ ਸਵਰੂਪ ਵਿੱਚ ਵੀ ਅੰਤਰ ਭੇਦ ਆ ਗਿਆ।

## 3.2 ਰਾਗ ਦੀ ਇਤਿਹਾਸਿਕ ਪ੍ਰਿਸ਼ਠ ਭੂਮੀ

ਨਾਟਯਸ਼ਾਸਤਰ ਵਿੱਚ ਸੱਤ ਗ੍ਰਾਮ ਰਾਗਾਂ ਦੇ ਨਾਮ ਹਨ ਪਰ ਉਨ੍ਹਾਂ ਦੀਆਂ ਜਾਤੀਆਂ ਜਾਂ ਲੱਛਣ ਆਦਿ ਦੇ ਸੰਬੰਧ ਵਿੱਚ ਕੋਈ ਸਪੱਸ਼ਟ ਉਲੇਖ ਨਹੀਂ ਹੈ। [15] ਰਾਗ ਦੇ ਪ੍ਰਸੰਗ ਵਿੱਚ ਪੰਜ ਗੀਤੀਆਂ ਦਾ ਉਲੇਖ ਮਿਲਦਾ ਹੈ, ਜਿਨ੍ਹਾਂ ਦਾ ਅਵਲੋਕਨ ਕਰਨ 'ਤੇ ਰਾਗ ਸੰਗੀਤ ਵਿਸਤ੍ਰਿਤ ਹੁੰਦਾ ਹੈ। ਇਹ ਪੰਜ ਗੀਤੀਆਂ ਇਸ ਪ੍ਰਕਾਰ ਹਨ – ਸ਼ੁੱਧਾ, ਭਿੰਨਾ, ਗੌੜੀ, ਵੇਸਰਾ, ਸਾਧਾਰਣੀ। ਰਾਗਾਂ ਦੇ ਸਾਧਾਰਣ ਨਾਮ ਸੀ- ਗ੍ਰਾਮ ਰਾਗ। ਗੀਤੀ ਵਿੱਚ ਜਾਤੀ ਦੇ ਸਮਾਨ ਗ੍ਰਹਿ ਤੇ ਅੰਸ਼ ਆਦਿ ਦੱਸ ਲੱਛਣ ਹੁੰਦੇ ਹਨ। ਰਾਗ ਗੀਤੀ ਦਾ ਹੀ ਆਸ਼ਰਯ ਲੈ ਕੇ ਉਸ ਨੂੰ ਸੁਰ ਲੋਕ ਤੇ ਕਾਵਿ ਲੋਕ ਵਿੱਚ ਉਪਸਥਿਤ ਕਰਦਾ ਹੈ। ਇਸਦਾ ਭਾਵ ਹੈ ਕਿ ਰਾਗ ਦੀ ਉਤਪੱਤੀ ਵਿੱਚ ਗੀਤੀ ਤੇ ਜਾਤੀ ਨੂੰ ਹੀ ਪ੍ਰਮਾਣਿਕ ਰੂਪ ਵਿੱਚ ਆਧਾਰਭੂਤ ਤੱਤ ਮੰਨਿਆ ਜਾਂਦਾ ਹੈ।

---

[15] ਭਾਰਤੀਯ ਸੰਗੀਤ ਦਾ ਇਤਿਹਾਸ,ਸ਼ਰਤਚੰਦਰ ਸ਼੍ਰੀਧਰ ਪਰਾਂਜਪੇ, ਪੰਨਾ 273

## 3.3 ਜਾਤੀ ਵਰਗੀਕਰਣ

ਭਰਤ ਮੁਨੀ ਦੇ ਕਾਲ ਵਿੱਚ 'ਜਾਤੀ ਗਾਇਨ' ਪ੍ਰਚਾਰ ਵਿੱਚ ਸੀ। ਜਿਸਦਾ ਵਿਕਸਿਤ ਰੂਪ ਅੱਜ ਰਾਗ ਦੇ ਰੂਪ ਵਿੱਚ ਸਾਡੇ ਸਾਹਮਣੇ ਹੈ। ਭਰਤ ਨੇ ਸ਼ੜਜ ਗ੍ਰਾਮ ਤੇ ਮਧਿਅਮ ਗ੍ਰਾਮ ਦਾ ਵਰਣਨ ਕੀਤਾ ਹੈ। ਭਰਤ ਦੇ ਕਾਲ ਵਿੱਚ 18 ਜਾਤੀਆਂ ਸਨ ਤੇ ਉਹ ਜਾਤੀਆਂ ਸ਼ੜਜ ਗ੍ਰਾਮ ਤੇ ਮਧਿਅਮ ਗ੍ਰਾਮ ਦੇ ਅਧੀਨ ਵੰਡੀਆਂ ਹੋਈਆਂ ਸਨ। ਦੋ ਜਾਂ ਦੋ ਤੋਂ ਵੱਧ ਜਾਤੀਆਂ ਦੇ ਨਾਲ ਮਿਲ ਕੇ ਮਿਸ਼ਰ ਜਾਂ ਸੰਕੀਰਣ ਜਾਤੀਆਂ ਦੀ ਉਤਪੱਤੀ ਮੰਨੀ ਗਈ ਹੈ। ਇਸ ਤਰ੍ਹਾਂ ਜੇਕਰ ਜਾਤੀਆਂ ਵਿੱਚ 'ਪੰਚਮ' ਸਵਰ ਗੈਰਹਾਜਰ ਹੋਵੇ ਤਾਂ ਉਹ ਸ਼ੜਜਗ੍ਰਾਮਿਕ ਜਾਤੀ ਮੰਨੀ ਜਾਵੇਗੀ, ਕਿਉਂਕਿ ਮੱਧਿਅਮਗ੍ਰਾਮ ਵਿੱਚ 'ਪੰਚਮ' ਅਵਿਲੋਪੀ ਹੁੰਦਾ ਹੈ। ਜੇਕਰ 'ਧੈਵਤ' ਸਵਰ ਗੈਰਹਾਜਰ ਹੋਵੇ ਤਾਂ ਉਹ ਮੱਧਿਅਮਗ੍ਰਾਮਿਕ ਜਾਤੀ ਮੰਨੀ ਜਾਵੇਗੀ ਕਿਉਂਕਿ ਸ਼ੜਜਗ੍ਰਾਮ ਵਿੱਚ 'ਧੈਵਤ' ਨੂੰ ਛੱਡਣਾ ਨਿਰਧਾਰਿਤ ਨਹੀਂ। [16] ਜਾਤੀ ਗਾਇਨ ਦੇ ਦਸ ਲੱਛਣ ਮੰਨੇ ਗਏ- ਅੰਸ਼, ਗ੍ਰਹਿ, ਤਾਰ, ਮੰਦਰ, ਨਿਆਸ, ਅਪਨਿਆਸ, ਅਲਪਤਵ, ਬਹੁਤਵ, ਸ਼ਾੜਵ, ਔੜਵ। ਇਨ੍ਹਾਂ ਦਸ ਲੱਛਣਾਂ ਦੇ ਆਧਾਰ 'ਤੇ ਜਾਤੀ-ਗਾਇਨ ਕੀਤਾ ਜਾਂਦਾ ਸੀ।

## 3.4 ਗ੍ਰਾਮਰਾਗ ਵਰਗੀਕਰਣ

ਇਹ ਪ੍ਰਣਾਲੀ ਭਾਰਤੀ ਸੰਗੀਤ ਦੀ ਪ੍ਰਾਚੀਨ ਪਰੰਪਰਾ ਦੇ ਨਾਲ ਸੰਬੰਧਿਤ ਹੈ। ਸ਼ੁੱਧ ਜਾਤੀਆਂ ਦੇ ਲੱਛਣਾਂ ਵਿੱਚ ਕੁੱਝ ਪਰਿਵਰਤਨ ਕਰਨ ਨਾਲ ਜਾਤੀਆਂ ਦੇ ਅਨੇਕਾਂ ਭੇਦ ਉਤਪੰਨ ਹੁੰਦੇ ਸਨ। ਜਾਤੀਆਂ ਦੇ ਇਨ੍ਹਾਂ ਪਰਿਵਰਤਿਤ ਰੂਪਾਂ ਨਾਲ ਹੀ ਗ੍ਰਾਮਰਾਗਾਂ ਦੀ ਉਤਪੱਤੀ ਹੋਈ। ਗ੍ਰਾਮਰਾਗਾਂ ਦੀ ਸੰਖਿਆ 30 ਮੰਨੀ ਗਈ ਹੈ। ਸੱਤ ਪ੍ਰਮੁੱਖ ਸ਼ੁੱਧ ਗ੍ਰਾਮਰਾਗ ਮੰਨੇ ਗਏ। ਇਨ੍ਹਾਂ ਵਿੱਚੋਂ ਤਿੰਨ ਸ਼ੁੱਧ ਸ਼ੜਜ, ਸ਼ੁੱਧ ਸਾਧਾਰਿਤ ਤੇ ਸ਼ੁੱਧ ਕੈਸ਼ਿਕ ਮਧਿਅਮ ਰਾਗ ਸ਼ੜਜਗ੍ਰਾਮਿਕ ਹਨ ਅਤੇ ਚਾਰ ਸ਼ੁੱਧ ਮਧਿਅਮ, ਸ਼ੁੱਧ ਪੰਚਮ, ਸ਼ੁੱਧ ਕੈਸ਼ਿਕ ਤੇ ਸ਼ੁੱਧ ਸ਼ਾੜਵ ਰਾਗ ਮਧਿਅਮਗ੍ਰਾਮਿਕ ਮੰਨੇ ਗਏ ਹਨ। [17] ਗ੍ਰਾਮਰਾਗਾਂ ਤੋਂ ਹੋਰ ਰਾਗਾਂ ਦਾ ਜਨਮ ਵੀ ਮੰਨਿਆ ਜਾਂਦਾ ਹੈ। ਗ੍ਰਾਮ ਰਾਗਾਂ ਤੋਂ ਭਾਸ਼ਾ, ਭਾਸ਼ਾ ਤੋਂ ਵਿਭਾਸ਼ਾ ਤੇ ਵਿਭਾਸ਼ਾ ਤੋਂ

---

[16] ਭਰਤ ਦਾ ਸੰਗੀਤ ਸਿਧਾਂਤ, ਪੰਨਾ 35 (ਪ੍ਰਾਕਥਨ)

[17] ਸੰਗੀਤ ਰਤਨਾਕਰ ਭਾਗ-2, ਪੰਨਾ 6

ਅੰਤਰਭਾਸ਼ਾ ਰਾਗਾਂ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਸੱਤ ਪ੍ਰਮੁੱਖ ਰਾਗਾਂ ਨੂੰ ਵਿਭਿੰਨ ਗੀਤੀਆਂ ਸ਼ੁੱਧਾ, ਭਿੰਨਾ, ਗੌੜੀ, ਵੇਸਰਾ, ਸਾਧਾਰਣੀ, ਭਾਸ਼ਾ ਅਤੇ ਵਿਭਾਸ਼ਾ ਦੇ ਅਨੁਸਾਰ ਗਾਏ ਜਾਣ 'ਤੇ ਇਨ੍ਹਾਂ ਦੀ ਸੰਖਿਆ ਤੀਹ ਹੋ ਜਾਂਦੀ ਹੈ।

ਜਿਨ੍ਹਾਂ ਗ੍ਰਾਮਰਾਗਾਂ ਵਿੱਚ ਸ਼ੜਜਗ੍ਰਾਮ ਦੀ ਛਾਇਆ ਜਾਂ ਇਸ ਨਾਲ ਸਮਾਨਤਾ ਰੱਖਣ ਵਾਲੇ ਗੁਣ ਮਿਲਦੇ ਸਨ ਉਨ੍ਹਾਂ ਗ੍ਰਾਮਰਾਗਾਂ ਨੂੰ ਸ਼ੜਜਗ੍ਰਾਮਿਕ ਕਿਹਾ ਗਿਆ ਅਤੇ ਜਿਨ੍ਹਾਂ ਮਧਿਅਮਗ੍ਰਾਮ ਦੇ ਗੁਣ ਮਿਲਦੇ ਸਨ ਉਨ੍ਹਾਂ ਨੂੰ ਮਧਿਅਮਗ੍ਰਾਮਿਕ ਕਿਹੇ ਗਏ।

| ਗੀਤੀ | ਗ੍ਰਾਮ ਰਾਗ ਸੰ. | ਸ਼ੜਜਗ੍ਰਾਮਿਕ | ਮਧਿਅਮਗ੍ਰਾਮਿਕ |
|---|---|---|---|
| 1. ਸ਼ੁੱਧਾ ਗੀਤੀ | 7 | 3 | 4 |
| 2. ਭਿੰਨਾ ਗੀਤੀ | 5 | 2 | 3 |
| 3. ਗੌੜੀ ਗੀਤੀ | 3 | 2 | 1 |
| 4. ਬੇਸਰਾ ਗੀਤੀ | 8 | 3 | 5 |
| 5. ਸਾਧਾਰਣ ਗੀਤੀ | 7 | 3 | 4 |

## 3.5 ਸ਼ੁੱਧ, ਛਾਇਆਲਗ, ਸੰਕੀਰਣ ਰਾਗ ਵਰਗੀਕਰਣ

ਰਾਗ ਵਰਗੀਕਰਣ ਦੀ ਇਹ ਪੱਧਤੀ ਪ੍ਰਾਚੀਨਕਾਲ, ਮੱਧਿਅਕਾਲ ਅਤੇ ਆਧੁਨਿਕ ਕਾਲ ਵਿੱਚ ਪ੍ਰਚਲਿਤ ਰਹੀ ਹੈ। ਜਿਨ੍ਹਾਂ ਰਾਗਾਂ ਵਿੱਚ ਸ਼ਾਸਤਰੀ ਨਿਯਮਾਂ ਦੀ ਪਾਲਣਾ ਹੁੰਦੀ ਹੈ ਉਨ੍ਹਾਂ ਨੂੰ ਸ਼ੁੱਧ ਰਾਗ ਹੁੰਦੇ ਹਨ, ਜਿਨ੍ਹਾਂ ਰਾਗਾਂ ਵਿੱਚ ਸ਼ੁੱਧ ਰਾਗਾਂ ਦੀ ਛਾਇਆ ਦਿਖਾਈ ਦੇਵੇ, ਉਹ ਛਾਇਆਲਗ ਹੁੰਦੇ ਹਨ ਅਤੇ ਜਿਨ੍ਹਾਂ ਰਾਗ ਸ਼ੁੱਧ ਤੇ ਛਾਇਆਲਗ ਦੇ ਮਿਸ਼ਰਣ ਤੋਂ ਬਣਨ, ਉਹ ਸੰਕੀਰਣ ਰਾਗ ਕਹਿਲਾਉਂਦੇ ਹਨ।

## 3.6 ਰਾਗ-ਰਾਗਿਨੀ ਵਰਗੀਕਰਣ

ਇਸ ਪ੍ਰਣਾਲੀ ਵਿੱਚ ਰਾਗਾਂ ਦਾ ਵਰਗੀਕਰਣ ਪੁਰਸ਼, ਇਸਤਰੀ ਅਤੇ ਨਪੁੰਸਕ ਰਾਗਾਂ ਵਿੱਚ ਕੀਤਾ ਗਿਆ ਹੈ। ਨਾਰਦਮੁਨੀ ਦੇ ਅਨੁਸਾਰ ਹਾਸਯ, ਕਰੁਣਾ, ਸ਼ਿੰਗਾਰ ਰਸ

ਇਸਤਰੀ ਰਾਗਾਂ ਲਈ ਤੇ ਅਦਭੁੱਤ, ਰੌਦਰ, ਵੀਰ ਰਸ ਪੁਰਸ਼ ਰਾਗਾਂ ਲਈ ਅਤੇ ਭਿਆਨਕ, ਸ਼ਾਂਤ, ਵਿਭਤਸ ਰਸ ਨਿੰਪੁਸਕ ਰਾਗਾਂ ਲਈ ਪ੍ਰਯੋਗ ਕਰਨੇ ਚਾਹੀਦੇ ਹਨ। ਰਾਗ-ਰਾਗਿਨੀ ਪੱਧਤੀ ਵਿੱਚ ਅੱਗੇ ਜਾ ਕੇ ਪੁੱਤਰ-ਪੁੱਤਰਵਧੂ ਵਰਗਾਂ ਨੂੰ ਜੋੜਿਆ ਗਿਆ। ਇਸ ਪੱਧਤੀ ਵਿੱਚ ਮੁੱਖ ਰੂਪ ਵਿੱਚ 6 ਰਾਗ ਮੰਨੇ ਗਏ ਅਤੇ ਹਰ ਰਾਗ ਦੀ 6-6 ਰਾਗਨੀਆਂ ਮੰਨੀਆਂ ਗਈਆਂ ਹਨ। ਇਸ ਸੰਬੰਧ ਵਿੱਚ ਚਾਰ ਮੱਤ ਪ੍ਰੱਚਲਿਤ ਹਨ ਜੋ ਇਸ ਪ੍ਰਕਾਰ ਹਨ-

1. **ਸ਼ਿਵਮਤ ਜਾਂ ਸੋਮੇਸ਼ਵਰ ਮੱਤ**- ਇਨ੍ਹਾਂ ਨੇ ਮੁੱਖ 6 ਰਾਗ ਮੰਨੇ ਅਤੇ ਹਰ ਦੀ 6 ਰਾਗਿਨੀਆਂ ਮੰਨੀਆਂ। ਇਸਦੇ ਇਲਾਵਾ ਹਰ ਰਾਗ ਦੇ 8-8 ਪੁੱਤਰ ਅਤੇ ਪੁੱਤਰਵਧੂ ਮੰਨੀਆਂ ਗਈਆਂ।
2. **ਕਲਿੱਨਾਥ ਮੱਤ ਜਾਂ ਕ੍ਰਿਸ਼ਨ ਮੱਤ**- ਇਸ ਮੱਤ ਅਨੁਸਾਰ ਵੀ 6 ਰਾਗ ਤੇ 36 ਰਾਗਨੀਆਂ ਮੰਨੀਆਂ ਗਈਆਂ ਪਰ ਇਨ੍ਹਾਂ ਦਾ ਨਾਮ ਵਿੱਚ ਭਿੰਨਤਾ ਪਾਈ ਜਾਂਦੀ ਹੈ। ਇਸਦੇ ਇਲਾਵਾ ਹਰ ਰਾਗ ਦੇ 8-8 ਪੁੱਤਰ ਅਤੇ ਪੁੱਤਰਵਧੂ ਮੰਨੀਆਂ ਗਈਆਂ।
3. **ਭਰਤ ਮੱਤ**- ਇਸ ਵਿੱਚ 6 ਮੁੱਖ ਰਾਗ ਤੇ ਹਰ ਰਾਗ ਦੀਆਂ 5-5 ਰਾਗਨੀਆਂ ਅਤੇ 8-8 ਪੁੱਤਰ ਤੇ ਪੁੱਤਰ ਵਧੂ ਕਹੀਆਂ ਗਈਆਂ।
4. **ਹਨੁਮਨ ਮੱਤ** - ਇਸ ਵਿੱਚ ਵੀ 6 ਮੁੱਖ ਰਾਗ ਤੇ ਹਰ ਰਾਗ ਦੀਆਂ 5-5 ਰਾਗਨੀਆਂ ਅਤੇ 8-8 ਪੁੱਤਰ ਤੇ ਪੁੱਤਰ ਵਧੂ ਕਹੀਆਂ ਗਈਆਂ।

## 3.7 ਮੂਰਛਨਾ ਪੱਧਤੀ

ਹਿੰਦੁਸਤਾਨੀ ਸੰਗੀਤ ਵਿਚ ਪ੍ਰਾਚੀਨ ਕਾਲ ਤੋਂ ਹੀ ਮੂਰਛਨਾ ਵਿਵਿਧ ਪ੍ਰਕਾਰ ਉਤਪੰਨ ਕਰਨ ਦੇ ਸਮਰੱਥ ਰਹੀ ਹੈ। ਭਾਰਤੀ ਸੰਗੀਤ ਦੇ ਇਤਿਹਾਸ ਵਿਚ ਮੂਰਛਨਾ ਪੱਧਤੀ ਦੇ ਜਨਮ ਨੂੰ ਮਹੱਤਵਪੂਰਨ ਸਫਲਤਾ ਦੇ ਤੌਰ ਤੇ ਦੇਖਿਆ ਜਾ ਸਕਦਾ ਹੈ। ਸੱਤ ਸਵਰਾਂ ਦੇ ਜਨਮ ਤੋਂ ਬਾਅਦ ਵਿਭਿੰਨ ਸੰਗੀਤ ਵਿਦਿਵਾਨਾਂ ਨੇ ਸੰਗੀਤ ਵਿਚ ਵਿਵਿਧਤਾ ਤੇ ਨਵੀਨਤਾ ਦੀ ਉਪਜ ਲਈ ਅਥੱਕ ਮਿਹਨਤ ਕੀਤੀ। ਇਸੇ ਮਿਹਨਤ ਸਦਕਾ ਮੂਰਛਨਾ ਪੱਧਤੀ ਵਜੂਦ ਵਿੱਚ ਆਈ। ਮੂਰਛਨਾ ਦਾ ਜਿਕਰ ਸਭ ਤੋਂ ਪਹਿਲਾਂ ਨਾਟਯਸ਼ਾਸ਼ਤਰ ਵਿਚ ਪ੍ਰਾਪਤ ਹੁੰਦਾ

ਹੈ। ਮੂਰਛਨਾ ਸ਼ਬਦ ਦਾ ਜਨਮ 'ਮੂਰਛ' ਧਾਤੂ ਤੋਂ ਹੋਇਆ ਹੈ। ਜਿਸਦਾ ਅਰਥ ਹੈ ਉਭਰਨਾ, ਚਮਕਣਾ ਅਤੇ ਵਿਅਕਤ ਹੋਣਾ ਆਦਿ। ਸੱਤ ਸਵਰਾ ਦਾ ਕ੍ਰਮਵਾਰ ਆਰੋਹ - ਅਵਰੋਹ ਕਰਨ ਨੂੰ ਮੂਰਛਨਾ ਆਖਿਆ ਜਾਂਦਾ ਹੈ। ਕਿਸੀ ਸਪੱਤਕ ਦੇ ਕਿਸੇ ਸਵਰ ਤੋਂ ਆਰੰਭ ਹੋ ਕੇ ਅਗਲੇ ਸਪੱਤਕ ਦੇ ਉਸੀ ਸਵਰ ਦੇ ਸੱਤ ਸਵਰਾਂ ਦੇ ਆਰੋਹ-ਅਵਰੋਹ ਨੂੰ ਮੂਰਛਨਾ ਦਾ ਸ਼ਾਬਦਿਕ ਅਰਥ ਸਭ ਤੋਂ ਪਹਿਲਾਂ ਮਤੰਗ ਮੁਨੀ ਨੇ ਦਿੱਤਾ। ਮਤੰਗ ਮੁਨੀ ਦੇ ਅਨੁਸਾਰ ਮੂਰਛਨਾ ਸ਼ਬਦ 'ਮੂਰਛ' ਧਾਤੂ ਤੋਂ ਉਤਪੰਨ ਹੋਇਆ ਹੈ ਜਿਸ ਦਾ ਅਰਥ ਹੈ- 'ਮੋਹ'। ਭਰਤ ਮੁਨੀ ਨੇ ਆਪਣੇ ਗ੍ਰੰਥ ਵਿਚ ਸ਼ੜਜ ਤੇ ਮਧਿਅਮ ਦੋ ਗ੍ਰਾਮ ਅਤੇ ਉਨ੍ਹਾਂ ਦੀਆਂ 14 ਮੂਰਛਨਾਵਾਂ ਦਾ ਵਰਣਨ ਕੀਤਾ ਹੋਇਆ ਹੈ। ਮਤੰਗ ਅਤੇ ਬਾਕੀ ਵਿਦਿਵਾਨਾਂ ਨੇ ਤਿੰਨ ਗ੍ਰਾਮਾਂ ਤੇ ਉਨ੍ਹਾਂ ਦਿਆਂ 21 ਮੂਰਛਨਾਵਾਂ ਕਹੀਆਂ ਹਨ। ਆਧੁਨਿਕ ਕਾਲ ਦੇ ਪ੍ਰਸਿੱਧ ਗ੍ਰੰਥਕਾਰ ਪੰ.ਭਾਤਖੰਡੇ ਅਨੁਸਾਰ, ਅਧੁਨਾ ਪ੍ਰਸਿੱਧ ਸੰਗੀਤ ਦੀ ਦ੍ਰਿਸ਼ਟੀ ਤੋਂ ਸਵਰ ਦੇ ਹੀ ਗਮਕ ਆਦਿ ਦੇ ਉਨ੍ਹਾਂ ਪ੍ਰਯੋਗਾਂ ਨੂੰ ਮੂਰਛਨਾ ਕਿਹਾ ਜਾਂਦਾ ਹੈ ਜੋ ਸਰੋਤਿਆਂ ਨੂੰ ਮਨੋਰੰਜਨ ਤੇ ਆਨੰਦ ਪ੍ਰਦਾਨ ਕਰਦੇ ਹਨ।

**ਭਰਤ ਅਨੁਸਾਰ ਸੜਜ ਗ੍ਰਾਮ ਦੀਆਂ ਮੂਰਛਨਾਵਾਂ –**

| ਮੂਰਛਨਾ | ਆਰੰਭਿਕ ਸਵਰ |
|---|---|
| 1. ਉਤਰਮੰਦਰਾ | ਸ |
| 2. ਰਜਨੀ | ਨੀ |
| 3. ਉਤਰਾਯਤਾ | ਧ |
| 4. ਸ਼ੁੱਧ ਸ਼ੜਜਾ | ਪ |
| 5. ਮਤਸੀਕ੍ਰਤਾ | ਮ |
| 6. ਅਸ਼ਵਕ੍ਰਾਂਤਾ | ਗ |
| 7. ਅਭਿਰੁੱਧਗਤਾ | ਰੇ |

**ਮੱਧਿਅਮ ਗ੍ਰਾਮ ਦੀਆਂ ਮੂਰਛਨਾਵਾਂ –**

| ਮੂਰਛਨਾਵਾਂ | ਆਰੰਭਿਕ ਸਵਰ |
|---|---|
| 1. ਸੋਵੀਰੀ | ਮ |
| 2. ਹਰਿਣਾਸ਼ਵਾ | ਗ |
| 3. ਕਲੋਪਨਤਾ | ਰੇ |
| 4. ਸ਼ੁੱਧ ਮਧਿਅਮਾ | ਸ |
| 5. ਮਾਰਗੀ | ਨੀ |
| 6. ਪੌਰਵੀ | ਧ |
| 7. ਹਸ਼ਿਯਕਾ | ਪ |

ਭਰਤ ਦੇ ਅਨੁਸਾਰ ਮੂਰਛਨਾ ਦੇ ਚਾਰ ਭੇਦ ਹਨ –

1. ਪੂਰਣਾ ਸੱਤ ਸ਼ੁੱਧ ਸਵਰਾਂ ਦਾ ਪ੍ਰਯੋਗ
2. ਸ਼ਾੜਵਿਤਾ ਛੇ ਸ਼ੁੱਧ ਸਵਰਾਂ ਦਾ ਪ੍ਰਯੋਗ
3. ਔੜਵਿਤਾ ਪੰਜ ਸ਼ੁੱਧ ਸਵਰਾਂ ਦਾ ਪ੍ਰਯੋਗ
4. ਸਾਧਾਰਣੀਕ੍ਰਿਤਾ ਵਿਕਰਿਤ ਸਵਰਾਂ ਦਾ ਪ੍ਰਯੋਗ

## 3.8 ਆਧੁਨਿਕ ਸਮੇਂ ਵਿੱਚ ਹਿੰਦੁਸਤਾਨੀ ਸੰਗੀਤ ਵਿੱਚ ਮੂਰਛਨਾ ਦੀ ਭੂਮਿਕਾ

ਅੱਜ ਦੇ ਦੌਰ ਵਿੱਚ ਹਿੰਦੁਸਤਾਨੀ ਸੰਗੀਤ ਵਿੱਚ ਥਾਟ ਰਾਗ ਵਰਗੀਕਣ ਦਾ ਵਧੇਰੇ ਪ੍ਰਚਲਨ ਹੈ ਜੋ ਪੱਧਤੀ ਪੰ ਭਾਤਖੰਡੇ ਦੁਆਰਾ ਦਿੱਤੀ ਗਈ ਸੀ। ਆਧੁਨਿਕ ਕਾਲ ਦੇ ਹਿੰਦੁਸਤਾਨੀ ਸੰਗੀਤ ਵਿੱਚ ਥਾਟ ਰਾਗ ਵਰਗੀਕਰਣ ਦੀ ਪੱਧਤੀ ਦੀਆਂ ਜੜ੍ਹਾਂ ਵੀ ਮੂਰਛਨਾ ਪੱਧਤੀ ਵਿੱਚੋਂ ਨਿਕਲੀਆਂ ਹਨ। ਮਤੰਗ ਮੁਨੀ ਦੇ ਅਨੁਸਾਰ ਰਾਗ ਦੀ ਉੱਤਪੱਤੀ ਦਾ ਅਧਾਰ ਮੂਰਛਨਾ ਹੀ ਹੈ। ਪ੍ਰਾਚੀਨ ਕਾਲ ਵਿੱਚ ਰਾਗਾਂ ਦੀ ਜਨਨੀ ਮੂਰਛਨਾ ਰਾਗਾਂ ਦਾ ਜਨਮਦਾਤਾ ਥਾਟ ਨੂੰ ਮੰਨਿਆ ਹੈ। ਭਰਤ ਦੁਆਰਾ ਸੱਤ ਸ਼ੁੱਧ ਸਵਰਾਂ ਦੀਆਂ ਅਵਰੋਹਾਤਮਕ ਮੂਰਛਨਾ ਅਤੇ ਆਧੁਨਿਕ ਥਾਟ –

1. ਪਹਿਲੀ ਮੂਰਛਨਾ = ਰੇ ਗ ਮ ਪ ਧ ਨੀ ਸ ਰੇ ਗ ਮ ਪ ਧ ਨੀ

ਆਧੁਨਿਕ ਕਾਫੀ ਥਾਟ = ਸ ਰੇ ਗੁ ਮ ਪ ਧ ਨੀ

2. ਦੂਸਰੀ ਮੂਰਛਨਾ = ਨੀ਼ ਸ ਰੇ ਗ ਮ ਪ

ਆਧੁਨਿਕ ਬਿਲਾਵਲ ਥਾਟ = ਸ ਰੇ ਗ ਮ ਪ ਧ ਨੀ

3. ਤੀਸਰੀ ਮੂਰਛਨਾ = ਧ ਨੀ ਸ ਰੇ ਗ ਮ ਪ

ਸਾਰੇ ਵਿਕਰਿਤ ਸਵਰ, ਪੰਚਮ ਵਰਜਿਤ = ਸ ਰੇ ਗ ਮ ਪ ਧ ਨੀ

4. ਚੌਥੀ ਮੂਰਛਨਾ = ਪ ਧ ਨੀ ਸ ਰੇ ਗ ਮ

ਆਧੁਨਿਕ ਆਸਾਵਰੀ ਥਾਟ = ਸ ਰੇ ਗ ਮ ਪ ਧ ਨੀ

5. ਪੰਜਵੀਂ ਮੂਰਛਨਾ = ਸ ਪ ਧ ਨੀ ਸ ਰੇ ਗ

ਆਧੁਨਿਕ ਖਮਾਜ ਥਾਟ = ਸ ਰੇ ਗ ਮ ਪ ਧ ਨੀ਼

6. ਛੇਵੀਂ ਮੂਰਛਨਾ = ਗ ਮ ਪ ਧ ਨੀ ਸ ਰੇ

ਆਧੁਨਿਕ ਕਲਿਆਣ ਥਾਟ = ਸ ਰੇ ਗ ਮ' ਪ ਧ ਨੀ

7. ਸੱਤਵੀਂ ਮੂਰਛਨਾ = ਰੇ ਗ ਮ ਪ ਧ ਨੀ ਸ

ਆਧੁਨਿਕ ਭੈਰਵੀ ਥਾਟ = ਸ ਰੇ ਗੁ ਮ ਪ ਧੁ ਨੀ਼

ਇਸੇ ਤਰ੍ਹਾਂ ਸ਼ੁੱਧ ਗੰਧਾਰ ਤੇ ਅੰਤਰ ਗੰਧਾਰ ਤੇ ਮਧਿਅਮ ਨੂੰ ਵਰਜਿਤ ਕਰਨ ਤੇ ਆਧੁਨਿਕ ਮਾਰਵਾ ਥਾਟ ਅੰਤਰ ਗੰਧਾਰ ਤੇ ਕਾਕਲੀ ਨਿਸ਼ਾਦ ਦਾ ਪ੍ਰਯੋਗ ਤੇ ਸ਼ੜਜ ਮਧਿਅਮ ਨੂੰ ਵਰਜਿਤ ਕਰਨ ਤੇ ਪੂਰਵੀ ਥਾਟ ਪ੍ਰਾਪਤ ਹੋ ਗਏ। ਜੇਕਰ ਅੰਤਰ ਗੰਧਾਰ ਤੇ ਕਾਕਲੀ ਨਿਸ਼ਾਦ ਦਾ ਪ੍ਰਯੋਗ ਤੇ ਰਿਸ਼ਭ ਤੇ ਧੈਵਤ ਨੂੰ ਛੱਡਣ ਤੇ ਆਧੁਨਿਕ ਤੋੜੀ ਥਾਟ ਮਿਲ ਜਾਂਦਾ ਹੈ।

ਆਧੁਨਿਕ ਯੁੱਗ ਵਿੱਚ ਮੂਰਛਨਾ ਦੀ ਪਰਿਭਾਸ਼ਾ - ਕਿਸੇ ਵੀ ਰਾਗ ਜਾਂ ਸਵਰ ਸਪੱਤਕ ਦੇ ਸ਼ੜਜ ਤੋਂ ਇਲਾਵਾ ਕਿਸੇ ਹੋਰ ਸਵਰ ਨੂੰ ਸ਼ੜਜ ਮੰਨ ਕੇ ਗਾਉਣ ਵਜਾਉਣ ਦੇ ਨਾਲ ਪੂਰੇ ਸਪੱਤਕ ਦੇ ਸਵਰ ਹਾਸਿਲ ਕਰਨ ਨੂੰ ਮੂਰਛਨਾ ਕਿਹਾ ਜਾਂਦਾ ਹੈ ਉਦਾਹਰਨ ਵਜੋਂ ਰਾਗ ਭੂਪਾਲੀ ਦੇ ਪੰਚਮ ਸਵਰ ਦੀ ਮੂਰਛਨਾ ਨਾਲ ਦੁਰਗਾ ਰਾਗ ਦੇ ਸਵਰ ਮਿਲ ਜਾਂਦੇ ਹਨ ।

## 3.9 ਥਾਟ ਰਾਗ ਵਰਗੀਕਰਣ ਪੱਧਤੀ

ਪੰ. ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਨੇ ਇਸ ਰਾਗ ਵਰਗੀਕਰਣ ਪੱਧਤੀ ਦੀ ਸਿਰਜਨਾ ਕੀਤੀ ਅਤੇ ਇਸਨੂੰ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਕਿਰਿਆਤਮਕ ਸੰਗੀਤ ਵਿੱਚ ਸਥਾਪਿਤ ਕੀਤਾ। ਮੱਧਕਾਲ ਵਿੱਚ ਪ੍ਰਚਲਿਤ ਮੇਲ ਵਰਗੀਕਰਣ ਦੇ ਆਧਾਰ ’ਤੇ ਹੀ ਇਸ ਆਧੁਨਿਕ ਥਾਟ ਰਾਗ ਵਰਗੀਕਰਣ ਦਾ ਨਿਰਮਾਣ ਕੀਤਾ ਗਿਆ। ਥਾਟ ਤੋਂ ਭਾਵ ਉਸ ਸਵਰ ਸਮੂਹ ਤੋਂ ਹੈ ਜਿਸ ਵਿੱਚ ਰਾਗ ਉਤਪੰਨ ਕਰਨ ਦੀ ਸ਼ਕਤੀ ਹੋਵੇ। ਇੱਕ ਸਪਤੱਕ ਵਿੱਚ ਕੁੱਲ 12 ਸਵਰ ਹੁੰਦੇ ਹਨ ਅਤੇ ਇਨ੍ਹਾਂ 12 ਸਵਰਾਂ ਵਿੱਚੋਂ 7 ਸਵਰ ਲੈ ਕੇ ਉਸਦੇ ਥਾਟ ਬਣਾਏ ਜਾਂਦੇ ਹਨ। ਪੰ. ਭਾਤਖੰਡੇ ਜੀ ਨੇ ਇਸ ਪੱਧਤੀ ਦੇ ਲਈ ਕੁੱਝ ਨਿਯਮ ਬਣਾਏ ਜੋ ਇਸ ਪ੍ਰਕਾਰ ਹਨ -

1. ਥਾਟ ਸੰਪੂਰਨ ਹੋਣਾ ਚਾਹੀਦਾ ਹੈ ਤੇ ਉਸ ਵਿੱਚ ਲੱਗਣ ਵਾਲੇ ਸਵਰ ਵੀ ਕ੍ਰਮਵਾਰ ਹੋਣੇ ਚਾਹੀਦੇ ਹਨ।
2. ਥਾਟ ਵਿੱਚ ਆਰੋਹ-ਅਵਰੋਹ ਦੋਵੇਂ ਹੋਣੇ ਜਰੂਰੀ ਨਹੀਂ ਹੁੰਦੇ, ਕੇਵਲ ਆਰੋਹ ਦੀ ਹੀ ਜਰੂਰਤ ਹੁੰਦੀ ਹੈ।
3. ਥਾਟ ਵਿੱਚ ਰੰਜਕਤਾ ਹੋਣੀ ਜਰੂਰੀ ਨਹੀਂ ਹੈ।
4. ਥਾਟ ਗਾਇਆ ਵਜਾਇਆ ਨਹੀਂ ਜਾਂਦਾ।
5. ਥਾਟ ਨੂੰ ਪਹਿਚਾਨਣ ਲਈ ਉਸ ਤੋਂ ਬਣੇ ਕਿਸੇ ਪ੍ਰਮੁਖ ਰਾਗ ਦਾ ਨਾਮ ਉਸ ਥਾਟ ਨੂੰ ਦੇ ਦਿੱਤਾ ਜਾਂਦਾ ਹੈ। ਜਿਆਦਾਤਰ ਉਹ ਪ੍ਰਮੁੱਖ ਰਾਗ ਹੀ ਉਸ ਥਾਟ ਦਾ ਆਸ਼ਰਯ ਰਾਗ ਬਣ ਜਾਂਦਾ ਹੈ।
6. ਕਿਸੇ ਥਾਟ ਵਿੱਚ ਇੱਕ ਸਵਰ ਦੇ ਦੋ ਰੂਪ ਇੱਕੋ ਸਮਾਂ ਨਹੀਂ ਵਰਤੇ ਜਾ ਸਕਦੇ।

ਭਾਤਖੰਡੇ ਜੀ ਨੇ ਵਿਅੰਕਟਮੁਕੀ ਦੇ 72 ਮੇਲਾਂ ਵਿੱਚੋਂ ਪਹਿਲਾਂ 40 ਮੇਲਾਂ ਨੂੰ ਅਲੱਗ ਕੀਤਾ ਜਿਨ੍ਹਾਂ ਵਿੱਚ ਇੱਕ ਸਵਰ ਦੇ ਦੋ ਰੂਪ ਸਨ। ਇਸ ਤੋਂ ਉਪਰੰਤ ਬਾਕੀ ਬਚੇ 32 ਮੇਲਾਂ ਨੂੰ ਨਿਯਮਾਂ ਦੇ ਅਨੁਸਾਰ ਨਿਰਾਕਰਣ ਕੀਤਾ, ਜਿਨ੍ਹਾਂ ਵਿੱਚ ਕੋਈ ਨਾ ਕੋਈ ਸਵਰ ਸੰਵਾਦਹੀਨ ਸੀ। ਇਸ ਤੋਂ ਬਾਅਦ ਕੇਵਲ 12 ਰਾਗ ਬਚੇ। ਉਨ੍ਹਾਂ 12 ਮੇਲਾਂ ਵਿੱਚੋਂ ਦੋ ਮੇਲ ਇਹੋ ਜਿਹੇ ਹਨ ਜਿਨ੍ਹਾਂ ਵਿੱਚ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਇੱਕ ਨਿਯਮ ਅਨੁਸਾਰ ਤੀਵਰ ਮਧਿਅਮ ਦੇ ਨਾਲ ਸ਼ੁੱਧ ਨਿਸ਼ਾਦ ਦਾ ਪ੍ਰਯੋਗ ਨਹੀਂ ਹੁੰਦਾ ਭਾਵ ਮ' ਨੀ ਦੇ ਨਾਲ ਕੋਮਲ ਰਿਸ਼ਭ ਤੇ ਤੀਵਰ ਗੰਧਾਰ ਦਾ ਨਹੀਂ ਹੈ। ਸਿੱਟੇ ਵਜੋਂ ਇਨ੍ਹਾਂ ਦੋ ਮੇਲਾਂ ਦਾ ਵੀ ਨਿਰਾਕਰਣ ਕੀਤਾ ਗਿਆ ਹੈ। ਇਸ ਪ੍ਰਕਾਰ ਕੇਵਲ 10 ਥਾਟ ਹੀ ਬਚੇ।

ਇਸ ਤੋਂਉਪਰੰਤ ਮੇਲਾਂ ਦੇ ਨਾਮ ਵਿੱਚ ਕੁਝ ਪਰਿਵਰਤਨ ਕਰਕੇ ਭਾਤਖੰਡੇ ਜੀ ਨੇ ਹਿੰਦੁਸਤਾਨੀ ਸੰਗੀਤ ਵਿੱਚ ਪ੍ਰਸਤੁਤ ਕੀਤੇ।[18]

| **ਥਾਟ** | **ਸ਼ਵਰ** |
|---|---|
| 1. ਬਿਲਾਵਲ | ਸ ਰੇ ਗ ਮ ਪ ਧ ਨੀ ਸਂ |
| 2. ਕਲਿਆਣ | ਸ ਰੇ ਗ ਮ' ਪ ਧ ਨੀ ਸਂ |
| 3. ਖਮਾਜ | ਸ ਰੇ ਗੁ ਮ ਪ ਧ ਨੀ ਸਂ |
| 4. ਕਾਫੀ | ਸ ਰੇ ਗੁ ਮ ਪ ਧ ਨੁੀ ਸਂ |
| 5. ਭੈਰਵ | ਸ ਰੁੇ ਗ ਮ ਪ ਧੁ ਨੀ ਸਂ |
| 6. ਭੈਰਵੀ | ਸ ਰੁੇ ਗੁ ਮ ਪ ਧੁ ਨੁੀ ਸਂ |
| 7. ਆਸਾਵਰੀ | ਸ ਰੇ ਗੁ ਮ ਪ ਧੁ ਨੁੀ ਸਂ |
| 8. ਮਾਰਵਾ | ਸ ਰੁੇ ਗ ਮ' ਪ ਧ ਨੀ ਸਂ |
| 9. ਪੂਰਵੀ | ਸ ਰੁੇ ਗ ਮ' ਪ ਧੁ ਨੀ ਸਂ |
| 10. ਤੋੜੀ | ਸ ਰੁੇ ਗੁ ਮ' ਪ ਧੁ ਨੀ ਸਂ |

[18] ਭਾਰਤੀਯ ਸੰਗੀਤ ਮੇਂ ਮੇਲ ਅਥਵਾ ਥਾਟ ਦਾ ਏਤਿਹਾਸਿਕ ਅਧਿਐਨ, ਪੰਨਾ 75-78

## 3.10 **ਰਾਗਾਂਗ ਪੱਧਤੀ**

ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ‘ਰਾਗਾਂਗ’ ਨੂੰ ਮਹੱਤਵਪੂਰਨ ਸਥਾਨ ਹਾਸਿਲ ਹੈ ਤੇ ਰਾਗਾਂਗ ਸ਼ਬਦ ਸੰਗੀਤ ਦਾ ਪਰਿਭਾਸ਼ਕ ਸ਼ਬਦ ਹੈ। ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਰਾਗ+ਅੰਗ। ਰਾਗ ਤੋਂ ਭਾਵ ਨਿਯਮਾਂ ਸਾਹਿਤ ਕੁੱਝ ਵਿਸ਼ੇਸ਼ ਸਵਰ ਸਮੂਹ ਜਿਸ ਨਾਲ਼ ਰੰਜਕਤਾ ਪੈਦਾ ਹੋਵੇ ਤੇ ਹੋਣ ਵਾਲੀ ਵਿਸ਼ੇਸ਼ ਸਵਰ ਸੰਗਤੀ ਹੈ ਤੇ ਸੰਗੀਤ ਵਿੱਚ ਅੰਗ ਤੋਂ ਭਾਵ ਭਾਗ ਜਾਂ ਖੰਡ ਦੇ ਰੂਪ ਵਿੱਚ ਲਿਆ ਜਾ ਸਕਦਾ ਹੈ ਅਰਥਾਤ ਰਾਗਾਂਗ ਦਾ ਅਰਥ ਹੋਇਆ ਰਾਗ ਵਿੱਚ ਪ੍ਰਯੁਕਤ ਹੋਣ ਵਾਲੇ ਉਸ ਵਿਸ਼ਿਸਟ ਸਵਰ ਸਮੂਹ ਨੂੰ ਰਾਗਾਂਗ ਕਹਾਂਗੇ ਜਿਸ ਨਾਲ ਉਸ ਰਾਗ ਦੀ ਇੱਕ ਖ਼ਾਸ ਪਹਿਚਾਣ ਪਤਾ ਲੱਗੇ ਜਾਂ ਸਰਲ ਭਾਸ਼ਾ ਅਨੁਸਾਰ ਵਿੰਭਿਨ ਰਾਗਾਂ ਵਿੱਚ ਜਦੋਂ ਕਿਸੇ ਹੋਰ ਰਾਗ ਦੇ ਵਿਸ਼ੇਸ਼ ਸਵਰ ਸਮੂਹ (ਦੋ ਜਾਂ ਤਿੰਨ ਸਵਰਾਂ ਦੇ ਵਿਸ਼ੇਸ਼ ਸਵਰ ਸਮੂਹ) ਜਾਂ ਅੰਗ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਹ ਰਾਗਾਂਗ ਕਹਿਲਾਉਂਦਾ ਹੈ। ਨਵੀਨ ਰਾਗਾਂ ਨੂੰ ਸਿਰਜਿਤ ਕਰਨ ਵਿੱਚ ਇਹ ਢੰਗ ਅਹਿਮ ਤੇ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।

ਰਾਗਾਂਗ ਸ਼ਬਦ ਦੀ ਵਿਉਂਤਪੱਤੀ- ਰਾਗਾਂਗ ਸ਼ਬਦ ਸਭ ਤੋਂ ਪਹਿਲਾਂ ਮਤੰਗ ਮੁਨੀ ਦੇ ਗ੍ਰੰਥ ‘ਬ੍ਰਹਿਦੇਸ਼ੀ’ ਵਿੱਚ ਪ੍ਰਾਪਤ ਹੁੰਦਾ ਹੈ। ਇਸ ਗ੍ਰੰਥ ਵਿੱਚ ਦੇਸ਼ੀ ਤੇ ਗ੍ਰਾਮ ਰਾਗਾਂ ਦੀ ਚਰਚਾ ਮਿਲਦੀ ਹੈ ਤੇ ਨਾਲ਼ ਹੀ ਦੇਸ਼ੀ ਰਾਗਾਂ ਦੇ ਅਧੀਨ ਰਾਗਾਂਗ, ਭਾਸ਼ਾਂਗ ਤੇ ਕਿਰਿਆਂਗ ਰਾਗਾਂ ਬਾਰੇ ਵੀ ਬਿਆਨਿਆ ਗਿਆ ਹੈ। ਮਤੰਗ ਮੁਨੀ ਦੇ ਅਨੁਸਾਰ ਰਾਗਾਂਗ ਦਾ ਅਰਥ ਹੈ ਜਿਨ੍ਹਾਂ ਰਾਗਾਂ ਵਿੱਚ ਗ੍ਰਾਮ ਰਾਗਾਂ ਦੀ ਛਾਇਆ ਹੋਵੇ, ਉਹ ਰਾਗਾਂਗ ਰਾਗ ਕਹਿਲਾਉਂਦੇ ਹਨ।

ਰਾਗਾਂਗ ਪੱਧਤੀ ਦਾ ਵਿਸਤ੍ਰਿਤ ਸਰੂਪ- ਹਿੰਦੁਸਤਾਨੀ ਰਾਗ ਦੇ ਮੂਲਧਾਰ ਦੀ ਵਿਸ਼ੇਸ਼ਤਾ ਰਾਗ ਦੇ ਮੁੱਖ ਅੰਗ ਵਿੱਚ ਰਹਿੰਦੀ ਹੈ। ਰਾਗ ਵਰਗੀਕਰਣ ਲਈ ਸਵ. ਪੰ. ਮੋਰੇਸ਼ਵਰ ਖਰੇ ਜੀ ਨੇ ਇੱਕ ਨਵੀਨ ਪੱਧਤੀ ਨੂੰ ਸਥਾਪਿਤ ਕੀਤਾ, ਜਿਸਦਾ ਆਧਾਰ ਸਵਰ ਸਨ। ਕਿਸੇ ਵੀ ਰਾਗ ਦਾ ਸਵਰੂਪ ਇੱਕ ਵਿਸ਼ੇਸ਼ ਸਵਰ ਸਮੁਦਾਇ ਤੇ ਸਥਿਤ ਹੁੰਦਾ ਹੈ। ਸਵ. ਸ਼੍ਰੀ ਮੋਰੇਸ਼ਵਰ ਖਰੇ ਜੀ ਨੇ ਸਾਰੇ ਪ੍ਰਚੱਲਿਤ ਰਾਗਾਂ ਦਾ ਅਵਲੋਕਨ ਕਰਨ ਉਪਰੰਤ ਕੁੱਝ ਅਜਿਹੇ ਸਵਰ ਸਮੂਹ ਚੁਣੇ, ਜਿਨ੍ਹਾਂ ਦਾ ਸੁਤੰਤਰ ਵਜੂਦ ਸੀ ਅਤੇ ਜਿਨ੍ਹਾਂ ਨੂੰ ‘ਮੂਲ ਰਾਗ’ ਜਾਂ ‘ਮੁੱਖ ਰਾਗਾਂ’ ਦੇ ਰੂਪ ਵਿੱਚ ਅਪਣਾਇਆ ਜਾ ਸਕਦਾ ਸੀ। ਇਹਨਾਂ ਮੂਲ ਰਾਗ ਰੂਪਾਂ ਨੂੰ ਰਾਗਾਂਗ ਦਾ ਨਾਂ

ਦਿੱਤਾ ਗਿਆ ਅਤੇ ਇਹਨਾਂ ਮੂਲ ਰਾਗਾਂ ਦੀ ਛਾਇਆ ਜਿਨ੍ਹਾਂ ਰਾਗਾਂ ਵਿੱਚ ਦਿਖਾਈ ਦਿੱਤੀ ਉਹਨਾਂ ਨੂੰ ਰਾਗਾਂਗ ਰਾਗ ਕਿਹਾ ਗਿਆ। ਰਾਗਾਂਗ ਦੇ ਅਧੀਨ ਰਾਗ ਵਰਗੀਕਰਣ ਲਈ ਸਵਰਾਂ ਦਾ ਸਹਾਰਾ ਲਿਆ ਜਾਂਦਾ ਹੈ। ਉਦਾਹਰਨ ਵਜੋਂ ਆਸਾਵਰੀ ਦਾ ਰਾਗਾਂਗ ਪੂਰਵਾਂਗ ਵਿੱਚ ਰੇ ਮ ਪ ਅਤੇ ਉਤਰਾਂਗ ਵਿੱਚ ਮ ਪ ਧੁ ਸਂ ਹੈ। ਇਹਨਾਂ ਸਵਰ ਸਮੂਹਾਂ ਦੇ ਬਿਨਾਂ ਆਸਾਵਰੀ ਨਹੀਂ ਬਣੇਗਾ। ਇਹ ਸਵਰ ਸਮੁਦਾਇ ਇਸਦੀ ਆਤਮਾ ਹੈ ਅਤੇ ਉੱਥੇ ਦੂਜੇ ਰਾਗਾਂ ਵਿੱਚ ਇਸਦਾ ਪ੍ਰਯੋਗ ਹੋਵੇਗਾ ਤਾਂ ਇਹ 'ਆਸਾਵਰੀ-ਅੰਗ' ਕਹਾਏਗਾ। ਪੰ. ਭਾਤਖੰਡੇ ਨੇ ਵੀ ਇਸ ਆਧੁਨਿਕ ਪੱਧਤੀ ਨੂੰ ਪ੍ਰਮਾਣਿਤ ਮੰਨਿਆ ਹੈ। ਜਿਸ ਦਾ ਭਲੀਭਾਂਤ ਅੰਦਾਜਾ ਪੰ. ਭਾਤਖੰਡੇ ਦੁਆਰਾ ਰਚਿਤ ਗ੍ਰੰਥ 'ਭਾਤਖੰਡੇ ਸੰਗੀਤ ਸ਼ਾਸਤਰ ਭਾਗ 1-4' ਅਧੀਨ ਕਈ ਰਾਗਾਂ ਦੇ ਥਾਟਾਂ ਦੀ ਵਿਆਖਿਆ ਦੇ ਨਾਲ-ਨਾਲ ਅੰਗ-ਰਾਗਾਂ ਦੀ ਵਿਆਖਿਆ ਆਦਿ ਤੋਂ ਹੋ ਜਾਂਦਾ ਹੈ। ਉਦਾਹਰਨ ਵਜੋਂ ਕਾਫੀ ਥਾਟ ਦੇ ਅੰਗ- ਕਾਫੀ ਅੰਗ, ਸਾਰੰਗ ਅੰਗ, ਧਨਾਸਰੀ ਅੰਗ, ਮਲਹਾਰ ਅੰਗ ਤੇ ਕਾਨੜ੍ਹਾ ਅੰਗ ਬਾਰੇ ਦੱਸਿਆ ਹੈ। ਪੰ. ਨਾਰਾਇਣ ਮੋਰੇਸ਼ਵਰੇ ਖਰੇ ਨੇ ਇਸ ਆਧੁਨਿਕ ਰਾਗ ਵਰਗੀਕਰਣ ਪੱਧਤੀ 'ਰਾਗਾਂਗ ਪੱਧਤੀ' ਦੇ ਅਧੀਨ 30 ਦੱਸੇ ਹਨ ਜੋ ਕਿ ਨਿਮਨਲਿਖਿਤ ਅਨੁਸਾਰ ਹੈ -

| **ਰਾਗਾਂਗ ਰਾਗ** | **ਅੰਗ** |
|---|---|
| 1. ਭੈਰਵ | ਗ ਮ ਰੇ੍ ਸ |
| 2. ਬਿਲਾਵਲ | ਪ ਧ ਗ ਮ ਗ ਮ ਰੇ ਸ |
| 3. ਕਲਿਆਣ | ਪ ਰੇ ਸ, ਰੇ ਗ, ਪ ਧ ਪ ਪ ਸਂ |
| 4. ਖਮਾਜ | ਸ ਗ ਮ ਪ, ਨੁੀ ਧ ਪ |
| 5. ਕਾਫੀ | ਮ ਪ ਗੁ ਰੇ |
| 6. ਪੂਰਵੀ | ਧੁ ਪ ਮ' ਪ, ਗ ਮ' ਗ ਰੇ੍ ਸ |
| 7. ਮਾਰਵਾ | ਧ ਮ' ਗ ਰੇ੍ |
| 8. ਤੋੜੀ | ਰੇ੍ ਗੁ ਰੇ੍ ਸ |
| 9. ਭੈਰਵੀ | ਗੁ ਮ ਧੁ ਨੁੀ, ਰੇ੍ਂ ਨੁੀ ਸਂ ਧੁ ਪ |

| ਰਾਗਾਂਗ ਰਾਗ | ਅੰਗ |
|---|---|
| 10. ਸਾਰੰਗ | ਨੀ ਪ ਮ ਰੇ |
| 11. ਧਨਾਸਰੀ | ਮ ਪ ਗੁ ਰੇ ਸ |
| 12. ਲਲਿਤ | .ਨੀ ਰੁੇ ਗ ਮ |
| 13. ਸੋਰਠ | ਮ ਪ ਨੀ ਸਂ ਰੇਂ, ਧ ਨੁੀ ਧ ਪ |
| 14. ਪੀਲੂ | ਪ ਧੁ ਨੀ ਸਂ |
| 15. ਨੱਟ | ਸਰੇ ਰੇਗ ਗਮ |
| 16. ਸ਼੍ਰੀ | ਰੁੇ ਪ, ਨੀ ਸਂ ਰੁੇਂ |
| 17. ਬਾਗੇਸ਼ਰੀ | ਗੁ ਮ ਧ ਨੁੀ |
| 18. ਕੌਂਸ | ਗੁ ਮ ਗੁ ਸ |
| 19. ਕੇਦਾਰ | ਮ' ਪ ਧ ਪ ਮ |
| 20. ਸ਼ੰਕਰਾ | ਗ ਪ ਨੀ ਪ |
| 21. ਆਸਾਵਰੀ | ਮ ਪ ਧੁ ਪ |
| 22. ਕਾਨੜ੍ਹਾ | ਨੁੀ ਪ, ਗੁ ਮ ਰੇ ਸ |
| 23. ਮਲਹਾਰ | ਨੁੀ ਧ ਨੀ ਸਂ |
| 24. ਹਿੰਡੋਲ | ਗ ਮ ਧ ਸਂ |
| 25. ਆਸਾ | ਰੇ ਮ ਪ ਧ |
| 26. ਬਿਹਾਗ | ਗ ਮ ਗ, ਰੇ ਸ |
| 27. ਕਾਮੋਦ | ਗ ਮ ਰੇ ਸ |
| 28. ਭਟਿਆਰ | ਪ ਗ ਰੁੇ ਸ |
| 29. ਦੁਰਗਾ | ਧ ਮ ਰੇ ਸ |
| 30. ਭੀਮਪਲਾਸੀ | ਮ ਗੁ ਰੇ ਸ |

## 3.11 ਆਧੁਨਿਕ ਰਾਗ ਨਿਰਮਾਣ ਸਿਧਾਂਤ ਤੇ ਨਿਯਮ

**ਨਵੀਨ ਰਾਗਾਂ ਦੀ ਸਿਰਜਨਾ ਲਈ ਰਾਗਾਂ ਦਾ ਪੂਰਨ ਗਿਆਨ, ਅਭਿਆਸ ਆਦਿ ਬਹੁਤ ਜਰੂਰੀ ਹੈ। ਨਵੀਨ ਰਾਗਾਂ ਨੂੰ ਉਤਪੰਨ ਕਰਨ ਸੰਬੰਧੀ ਕੁਝ ਵਿਸ਼ੇਸ਼ ਸਿਧਾਂਤ ਤੇ ਨਿਯਮ ਨਿਮਨਲਿਖਿਤ ਅਨੁਸਾਰ ਹਨ –**

1. ਰਾਗ ਦੇ ਅੰਤਰਭੂਤ ਪੰਜ ਸਵਰ ਹੋਣੇ ਲਾਜ਼ਮੀ ਹਨ।
2. ਸਭ ਰਾਗਾਂ ਦਾ ਆਧਾਰ ਸਵਰ ਸ਼ੜਜ ਹੋਣਾ ਚਾਹੀਦਾ ਹੈ।
3. ਰਾਗ ਵਿੱਚ ਮ ਤੇ ਪ ਸਵਰ ਇੱਕ ਹੀ ਸਮਾਂ ਤੇ ਵਰਜਿਤ ਨਹੀਂ ਹੋ ਸਕਦੇ।
4. ਰਾਗ ਦੀ ਸਿਰਜਨਾ ਸਮਾਂ ਰਾਗਾਂ ਦੇ ਸਮਾਂ ਸਿਧਾਂਤ ਦਾ ਵੀ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।
5. ਰਾਗ ਵਿੱਚ ਸਵਰ, ਵਰਣ, ਵਾਦੀ-ਸੰਵਾਦੀ, ਆਰੋਹ-ਅਵਰੋਹ, ਵਰਜਿਤ ਸਵਰ, ਜਾਤੀ, ਪੂਰਵਾਂਗ ਤੇ ਉਤਰਾਂਗ ਆਦਿ ਲੋੜੀਂਦੇ ਤੱਤਾਂ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।
6. ਰਾਗ ਦੀ ਉੱਤਪੱਤੀ ਕਿਸੇ ਥਾਟ ਤੋਂ ਹੋਣੀ ਚਾਹੀਦੀ ਹੈ।
7. ਰਾਗ ਵਿੱਚ ਪ੍ਰਯੁਕਤ ਹੋਣ ਵਾਲੇ ਸਵਰਾਂ ਦਾ ਸ਼ੜਜ-ਪੰਚਮ, ਸ਼ੜਜ-ਮਧਿਅਮ ਭਾਵ ਦਾ ਸੰਵਾਦ ਹੋਣਾ ਜਰੂਰੀ ਹੈ।
8. ਕਿਸੇ ਵੀ ਰਾਗ ਵਿੱਚ ਕਿਸੇ ਦੋ ਸਵਰਾਂ ਵਿੱਚ ਜਿਆਦਾ ਤੋਂ ਜਿਆਦਾ ਸੱਤ ਸ਼ਰੁਤੀ ਦਾ ਅੰਤਰਾਲ ਹੋ ਸਕਦਾ ਹੈ।
9. ਰਾਗ ਵਿੱਚ ਸੁੰਦਰਤਾ ਤੇ ਰੰਜਕਤਾ ਹੋਣੀ ਚਾਹੀਦੀ ਹੈ।
10. ਸਵਰ ਦੇ ਦੋ ਰੂਪਾਂ ਦਾ ਕ੍ਰਮਵਾਰ ਪ੍ਰਯੋਗ ਨਹੀਂ ਕੀਤਾ ਜਾਂਦਾ।
11. ਸ਼ੁੱਧ ਮਧਿਅਮ ਵਾਲੇ ਰਾਗ ਨੂੰ ਦਿਨ ਵਿੱਚ ਪ੍ਰਧਾਨਤਾ ਦਿੱਤੀ ਜਾਂਦੀ ਹੈ ਤੇ ਮ' ਵਾਲੇ ਰਾਗਾਂ ਨੂੰ ਰਾਤ ਸਮਾਂ ਪ੍ਰਧਾਨਤਾ ਦਿੱਤੀ ਜਾਂਦੀ ਹੈ।

## 3.12 ਨਵੀਨ ਰਾਗ ਨਿਰਮਿਤ ਕਰਨ ਦੇ ਵਿਭਿੰਨ ਢੰਗ

(1) ਇੱਕ ਸਵਰ ਦੇ ਬਦਲਣ ਨਾਲ

(2) ਸਵਰਾਂ ਦੇ ਬਦਲਣ ਨਾਲ

(3) ਤਿੰਨ ਸਵਰਾਂ ਦੇ ਬਦਲਣ ਨਾਲ਼

(4) ਰਾਗ ਦੀ ਜਾਤੀ ਬਦਲ ਕੇ

(5) ਵਾਦੀ-ਸੰਵਾਦੀ ਸਵਰ ਵਿੱਚ ਪਰਿਵਰਤਨ ਕਰਕੇ

(6) ਜੋੜ, ਮਿਸ਼ਰ ਤੇ ਸੰਕੀਰਣ ਰਾਗ ਦੇ ਪ੍ਰਯੋਗ ਨਾਲ - (ੳ) ਜੋੜ ਰਾਗ- ਇਸ ਵਿੱਚ ਦੋ ਸੁਤੰਤਰ ਰਾਗਾਂ ਨੂੰ ਨਿਯਮਪੂਰਵਕ ਢੰਗ ਨਾਲ ਜੋੜਿਆ ਜਾਂਦਾ ਹੈ। (ਅ) ਮਿਸ਼ਰ ਰਾਗ- ਮੂਲ ਰਾਗ ਵਿੱਚ ਇੱਕ ਜਾਂ ਦੋ ਰਾਗਾਂ ਦੇ ਕੁਝ ਅੰਸ਼ ਮਿਲਾਉਣ ਨਾਲ ਇਹ ਰਾਗ ਬਣਦੇ ਹਨ। (ੲ) ਸੰਕੀਰਣ ਰਾਗ- ਦੋ ਰਾਗਾਂ ਤੋਂ ਵੱਧ ਰਾਗਾਂ ਦੇ ਮਿਲਾਵਟ ਨਾਲ ਬਣੇ ਰਾਗ ਸੰਕੀਰਣ ਰਾਗ ਬਣਦੇ ਹਨ ।

(7) ਦੱਖਣੀ ਪੱਧਤੀ ਦੇ ਰਾਗਾਂ ਦੇ ਆਦਾਨ-ਪ੍ਰਦਾਨ ਨਾਲ ਵੀ ਵਿਭਿੰਨ ਨਵੇਂ ਰਾਗ ਨਿਰਮਿਤ ਹੁੰਦੇ ਹਨ ।

(8) ਰਾਗਾਂਗ ਪ੍ਰਕਿਰਿਆ ਦੇ ਬਦਲਣ ਨਾਲ- ਜਦੋਂ ਕੋਈ ਮੂਲ ਰਾਗ ਪੂਰੀ ਤਰ੍ਹਾਂ ਕਿਸੇ ਦੂਸਰੇ ਰਾਗ ਦਾ ਅੰਗ ਲੈ ਕੇ ਗਾਇਆ-ਬਜਾਇਆ ਜਾਂਦਾ ਹੈ । ਉਦਾਹਰਨ ਵਜੋਂ ਵਿਭਾਸ ਰਾਗ ਨੂੰ ਸ਼੍ਰੀ ਅੰਗ ਨਾਲ ਪ੍ਰਸਤੁਤ ਕਰਨ ਨਾਲ ਰੇਵਾ ਰਾਗ ਬਣ ਜਾਂਦਾ ਹੈ ।

(9) ਮੂਰਛਨਾ ਪ੍ਰਕਿਰਿਆ ਨਾਲ- ਹਰ ਸਵਰ ਨੂੰ ਸ਼ੜਜ ਮੰਨ ਕੇ ਕ੍ਰਮਵਾਰ ਸਵਰਾਂ ਨਾਲ ਵਿਭਿੰਨ ਰਾਗ ਉੱਤਪੰਨ ਹੁੰਦੇ ਹਨ ।

(10) ਅਲੱਗ- ਅਲੱਗ ਰਾਗਾਂ ਦੇ ਆਰੋਹ-ਅਵਰੋਹ ਦੇ ਮਿਲਾਉਣ ਨਾਲ - ਜੇਕਰ ਜੌਨਪੁਰੀ ਦੇ ਆਰੋਹ ਤੇ ਕੋਮਲ ਰਿਸ਼ਭ ਆਸਾਵਰੀ ਦੇ ਅਵਰੋਹ ਨੂੰ ਮਿਲਾਇਆ ਜਾਂਦਾ ਹੈ ਤਾਂ ਗੰਧਾਰੀ ਰਾਗ ਬਣ ਜਾਂਦਾ ਹੈ ।

(11) ਵਿਵਾਦੀ ਸਵਰ ਦੀ ਸਹਾਇਤਾ ਨਾਲ– ਜਿਵੇਂ ਰਾਗ ਬਿਲਾਵਲ ਵਿੱਚ ਜੇਕਰ ਕੋਮਲ ਨੀ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਅਲਹਿਆ ਬਿਲਾਵਲ ਰਾਗ ਬਣਦਾ ਹੈ ।

(12) ਅਧਵ-ਦਰਸ਼ਕ ਸਵਰ ਵਿੱਚ ਪਰਿਵਰਤਨ ਕਰਨ ਨਾਲ - ਜੇਕਰ ਹਿੰਡੋਲ ਰਾਗ ਵਿੱਚ ਤੀਵਰ ਮਧਿਅਮ ਨਾਂ ਲੈ ਕੇ ਸ਼ੁੱਧ ਮਧਿਅਮ ਦਾ ਪ੍ਰਯੋਗ ਕੀਤਾ ਜਾਵੇ ਤਾਂ ਭਿੰਨ ਸ਼ੜਜ ਰਾਗ ਨਿਰਮਿਤ ਹੁੰਦਾ ਹੈ ।

(13) ਮੂਲ ਰਾਗ ਵਿੱਚ ਕਿਸੀ ਹੋਰ ਰਾਗ ਦਾ ਟੁਕੜਾ ਜੋੜਨ ਨਾਲ - ਰਾਗ ਭੈਰਵ ਵਿੱਚ 'ਮ' ਪ ਧੁ ਨੀ ਧੁ ਪ' ਸਵਰ ਸਮੂਹ ਦੀ ਵਰਤੋਂ ਨਾਲ ਰਾਗ ਰਾਮਕਲੀ ਬਣ ਜਾਦਾਂ ਹੈ।

## ਅਧਿਆਇ – 4

# ਨਵੀਨ ਰਾਗਾਂ ਦਾ ਨਿਰਮਾਣ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ

ਕਲਾਵਾਂ ਨੂੰ ਸੁੰਦਰ ਰੂਪ ਵਿੱਚ ਪ੍ਰਸਤੁਤ ਕਰਨ ਜਾਂ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਨ ਵਾਲੇ ਨੂੰ ਕਲਾਕਾਰ ਕਿਹਾ ਜਾਂਦਾ ਹੈ। ਕਲਾਕਾਰ ਹੋਣ ਦੇ ਲਈ ਵਿਅਕਤੀ ਨੂੰ ਉਸ ਕਲਾ ਵਿੱਚ ਮੁਹਾਰਿਤ ਹਾਸਿਲ ਹੋਣੀ ਚਾਹੀਦੀ ਹੈ, ਸਭ ਤੋਂ ਜਰੂਰੀ ਗੱਲ ਦੱਸੀ ਗਈ ਹੈ। ਸੰਗੀਤ ਮੂਲ ਰੂਪ ਵਿੱਚ ਮਨੁੱਖ ਦੇ ਮਨ ਦੀ ਕਲਪਨਾ ਚਿੰਤਨ ਆਦਿ 'ਤੇ ਨਿਰਭਰ ਕਰਦੀ ਹੈ। ਸ਼ਾਸਤਰੀ ਸੰਗੀਤ ਦੇ ਸਾਰੇ ਨਿਯਮਾਂ ਅਤੇ ਸਿਧਾਂਤਾਂ ਦਾ ਪਾਲਣ ਕਰਦੇ ਹੋਏ ਨਵੀਨ ਕਲਪਨਾ ਨਾਲ ਰਚਿਤ ਸਵਰ ਸੰਰਚਨਾ ਜਾਂ ਰਾਗ ਉਹੀ ਕਲਾ ਹੁੰਦੀ ਹੈ ਜੋ ਕਲਾਕਾਰ ਦੇ ਮਨ ਨੂੰ ਅਨੰਦ ਦੇ ਕੇ ਉਸਦੇ ਭਾਵਾਂ ਨੂੰ ਵਿਅਕਤ ਕਰਦੀ ਹੈ। ਸੰਗੀਤ ਕਲਾ ਪੂਰਨ ਰੂਪ ਵਿੱਚ ਗੁਰੂ ਤੋਂ ਲਈ ਹੋਈ ਸਿੱਖਿਆ ਅਤੇ ਕਲਾਕਾਰ ਦੀ ਆਪਣੀ ਕਲਪਨਾ ਉੱਪਰ ਨਿਰਭਰ ਕਰਦੀ ਹੈ। ਇਸੇ ਪ੍ਰਤਿਭਾ ਅਤੇ ਕਲਪਨਾ ਦੇ ਕਾਰਣ ਸੰਗੀਤ ਦੇ ਵਿੱਚ ਹਮੇਸ਼ਾ ਤਰੱਕੀ ਅਤੇ ਪਰਿਵਰਤਨ ਹੁੰਦੇ ਰਹਿੰਦੇ ਹਨ। ਹਰ ਕਲਾਕਾਰ ਦੀ ਕਲਾ ਵਿੱਚ ਭਿੰਨਤਾ ਦਿਖਾਈ ਦਿੰਦੀ ਹੈ। ਇੱਥੋਂ ਤੱਕ ਕਿ ਇੱਕ ਕਲਾਕਾਰ ਦੇ ਦੁਆਰਾ ਇੱਕ ਹੀ ਰਾਗ ਨੂੰ ਵੱਖੋਂ ਵੱਖਰੇ ਜਗ੍ਹਾ ਤੇ ਗਾਇਆ ਜਾਂਦਾ ਹੈ ਅਤੇ ਉਸ ਵਿੱਚ ਵੀ ਭਿੰਨਤਾ ਦਿਖਾਈ ਦਿੰਦੀ ਹੈ। ਇਸਦਾ ਮੂਲ ਕਾਰਨ ਬਹੁਤ ਵਾਰ ਉਸਦੀ ਕਲਪਨਾ ਹੁੰਦੀ ਹੈ।

ਰਾਗ ਦੀ ਰਚਨਾ ਕਰਦੇ ਹੋਏ ਉਸ ਕਲਾਕਾਰ ਦੀ ਕਲਪਨਾ ਦਾ ਇੱਕ ਆਪਣਾ ਰੂਪ ਹੁੰਦਾ ਹੈ। ਰਾਗ ਦਾ ਮੰਥਨ ਕਰਦੇ ਸਮਾਂ ਕਲਾਕਾਰ ਦੀ ਕਲਪਨਾ ਉਸਦੇ ਪਾਰੰਪਰਿਕ ਸਵਰੂਪ ਦੇ ਅਥਾਹ ਸਾਗਰ ਵੱਲ ਕੇਂਦਰਿਤ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਰਾਗ ਦੇ ਭਾਵਾਤਮਕ ਰੂਪ ਵਿੱਚ ਡੁੱਬ ਜਾਂਦੇ ਹਨ। ਇਸ ਤੋਂ ਹੀ ਨਵੇਂ-ਨਵੇਂ ਰੂਪ ਨਿਕਲ ਜਾਂਦੇ ਹਨ। ਕਲਪਨਾ ਦਾ ਸੰਬੰਧ ਦਿਮਾਗ ਨਾਲ ਹੁੰਦਾ ਹੈ ਅਤੇ ਅਤੇ ਉਹ ਆਪਣੇ ਕੰਠ ਵਿੱਚੋਂ ਨਿਕਲੀਆਂ ਹੋਈਆਂ ਸਵਰਾਵਲੀਆਂ ਨੂੰ ਯਾਦ ਕਰ ਲੈਂਦੇ ਹਨ। ਇਸ ਪ੍ਰਕਾਰ ਅਨੇਕਾਂ ਸਵਰ ਸਮੂਹਾਂ ਦੇ ਨਾਲ ਕਲਾਕਾਰ ਆਪਣੀ ਕਲਪਨਾ ਦੇ ਨਾਲ ਇੱਕ ਨਵਾਂ ਰਾਗ ਖੜਾ ਕਰ ਦਿੰਦੇ ਹਨ, ਜਿਸ ਨਾਲ ਰਾਗ ਉਤਪੰਨ ਹੁੰਦਾ ਹੈ। ਕਿਸੇ ਵੀ ਰਾਗ ਨੂੰ ਬਣਾਉਣ ਵਿੱਚ ਗਿਆਨ,

ਕਲਪਨਾ, ਅਤੇ ਸਮ੍ਰਿਤੀ ਤਿੰਨਾਂ ਦਾ ਹੀ ਯੋਗਦਾਨ ਹੁੰਦਾ ਹੈ। ਕਲਾਕਾਰ ਦੀ ਕਲਪਨਾ ਸ਼ਕਤੀ ਉਸਦੇ ਦਿਮਾਗ ਦੀ ਉਪਜ ਉਸਦੇ ਅਭਿਆਸ, ਸਮ੍ਰਿਤੀ ਅਤੇ ਯੋਗਤਾ ਉੱਤੇ ਨਿਰਭਰ ਕਰਦੀ ਹੈ। ਨਵੀਨ ਰਾਗ ਦੀ ਰਚਨਾ ਵਾਦੀ-ਸੰਵਾਦੀ, ਉਤਰਾਂਗ-ਪੂਰਵਾਂਗ, ਔੜਵ-ਸ਼ਾੜਵ, ਸਵਰਾਂ ਦੇ ਵੱਖੋ-ਵੱਖਰੇ ਰੂਪ (ਕੋਮਲ, ਸ਼ੁੱਧ, ਤੀਵਰ) ਆਦਿ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾ ਸਕਦੀ ਹੈ।

## 4.1 ਪਰਿਭਾਸ਼ਾਵਾਂ

- ਆਚਾਰਯ ਬ੍ਰਿਹਿਸਪਤੀ ਦੇ ਅਨੁਸਾਰ, "ਅਲੱਗ- ਅਲੱਗ ਰੰਗਾਂ ਦੀਆਂ ਦੋ ਰੇਸ਼ਮ ਦੀਆਂ ਡੋਰੀਆਂ ਹਨ ਜੇਕਰ ਉਨ੍ਹਾਂ ਨੂੰ ਵਟ ਦਿੱਤਾ ਜਾਵੇ, ਤਾਂ ਦੋਨੋਂ ਰੰਗ ਬਰਾਬਰ-ਬਰਾਬਰ ਦਿਖਾਈ ਦੇਣਗੇ, ਕੋਈ ਵੀ ਇੱਕ ਰੰਗ ਦੂਸਰੇ ਰੰਗ ਨੂੰ ਨਹੀਂ ਦਬਾਵੇਗਾ। ਠੀਕ ਇਸੇ ਤਰਾਂ ਰਾਗਾਂ ਵਿੱਚ ਵੀ ਹੋਣਾ ਚਾਹੀਦਾ ਹੈ। [19]

- ਪੰਡਿਤ ਰਵੀ ਸ਼ੰਕਰ ਜੀ ਦੇ ਨਵੀਨ ਰਾਗਾਂ ਦੇ ਸੰਬੰਧ ਵਿੱਚ ਵਿਚਾਰ, " Though our existing ragas are adequate certain fleshes came to the mind at those moments which can not be denied, ragas, he say are born not made."[20]

- ਉ. ਸਲਾਮਤ ਅਲੀ ਖਾਂ ਦੇ ਅਨੁਸਾਰ, "ਆਰਟਿਸਟ ਕਿਸੀ ਵਕਤ ਐਸੇ ਮੁਕਾਮ ਤੱਕ ਪਹੁੰਚਤਾ ਹੈ, ਉਸਕੇ ਦਿਮਾਗ ਮੇਂ ਸੁਰ ਉਤਰਤੇ ਹੈਂ ਜੈਸੇ ਸ਼ਾਇਰ ਕੇ ਦਿਮਾਗ ਮੇਂ ਸ਼ੇਅਰ ਉਤਰਤੇ ਹੈਂ ਤੋ ਉੱਨ ਸੁਰੋਂ ਕੋ ਜੋੜਨਾ, ਤਰਤੀਬ ਦੇਨਾ, ਉਸੇ ਰਾਗ ਕਹਿਤੇ ਹੈਂ"। [21]

- ਪੰਡਿਤ ਨਾਰਾਇਣ ਵਿਨਾਇਕ ਰਾਉ ਪਟਵਰਧਨ ਦੇ ਅਨੁਸਾਰ, "ਕਲਾ ਦੀ ਸਭ ਤੋਂ ਮਹੱਤਵਪੂਰਨ ਅਪੇਕਸ਼ਾ ਨਵ ਨਿਰਮਾਣ ਹੈ ਅਤੇ ਨਵੇਂ ਰਾਗ ਜਰੂਰ ਬਣਨਗੇ ਅਤੇ ਬਣਨ ਵਿੱਚ ਹੀ ਸੰਗੀਤ ਦਾ ਕਲਿਆਣ ਹੈ। ਹਰ ਰਾਗ ਆਪਣੇ ਨਿਰਮਾਣ ਕਾਲ ਵਿੱਚ

---

[19] ਰਾਮਪੁਰ ਦੀ ਸਦਾਰੰਗ ਪਰੰਪਰਾ- ਆਚਾਰਯ ਬ੍ਰਿਹਿਸਪਤੀ, ਸਰਯੂ ਕਾਲੇਕਰ, ਪੰਨਾ58

[20] ਸਵਤੰਤਰ ਭਾਰਤ ਕੇ ਨਵ ਨਿਰਮਿਤ ਕਤਿਪਯ ਰਾਗੋਂ ਕਾ ਵਿਸ਼ਲੇਸ਼ਣਾਤਮਕ ਅਧਿਐਨ, ਪੰਨਾ 87

[21] *Youtube.com/watch?/v=9m-B9ySmD_u*

ਨਵੀਨ ਹੁੰਦਾ ਹੈ। ਕਲਾਕਾਰ ਦੇ ਸਮਰਥ, ਅਨੁਭਵ ਤੇ ਪਰਿਪੁਸ਼ਟ ਕਲਪਨਾ ਨਾਲ ਹੀ ਨਵਾਂ ਰਾਗ ਜਨਮ ਲੈਂਦਾ ਹੈ। ਰਾਗ ਦਾ ਸੌਂਦਰਯ ਅਸੀਮਤ ਹੈ। ਨਵੇਂ ਰਾਗ ਦਾ ਆਪਣਾ ਅਲੱਗ ਆਕਰਸ਼ਣ ਹੁੰਦਾ ਹੈ। ਕਲਾਕਾਰ ਤੇ ਸਰੋਤੇ ਦੋਨੋਂ ਰਚਨਾ ਨੂੰ ਸੁਣ ਕੇ ਸੰਵੇਦਨਸ਼ੀਲ ਹੋ ਜਾਣ, ਤਾਂ ਹੀ ਰਚਨਾ ਸਫਲ ਮੰਨੀ ਜਾਂਦੀ ਹੈ। [22]

- ਉਸਤਾਦ ਅਮਜਦ ਅਲੀ ਖਾਨ ਜੀ ਦਾ ਅਨੁਸਾਰ, "If human beings cannot create ragas why was Tansen allowed that privilege? A new raga in his opinion is the product of deep feeling and on enternalised sense of aesthetic not mean mathematical, jugglery. A raga is like a floating spirit that visits a few and I feel fortune when visited by one. A raga is not invented only discovered."[23]

- ਡਾ. ਅਨਯਾ ਦਤੇ ਦੇ ਅਨੁਸਾਰ – "ਆਧੁਨਿਕ ਸਮਾਂ ਵਿੱਚ ਹੋ ਰਹੀ ਨਵੇਂ ਰਾਗਾਂ ਦੀ ਨਿਰਮਿਤੀ ਦੀ ਸੰਖਿਆ ਦੇਖ ਕੇ ਪ੍ਰਾਚੀਨ ਰਾਗਾਂ ਦੇ ਨਾਲ ਇਨ੍ਹਾਂ ਰਾਗਾਂ ਦੀ ਸਮਾਨਤਾ ਹੋਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਕੀ ਤਾ ਜਾ ਸਕਦਾ। ਜੇਕਰ ਇਹ ਰਾਗ ਪ੍ਰਾਚੀਨ ਰਾਗ ਸਵਰੂਪਾਂ ਨਾਲ ਸਾਂਝ ਰੱਖਦੇ ਹਨ ਤਾਂ ਉਸਨੂੰ ਨਵਨਿਰਮਿਤ ਰਾਗ ਕਹਿਣਾ ਉੱਚਿਤ ਹੈ, ਜਾਂ ਨਹੀਂ? ਇਹ ਪ੍ਰਸ਼ਨ ਹਮੇਸ਼ਾਂ ਹੀ ਉਪਸਥਿਤ ਹੁੰਦਾ ਹੈ। ਪਰ ਮੇਰੇ ਵਿਚਾਰ ਨਾਲ ਜੋ ਰਾਗ ਕਈ ਸਾਲਾਂ ਤੋਂ ਅਲੋਪ ਹੋ ਚੁੱਕਾ ਹੈ, ਅੱਜ ਜੇਕਰ ਕੋਈ ਵੀ ਉਸ ਰਾਗ ਸੇ ਸਵਰੂਪ ਨਾਲ ਪਰਿਚਿਤ ਨਹੀਂ ਹੈ ਤਾਂ ਉਸ ਰਾਗ ਨੂੰ ਨਵੀਨ ਰਾਗ ਕਹਿਣਾ ਉਚਿੱਤ ਹੋਵੇਗਾ। ਉਸਦੀ ਨਿਰਮਿਤੀ ਦਾ ਸ਼ਰੇਅ ਵੀ ਉਸੇ ਕਲਾਕਾਰ ਨੂੰ ਦੇਣਾ ਹੋਵੇਗਾ। ਇਸ ਤਰ੍ਹਾਂ ਨਹੀਂ ਹੋਣ ਦੇ ਨਾਲ ਇਨ੍ਹਾਂ ਰਾਗਾਂ ਦੇ ਕਾਰਣ ਕਲਾ ਅਤੇ ਸੰਸਕ੍ਰਿਤੀ ਵਿੱਚ ਅੱਜ ਤੱਕ ਜੋ ਵਿਕਾਸ ਹੋਇਆ ਹੈ, ਉਸ ਵਿੱਚ ਰੁਕਾਵਟ ਆ ਕੇ ਕਲਾ ਦਾ ਨੁਕਸਾਨ ਹੋਣ ਦੀ ਸੰਭਾਵਨਾ ਹੈ। "

- ਪੰ. ਦਲੀਪ ਚੰਦਰ ਵੇਦੀ ਅਨੁਸਾਰ, "ਨਵੇਂ ਰਾਗਾਂ ਦਾ ਨਿਰਮਾਣ ਜਿਸ ਢੰਗ ਨਾਲ ਅੱਜ ਹੋ ਰਿਹਾ ਹੈ, ਵੇਦੀ ਜੀ ਨੇ ਉਸਦੀ ਸਖਤ ਆਲੋਚਨਾ ਕੀਤੀ ਹੈ। ਉਨ੍ਹਾਂ ਦੇ

[22] ਸੰਗੀਤ,ਮਾਰਚ 1968-69, ਪੰਨਾ 3
[23] ਸੰਗੀਤ,ਮਈ,2004, ਪੰਨਾ 38

ਅਨੁਸਾਰ ਸਵਰਗਵਾਸੀ ਕੁਮਾਰ ਗੰਧਰਵ ਦੁਆਰਾ ਰਚਿਤ 'ਗਾਂਧੀ ਮਲਹਾਰ' ਰਾਗ ਵਿੱਚ, ਜਿਸ ਵਿੱਚ ਮਿਆਂ ਮਲਹਾਰ, ਗੌਂਡ ਮਲਹਾਰ, ਗੌਂਡ ਸਾਰੰਗ, ਮਾਝ ਖਮਾਜ ਅਤੇ ਦੇਸ਼ ਵਰਗੇ ਰਾਗਾਂ ਦਾ ਸਿਰਜਣਾ ਦਿਖਾਈ ਦਿੰਦਾ ਹੈ, ਉਸ ਰਾਗ ਵਿੱਚ ਇਕਰੂਪਤਾ ਅਤੇ ਵਿਸ਼ਿਸ਼ਟ ਰਸ ਦਾ ਸਰਵਥਾ ਅਭਾਵ ਹੁੰਦਾ ਹੈ। ਮਿਸ਼ਰ ਰਾਗ ਦਾ ਇੱਕ ਮੂਲ ਲੱਛਣ ਇਹ ਹੈ ਕਿ ਉਸ ਵਿੱਚ ਇਕਸੁਰਤਾ ਦਾ ਗੁਣ ਹੋਵੇ- ਮਤਲਬ ਕਿ ਉਸ ਵਿੱਚ ਉਪਯੁਕਤ ਰਾਗਾਂ ਦਾ ਸਮਯਕ ਮਿਸ਼ਰਣ ਦ੍ਰਿਸ਼ਟੀਗਤ ਹੁੰਦਾ ਹੋਵੇ। "[24]

- ਰਾਗ ਦੀ ਰਚਨਾ ਦੇ ਲਈ ਉਸਤਾਦ ਅਮਜਦ ਅਲੀ ਖਾਨ ਕਹਿੰਦੇ ਹਨ, "The soul is coming to me and I accept that raga and I gave the name."[25]

## 4.2 20ਵੀਂ ਸਦੀ ਦੇ ਨਵ-ਨਿਰਮਿਤ ਰਾਗ

20 ਵੀਂ ਸਦੀ ਵਿੱਚ ਅਨੇਕਾਂ ਰਾਗਾਂ ਦੀ ਸਿਰਜਨਾ ਹੋਈ। ਖੋਜਾਰਥਣ ਵਲੋਂ ਇਸ ਕਾਲ ਖੰਡ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ ਜੋ ਨਿਮਨਲਿਖਿਤ ਅਨੁਸਾਰ ਹੈ-

- 1900 ਤੋਂ 1925 ਈ. ਤੱਕ ਬਣੇ ਹੋਏ ਰਾਗ
- 1926 ਤੋਂ 1950ਈ. ਤੱਕ ਬਣੇ ਹੋਏ ਰਾਗ
- 1951 ਤੋਂ 1975 ਈ. ਤੱਕ ਬਣੇ ਹੋਏ ਰਾਗ
- 1976 ਤੋਂ 1999 ਈ. ਤੱਕ ਬਣੇ ਹੋਏ ਰਾਗ

### 4.2.1 1900 ਤੋਂ 1925 ਈ. ਤੱਕ ਬਣੇ ਹੋਏ ਰਾਗ

**1. ਦੇਸ਼ਰੰਗ[26] –** ਇਸ ਰਾਗ ਨੂੰ ਪੰ. ਵਿਸ਼ਨੂੰ ਦਿਗੰਬਰ ਪਲੁਸਕਰ ਨੇ ਕਲਪਿਤ ਕੀਤਾ। ਇਸ ਰਾਗ ਦਾ ਜਿਕਰ ਉਨ੍ਹਾਂ ਨੇ ਆਪਣੀ ਡਾਇਰੀ ਵਿੱਚ ਕੀਤਾ ਸੀ। ਉਸੀ ਦੇ ਆਧਾਰ 'ਤੇ ਉਨ੍ਹਾਂ ਦੀ ਸ਼ਿਸ਼ਾ ਡਾ. ਕਮਲ ਕੇਤਕਰ ਨੇ ਇਸ ਰਾਗ ਦਾ ਸਵਰੂਪ ਦੱਸਿਆ ਹੈ। ਡਾ. ਕੇਤਕਰ ਦੇ ਸ਼ਬਦਾਂ ਅਨੁਸਾਰ ਗੁਰੂ ਜੀ ਡਾਇਰੀ ਲਿਖਦੇ ਸਨ। ਇਸੇ ਤਰ੍ਹਾਂ ਦੀ ਡਾਇਰੀ

---

[24] 20ਵੀਂ ਸਦੀ ਦੇ ਮਹਾਨ ਸੰਗੀਤਕ ਪੰ. ਦਿਲੀਪਚੰਦਰ ਵੇਦੀ,ਸ਼੍ਰੀਮਤੀ ਨੂਪੁਰ ਰਾਏਚੌਧਰੀ, ਪੰ. 67
[25] *Rendezvous with Simi Grewal, part one, 16 oct. 2012*
[26] ਅਪ੍ਰਕਾਸ਼ਿਤ ਰਾਗ, ਡਾ. ਜੇ. ਡੀ. ਪੱਤਕੀ, ਪੰਨਾ 65-66

ਵਿੱਚ ਇਸ ਰਾਗ ਦਾ ਜਿਕਰ ਸੀ। ਗੁਰੂ ਜੀ ਦੀ ਪਤਨੀ ਸਵ. ਸ਼੍ਰੀਮਤੀ ਊਸ਼ਾ ਨੇ ਮੈਨੂੰ ਕਿਹਾ ਸੀ, "ਕਮਲ ਜੀ ਦੇਸ਼ੀ + ਸਾਰੰਗ ਭਾਵ ਦੇਸ਼ਰੰਗ ਇੰਨਾ ਹੀ ਵਰਣਨ ਉਨ੍ਹਾਂ ਦੀ ਡਾਇਰੀ ਵਿੱਚ ਹੈ। ਕੀ ਤੁਸੀਂ ਇਸ ਨੂੰ ਲੈ ਕੇ ਕੁੱਝ ਬਣਾ ਸਕਦੀ ਹੋ?ਇਸ ਤਰ੍ਹਾਂ ਡਾ. ਕਮਲ ਕੇਤਕਰ ਦੇ ਅਨੁਸਾਰ :-

ਆਰੋਹ ਸ ਰੇ ਮ ਪ ਸਂ ਨਿ ਸਂ

ਅਵਰੋਹ ਸਂ ਪ, ਮ ਨਿ਼ ਪ, ਮ ਪ ਰੇ ਗੁ ਸ ਰੇ .ਨਿ਼ ਸ

ਮੁੱਖ ਅੰਗ ਮ ਨਿ਼ ਪ, ਮ ਪ ਰੇ ਗੁ ਸ ਰੇ .ਨਿ਼ ਸ

ਜਾਤੀ ਔੜਵ-ਸ਼ਾੜਵ

ਸਮਾਂ ਦਿਨ ਦਾ ਦੂਸਰਾ ਪਹਿਰ

ਵਾਦੀ ਪ

ਸੰਵਾਦੀ ਰੇ

ਇਸ ਰਾਗ ਵਿੱਚ ਸਾਰੰਗ ਤੇ ਦੇਸੀ ਰਾਗ ਦਾ ਮਿਸ਼ਰਣ ਹੈ। ਗੰਧਾਰ ਤੇ ਨਿਸ਼ਾਦ ਕੋਮਲ ਲੱਗਦੇ ਹਨ। ਇਸ ਰਾਗ ਵਿੱਚ ਧ ਵਰਜਿਤ ਹੈ ਤੇ ਆਰੋਹ ਵਿੱਚ ਗ ਸਵਰ ਵਰਜਿਤ ਹੈ।

2. **ਬਿਹਾਰੀ**[27] – ਇਸ ਰਾਗ ਦਾ ਨਿਰਮਾਣ ਪੰ. ਵਿਸ਼ਨੂੰ ਪਲੁਸਕਰ ਨੇ ਕੀਤਾ। ਇਸ ਰਾਗ ਵਿੱਚ ਸਾਰੇ ਸਵਰ ਸ਼ੁੱਧ ਲੱਗਦੇ ਹਨ ਤੇ ਨਿਸ਼ਾਦ ਦੋਵੇਂ ਲੱਗਦੇ ਹਨ। ਬਿਲਾਵਲ ਤੇ ਖਮਾਜ ਦੇ ਸੰਯੋਗ ਨਾਲ ਇਹ ਰਾਗ ਬਣਦਾ ਹੈ।

ਥਾਟ ਖਮਾਜ

ਜਾਤੀ ਸੰਪੂਰਨ

ਵਾਦੀ ਸ

ਸੰਵਾਦੀ ਪ

[27] ਅਪ੍ਰਕਾਸ਼ਿਤ ਰਾਗ, ਡਾ. ਜੇ. ਡੀ. ਪਤਕੀ, ਪੰਨਾ 30-31

ਇਹ ਇੱਕ ਅਪ੍ਰਚਲਿਤ ਰਾਗ ਹੈ। ਰਾਗ ਗਾਇਆ ਨਾ ਜਾਣ ਕਰਕੇ ਇਸਦੇ ਸ਼ਾਸਤਰੀ ਨਿਯਮ ਉੱਪਲੱਬਧ ਨਹੀਂ ਹਨ। ਡਾ. ਵਸੰਤ ਰਾਵ ਰਾਜੋਪਾਧੇ ਦੇ ਅਨੁਸਾਰ, " ਗੀਤ ਦੇ ਸਵਰਾਂ ਨੂੰ ਦੇਖਦੇ ਹੋਏ ਮੈਨੂੰ ਇਸ ਰਾਗ ਦਾ ਸ਼ਾਸਤਰ ਬਣਾਉਣ ਦੇ ਲਈ ਕੁੱਝ ਸੂਤਰ ਮਿਲ ਗਿਆ। ਇਸ ਵਿੱਚ ਸਾਰੇ ਸ਼ੁੱਧ ਸਵਰ ਅਤੇ ਦੋਨੋਂ ਨਿਸ਼ਾਦ ਲੱਗਦੇ ਹਨ। ਇਸ ਤਰ੍ਹਾਂ ਰਾਗ ਦਾ ਥਾਟ ਖਮਾਜ ਹੈ। ਆਲਾਪ ਸਮਾਪਤੀ ਦੇ ਸਮੇਂ ਰਿਸ਼ਭ ਸਵਰ ਦਾ ਅਲਪ ਮਾਤਰਾ ਵਿੱਚ ਉਪਯੋਗ ਕੀਤਾ ਜਾਂਦਾ ਹੈ।

ਗ ਰੇ ਗ ਸ, ਗ ਰੇ ਗ ਪ ਮ ਗ ਰੇ ਗ ਸ, ਗ ਰੇ ਗ ਪ ਮ ਇਸ ਤਰਾਂ ਮਧਿਅਮ ਸਵਰ ਉੱਤੇ ਨਿਆਸ ਕੀਤਾ ਜਾਂਦਾ ਹੈ।

ਚਲਨ ਸ ਗ - - ਸ, ਸ ਗ ਗ ਮ ਗ ਰੇ ਗ ਸ, ਸ ਗ ਰੇ ਗ ਮ ਗ ਰੇ ਗ ਪ ਮ, ਪ ਮ ਗ ਰੇ ਗ ਸ, ਗ ਮ ਧ, ਧ ਨਿ ਪ, ਗ ਮ ਪ ਧ ਨਿ, ਸਂ ਨਿ ਸਂ ਨਿ ਧ ਪ ਸ ਂਨ੍ਹਿ ਧ ਪ, ਨਿ ਧ ਪ ਮ, ਧ ਪ ਮ ਗ ਪ ਮ ਗ ਰੇ, ਗ ਪ ਮ ਗ ਰੇ ਗ ਸ

3. **ਮਾਲਗੁੰਜੀ –** ਇਸ ਰਾਗ ਦੇ ਰਚਨਾਕਾਰ ਪੰ. ਨਾਰਾਇਣ ਰਾਵ ਵਿਆਸ ਹਨ।[28]ਇਹ ਰਾਗ ਬਾਗੇਸ਼ਰੀ ਨਾਲ ਮਿਲਦਾ ਜੁਲਦਾ ਹੈ। ਇਸ ਦੇ ਆਰੋਹ ਵਿੱਚ ਸ਼ੁੱਧ ਗੰਧਾਰ ਲੱਗਣ ਨਾਲ ਇਹ ਬਾਗੇਸ਼ਰੀ ਤੋਂ ਭਿੰਨ ਹੋ ਜਾਂਦਾ ਹੈ। ਇਸ ਰਾਗ ਵਿੱਚ ਸ਼ੁੱਧ ਗੰਧਾਰ ਦੀ ਮਹੱਤਤਾ ਹੈ। ਇਸ ਰਾਗ ਦੀ ਰਾਗਵਾਚਕ ਸਵਰ ਸੰਗਤੀ ਸ ਧ ਨਿ ਸਂ ਰੇ ਗ ਹੈ। ਇਸਦੇ ਉਤਰਾਂਗ ਵਿੱਚ ਸ਼ੁੱਧ ਨਿਸ਼ਾਦ ਮ ਧ ਨਿ ਸਂ ਇਸ ਤਰ੍ਹਾਂ ਲੱਗਦਾ ਹੈ। ਤਿੰਨਾਂ ਸਪੱਤਕਾਂ ਵਿੱਚ ਇਸ ਦਾ ਚਲਨ ਹੈ।

| | |
|---|---|
| ਥਾਟ | ਕਾਫੀ |
| ਆਰੋਹ | ਸ ਰੇ ਗ ਮ ਧ ਨ੍ਹਿ ਸਂ |
| ਅਵਰੋਹ | ਸਂ ਨ੍ਹਿ ਧ ਪ ਮ ਗ ਰੇ ਗ ਮ ਗੁ ਰੇ ਸ |
| ਮੁੱਖ ਅੰਗ | ਗ ਮ ਗੁ ਰੇ ਸ, ਨ੍ਹਿ ਸ, ਧ, ਨ੍ਹਿ ਸ ਰੇ ਗ ਮ |

[28] ਹਿੰਦੁਸਤਾਨੀ ਸ਼ਾਸਤਰੀਯ ਸੰਗੀਤ ਮੇਂ ਪ੍ਰਯੋਗ ਏਵੰਮ ਪਰਿਵਰਤ, ਡਾ. ਨਰੇਸ਼ ਕੁਮਾਰ, ਪੰਨਾ ਨੰ. 35

ਸਵਰ ਦੋਵੇਂ ਨਿ, ਦੋਵੇਂ ਗ ਅਤੇ ਬਾਕੀ ਸ਼ੁੱਧ ਸਵਰ

ਵਾਦੀ ਮ

ਸੰਵਾਦੀ ਸ

ਸਮਾਂ ਰਾਤ ਦਾ ਤੀਜਾ ਪਹਿਰ

ਵਰਜਿਤ ਸਵਰ ਆਰੋਹ ਵਿੱਚ ਪੰਚਮ

ਸਵਰ ਵਿਸਥਾਰ ਸ, ਧ, .ਨਿ੍ ਸ ਰੇ ਗ ਮ, ਧ ਨਿ੍ ਸਂ, ਸਂ ਨਿ੍ ਧ ਪ ਮ ਗ ਮ, ਮ ਗੁ ਰੇ ਸ, ਸ ਨਿ੍ ਧ ਨਿ੍ ਸ ਰੇ ਗ ਮ, ਮ ਧ ਨਿ ਸਂ, ਸਂ ਰੇਂ ਸਂ ਰੇਂ ਨਿ੍ ਸਂ, ਰੇਂ ਰੇਂ ਸ ਂਨਿ੍ ਧ ਪ, ਨਿ੍ ਨਿ੍ ਧ ਪ ਮ ਗ ਰੇ ਗ ਮ, ਮ ਗੁ ਰੇ ਸ

### 4.2.3 1926 ਈ. ਤੋਂ 1950 ਈ. ਤੱਕ ਬਣੇ ਹੋਏ ਰਾਗ

**ਰਾਗਾਂ ਦੀ ਵਿਆਖਿਆ**

**1. ਖੱਟ ਤੌੜੀ –** ਇਸ ਰਾਗ ਦੀ ਰਚਨਾ ਉ. ਅਲਾਦਿਆ ਖਾਨ ਨੇ ਕੀਤੀ ਹੈ। ਇਸ ਦਾ ਰਾਗਾਂਗ ਤੌੜੀ ਹੈ।

ਥਾਟ ਭੈਰਵੀ

ਜਾਤੀ ਸੰਪੂਰਨ-ਸੰਪੂਰਨ

ਸਮਾਂ ਸਵੇਰ

**2. ਪ੍ਰਭਾਕਲੀ –** ਇਸ ਰਾਗ ਦੀ ਸਿਰਜਨਾ ਉ. ਅਲਾਉਦੀਨ ਖਾਂ ਦੁਆਰਾ ਕੀਤੀ ਗਈ ਹੈ। ਇਸ ਰਾਗ ਵਿੱਚ ਰਿਸ਼ਭ, ਧੈਵਤ, ਨਿਸ਼ਾਦ ਸਵਰ ਕੋਮਲ ਲਗਾਏ ਜਾਂਦੇ ਹਨ। ਇਸ ਰਾਗ ਵਿੱਚ ਰਾਗ ਜੋਗੀਆ ਅਤੇ ਗੁਣਕਲੀ ਦਿਖਾਈ ਦਿੰਦੇ ਹਨ। ਇਨ੍ਹਾਂ ਰਾਗਾਂ ਵਿੱਚ ਕੋਮਲ ਰੇ ਧ ਲੱਗਦੇ ਹਨ। ਪਰ ਗੁਣਕਲੀ ਵਿੱਚ ਨਿਸ਼ਾਦ ਵਰਜਿਤ ਸਵਰ ਹੈ ਅਤੇ ਜੋਗੀਆ ਵਿੱਚ ਸ਼ੁੱਧ ਨਿਸ਼ਾਦ ਪ੍ਰਯੋਗ ਕੀਤਾ ਜਾਂਦਾ ਹੈ। ਪ੍ਰਭਾਕਲੀ ਵਿੱਚ ਕੋਮਲ ਨਿਸ਼ਾਦ ਦੇ ਪ੍ਰਯੋਗ ਨਾਲ ਇਨ੍ਹਾਂ ਰਾਗਾਂ ਤੋਂ ਭਿੰਨ ਹੋ ਜਾਂਦਾ ਹੈ।

| | |
|---|---|
| ਥਾਟ | ਭੈਰਵ |
| ਆਰੋਹ | ਸ ਰੇ੍ਹ ਮ ਪ ਧੁ ਸਂ |
| ਅਵਰੋਹ | ਸਂ ਧੁ ਧੁ ਪ ਮ ਮ ਰੇ ਸ |
| ਜਾਤੀ | ਔੜਵ-ਔੜਵ |
| ਵਾਦੀ | ਧ |
| ਸੰਵਾਦੀ | ਰੇ |
| ਨਿਆਸ | ਰੇ, ਧ |
| ਸਮਾਂ | ਪ੍ਰਾਤਾਕਾਲ |
| ਸਵਰ ਵਿਸਥਾਰ | ਸ ਧੁ ਧੁ ਧੁ ਧੁ ਪ, ਮ ਪ ਧੁ ਪ ਮ ਰੇੁ ਸ, ਰੇੁ ਰੇੁ ਰੇੁ ਸ, ਧ ਧ ਮ ਪ ਧੁ ਨਿੁ ਸਂ ਰੇੁਂ ਸਂ, ਨਿ ਧੁ ਪ ਧੁ ਮ ਰੇ ਸ |

3. **ਮਦਨਮੰਜਰੀ –** ਇਸ ਰਾਗ ਨੂੰ ਨਿਰਮਿਤ ਕਰਨ ਦਾ ਸਿਹਰਾ ਉ. ਅਲਾਉਦੀਨ ਖਾਂ ਦੇ ਸਿਰ ਬੱਝਦਾ ਹੈ। ਇਹ ਰਾਗ ਖਾਂ ਸਾਹਿਬ ਨੇ ਆਪਣੀ ਪਤਨੀ ਦੇ ਨਾਮ 'ਤੇ ਬਣਾਇਆ ਸੀ।

| | |
|---|---|
| ਥਾਟ | ਕਲਿਆਣ |
| ਅੰਗ | ਕਲਿਆਣ |
| ਆਰੋਹ | ਸ ਗ ਮ' ਧ ਨਿ ਧ ਨਿ ਸਂ |
| ਅਵਰੋਹ | ਸਂ ਨਿ ਧ ਪ ਮ ਗ ਰੇ ਸ |
| ਜਾਤੀ | ਔੜਵ-ਸੰਪੂਰਨ |
| ਸਮਾਂ | ਪ੍ਰਾਤਕਾਲ |

4. **ਹੇਮ ਬਿਹਾਗ –** ਇਸ ਰਾਗ ਦੀ ਉਸਤਾਦ ਅਲਾਉਦੀਨ ਖਾਂ ਨੇ ਹੇਮ ਕਲਿਆਣ ਤੇ ਬਿਹਾਗ ਰਾਗਾਂ ਦੇ ਮਿਸ਼ਰਣ ਨਾਲ ਕੀਤੀ ਹੈ। ਇਸ ਵਿੱਚ ਹੇਮ ਕਲਿਆਣ ਦਾ ਮੁੱਖ ਅੰਗ ਪ਼ ਧ਼ ਪ਼, ਸ ਰੇ ਸ ਧ ਪ, ਗ ਮ ਰੇ ਸ। ਹੇਮ ਕਲਿਆਣ ਮੰਦਰ ਤੇ ਮੱਧ ਸਪੱਤਕ ਵਿੱਚ ਅਤੇ ਬਿਹਾਗ ਮੱਧ ਵਿੱਚ ਝਲਕਦਾ ਹੈ। ਹੇਮ ਕਲਿਆਣ ਵਿੱਚ ਨਿ ਸੁਰ ਦਾ ਪ੍ਰਯੋਗ ਨਹੀਂ ਹੁੰਦਾ ਤੇ ਹੇਮ ਬਿਹਾਗ ਅੰਗ ਨਾਲ ਨਿਸ਼ਾਦ ਦਾ ਪ੍ਰਯੋਗ ਹੁੰਦਾ ਹੈ, ਇਸ ਲਈ ਇਸ ਨੂੰ ਸ਼ੁੱਧ ਬਿਹਾਗ ਵੀ ਆਖਿਆ ਜਾਂਦਾ ਹੈ।

| | |
|---|---|
| ਥਾਟ | ਬਿਲਾਵਲ |
| ਆਰੋਹ | ਸ ਗ ਮ ਪ ਨਿ ਸਂ |
| ਅਵਰੋਹ | ਸਂ ਨਿ ਧ ਪ ਮ ਗ ਰੇ ਸ |
| ਜਾਤੀ | ਔੜਵ ਸੰਪੂਰਨ |
| ਸਮਾਂ | ਰਾਤ ਦਾ ਦੂਸਰਾ ਪਹਿਰ |
| ਵਾਦੀ | ਸ |
| ਸੰਵਾਦੀ | ਮ |

5. **ਸ਼ੋਭਾਵਤੀ –** ਇਹ ਰਾਗ ਉ. ਅਲਾਉਦੀਨ ਖਾਂ ਦੁਆਰਾ ਬਣਾਇਆ ਗਿਆ ਹੈ। ਇਹ ਰਾਗ ਖਮਾਜ ਥਾਟ ਦੇ ਰਾਗ ਦੁਰਗਾ ਦੇ ਆਰੋਹ ਵਿੱਚ ਕੋਮਲ ਨਿਸ਼ਾਦ ਕਰਨ ਨਾਲ ਇਸ ਰਾਗ ਦੇ ਸਵਰ ਪ੍ਰਾਪਤ ਹੋ ਜਾਂਦੇ ਹਨ।

| | |
|---|---|
| ਥਾਟ | ਖਮਾਜ |
| ਆਰੋਹ | ਸ ਗ ਮ ਪ ਨਿ੍ ਸਂ |
| ਅਵਰੋਹ | ਸਂ ਨਿ੍ ਧ ਮ ਗ ਸ |
| ਜਾਤੀ | ਔੜਵ- ਔੜਵ |
| ਸਮਾਂ | ਰਾਤ ਦਾ ਪਹਿਲਾ ਪਹਿਰ |
| ਵਾਦੀ | ਮ |

ਸੰਵਾਦੀ ਸ

ਨਿਆਸ ਦੇ ਸੁਰ ਮ, ਸ

6. **ਮਾਂਝ ਖਮਾਜ –** ਇਹ ਰਾਗ ਉ. ਅਲਾਉਦੀਨ ਖਾਂ ਦੁਆਰਾ ਨਿਰਮਿਤ ਹੈ ਜਾਂ ਨਹੀਂ ਇਸ ਵਿਸ਼ੇ ਵਿੱਚ ਵਿਦਿਵਾਨਾਂ ਦੇ ਮੱਤਭੇਦ ਹਨ। ਉ. ਅਲੀ ਅਕਬਰ ਖਾਂ ਤੇ ਸ਼੍ਰੀ ਜਿਯੋਤਿਨ ਭੱਟਾਚਾਰਯ ਜੀ ਨੇ ਇਸ ਰਾਗ ਨੂੰ ਖਾਂ ਸਾਹਿਬ ਦੁਆਰਾ ਨਿਰਮਿਤ ਰਾਗ ਦੱਸਿਆ ਹੈ। ਪੰ. ਰਵੀ ਸ਼ੰਕਰ ਜੀ ਨੇ ਦੱਸਿਆ ਹੈ ਕਿ ਮਾਂਝ ਖਮਾਜ ਬਾਬਾ ਦੁਆਰਾ ਨਿਰਮਿਤ ਰਾਗ ਨਹੀਂ ਹੈ ਬਲਕਿ ਇਸ ਰਾਗ ਨੂੰ ਪੂਰਣਤਾ ਵਿਕਸਿਤ ਕਰਨ ਦਾ ਸ਼੍ਰੇਅ ਜਰੂਰ ਹੀ ਖਾਂ ਸਾਹਿਬ ਨੂੰ ਹੈ। ਮੂਲ ਰੂਪ ਵਿੱਚ ਇਹ ਰਾਗ ਰਾਮਪੁਰ ਦੇ ਲੋਕ ਸੰਗੀਤ ਵਿੱਚ 'ਰਿਤੂ ਆਈ' ਧੁਨ ਦੇ ਨਾਮ ਨਾਲ ਬਹੁਤ ਪ੍ਰਚਲਿਤ ਸੀ। ਖਾਂ ਸਾਹਿਬ ਨੇ ਉਸ ਨੂੰ ਸ਼ਾਸਤਰੀਯ ਸੰਗੀਤ ਵਿੱਚ ਇੰਨਾਂ ਵਿਕਸਿਤ ਕਰ ਦਿੱਤਾ ਕਿ ਅੱਜ ਇਹ ਰਾਗ ਸਰਵਵਿਦਿਤ ਹੈ। [29]

ਥਾਟ ਖਮਾਜ

ਆਰੋਹ ਸ ਗ ਮ ਪ ਨਿ ਸਂ

ਅਵਰੋਹ ਸਂ ਨ੍ਹਿ ਧ ਪ ਮ ਗ ਰੇ ਸ

ਜਾਤੀ ਸ਼ਾੜਵ-ਸੰਪੂਰਨ

ਸਮਾਂ ਸ਼ਾਮ

7. **ਹੇਮੰਤ–** ਉ. ਅਲਾਉਦੀਨ ਦਾ ਰਚਿਤ ਇਹ ਰਾਗ ਬਹੁਤ ਪ੍ਰਚਲਿਤ ਹੋਇਆ ਹੈ। ਖਾਂ ਸਾਹਿਬ ਨੇ ਹੇਮੰਤ ਰੁੱਤ ਦੇ ਆਧਾਰ 'ਤੇ ਇਸ ਰਾਗ ਦੀ ਰਚਨਾ ਕੀਤੀ ਹੈ। ਇਸ ਰਾਗ ਨੂੰ ਆਨੰਦੀ ਦੁਰਗਾ ਵੀ ਕਿਹਾ ਜਾਂਦਾ ਹੈ।

ਥਾਟ ਬਿਲਾਵਲ

ਆਰੋਹ ਸ ਗ ਮ ਪ ਧ ਨਿ ਸਂ

---

[29] ਉਸਤਾਦ ਅਲਾਉਦੀਨ ਖਾਂ ਦੁਆਰਾ ਨਿਰਮਿਤ ਰਾਗ ਔਰ ਉਨਕੀ ਬੰਦਿਸ਼ੇਂ, ਡਾ. ਪ੍ਰਭਾ ਜੈਨ, ਪੰ 104

| | |
|---|---|
| ਅਵਰੋਹ | ਸਂ ਨਿ ਧ ਪ ਮ ਗ ਰੇ ਸ |
| ਜਾਤੀ | ਔੜਵ-ਸੰਪੂਰਨ |
| ਸਮਾਂ | ਰਾਤ ਦਾ ਦੂਸਰਾ ਪਹਿਰ |
| ਵਾਦੀ | ਮ |
| ਸੰਵਾਦੀ | ਸ |
| ਨਿਆਸ ਦੇ ਸੁਰ | ਸ, ਮ, ਧ, ਨਿ |

**8. ਦੁਰਗੇਸ਼ਵਰੀ –** ਇਸ ਰਾਗ ਨੂੰ ਉ. ਅਲਾਉਦੀਨ ਖਾਂ ਨੇ ਸਿਰਜਿਆ ਹੈ। ਇਸ ਰਾਗ ਵਿੱਚ ਦੁਰਗਾ (ਬਿਲਾਵਲ ਅੰਗ) ਵਿੱਚ ਮ' ਨਾਲ ਦੁਰਗੇਸ਼ਵਰੀ ਰਾਗ ਬਣ ਜਾਂਦਾ ਹੈ। ਇਸ ਰਾਗ ਵਿੱਚ ਪੰਚਮ ਤੇ ਰਿਸ਼ਭ ਸੁਰ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ।

| | |
|---|---|
| ਥਾਟ | ਕਲਿਆਣ |
| ਆਰੋਹ | ਧ਼ ਸ ਰੇ ਮ' ਪ ਧ ਸਂ ਰੇਂ ਸਂ |
| ਅਵਰੋਹ | ਰੇਂ ਸਂ ਧ ਪ, ਪ ਮ ਰੇ ਮ ਧ਼ ਸ |
| ਪਕੜ | ਧ਼ ਸ ਰੇ ਮ', ਪ ਮ ਰੇ ਧ਼ ਸ |
| ਜਾਤੀ | ਔੜਵ-ਔੜਵ |
| ਸਮਾਂ | ਰਾਤ ਦਾ ਦੂਸਰਾ ਪਹਿਰ |
| ਵਾਦੀ | ਸ |
| ਸੰਵਾਦੀ | ਮ |
| ਨਿਆਸ ਦੇ ਸੁਰ | ਸ, ਧ |

**9. ਧਵਲੇਸ਼੍ਰੀ –** ਇਸ ਦੇ ਰਚਨਾਕਾਰ ਉ. ਅਲਾਉਦੀਨ ਖਾਂ ਹਨ। ਇਸ ਰਾਗ ਵਿੱਚ ਰਾਗ ਸ਼੍ਰੀ ਝਲਕਦਾ ਹੈ। ਇਨ੍ਹਾਂ ਦੋਵਾਂ ਰਾਗਾਂ ਦਾ ਆਰੋਹਾਤਮਕ ਸਰੂਪ ਸਮਾਨ ਮੰਨਿਆ ਜਾ ਸਕਦਾ ਹੈ ਕਿਉਂਕਿ ਰਾਗ ਸ਼੍ਰੀ ਦੇ ਆਰੋਹ ਵਿੱਚ ਵੀ ਰੇ ਮ' ਦੇ ਨਾਲ ਰੇ ਮ' ਮ ਪ ਨਿ ਸਂ ਜਾਂਦੇ ਹਨ ਤੇ ਧਵਲੇਸ਼੍ਰੀ ਰਾਗ ਦੇ ਆਰੋਹ ਵਿੱਚ ਵੀ ਇਸੇ ਤਰ੍ਹਾਂ ਖਾਂ ਸਾਹਿਬ ਨੇ ਪ੍ਰਯੁਕਤ ਕੀਤੇ ਹਨ। ਅਵਰੋਹ ਵਿੱਚ ਸ਼ੁੱਧ ਧੈਵਤ ਦੇ ਪ੍ਰਯੋਗ ਨਾਲ ਇਹ ਰਾਗ ਸ਼੍ਰੀ ਨਾਲੋਂ ਭਿੰਨ ਹੋ ਜਾਂਦਾ ਹੈ।

| | |
|---|---|
| ਥਾਟ | ਮਾਰਵਾ |
| ਆਰੋਹ | ਸ ਰੇ ਮ ਪ ਨਿ ਸਂ |
| ਅਵਰੋਹ | ਸਂ ਨਿ ਧ ਪ ਮ' ਗ ਰੇ ਸ |
| ਜਾਤੀ | ਔੜਵ-ਸੰਪੂਰਨ |
| ਸਮਾਂ | ਸ਼ਾਮ |
| ਵਾਦੀ | ਪ |
| ਸੰਵਾਦੀ | ਸ |

**10. ਭੁਵਨੇਸ਼ਵਰੀ –** ਇਸ ਰਾਗ ਨੂੰ ਉ. ਅਲਾਉਦੀਨ ਖਾਂ ਨੇ ਨਿਰਮਿਤ ਕੀਤਾ ਹੈ। ਇਸ ਦੇ ਉਤਰਾਂਗ ਵਿੱਚ ਭੁਪਾਲੀ ਰਾਗ ਝਲਕਦਾ ਹੈ। ਪਰ ਮਧਿਅਮ ਦੇ ਪ੍ਰਯੋਗ ਨਾਲ ਭੁਪਾਲੀ ਰਾਗ ਦੀ ਛਾਇਆ ਦੂਰ ਹੋ ਜਾਂਦੀ ਹੈ। ਇਸ ਰਾਗ ਵਿੱਚ ਮ ਗ ਰੇ ਸ ਨਾਲ ਆਉਂਦੇ ਹਨ।

ਥਾਟ ਬਿਲਾਵਲ

| | |
|---|---|
| ਆਰੋਹ | ਸ ਰੇ ਗ ਮ ਪ ਧ ਸਂ |
| ਅਵਰੋਹ | ਸਂ ਧ ਪ ਮ ਗ ਰੇ ਸ |
| ਜਾਤੀ | ਸ਼ਾੜਵ- ਸ਼ਾੜਵ |
| ਸਮਾਂ | ਪ੍ਰਾਤਕਾਲ |

ਵਾਦੀ            ਮ

ਸੰਵਾਦੀ          ਸ

**11. ਕੇਦਾਰ-ਮਾਂਝ –** ਇਸ ਰਾਗ ਦੀ ਸਿਰਜਨਾ ਉ.ਅਲਾਉਦੀਨ ਖਾਨ ਨੇ ਕੇਦਾਰ ਤੇ ਮਾਂਝ ਦੋ ਰਾਗਾਂ ਨੂੰ ਮਿਲਾ ਕੇ ਕੀਤੀ ਹੈ। ਇਸ ਦੇ ਪੂਰਵਾਂਗ ਵਿੱਚ ਕੇਦਾਰ ਤੇ ਉਤਰਾਂਗ ਵਿੱਚ ਕੋਮਲ ਨਿਸ਼ਾਦ ਦੇ ਪ੍ਰਯੋਗ ਨਾਲ ਰਾਗ ਮਾਂਝ ਝਲਕਦਾ ਹੈ।

ਥਾਟ            ਖਮਾਜ

ਆਰੋਹ           ਸ ਮ ਗ ਪ ਮ' ਧ ਨਿ ਸਂ

ਅਵਰੋਹ          ਸਂ ਨਿ੍ ਧ ਪ ਮ ਪ ਮ ਰੇ ਸ

ਸਮਾਂ            ਸ਼ਾਮ

ਜਾਤੀ            ਔੜਵ- ਸ਼ਾੜਵ

ਚਲਨ           ਵਕਰ

**12. ਚੰਡਿਕਾ –** ਇਸ ਰਾਗ ਦੀ ਉੱਤਪੱਤੀ ਉ. ਅਲਾਉਦੀਨ ਖਾਂ ਦੁਆਰਾ ਕੀਤੀ ਗਈ ਹੈ। ਇਸ ਰਾਗ ਵਿੱਚ ਮੀਆਂ ਮਲਹਾਰ, ਕਾਫੀ ਤੇ ਬਾਗੇਸ਼ਰੀ ਦਾ ਮਿਸ਼ਰਣ ਕੀਤਾ ਗਿਆ ਹੈ।

ਥਾਟ            ਕਾਫੀ

ਆਰੋਹ           ਸ ਰੇ ਗੁ ਮ ਪ ਨਿ੍ ਧ ਨਿ ਸਂ

ਅਵਰੋਹ          ਸਂ ਨਿ੍ ਧ ਪ ਮ ਗੁ ਰੇ ਸ

ਜਾਤੀ            ਸੰਪੂਰਨ

ਸਮਾਂ            ਮੱਧ ਰਾਤ

ਵਾਦੀ            ਮ

ਸੰਵਾਦੀ          ਸ

**13. ਮੁਹੰਮਦ –** ਇਸ ਰਾਗ ਦੇ ਰਚਨਾਕਾਰ ਉ.ਅਲਾਉਦੀਨ ਖਾਂ ਹਨ। ਇਹ ਰਾਗ ਤਿਲਕ ਦੇ ਸਮਾਨ ਲੱਗਦਾ ਹੈ। ਪਰ ਇਸ ਰਾਗ ਵਿੱਚ ਮ ਦਾ ਅਲਪ ਪ੍ਰਯੋਗ ਮਿਲਦਾ ਹੈ।

| | |
|---|---|
| ਥਾਟ | ਬਿਲਾਵਲ |
| ਆਰੋਹ | ਸ ਰੇ ਗ ਮ ਪ ਨਿ ਸਂ |
| ਅਵਰੋਹ | ਸਂ ਨਿ ਪ ਮ ਗ ਰੇ ਸ |
| ਜਾਤੀ | ਸ਼ਾੜਵ–ਸ਼ਾੜਵ |
| ਸਮਾਂ | ਪ੍ਰਾਤਕਾਲ |
| ਵਾਦੀ | ਪ |
| ਸੰਵਾਦੀ | ਰੇ |

**14. ਕੌਸ਼ੀ ਭੈਰਵ –** ਇਸ ਰਾਗ ਨੂੰ ਕੌਂਸ ਤੇ ਭੈਰਵ ਰਾਗਾਂ ਦੇ ਮਿਸ਼ਰਣ ਨਾਲ ੳ. ਅਲਾਉਦੀਨ ਖਾਂ ਨੇ ਸਿਰਜਿਆ ਹੈ।

| | |
|---|---|
| ਥਾਟ | ਭੈਰਵ |
| ਆਰੋਹ | ਸ ਗੁ ਮ ਧੁ ਨਿ੍ ਸਂ |
| ਅਵਰੋਹ | ਸਂ ਨਿ੍ ਧੁ ਪ ਮ ਗ ਰੇ੍ ਸ |
| ਜਾਤੀ | ਔੜਵ–ਸੰਪੂਰਨ |
| ਸਮਾਂ | ਰਾਤ ਦਾ ਤੀਜਾ ਪਹਿਰ |
| ਵਾਦੀ | ਧੁ |
| ਸੰਵਾਦੀ | ਰੇ੍ |
| ਨਿਆਸ ਦੇ ਸਵਰ | ਮ, ਧ, ਰੇ |

**15. ਨੱਟ ਭੈਰਵ –** ਇਸ ਰਾਗ ਦੀ ਰਚਨਾ ਪੰ. ਰਵੀ ਸ਼ੰਕਰ ਨੇ 1945 ਈ. ਵਿੱਚ ਕੀਤੀ। ਇਹ ਭੈਰਵ ਦਾ ਇੱਕ ਪ੍ਰਕਾਰ ਹੈ। ਇਸ ਰਾਗ ਦੀ ਉੱਤਪੱਤੀ ਨੱਟ ਅਤੇ ਭੈਰਵ ਦੇ ਸੁਮੇਲ ਤੋਂ ਹੋਈ ਹੈ। ਇਸਦੇ ਪੂਰਵਾਂਗ ਵਿੱਚ ਨੱਟ ਅਤੇ ਉਤਰਾਂਗ ਵਿੱਚ ਭੈਰਵ ਹੈ।

| | |
|---|---|
| ਆਰੋਹ | ਸ ਰੇ ਗ ਮ ਪ ਧੁ ਨੀ ਸਂ |
| ਅਵਰੋਹ | ਸਂ ਨੀ ਧੁ ਪ ਮ ਗ ਰੇ ਸ |
| ਪਕੜ | ਸ ਗਰੇ ਗ ਮ ਧੁ ਪ, ਗ ਮ ਧੁ, ਧੁ ਪ, ਗ ਮ ਰੇ, ਰੇ ਸ। |
| ਥਾਟ | ਭੈਰਵ |
| ਅੰਗ | ਭੈਰਵ |
| ਜਾਤੀ | ਸੰਪੂਰਨ |
| ਵਾਦੀ | ਪ |
| ਸੰਵਾਦੀ | ਸ |
| ਸਮਾਂ | ਸਵੇਰ (9 ਤੋਂ 11 ਵਜੇ ਤੱਕ) |

According to Pt. Ravi Shankar, " In 1945 I had also created my first new raaga my own version of morning raaga, Nat-Bairav. I started playing it in concerts and radio programs and rapidly caught on with other musicians. This is the first of many original Raaga's that I have created through my life."[30]

**16. ਅਹੀਰ ਲਲਿਤ –** ਇਸ ਰਾਗ ਦੀ ਰਚਨਾ ਪੰ. ਰਵੀਸ਼ੰਕਰ ਜੀ ਨੇ 1945-46 ਵਿੱਚ ਕੀਤੀ। ਇਹ ਰਾਗ ਦੋ ਰਾਗਾਂ ਦੇ ਮੇਲ ਤੋਂ ਬਣਿਆ ਹੈ।

| | |
|---|---|
| ਆਰੋਹ | ਸ ਰੇੁ ਗ ਮ ਮ' ਧ ਨੁੀ ਸਂ |
| ਅਵਰੋਹ | ਸਂ ਨੁੀ ਧ ਮ' ਮ ਧ ਮ' ਗ ਰੇੁ ਸ |

[30] ਰਾਗਮਾਲਾ, ਪੰ. ਰਵੀਸ਼ੰਕਰ, ਪੰ. ਨੰ. 109

ਪਕੜ ਼ਨਿ ਰੇ ऽ ਸ, ਗ ਮ ਮ' ਧ ਨਿ ਸਂ ਨਿ ਧ

ਥਾਟ ਭੈਰਵ

ਅੰਗ ਭੈਰਵ

ਜਾਤੀ ਸ਼ਾੜਵ-ਸ਼ਾੜਵ

ਵਾਦੀ ਮ

ਸੰਵਾਦੀ ਸ

ਸਮਾਂ ਪ੍ਰਾਤਕਾਲ

ਪੰ. ਵਿਨਾਇਕ ਰਾਉ ਪਟਵਰਧਨ ਦੇ ਅਨੁਸਾਰ, "ਕੁਝ ਵਿਦਿਵਾਨ ਇਸ ਰਾਗ ਵਿੱਚ ਲਲਿਤ (ਸ਼ੁੱਧ ਧੈਵਤ) ਤੇ ਅਹੀਰ ਦਾ ਸੰਯੋਗ ਮੰਨਦੇ ਹਨ। ਇਸਦੇ ਇਲਾਵਾ ਕੁਝ ਗੁਣੀਜਨ ਰਾਗ-ਪਰਮੇਸ਼ਵਰੀ ਵਿੱਚ ਕੋਮਲ ਗੰਧਾਰ ਦੀ ਜਗ੍ਹਾ ਸ਼ੁੱਧ ਗੰਧਾਰ ਅਤੇ ਦੋਵੇਂ ਮਧਿਅਮ ਦਾ ਪ੍ਰਯੋਗ ਕਰਨ ਨਾਲ ਇਸਦੀ ਰਚਨਾ ਮੰਨਦੇ ਹਨ। [31]

**17. ਰਸੀਆ –** ਇਸ ਰਾਗ ਦੀ ਰਚਨਾ 1946 ਵਿੱਚ ਪੰ. ਰਵੀਸ਼ੰਕਰ ਨੇ ਕੀਤੀ। ਇਸਦੇ ਪੂਰਵਾਂਗ ਵਿੱਚ ਪਹਾੜੀ ਅਤੇ ਉਤਰਾਂਗ ਵਿੱਚ ਯਮਨ ਦੇ ਸੁਰਾਂ ਦਾ ਪ੍ਰਯੋਗ ਕੀਤਾ ਗਿਆ ਹੈ।

According to B. Subbarao, "We owe this raga to the well known sitarist Pandit Ravi Shankar. It is a mixture of raga Pahadi and Yaman. Expecting ma which is tivra ma (prati ma) all others swaras are shudh swaras. This raga is not yet popular among vocalists. There is no Karnatka raaga called Rasiya, nor one which resembles this new Hindustani Raaga."[32]

ਆਰੋਹ ਸ ਰੇ ਗ ਪ ਧ ਨੀ ਸਂ

ਅਵਰੋਹ ਸਂ ਨੀ ਧ ਪ ਮ' ਗ ਰੇ ਸ

---

[31] ਰਾਗ ਵਿਗਿਆਨ, ਪਟਵਰਧਨ, ਭਾਗ- 8, ਪੰ. 7
[32] ਰਾਗਨਿਧੀ. ਬੀ. ਸੁੱਬਾਰਾਵ, ਭਾਗ-4

ਪਕੜ ਗ ਪ ਧ ਨੀ ਸਂ, ਨੀ ਧ, ਪ ਨੀ ਧ, ਪ ਮ' ਪ ਨੀ ਧ, ਪਮ'ਪ

ਥਾਟ ਕਲਿਆਣ

ਜਾਤੀ ਸ਼ਾੜਵ-ਸੰਪੂਰਨ

ਗਾਇਨ ਸਮਾਂ ਸ਼ਾਮ ਦਾ ਸਮਾਂ

ਵਾਦੀ ਗ

ਸੰਵਾਦੀ ਧ

**18. ਜਨਸੰਮੋਹਿਨੀ –** ਪੰ. ਰਵੀ ਸ਼ੰਕਰ ਨੇ ਇਸ ਰਾਗ ਦੀ ਕਲਪਨਾ 1947 ਵਿੱਚ ਕੀਤੀ। "ਹਿੰਦੁਸਤਾਨੀ ਪੱਧਤੀ ਦੀ ਦ੍ਰਿਸ਼ਟੀ ਤੋਂ ਪੂਰਵਾਂਗ ਵਿੱਚ ਕਲਿਆਣ ਅਤੇ ਉਤਰਾਂਗ ਵਿੱਚ ਝਿੰਝੋਟੀ ਦੇ ਮਿਸ਼ਰਣ ਨਾਲ ਇਸ ਰਾਗ ਦਾ ਜਨਮ ਹੋਇਆ"। [33]

ਆਰੋਹ ਸ ਰੇ ਗ ਪ ਧ ਸਂਨਿ̱ ਨਿ̱ ਸਂ

ਅਵਰੋਹ ਸਂ ਨਿ̱ ਧ ਪ ਗ ਪ ਧ ਨਿ̱ ਧ ਪ ਗ ਪ ਗ ਰੇ ਸ

ਪਕੜ ਗ ਪ ਧ ਨਿ̱ ਧ sਪ, ਗ ਪ ਗਰੇ ਮਨ਼ਿ ਸ_

ਥਾਟ ਖਮਾਜ

ਸਮਾਂ ਰਾਤ ਦਾ ਦੂਜਾ ਪਹਿਰ

ਵਾਦੀ ਗ

ਸੰਵਾਦੀ ਧ

ਜਾਤੀ ਸ਼ਾੜਵ-ਸ਼ਾੜਵ

ਨਿਆਸ ਦੇ ਸਵਰ ਰੇ, ਗ, ਪ

---

[33] *www. Spatswargyan.in*

**19. ਤਿਲਕ ਸ਼ਿਯਾਮ** – ਇਸ ਰਾਗ ਦੀ ਰਚਨਾ 1948 ਵਿੱਚ ਪੰ. ਰਵੀ ਸ਼ੰਕਰ ਨੇ ਤਿਲਕ ਕਾਮੋਦ ਤੇ ਸ਼ਿਯਾਮ ਕਲਿਆਣ ਦੇ ਮਿਸ਼ਰਣ ਨਾਲ ਕੀਤੀ।

| | |
|---|---|
| ਆਰੋਹ | .ਪ.ਨੀ ਸ ਰੇ ਗ ਸ ਰੇ ਮ' ਪ ਧ ਪ, ਮ' ਪ ਨੀ ਸੰ |
| ਅਵਰੋਹ | ਸੰ ਨੀ ਸੰ ਪ ਮ' ਪ ਮ ਗ ਰੇ ਸ, ਸ ਰੇ ਗ ਸ |
| ਪਕੜ | ਪ .ਨਿ ਸ ਰੇ ਗ ਸ ਰੇ ਮ' ਪ। |
| ਥਾਟ | ਕਲਿਆਣ |
| ਜਾਤੀ | ਸ਼ਾੜਵ- ਸੰਪੂਰਨ |
| ਸਮਾਂ | ਰਾਤ ਦਾ ਦੂਸਰਾ ਪਹਿਰ |
| ਵਾਦੀ | ਪ |
| ਸੰਵਾਦੀ | ਸ |

**20. ਮੋਹਨਕੌਂਸ** – ਇਹ ਰਾਗ ਵੀ ਪੰ. ਰਵੀ ਸ਼ੰਕਰ ਦੀ ਹੀ ਦੇਣ ਹੈ। ਪੰ. ਜੀ ਨੇ ਇਹ ਰਾਗ ਮਹਾਤਮਾ ਗਾਂਧੀ ਨੂੰ ਭੇਂਟ ਕੀਤਾ ਸੀ। ਸੰਨ 1948 ਵਿੱਚ ਇਸ ਰਾਗ ਦੀ ਰਚਨਾ ਕੀਤੀ ਗਈ। ਗਾਂਧੀ ਜੀ ਦਾ ਨਾਮ ਮੋਹਨ ਤੇ ਉਸਦੇ ਨਾਲ ਮਾਲਕੌਂਸ ਤੋਂ ਕੌਂਸ ਲੈ ਕੇ ਇਸ ਰਾਗ ਦਾ ਨਾਮ ਮੋਹਨਕੌਂਸ ਰੱਖ ਦਿੱਤਾ। ਇਸ ਰਾਗ ਦੇ ਉਤਰਾਂਗ ਵਿੱਚ ਕੌਂਸ ਅੰਗ ਪ੍ਰਬਲ ਰਹਿੰਦਾ ਹੈ ਪਰ ਪੂਰਵਾਂਗ ਵਿੱਚ ਸ਼ੁੱਧ ਗ ਤੇ ਰੇ ਦੇ ਪ੍ਰਯੋਗ ਨਾਲ ਮਾਲਕੌਂਸ ਦੀ ਛਾਇਆ ਦੂਰ ਹੋ ਜਾਂਦੀ ਹੈ ਤੇ ਇੱਕ ਨਵਾਂ ਰਾਗ ਉੱਭਰ ਕੇ ਸਾਹਮਣੇ ਆਇਆ।

| | |
|---|---|
| ਆਰੋਹ | ਸ ਗ ਮ, ਧੁ ਨਿ ਸੰ |
| ਅਵਰੋਹ | ਸੰ ਨਿ ਧੁ ਮ ਗ, ਮ ਰੇ ਗ ਮ ਗ ਸ |
| ਪਕੜ | ਸ ਮ ਗਮਸ, ਰੇ ਗ ਮ, ਗ ਮ ਧੁ ਮ |
| ਥਾਟ | ਭੈਰਵੀ |
| ਜਾਤੀ | ਔੜਵ-ਵਕਰ ਸ਼ਾੜਵ |

ਸਮਾਂ ਰਾਤ ਦਾ ਦੂਸਰਾ ਪਹਿਰ

ਵਾਦੀ ਮ

ਸੰਵਾਦੀ ਸ

**21. ਬੈਰਾਗੀ** – ਪੰ. ਰਵੀ ਸ਼ੰਕਰ ਦੀ ਇਹ ਇੱਕ ਪ੍ਰਸਿੱਧ ਤੇ ਮਧੁਰ ਰਚਨਾ ਹੈ। ਇਸ ਰਾਗ ਦੀ ਸਿਰਜਨਾ 1949 ਵਿੱਚ ਕੀਤੀ ਗਈ। ਇਸਨੂੰ 'ਬੈਰਾਗੀ ਭੈਰਵ ਨਾਮ ਦੇ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ।

ਹੇਮਰਾਜ ਚੰਦੇਲ ਦੇ ਅਨੁਸਾਰ, "ਇਸ ਰਾਗ ਦੇ ਪੂਰਵਾਂਗ ਵਿੱਚ 'ਭੈਰਵ' ਤੇ ਉਤਰਾਂਗ ਵਿੱਚ 'ਮਧਮਾਦ ਸਾਰੰਗ' ਦੇ ਸਵਰਾਂ ਦਾ ਮਿਸ਼ਰਣ ਹੈ। ਇਸਦੀ ਰਚਨਾ ਦੇ ਸੰਦਰਭ ਵਿੱਚ ਵਿਦਿਵਾਨਾਂ ਦਾ ਮੰਨਣਾ ਹੈ ਕਿ 'ਮਧਮਾਦ ਸਾਰੰਗ' ਵਿੱਚ ਰਿਸ਼ਭ ਸੁਰ ਨੂੰ ਕੋਮਲ ਕਰਕੇ ਉਸ ਵਿੱਚ ਭੈਰਵ ਅੰਗ ਮਿਲਾਉਣ ਨਾਲ ਇਸ ਰਾਗ ਦੀ ਰਚਨਾ ਹੋਈ ਹੈ। ਇਸ ਰਾਗ ਵਿੱਚ ਭੈਰਵ ਸਪੱਸ਼ਟ ਕਰਨ ਲਈ ਮਧਿਅਮ ਤੋਂ ਰਿਸ਼ਭ ਲਿਆ ਜਾਂਦਾ ਹੈ"। [34]

ਆਰੋਹ ਸ ਰੇ ਮ ਪ ਨੀ ਸੰ

ਅਵਰੋਹ ਸੰ ਨੀ ਪ ਮ ਰੇ ਸ

ਪਕੜ ਨਿ ਪ ਮ ਰੇ, ਰੇ ਮ, ਰੇ ਼ਨਿ ਰੇ ਸ

ਥਾਟ ਭੈਰਵ

ਵਾਦੀ ਮ

ਸੰਵਾਦੀ ਸ

ਸਮਾਂ ਪ੍ਰਾਤਕਾਲ

ਜਾਤੀ ਔੜਵ- ਔੜਵ

ਨਿਆਸ ਦੇ ਸਵਰ ਸ ਰੇ ਮ ਪ

---

[34] ਸ਼ਰਸ ਰਾਗਰੰਗ, ਹੇਮਰਾਜ ਚੰਦੇਲ, ਪੰ. 47

**22. ਯਮਨ ਮਾਂਝ** – ਇਸ ਰਾਗ ਦੀ ਰਚਨਾ ਪੰ. ਰਵੀ ਸ਼ੰਕਰ ਨੇ 1946-1947 ਦੇ ਦੌਰਾਨ ਕੀਤੀ। ਇਸ ਰਾਗ ਵਿੱਚ ਯਮਨ ਤੇ ਖਮਾਜ ਦਾ ਮਿਸ਼ਰਣ ਕੀਤਾ ਜਾਪਦਾ ਹੈ।

ਪੰ. ਬਰੁਣ ਕੁਮਾਰ ਪਾਲ ਦੇ ਅਨੁਸਾਰ, "ਪੰ. ਜੀ ਇਸ ਰਾਗ ਦੇ ਵਿਸ਼ੇ ਵਿੱਚ ਦੱਸਦੇ ਹਨ ਕਿ ਬਾਬਾ (ਉਸਤਾਦ ਅਲਾਉਦੀਨ ਖਾਂ) ਦੇ ਨਾਲ ਇਹ ਰਾਗ ਮੈਂ ਕਈ ਵਾਰ ਬਜਾਇਆ ਪਰ ਇਹ ਰਾਗ ਯਮਨੀ ਬਿਲਾਵਲ ਦੇ ਜਿਆਦਾ ਨਜਦੀਕ ਸੀ ਜੋ ਕਲਿਆਣ ਅਤੇ ਬਿਲਾਵਲ ਦਾ ਮਿਸ਼ਰਣ ਹੈ। ਬਾਬਾ ਇਸ ਨੂੰ ਉਸ ਸਮਾਂ 'ਲੂਮ' ਕਹਿੰਦੇ ਸੀ। ਜੋ ਯਮਨ ਮਾਂਝ ਮੈ ਵਜਾਉਂਦਾ ਹਾਂ ਉਹ ਪੂਰੀ ਤਰ੍ਹਾਂ ਮੇਰਾ ਬਣਾਇਆ ਤੇ ਵਿਕਸਿਤ ਕੀਤਾ ਹੋਇਆ ਪ੍ਰਕਾਰ ਹੈ। ਇਸ ਮੈਂ 'ਯਮਨ ਕਲਿਆਣ ਵਿੱਚ ਖਮਾਜ' ਅੰਗ ਦਾ ਪ੍ਰਯੋਗ ਕਰਕੇ ਵਿਕਸਿਤ ਕੀਤਾ ਗਿਆ ਹੈ। ਜਿਸਦਾ ਮੁਖੜਾ ਇਸ ਪ੍ਰਕਾਰ ਬਣਾਇਆ ਹੈ ਜਿਵੇਂ ਸ ਰੇ ਸ ਗ ਅਤੇ ਇਸ ਵਿੱਚ ਕੁਝ ਹੋਰ ਸਵਰ ਸਮੂਹ ਜੋੜੇ ਜਿਵੇਂ ਗ ਪ ਮ', ਰੇ ਪ ਮ, ਰੇ ਮ ਗ, ਨ਼ਿ ਰੇ ਸ, ਸ ਰੇ ਸ ਗ[35]

ਚਲਨ – ਨ਼ਿਰੇਗ ਮ ਗ ਰੇ ਗ, ਸ [ਨ਼ਿ]ਰੇ ਸ, ਨ਼ਿ ਸ ਧ਼ ਨ਼ਿ ਰੇ ਗ ਪ ਮ', ਰੇ ਪ ਮ, ਰੇ ਗ ਮ, ਨ਼ਿ ਰੇ ਸ, ਸ ਰੇ ਸ ਗ, ਗ ਮ ਗ ਪ, ਮ' ਪ ਮ', ਗ ਰੇ ਨ਼ਿ ਰੇ, [ਪਮ'ਪ]ਪ ਮ ਗ, ਮ' ਨਿ ਧ ਨਿ, ਮ' ਧ ਮ' ਪ ਮ ਗ ਰੇ ਨ਼ਿ ਰੇ, [ਪਮ']ਧ ਪ, ਮ ਗ, ਗ ਮ ਗ ਰੇ ਗ ਰੇ, ਸ ਨ਼ਿ ਰੇ ਸ ਨ਼ਿ ਧ਼ ਨ਼ਿ ਰੇ, ਪ ਧ [ਸਂ]ਨਿ ਧ, ਪ ਮ ਗ, ਮ' ਪ ਪ ਨਿ ਧ ਨਿ ਸ- ਪ ਨਿ ਨਿ ਸਂ ਨਿ ਸਂ ਨਿ ਧ ਨਿ, ਸਂ ਨਿ ਧ ਨਿ ਪ, ਮ' ਮ' ਪ- ਮ' ਨਿ ਧ ਨਿ, ਮ' ਧ ਪ, ਮ ਗ ਮ, ਗ ਰੇ ਗ, ਰੇ ਸ ਨ਼ਿ ਰੇ ਸ ਨ਼ਿ, ਧ਼ ਨ਼ਿ ਰੇ, ਗ ਪ ਮ', ਰੇ ਪ ਮ, ਰੇ ਮ ਗ, ਨ਼ਿ ਰੇ ਸ, ਸ ਰੇ ਸ- ਗ S S। [36]

**23. ਗੂੰਜੀ ਕਾਨ੍ਹੜਾ –** ਇਸ ਰਾਗ ਦੀ ਰਚਨਾ 1947 ਵਿੱਚ ਪੰ. ਰਵੀ ਸ਼ੰਕਰ ਨੇ ਕੀਤੀ। ਇਸ ਰਾਗ ਵਿੱਚ ਦਰਬਾਰੀ ਕਾਨ੍ਹੜਾ ਤੇ ਮਾਲਗੁੰਜੀ ਦਾ ਮਿਸ਼ਰਣ ਕੀਤਾ ਗਿਆ ਹੈ। ਇਸਦੇ ਪੂਰਵਾਂਗ ਵਿੱਚ ਮਾਲਗੁੰਜੀ ਤੇ ਉਤਰਾਂਗ ਵਿੱਚ ਕਾਨ੍ਹੜਾ ਹੈ।

---

[35] ਪੰਡਿਤ ਰਵੀ ਸ਼ੰਕਰ ਦੁਆਰਾ ਨਿਰਮਿਤ ਰਾਗਾਂ ਦਾ ਵ੍ਰਹਿਦ ਏਵੰਮ ਵਿਸ਼ਲੇਸ਼ਣਾਤਮਕ ਅਧਿਐਨ, ਰਣਜੀਤ ਸਿੰਘ ਕਟੋਚ, ਦਿੱਲੀ ਯੂਨੀਵਰਸਿਟੀ
[36] ਉਹੀ

ਥਾਟ ਆਸਾਵਰੀ

ਆਰੋਹ ਨ਼ਿ ਸ ਰੇ ਗ ਮ ਪ ਮ ਪ ਨਿਧੁ ਨਿ੍ ਸਂ

ਅਵਰੋਹ ਸਂ ਰੇਂ ਨਿ੍ ਸਂ, ਨਿਧੁ ਨਿ੍ ਪ ਮ ਪ ਗੁ ਮ ਰੇ ਸ

ਪਕੜ ਰੇ ਨ਼ਿ ਸ ਰੇ ਗ ਮ ਨਿਪ ਗੁ ਮ ਰੇ ਸ

ਜਾਤੀ ਵਕਰ-ਸੰਪੂਰਨ

ਸਮਾਂ ਰਾਤ

ਵਾਦੀ ਮ

ਸੰਵਾਦੀ ਸਂ

24. **ਪੰਚਮ ਸੇ ਗਾਰਾ** - ਇਸ ਰਾਗ ਦੀ ਰਚਨਾ ਪੰ. ਰਵੀ ਸ਼ੰਕਰ ਨੇ ਕੀਤੀ ਹੈ।

ਥਾਟ ਖਮਾਜ

ਆਰੋਹ ਸ ਗ ਮ ਪ ਧ ਨਿ ਸਂ

ਅਵਰੋਹ ਸਂ ਨਿ੍ ਧ ਪ, ਮ' ਪ ਗ ਮ ਗ ਰੇ ਸ

ਪਕੜ ਮ' ਪ ਧ ਨਿ੍ ਰੇਂ ਧ ਪ, ਮ' ਪ ਗ ਮ ਪ

ਜਾਤੀ ਸ਼ਾੜਵ-ਸੰਪੂਰਨ

ਵਾਦੀ ਪ

ਸੰਵਾਦੀ ਸਂ

25. **ਮਿਸ਼ਰ ਗਾਰਾ** - ਇਸ ਰਾਗ ਨੂੰ 1950 ਵਿੱਚ ਪੰ. ਰਵੀ ਸ਼ੰਕਰ ਦੁਆਰਾ ਨਿਰਮਿਤ ਕੀਤਾ ਗਿਆ।

ਥਾਟ ਕਾਫੀ

ਆਰੋਹ ਸ ਰੇ ਮ ਪ ਧ ਨਿ੍ ਧ ਸਂ

ਅਵਰੋਹ ਸਂ ਨਿ਼ ਧ ਪ ਧ ਮ ਪ ਮ ਗ ਰੇ ਗੁ ਰੇ ਸ

ਪਕੜ ਸ ਗ ਮ ਪ ਗ ਮ ਰੇ ਗੁ ਰੇ ਸ ਨਿ਼ ਸ

ਜਾਤੀ ਸ਼ਾੜਵ-ਸੰਪੂਰਨ

ਸਮਾਂ ਦਿਨ ਦਾ ਚੌਥਾ ਪਹਿਰ

ਵਾਦੀ ਪ

ਸੰਵਾਦੀ ਸਂ

**26. ਜੋਗਕੌਂਸ** – ਇਸ ਰਾਗ ਦੀ ਰਚਨਾ ਪੰ. ਜਗਨਨਾਥ ਬੂਆ ਪਰੋਹਿਤ ਨੇ ਇਸੇ ਕਾਲ ਖੰਡ ਵਿੱਚ ਕੀਤੀ ਜਾਪਦੀ ਹੈ। ਇਸ ਰਾਗ ਦੀ ਉੱਤਪੱਤੀ ਪੰ. ਜੀ ਨੇ ਆਪਣੇ ਗੁਰੂ ਉਸਤਾਦ ਵਿਲਾਇਤ ਹੂਸੈਨ ਖਾਨ (ਪ੍ਰਾਨਪੀਆ) ਦੀ ਯਾਦ ਵਿੱਚ ਕੀਤੀ। ਇਸ ਰਾਗ ਦੀ ਉੱਤਪੱਤੀ ਰਾਗ ਜੋਗ ਤੇ ਚੰਦਰਕੌਂਸ ਦੇ ਮਿਸ਼ਰਣ ਨਾਲ ਮੰਨੀ ਜਾਂਦੀ ਹੈ। ਇਸ ਵਿੱਚ ਪੰਚਮ ਦਾ ਪ੍ਰਯੋਗ ਬਹੁਤ ਘੱਟ ਕੀਤਾ ਜਾਂਦਾ ਹੈ ਤੇ ਮਧਿਅਮ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਦੋਵੇਂ ਗੰਧਾਰ ਜੋਗ ਵਾਂਗ ਲੱਗਦੇ ਹਨ। [37]

ਡਾ. ਮੰਜੂਸ਼੍ਰੀ ਤਿਆਗੀ ਦੇ ਅਨੁਸਾਰ, “ਰਾਗ ਜੌਗਕੌਂਸ ਦੀ ਨਿਰਮਿਤੀ ਜਗਨਨਾਥ ਬੂਆ ਨੇ ਕੀਤੀ ਪਰ ਇਸ ਰਾਗ ਨੂੰ ਪ੍ਰਸਿੱਧ ਬੂਆ ਦੇ ਸ਼ਿਸ਼ਾਂ ਨੇ ਤੇ ਕੁਮਾਰ ਗੰਧਰਵ ਨੇ ਕੀਤਾ ਸੀ। ਸੰਨ 1951 ਵਿੱਚ ਇੱਕ ਮਹਿਫਿਲ ਵਿੱਚ ਕੁਮਾਰ ਗੰਧਰਵ ਨੇ ਬੂਆ ਦੀਆਂ ਰਚਨਾਵਾਂ (ਰਾਗ ਸਵਾਨੰਦੀ ਤੇ ਜੌਗਕੌਂਸ) ਨੂੰ ਗਾਇਆ ਜਿਸ ਨੂੰ ਸੁਣਕੇ ਸਾਰੇ ਸਰੋਤੇ ਮੁਗਧ ਹੋ ਗਏ ਸੀ। ਉਸ ਸਮਾਂ ਤੋਂ ਹੀ ਰਾਗ ਜੌਗਕੌਂਸ ਪ੍ਰਸਿੱਧ ਤੇ ਪ੍ਰਚਲਿਤ ਹੋਇਆ”। [38]

ਥਾਟ ਭੈਰਵੀ

ਆਰੋਹ ਸ ਗ ਮ ਧੁ ਨਿ ਸਂ

ਅਵਰੋਹ ਸਂ ਨਿ ਧੁ ਮ ਪ ਧੁ ਨਿ਼ ਧੁ ਪ ਮ ਗ ਮ ਗੁ ਸ

[37] ਸੰਗੀਤ ਸਰਿਤਾ, ਕੌਂਸ ਕੇ ਪ੍ਰਕਾਰ (ਰਾਗ ਜੋਗਕੌਂਸ), ਅਸ਼ਵਨੀ ਬਿੜੇ ਦੇਸ਼ਪਾਂਡੇ
[38] ਪੰ. ਜਗਨਨਾਥ ਬੂਵਾ ਪਰੋਹਿਤ(ਗੁਨੀਦਾਸ), ਡਾ. ਮੰਜੂਸ਼੍ਰੀ ਤਿਆਗੀ, ਪੰ. 22

ਪਕੜ ਸ.ਧੁ .ਨਿ ਸ, ਗ ਮ, ਧੁ ਨਿ ਧੁ ਮ, ਪ ਧੁ ਨਿ੍ ਧੁ ਪ ਮ ਗ ਮ ਗੁ ਸ ਗ ਮ ਧੁ ਨਿ ਸਂ

ਜਾਤੀ ਸ਼ਾੜਵ-ਸ਼ਾੜਵ

ਸਮਾਂ ਰਾਤ ਦਾ ਤੀਜਾ ਪਹਿਰ

ਵਾਦੀ ਮ

ਸੰਵਾਦੀ ਸ

27. **ਸਵਾਨੰਦੀ** - ਇਸ ਰਾਗ ਦੇ ਰਚਨਾਕਾਰ ਪੰ. ਜਗਨਨਾਥ ਬੂਆ ਪਰੋਹਿਤ ਹੈ। ਇਸ ਵਿੱਚ ਬਿਲਾਵਲ, ਭਿੰਨ ਸ਼ੜਜ, ਸ਼ੁੱਧ ਭਟਿਆਰ ਅਤੇ ਬਿਹਾਗ ਰਾਗ ਦੇ ਸੁਰਾਂ ਦਾ ਮਿਸ਼ਰਣ ਜਾਪਦਾ ਹੈ।

ਥਾਟ ਬਿਲਾਵਲ

ਆਰੋਹ ਸ ਰੇ ਗ ਮ ਪ ਧ ਨਿ ਸਂ

ਅਵਰੋਹ ਸਂ ਨਿ ਧ ਪ ਮ ਗ ਰੇ ਸ

ਜਾਤੀ ਸੰਪੂਰਨ

28. **.ਲਲਿਤਾ ਗੌਰੀ** - ਇਸ ਰਾਗ ਦੀ ਰਚਨਾ ਕੇਸਰਬਾਈ ਕੇਰਕਰ ਨੇ ਕੀਤੀ। ਇਸ ਦੇ ਪੂਰਵਾਂਗ ਵਿੱਚ ਗੌਰੀ ਅਤੇ ਉਤਰਾਂਗ ਵਿੱਚ ਪੂਰਵੀ ਦੇ ਸਵਰਾਂ ਦਾ ਮਿਸ਼ਰਣ ਦਿਖਾਈ ਦਿੰਦਾ ਹੈ।

ਆਰੋਹ .ਨਿ ਰੇੁ ਗ ਮ, ਮ' ਮ ਗ, ਪ, ਧੁ ਨਿ ਸਂ

ਅਵਰੋਹ ਰੇੁਂ ਨਿ, ਸਂ ਧ, ਨਿ ਪ, ਧੁ ਮ' ਮ, ਪ ਗ ਰੇ ਸ

ਪਕੜ .ਨਿ ਰੇ ਗ ਮ, ਮ' ਮ ਗ, ਮ' ਧ ਨਿ ਪ, ਧੁ ਮ' ਗ, ਰੇੁ ਪ ਗ ਰੇੁ ਸ, .ਨਿ, ਰੇੁ ਗ ਰੇੁ ਸ

ਜਾਤੀ ਸੰਪੂਰਨ

ਸਮਾਂ ਸ਼ਾਮ

ਵਾਦੀ ਮ

ਸੰਵਾਦੀ ਸ

**29. ਜੌਨ ਭੈਰਵ** – ਇਸ ਰਾਗ ਦੇ ਨਿਰਮਾਤਾ ਪੰ. ਜਗਨਨਾਥ ਬੂਆ ਪਰੋਹਿਤ ਹਨ। ਡਾ. ਅਨਯਾ ਥੱਤੇ ਦੇ ਅਨੁਸਾਰ ਇਹ ਮਿਸ਼ਰ ਥਾਟ (ਅਸਾਵਰੀ, ਭੈਰਵ) ਦਾ ਰਾਗ ਹੈ । [39]

ਆਰੋਹ ਸ ਮ ਰੇ ਮ ਪ ਧੁ ਪ ਧੁ ਨਿ ਸੰ

ਅਵਰੋਹ ਰੇਂ ਨਿ ਸੰ ਧੁ ਪ ਮ ਪ ਗ ਮ ਰੇੁ ਸ

ਜਾਤੀ ਸੰਪੂਰਨ

ਸਮਾਂ ਦਿਨ ਦਾ ਪਹਿਲਾ ਪਹਿਰ

ਵਾਦੀ ਪ

ਸੰਵਾਦੀ ਸ

**30. ਸ਼ਿਯਾਮ ਬਿਹਾਗ** – ਇਸ ਰਾਗ ਦੀੌ ਰਚਨਾ ਪੰ. ਲਾਲ ਮਣੀ ਮਿਸ਼ਰ ਨੇ 1944 ਵਿੱਚ ਕੀਤੀ। ਇਹ ਕਲਿਆਣ ਅੰਗ ਦਾ ਰਾਗ ਹੈ। ਇਸ ਰਾਗ ਵਿੱਚ ਮਾਰੂ ਬਿਹਾਗ ਤੇ ਸ਼ਿਯਾਮ ਕਲਿਆਣ ਦਾ ਮਿਸ਼ਰਣ ਹੈ। ਇਸਦੇ ਅਵਰੋਹ ਵਿੱਚ ਹਮੇਸ਼ਾ ਗ ਮ ਰੇ ਸ ਦਾ ਪ੍ਰਯੋਗ ਹੁੰਦਾ ਹੈ।

ਥਾਟ ਕਲਿਆਣ

ਆਰੋਹ ਨ਼ਿ ਸ ਗ ਮ' ਪ ਨਿ ਸੰ

ਅਵਰੋਹ ਸੰ ਨਿ ਧ ਪ ਮ' ਪ ਗ ਮ ਰੇ ਸ

ਪਕੜ ਗ ਮ ਰੇ ਸ ਨ਼ਿ ਸ ਗ ਮ' ਪ ਮ' ਪ

---

[39] ਨਵਰਾਗਨਿਰਮਿਤੀਚੀ ਤਤਵੇ,ਡਾ. ਅਨਯਾ ਥੱਤੇ,ਪੰ 93

ਜਾਤੀ ਔੜਵ-ਵਕਰ ਸੰਪੂਰਨ

ਸਮਾਂ ਰਾਤ ਦਾ ਦੂਜਾ ਪਹਿਰ

ਵਾਦੀ ਗ

ਸੰਵਾਦੀ ਨਿ

**31. ਨੀਲਾਂਮਬਰੀ** - ਇਸ ਰਾਗ ਦੀ ਪਹਿਲੀ ਰਿਕਾਰਡਿੰਗ 1936 recording-Hindustani VE.104 ਮਿਤਵਾ ਬਾਲਮਵਾ(ਨੀਲਾਂਮਬਰੀ) ਪ੍ਰਪਾਤ ਹੁੰਦੀ ਹੈ।

ਥਾਟ ਕਾਫੀ

ਆਰੋਹ ਸ ਰੇ ਮ ਪ ਧ ਸਂ

ਅਵਰੋਹ ਰੇਂ ਨਿ਼ ਧ ਪ ਗ ਮ ਗੁ ਰੇ ਨਿ਼ ਸ ਧ਼ ਨਿ਼ ਗੁ ਰੇ ਸ

ਜਾਤੀ ਔੜਵ-ਸੰਪੂਰਨ

ਸਮਾਂ ਰਾਤ ਦਾ ਪਹਿਲਾ ਪਹਿਰ

ਵਾਦੀ ਰੇ

ਸੰਵਾਦੀ ਪ

**32. ਗੌਰੀ ਮੰਜਰੀ –** ਇਸ ਰਾਗ ਦੀ ਉਪਜ ਉ. ਅਲੀ ਅਕਬਰ ਖਾਂ ਨੇ ਕੀਤੀ ਹੈ।

ਸ਼ਾਂਤਨੂੰ ਸ਼ਰਮਾ ਦੇ ਅਨੁਸਾਰ, "14 ਵਰਸ਼ ਕੀ ਆਯੂ ਮੇਂ ਅਪਨੇ ਸਰਬਪ੍ਰਥਮ ਅਲਾਹਾਬਾਦ ਕੇ ਏਕ ਸੰਗੀਤ ਸਮਾਰੋਹ ਮੇਂ ਭਾਗ ਲੀਆ ਜੋ ਕਿ ਸੰਨ 1936 ਮੇਂ ਹੂਆ ਥਾ। ਆਪਕੀ ਏਕ ਵਿਸ਼ੇਸ਼ ਰਚਨਾ ਗੌਰੀ ਮੰਜਰੀ ਗੁਣੀਜਨੋਂ ਦਆਰਾ ਬਹੁਤ ਸਮਾਦਰਿਤ ਹੁਈ, ਜਿਸਮਾਂ ਆਪਨੇ ਨਟ, ਮੰਜਰੀ ਔਰ ਗੌਰੀ ਤੀਨ ਰਾਗੋਂ ਕੇ ਸਮ-ਮਿਸ਼ਰਨ ਸੇ ਤਿਆਰ ਕੀਆ ਥਾ"। [40]

---

[40] ਪ੍ਰਤਿਸ਼ਠਿਤ ਸਿਤਾਰ ਏਵੰਮ ਸਰੋਦ ਵਾਦਕੋਂ ਕੀ ਸਾਧਨਾ ਔਰ ਸੰਘਰਸ਼,ਸ਼ਾਂਤਨੂੰ ਸ਼ਰਮਾ,ਪੰ 122

**33. ਚੰਦਰਨੰਦਨ –** ਦੀ ਇੰਡਿਅਨ ਐਕਸਪ੍ਰੈਸ ਦੇ ਅਨੁਸਾਰ ਚੰਦਰ ਨੰਦਨ ਰਾਗ ਦੀ 1940 ਦੇ ਦਹਾਕੇ ਵਿੱਚ ਸਿਰਜਨਾ ਹੋਈ। [41]

According to George Robert, " According to Ali Akbar Khan, Mr. Joshi wanted something new something different, something we had never heard. I was young at that time and I knew Joshi knew all ragas and then I just composed on the spot only 5 min. before the time of recording. I thought about it and then red light for recording came on and I start playing and then he asked the name … I have never heard this raga and so I said well, it came from my mouth, 'Chander Nandan'. The name also he never heard but he is happy and he liked it. Thats it a new raga is recorded".[42]

ਆਪਣੇ ਦੁਆਰਾ ਨਵ ਨਿਰਮਿਤ ਰਾਗ 'ਚੰਦਰ ਨੰਦਨ' ਦੇ ਵਿਸ਼ੇ ਵਿੱਚ ਉ. ਅਲੀ ਅਕਬਰ ਖਾਂ ਇਸ ਤਰ੍ਹਾਂ ਆਖਦੇ ਹਨ, "ਸੌ ਸਾਲ ਬਾਅਦ ਚੰਦਰ ਨੰਦਨ ਭੀ ਦੁਰਗਾ ਯਾ ਬਾਗੇਸ਼ਰੀ ਕੀ ਤਰ੍ਹਾਂ ਹੀ ਜਾਣਾ ਜਾਏਗਾ। ਯਦਿ ਉਸ ਮੇਂ ਪੂਰੀ ਰੰਜਕਤਾ ਹੈ, ਲੈਆਤਮਿਕਤਾ ਹੈ ਔਰ ਉਸਕੇ ਸਵਰ ਅਪਨੇ ਆਕਰਸ਼ਣ ਮੇਂ ਖਰੇ ਉਤਰਤੇ ਹੈਂ, ਤੋ ਵੋਹ ਰਹੇਗਾ"। [43]

| | |
|---|---|
| ਥਾਟ | ਕਾਫੀ |
| ਆਰੋਹ | ਸ ਗੁ ਮ ਧੁ ਨਿ ਸਂ |
| ਅਵਰੋਹ | ਰੇਂ ਨਿੁ ਧੁ ਪ ਮ ਗ ਸ ਗੁ ਸ |
| ਜਾਤੀ | ਔੜਵ-ਸੰਪੂਰਨ |
| ਸਮਾਂ | ਰਾਤ ਦਾ ਦੂਸਰਾ ਪਹਿਰ |
| ਵਾਦੀ | ਪ |
| ਸੰਵਾਦੀ | ਸ |

[41] *The Indian Express journalism of Courage, Suanshu Khurana, Feb 19 2023*
[42] *Chander Nanden, George Rokert*
[43] ਸੰਗੀਤ ਸਮਝਨੇ ਕੀ ਕੋਸ਼ਿਸ਼, ਕੇਸ਼ਵ ਚੰਦਰ ਵਰਮਾ, ਪੰ. 142

34. **ਰਸਦੀਪ** – ਇਸ ਰਾਗ ਦੀ ਰਚਨਾ ਪੰ. ਸ਼ੰਕਰ ਰਾਉ ਵਿਆਸ ਨੇ ਕੀਤੀ ਹੈ। ਇਹ ਪਟਦੀਪ ਤੋਂ ਨਿਕਲਿਆ ਹੋਇਆ ਰਾਗ ਹੈ। ਪਟਦੀਪ ਨੂੰ ਪੂਰਵਾਂਗ ਵੱਲ ਵਧਾਉਂਦੇ ਸਮਾਂ ਇਸ ਰਾਗ ਦੀ ਛਾਇਆ ਸਪੱਸ਼ਟ ਹੁੰਦੀ ਹੈ। ਸੁਰਾਂ ਵਿੱਚ ਮਧੁਰਤਾ ਪ੍ਰਤੀਤ ਹੋਣ ਨਾਲ ਇਸ ਨੂੰ ਪ੍ਰਚਾਰ ਵਿੱਚ ਲਿਆਉਣ ਦਾ ਵਿਚਾਰ ਕੀਤਾ ਗਿਆ ਅਤੇ ਇਸਦਾ ਨਾਮ 'ਰਸਦੀਪ' ਰੱਖਿਆ ਗਿਆ। [44]

ਪਟਦੀਪ ਦੇ ਪੂਰਵਾਂਗ ਵਿੱਚ ਕੋਮਲ ਗੰਧਾਰ ਤੇ ਨਿਸ਼ਾਦ ਦੇ ਅਲਪ ਪ੍ਰਯੋਗ ਨਾਲ ਰਾਗ ਰਸਦੀਪ ਦੇ ਸਵਰ ਉੱਭਰ ਆਉਂਦੇ ਹਨ।

| | |
|---|---|
| ਥਾਟ | ਕਾਫੀ |
| ਆਰੋਹ | ਸ ਗੁ ਮ ਪ ਨਿ ਸਂ |
| ਅਵਰੋਹ | ਸਂ ਨਿ ਪ ਮ ਗੁ ਰੇ ਸ |
| ਪਕੜ | ਪ਼ ਨ਼ੀ ਸ ਗੁ, [ਮ]ਗੁ [ਪ]ਮ ਗੁ ਮ ਗੁ ਰੇ ਸ ਨ਼ੀ, ਪ਼. ਨ਼ੀ ਸ ਗੁ ਰੇ ਸ |
| ਜਾਤੀ | ਔੜਵ-ਸ਼ਾੜਵ |

35. **ਭਵਾਨੀ** – ਇਹ ਦੁਰਗਾ ਅੰਗ ਦਾ ਰਾਗ ਹੈ ਤੇ ਇਸਦੀ ਸਿਰਜਨਾ ਪੰ. ਸ਼ੰਕਰ ਰਾਉ ਵਿਆਸ ਨੇ ਕੀਤੀ ਹੈ। ਰਾਗ ਦੁਰਗਾ ਵਿੱਚੋਂ ਪੰਚਮ ਸਵਰ ਵਰਜਿਤ ਕਰਨ ਨਾਲ ਇਸ ਰਾਗ ਦੀ ਉਪਜ ਹੋਈ ਹੈ।

| | |
|---|---|
| ਥਾਟੀ | ਬਲਾਵਲ |
| ਆਰੋਹ | ਸ ਰੇ ਮ ਧ ਸਂ |
| ਅਵਰੋਹ | ਸਂ ਧ ਮ ਰੇ, ਰੇ ਧ਼ ਰੇ ਧ਼ ਸ |
| ਜਾਤੀ | ਚਾਰ ਸਵਰ |
| ਵਾਦੀ | ਮ |
| ਸੰਵਾਦੀ | ਸ |

[44] ਵਿਆਸਕ੍ਰਿਤੀ ਭਾਗ -4, ਪ੍ਰੋ. ਸ਼ੰਕਰ ਗਨੇਸ਼ ਵਿਆਸ, ਪੰ. 8

| | |
|---|---|
| ਸਵਰ ਵਿਸਥਾਰ | ਸ ਰੇ ਸ ਮ, ਰੇ, ਰੇ .ਧ, ਰੇ .ਧ ਸ, ਸ ਰੇ ਰੇ ਮ, ਮਧ ਮ, ਧ ਧ ਮ, ਰੇ, ਸ ਰੇ, ਰੇ .ਧ ਰੇ .ਧ ਸ, ਰੇ ਮ ਮ ਧ, ਧ ਸਂ ਧ, ਮ, ਮ ਧ ਮ, ਰੇ ਮ, ਸ ਰੇ, ਰੇ .ਧ ਰੇ .ਧ ਸ, ਮ ਧ ਧ ਸ, ਸਂ ਧ ਸਂ ਧ ਸਂ, ਸਂ ਰੇਂ ਸਂ ਧ, ਮ ਸਂ, ਧ ਮ, ਰੇ ਮ ਮ ਧ ਮ, ਸਂ ਧ ਮ, ਰੇ ਮ, ਸ ਰੇ ਰੇ .ਧ ਰੇ .ਧ ਸ |

**36. ਚੰਪਕ** – ਇਸ ਰਾਗ ਦੀ ਰਚਨਾ ਪੰ. ਸ਼ੰਕਰ ਰਾਓ ਵਿਆਸ ਨੇ ਕੀਤੀ ਹੈ। ਇਹ ਖਮਾਜ ਅੰਗ ਦਾ ਰਾਗ ਹੈ। ਇਹ ਰਾਗ ਖੰਭਾਵਤੀ ਰਾਗ ਦੇ ਬਹੁਤ ਨਜਦੀਕ ਹੈ। ਖੰਭਾਵਤੀ ਰਾਗ ਵਿੱਚ ਮਗਮਸ ਸਵਰ ਸੰਗਤੀ ਦਾ ਪ੍ਰਯੋਗ ਹੁੰਦਾ ਹੈ ਪਰ ਇਸ ਰਾਗ ਵਿੱਚ ਗਸ ਸਵਰ ਸੰਗਤੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜੇਕਰ ਮਧਿਅਮ ਸਵਰ ਦਾ ਪ੍ਰਯੋਗ ਵੱਧ ਜਾਵੇ ਤਾਂ ਪੂਰਵਾਂਗ ਵਿੱਚ ਗੌੜ ਮਲਹਾਰ ਦੀ ਛਾਇਆ ਆ ਜਾਂਦੀ ਹੈ।

| | |
|---|---|
| ਥਾਟ | ਖਮਾਜ |
| ਆਰੋਹ | ਸ ਗ ਮ ਪ ਧ ਨਿ਼ ਧ ਨਿ ਸਂ |
| ਅਵਰੋਹ | ਸਂ ਨਿ ਧ, ਮ ਪ, ਗ ਰੇ ਸ |
| ਜਾਤੀ | ਸ਼ਾੜਵ-ਸੰਪੂਰਨ |
| ਅੰਗ | ਖਮਾਜ |
| ਵਾਦੀ | ਮ |
| ਸੰਵਾਦੀ | ਸ |

**37. ਦੀਪਾਵਲੀ** – ਇਸ ਰਾਗ ਦੀ ਰਚਨਾ ਪੰਨਾ ਲਾਲ ਘੋਸ਼ ਨੇ 1940 ਈ. ਵਿੱਚ ਕੀਤੀ। ਇਸ ਰਾਗ ਵਿੱਚ ਆਰੋਹ ਵਿੱਚ ਪੰਚਮ ਸਵਰ ਵਰਜਿਤ ਹੈ ਤੇ ਬਾਕੀ ਸਾਰੇ ਸਵਰ ਸ਼ੁੱਧ ਹਨ। ਇਸ ਦੇ ਅਵਰੋਹ ਵਿੱਚ ਦੋਵੇਂ ਮਧਿਅਮਾਂ ਦਾ ਲਗਾਤਾਰ ਪ੍ਰਯੋਗ ਹੁੰਦਾ ਹੈ। ਇਸ ਦੇ ਆਰੋਹ ਵਿੱਚ ਸ਼ੁੱਧ ਮਧਿਅਮ ਦੀ ਪ੍ਰਧਾਨਤਾ ਹੈ। ਇਸ ਦਾ ਵਾਦੀ ਸਵਰ ਮਧਿਅਮ ਹੈ ਅਤੇ ਸੰਵਾਦੀ ਸਵਰ ਸ਼ੜਜ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

| | |
|---|---|
| ਆਰੋਹ | .ਨਿ ਰੇ ਗ, ਮ ਧ ਨਿ ਸਂ |
| ਅਵਰੋਹ | ਸਂ ਨਿ ਧ ਮ' ਮ, ਗ ਰੇ ਸ |
| ਪਕੜ | .ਨਿ .ਧ .ਨਿ ਰੇ, ਗ ਮ, ਗ ਮ ਧ ਨਿ ਧ ਮ' ਮ |

**38. ਸ਼ਿਯਾਮ ਬਿਹਾਗ** – ਇਸ ਰਾਗ ਦੀ ਰਚਨਾ ਪੰ. ਲਾਲ ਮਣੀ ਮਿਸ਼ਰ ਨੇ ਰਾਗ ਮਾਰੂ ਬਿਹਾਗ ਅਤੇ ਸ਼ਿਯਾਮ ਕਲਿਆਣ ਦੇ ਮਿਸ਼ਰਣ ਨਾਲ ਕੀਤੀ ਹੈ। ਇਸਦੇ ਆਰੋਹ ਵਿੱਚ ਰੇ, ਧ ਸਵਰ ਵਰਜਿਤ ਹਨ। ਇਸਦੇ ਅਵਰੋਹ ਵਿੱਚ ਹਮੇਸ਼ਾ ਗ ਮ ਰੇ ਸ ਲੱਗਦਾ ਹੈ।

| | |
|---|---|
| ਥਾਟ | ਕਲਿਆਣ |
| ਅੰਗ | ਕਲਿਆਣ |
| ਆਰੋਹ | .ਨਿ ਸ ਗ ਮ' ਪ ਨਿ ਸਂ |
| ਅਵਰੋਹ | ਸਂ ਨਿ ਧ ਪ ਮ' ਪ ਗ ਮ ਰੇ ਸ |
| ਮੁੱਖ | ਅੰਗ ਗ ਮ ਰੇ ਸ .ਨਿ ਸ ਗ ਮ' ਪ ਮ' ਪ |
| ਵਾਦੀ | ਗ |
| ਸੰਵਾਦੀ | ਨਿ |
| ਸਮਾਂ | ਰਾਤ ਦਾ ਦੂਜਾ ਪਹਿਰ |

### 4.2.3 1951–1975 ਈ. ਵਿੱਚ ਬਣੇ ਹੋਏ ਰਾਗ

**1. ਪੂਰਵੀ ਕਲਿਆਣ** – ਇਸ ਰਾਗ ਦੀ ਪੰ. ਰਵੀ ਸ਼ੰਕਰ ਨੇ 1952–53 ਸਿਰਜਿਆ। ਪੂਰਵਾਂਗ ਵਿੱਚ ਰਾਗ ਪੂਰਵੀ ਅਤੇ ਉਤਰਾਂਗ ਵਿੱਚ ਰਾਗ ਕਲਿਆਣ ਦੇ ਮਿਸ਼ਰਣ ਨਾਲ ਬਣਿਆ ਹੈ। ਰਾਗ ਪੂਰਵੀ ਵਾਂਗ ਦੋਵੇਂ ਮਧਿਅਮਾਂ ਦਾ ਪ੍ਰਯੋਗ ਜਿਵੇਂ ਪ ਮ' ਗ ਮ ਗ ਰੁ ਸ। ਰਾਗ ਕਲਿਆਣ ਵਾਂਗ ਪ ਨੂੰ ਛੱਡ ਕੇ ਮ' ਧ ਨਿ, ਮ' ਧ ਨਿ ਸਂ ਇਸ ਤਰ੍ਹਾਂ ਲਿਆ ਜਾਂਦਾ ਹੈ।

ਥਾਟ ਮਾਰਵਾ

ਆਰੋਹ ਨ਼ਿ ਰੇ ਗ, ਮ ਗ ਰੇ ਗ ਮ' ਪ, ਮ' ਗ, ਮ' ਧ ਨਿ ਸਂ

ਅਵਰੋਹ ਸਂ ਨਿ ਧ ਪ, ਮ' ਧ ਪ, ਮ' ਗ ਰੇ ਸ

ਪਕੜ ਨ਼ਿ ਰੇ ਗ ਮ ਗ, ਮ ਧ ਪ ਮ ਗ ਰੇ ਸ

ਜਾਤੀ ਵਕਰ ਸੰਪੂਰਨ

ਸਮਾਂ ਸੰਧੀ ਪ੍ਰਕਾਸ਼

ਵਾਦੀ ਗ

ਸੰਵਾਦੀ ਨਿ

2. **ਪਲਾਸਕਾਫੀ** – ਪੰ. ਰਵੀ ਸ਼ੰਕਰ ਨੇ ਇਸ ਰਾਗ ਦੀ ਰਚਨਾ 1960 ਈ. ਵਿੱਚ ਕੀਤੀ। ਇਹ ਰਾਗ ਭੀਮਪਲਾਸੀ ਤੇ ਕਾਫੀ ਦੇ ਮਿਸ਼ਰਣ ਨਾਲ ਬਣਿਆ ਹੈ।

ਥਾਟ ਕਾਫੀ

ਆਰੋਹ . ਨਿ̲ ਰੇ ਗ ਮ ਪ ਨਿ̲ ਸਂ

ਅਵਰੋਹ ਸਂ ਨਿ̲ ਧ ਪ ਮ ਗ̲ ਰੇ ਸ

ਪਕੜ .ਨਿ̲ ਰੇ ਗ̲, ਮ ਗ̲ ਰੇ ਗ̲ ਰੇ ਸ ਰੇ .ਨਿ̲ .ਪ, .ਪ .ਨਿ̲ ਰੇ .ਨਿ̲ ਸ

ਜਾਤੀ ਸੰਪੂਰਨ

ਸਮਾਂ ਸੰਧੀ ਪ੍ਰਕਾਸ਼

ਵਾਦੀ ਸ

ਸੰਵਾਦੀ ਪ

3. **ਕਾਮੇਸ਼ਵਰੀ** – ਇਸ ਰਾਗ ਨੂੰ ਪੰ. ਰਵੀ ਸ਼ੰਕਰ ਨੇ 1968 ਈ. ਵਿੱਚ ਨਿਰਮਿਤ ਕੀਤਾ। ਕਰਨਾਟਕ ਪੱਧਤੀ ਵਿੱਚ ਇਸਦੇ ਨਾਲ ਮਿਲਦਾ ਰਾਗ ਸਰਸਵਤੀ ਹੈ ਪਰ ਉਸਦੇ

ਆਰੋਹ ਵਿੱਚ ਨਿਸ਼ਾਦ ਵਰਜਿਤ ਹੈ। ਇਸਦੇ ਆਰੋਹ ਵਿੱਚ .ਧ .ਨਿ ਰੇ ਸ ਸਵਰਸੰਗਤੀ ਵਾਰ-ਵਾਰ ਲਈ ਜਾਂਦੀ ਹੈ ਤਾਂਕਿ ਇਸ ਰਾਗ ਨੂੰ ਰਾਗ ਸਰਸਵਤੀ ਤੋਂ ਅਲੱਗ ਰੱਖਿਆ ਜਾ ਸਕੇ।

| | |
|---|---|
| ਆਰੋਹ | ਸ ਰੇ ਮ' ਪ ਧ ਨਿ ਸਂ |
| ਅਵਰੋਹ | ਸਂ ਨਿ ਧ ਪ ਮ' ਰੇ ਸ |
| ਪਕੜ | .ਨਿ ਸ ਰੇ ਮ' ਪ ਧ ਪ, ਪ ਮ' ਰੇ ਸ ਰੇ, .ਨਿ ਸ, .ਨਿ .ਧ .ਪ, .ਮ' .ਪ .ਧ .ਨਿ ਸ |
| ਜਾਤੀ | ਸ਼ਾੜਵ-ਸ਼ਾੜਵ |
| ਸਮਾਂ | ਸੰਧੀ ਪ੍ਰਕਾਸ਼ |
| ਵਾਦੀ | ਰੇ |
| ਸੰਵਾਦੀ | ਪ |

4. **ਗੰਗੇਸ਼ਵਰੀ** - ਇਸ ਰਾਗ ਨੂੰ ਪੰ. ਰਵੀ ਸ਼ੰਕਰ ਨੇ 1968 ਵਿੱਚ ਬਣਾਇਆ। ਇਹ ਰਾਗ ਮੋਹਨਕੌਂਸ ਰਾਗ ਦੇ ਬਹੁਤ ਨਜਦੀਕ ਹੈ। ਪਰ ਇਸ ਰਾਗ ਵਿੱਚ ਪੰਚਮ ਸਵਰ ਦੇ ਪ੍ਰਯੋਗ ਨਾਲ ਅਲੱਗ ਹੋ ਜਾਂਦਾ ਹੈ। ਇਸ ਦੇ ਉਤਰਾਂਗ ਵਿੱਚ ਕੌਂਸ ਅੰਗ ਮ ਧੁ ਨਿ ਸਂ ਲੱਗਦਾ ਹੈ। ਇਹ ਰਾਗ ਮੂਰਛਨਾ ਪੱਧਤੀ ਤੋਂ ਨਿਰਮਿਤ ਹੋਇਆ ਹੈ। ਇਸ ਰਾਗ ਨੂੰ ਪੰ. ਜੀ ਨੇ ਕਾਮੇਸ਼ਵਰੀ ਰਾਗ ਦੇ ਰਿਸ਼ਭ ਨੂੰ ਸ਼ੜਜ ਮੰਨ ਕੇ ਨਿਰਮਿਤ ਕੀਤਾ।

| | |
|---|---|
| ਥਾਟ | ਭੈਰਵੀ |
| ਆਰੋਹ | ਸ ਗ ਮ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਮ ਗ ਸ |
| ਪਕੜ | ਸ .ਧੁ .ਨਿ ਸ ਗ, ਗ ਮ, ਨਿ ਧੁ ਮ, ਗ ਮ ਗ ਸ |
| ਜਾਤੀ | ਔੜਵ-ਸ਼ਾੜਵ |

ਸਮਾਂ ਸੰਧੀ ਪ੍ਰਕਾਸ਼

ਵਾਦੀ ਮ

ਸੰਵਾਦੀ ਸ

5. **ਰੰਗੇਸ਼ਵਰੀ** – ਇਸ ਰਾਗ ਨੂੰ ਪੰ. ਰਵੀ ਸ਼ੰਕਰ ਨੇ 1968 ਈ. ਵਿੱਚ ਮੂਰਛਨਾ ਪੱਧਤੀ ਨਾਲ ਸਿਰਜਿਆ। ਇਸ ਦਾ ਸਰੂਪ ਰਾਗ ਪਟਦੀਪ ਨਾਲ ਮਿਲਦਾ ਜੁਲਦਾ ਹੈ, ਪਰ ਇਸ ਰਾਗ ਦੇ ਆਰੋਹ ਵਿੱਚ ਰਿਸ਼ਭ ਲੱਗਣ ਨਾਲ ਤੇ ਧੈਵਤ ਦਾ ਪ੍ਰਯੋਗ ਨਾਲ ਇਹ ਰਾਗ ਪਟਦੀਪ ਤੋਂ ਭਿੰਨ ਹੋ ਜਾਂਦਾ ਹੈ। ਇਸਦੇ ਪੂਰਵਾਂਗ ਵਿੱਚ ਰਾਗ ਕਾਫੀ ਸ ਰੇ ਗੁ ਮ ਪ ਮ ਗ ਗੁ ਤੇ ਉਤਰਾਂਗ ਵਿੱਚ ਰਾਗ ਪਟਦੀਪ ਗੁ ਮ ਪ ਨਿ, ਪ ਨਿ ਦਿਖਾਈ ਦਿੰਦਾ ਹੈ। ਇਸ ਰਾਗ ਨੂੰ ਪੰ. ਰਵੀ ਸ਼ੰਕਰ ਨੇ ਰਾਗ ਕਾਮੇਸ਼ਵਰੀ ਦੇ ਪੰਚਮ ਨੂੰ ਸ਼ੜਜ ਮੰਨ ਕੇ ਉਪਜਿਆ। ਇਸ ਰਾਗ ਵਿੱਚ 'ਗੁਮਗੁ' ਸਵਰ ਸੰਗਤੀ ਬਹੁਤ ਮਹੱਤਵਪੂਰਨ ਹੈ।

ਥਾਟ ਕਾਫੀ

ਆਰੋਹ ਸ ਰੇ ਗੁ ਮ ਪ ਨਿ ਸਂ

ਅਵਰੋਹ ਸਂ ਨਿ ਪ ਮ ਗੁ ਰੇ ਸ

ਜਾਤੀ ਸ਼ਾੜਵ-ਸ਼ਾੜਵ

ਸਮਾਂ ਸੰਧੀ ਪ੍ਰਕਾਸ਼

ਵਾਦੀ ਪ

ਸੰਵਾਦੀ ਸ

ਨਿਆਸ ਸ, ਮ, ਪ

6. **ਪਰਮੇਸ਼ਵਰੀ** – ਇਸ ਰਾਗ ਦੀ ਰਚਨਾ ਵੀ ਪੰ. ਰਵੀ ਸੰਕਰ ਨੇ 1968 ਈ. ਵਿੱਚ ਮੂਰਛਨਾ ਪੱਧਤੀ ਨਾਲ ਕੀਤੀ। ਰਾਗ ਕਾਮੇਸ਼ਵਰੀ ਧੈਵਤ ਨੂੰ ਸ਼ੜਜ ਮੰਨ ਕੇ ਇਸ ਰਾਗ ਦੇ ਸਵਰ ਪ੍ਰਾਪਤ ਹੁੰਦੇ ਹਨ। ਇਸ ਰਾਗ ਵਿੱਚ ਬਾਗੇਸ਼ਰੀ ਤੇ ਭੈਰਵੀ ਰਾਗਾਂ ਦੇ ਸਵਰ ਦਿਖਾਈ

ਦਿੰਦੇ ਹਨ। ਪੂਰਵਾਂਗ ਵਿੱਚ ਰੇ ਦੇ ਪ੍ਰਯੋਗ ਨਾਲ ਰਾਗ ਬਾਗੇਸ਼ਰੀ ਦੀ ਤੇ ਉਤਰਾਂਗ ਵਿੱਚ ਸ਼ੁੱਧ ਧੈਵਤ ਦੇ ਪ੍ਰਯੋਗ ਨਾਲ ਰਾਗ ਭੈਰਵੀ ਦੀ ਛਾਇਆ ਦੂਰ ਹੋ ਜਾਂਦੀ ਹੈ। ਜੇਕਰ ਅਹੀਰ ਭੈਰਵ ਵਿੱਚ ਪੰਚਮ ਵਰਜਿਤ ਕਰਕੇ ਗੰਧਾਰ ਕੋਮਲ ਕਰ ਦਿੱਤਾ ਜਾਵੇ ਤਾਂ ਰਾਗ ਪਰਮੇਸ਼ਵਰੀ ਦੇ ਸਵਰ ਪ੍ਰਾਪਤ ਹੋ ਜਾਂਦੇ ਹਨ।

| | |
|---|---|
| ਥਾਟ | ਭੈਰਵੀ |
| ਆਰੋਹ | ਸ ਰੇ ਗੁ ਮ ਧ ਨਿ ਸਂ |
| ਅਵਰੋਹ | ਸਂ ਨਿ ਧ ਮ ਗੁ ਰੇ ਸ |
| ਪਕੜ | ਸ ਰੇ ਗੁ ਮ ਧ ਨਿ ਧ, ਨਿ ਧ ਮ ਗੁ ਰੇ, ਗੁ ਰੇ ਸ |
| ਜਾਤੀ | ਸ਼ਾੜਵ-ਸ਼ਾੜਵ |
| ਸਮਾਂ | ਪ੍ਰਾਤਕਾਲ |
| ਵਾਦੀ | ਮ |
| ਸੰਵਾਦੀ | ਸਂ |

**7. ਜੋਗੇਸ਼ਵਰੀ** – ਇਹ ਰਾਗ ਪੰ. ਰਵੀਸ਼ੰਕਰ ਵਲੋਂ 1969 ਈ. ਵਿੱਚ ਨਿਰਮਿਤ ਕੀਤਾ ਗਿਆ। ਇਹ ਰਾਗ ਜੋਗ ਤੇ ਰਾਗੇਸ਼ਵਰੀ ਦੇ ਸੰਯੋਗ ਨਾਲ ਬਣਿਆ ਹੈ। ਇਸ ਰਾਗ ਦੇ ਪੂਰਵਾਂਗ ਵਿੱਚ ਜੋਗ ਗ ਮ [ਸ]ਗੁ ਸ .ਨਿ ਸ ਤੇ ਉਤਰਾਂਗ ਵਿੱਚ ਰਾਗੇਸ਼ਵਰੀ ਗ ਮ ਧ ਨਿ ਧ ਨਿ ਸਂ ਸ ੰਨਿ ਧ ਮ ਦੇ ਸਵਰ ਦਿਖਾਈ ਦਿੰਦੇ ਹਨ। ਇਸ ਵਿੱਚ ਰਾਗ ਦੁਰਗਾ(ਖਮਾਜ ਥਾਟ) ਤੇ ਮਾਲਕੌਂਸ ਦੇ ਸਵਰ ਵੀ ਦਿਖਾਈ ਦਿੰਦੇ ਹਨ।

| | |
|---|---|
| ਦੁਰਗਾ | (ਖਮਾਜ ਥਾਟ) ਸ ਗ ਮ ਧ ਨਿ ਸਂ, ਸ ੰਨਿ ਧ ਮ ਗ ਸ |
| ਮਾਲਕੌਂਸ | ਮ ਗੁ ਸ – .ਨਿ ਸ |
| ਥਾਟ | ਖਮਾਜ |
| ਆਰੋਹ | ਸ ਗ ਮ ਧ ਨਿ ਸਂ |

ਅਵਰੋਹ ਸਂ ਨਿ ਧ ਮ ਗ ਮ ਗੁ ਸ

ਪਕੜ ਧ .ਨਿ ਸ ਗ ਮ ਗ ਮ ਗੁ – ਸ

ਜਾਤੀ ਔੜਵ-ਔੜਵ

ਸਮਾਂ ਰਾਤ

ਵਾਦੀ ਮ

ਸੰਵਾਦੀ ਸ

**8. ਬੈਰਾਗੀ ਤੌੜੀ** – ਇਸ ਰਾਗ ਦੀ ਨਿਰਮਾਣ ਪੰ. ਰਵੀ ਸ਼ੰਕਰ ਨੇ ਸੰਨ 1970 ਵਿੱਚ ਕੀਤਾ। ਇਸ ਦੇ ਪੂਰਵਾਂਗ ਵਿੱਚ ਤੌੜੀ ਸ ਰੇ ਗੁ ਰੇ ਸ ਇਸਦੇ ਇਲਾਵਾ ਭੁਪਾਲ ਤੋੜੀ ਸ ਰੇ ਗ ਪ ਗੁ ਰੇ ਗੁ ਰੇ ਸ। ਤੌੜੀ ਵਿੱਚ ਕੋਮਲ ਨਿਸ਼ਾਦ ਦੇ ਪ੍ਰਯੋਗ ਨਾਲ ਇਹ ਰਾਗ ਬਿਲਾਸਖਾਨੀ ਦੇ ਵਧੇਰੇ ਨੇੜੇ ਜਾਪਦਾ ਹੈ। ਇਸ ਰਾਗ ਦੇ ਉਤਰਾਂਗ ਵਿੱਚ ਰਾਗ ਬੈਰਾਗੀ ਪ ਨਿ ਸਂ ਰੇਂ ਨਿ ਪ ਦੇ ਸਵਰ ਦ੍ਰਿਸ਼ਟੀਗੋਚਰ ਹੁੰਦੇ ਹਨ।

ਥਾਟ ਭੈਰਵੀ

ਆਰੋਹ ਸ ਰੇ ਗੁ ਪ ਨਿ ਸਂ

ਅਵਰੋਹ ਰੇਂ ਨਿ ਪ ਗੁ ਰੇ ਗੁ ਰੇ ਸ

ਜਾਤੀ ਔੜਵ- ਔੜਵ

ਸਮਾਂ ਪ੍ਰਾਤਕਾਲ

ਜਾਤੀ ਔੜਵ-ਔੜਵ

ਵਾਦੀ ਪ

ਸੰਵਾਦੀ ਸ

**9. ਕੌਸ਼ਿਕ ਤੌੜੀ** – ਇਸ ਰਾਗ ਦੀ ਸਿਰਜਨਾ ਪੰ. ਰਵੀ ਸ਼ੰਕਰ ਨੇ 1970 ਈ. ਵਿੱਚ ਕੀਤੀ। ਇਸ ਰਾਗ ਦੇ ਪੂਰਵਾਂਗ ਵਿੱਚ ਮਾਲਕੌਂਸ ਸ ਗੁ ਮ ਗੁ ਸ ਤੇ ਉਤਰਾਂਗ ਵਿੱਚ ਤੌੜੀ ਗੁ ਮ' ਧੁ ਸਂ ਸਵਰ ਦਿਖਾਈ ਦਿੰਦੇ ਹਨ।

| | |
|---|---|
| ਥਾਟ | ਭੈਰਵੀ (ਮਾਲਕੌਂਸ ਦੇ ਸਵਰ ਹੋਣ ਕਾਰਨ ਇਸ ਨੂੰ ਭੈਰਵੀ ਥਾਟ ਦੇ ਅੰਤਰਗਤ ਰੱਖ ਸਕਦੇ ਹਾਂ) |
| ਆਰੋਹ | ਸ ਗੁ ਮ ਮ' ਧੁ ਸਂ |
| ਅਵਰੋਹ | ਸਂ ਧੁ ਮ' ਗੁ ਸ .ਧੁ ਸ |
| ਜਾਤੀ | ਸਵਰ |
| ਸਮਾਂ | ਪ੍ਰਾਤਕਾਲ |
| ਵਾਦੀ | ਮ |
| ਸੰਵਾਦੀ | ਸ |

**10. ਚਾਰੂਕੌਂਸ** – ਇਸ ਰਾਗ ਦੀ ਰਚਨਾ ਸੰਨ 1970 ਵਿੱਚ ਕੀਤੀ ਗਈ। ਅਸ਼ਵਨੀ ਬਿੜੇ ਦੇਸ਼ਪਾਂਡੇ ਦੇ ਅਨੁਸਾਰ, " ਇਸ ਰਾਗ ਦੀ ਨਿਰਮਿਤੀ ਪੰ. ਰਵੀਸ਼ੰਕਰ ਜੀ ਨੇ ਕੀਤੀ ਹੈ। ਇਹ ਰਾਗ ਕਰਨਾਟਕੀ ਰਾਗ ਚਾਰੂਕੇਸ਼ੀ ਤੋਂ ਉਪਜਿਆ ਹੋਇਆ ਹੈ। ਇਸ ਕਰਕੇ ਇਸਦੇ ਨਾਮ ਨਾਲ ਚਾਰੂ ਲੱਗਿਆ ਹੋਇਆ ਹੈ। ਰਾਗ ਚਾਰੂਕੇਸ਼ੀ ਦੇ ਆਰੋਹ ਵਿੱਚੋਂ ਰਿਸ਼ਭ, ਪੰਚਮ ਵਰਜਿਤ ਕਰਨ ਨਾਲ ਇਸ ਰਾਗ ਦਾ ਨਿਰਮਾਣ ਹੋਇਆ। ਇਸ ਵਿੱਚ ਰੇ, ਪ ਦਾ ਪ੍ਰਯੋਗ ਬਹੁਤ ਥੋੜ੍ਹਾ ਹੁੰਦਾ ਹੈ ਤੇ ਮਧਿਅਮ ਸਵਰ ਨੂੰ ਪ੍ਰਾਣ ਸਵਰ ਕਿਹਾ ਹੈ। [45]

ਇਸ ਰਾਗ ਦੇ ਪੂਰਵਾਂਗ ਵਿੱਚ ਚਾਰੂਕੇਸ਼ੀ ਅਤੇ ਉਤਰਾਂਗ ਵਿੱਚ ਮਾਲਕੌਂਸ ਰਾਗ ਦਿਖਾਈ ਦਿੰਦਾ ਹੈ। ਪੂਰਵਾਂਗ ਵਿੱਚ ਆਰੋਹ ਵਿੱਚ ਰਿਸ਼ਭ ਵਰਜਿਤ ਕਰਨ ਨਾਲ ਚਾਰੂਕੇਸ਼ੀ ਰਾਗ ਤੋਂ ਭਿੰਨ ਹੋ ਜਾਂਦਾ ਹੈ। ਉਤਰਾਂਗ ਵਿੱਚ ਮਾਲਕੌਂਸ ਦਿਖਾਈ ਦਿੰਦਾ ਹੈ ਪਰ ਅਵਰੋਹ ਵਿੱਚ ਪੰਚਮ ਦੇ ਪ੍ਰਯੋਗ ਨਾਲ ਮਾਲਕੌਂਸ ਰਾਗ ਦੀ ਛਾਇਆ ਦੂਰ ਹੋ ਜਾਂਦੀ ਹੈ।

---

[45] ਸੰਗੀਤ ਸਰਿਤਾ (ਭੇਂਟਵਾਰਤਾਲਾਪ), ਕੌਂਸ ਦੇ ਪ੍ਰਕਾਰ, ਅਸ਼ਵਨੀ ਬਿੜੇ ਦੇਸ਼ਪਾਂਡੇ

| | |
|---|---|
| ਥਾਟ | ਭੈਰਵੀ |
| ਆਰੋਹ | ਸ ਗ ਮ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਮ ਪ ਗ ਮ ਰੇ ਸ |
| ਚਲਨ | ਸ .ਧੁ .ਨਿ ਸ ਗ ਮ ਗ ਮ ਪ ਮ, ਪ ਗ ਮ ਰੇ ਸ, ਸ ਗ ਮ ਧੁ ਨਿ ਧ ਪ ਮ, ਗ ਮ ਧੁ ਨਿ ਸਂ ਧੁ ਨਿ ਧੁ ਪ ਮ, ਗ ਮ ਰੇ ਸ, .ਧੁ .ਨਿ ਸ ਗ ਮ |
| ਜਾਤੀ | ਔੜਵ-ਸੰਪੂਰਨ |
| ਸਮਾਂ | ਰਾਤ |
| ਵਾਦੀ | ਮ |
| ਸੰਵਾਦੀ | ਸ |

**11. ਪ੍ਰਣਵੇਂਦਰ ਮਧਿਅਮ** - ਇਸ ਰਾਗ ਦੀ ਰਚਨਾ ਪੰ. ਉਂਕਾਰ ਨਾਥ ਠਾਕੁਰ ਨੇ ਕੀਤੀ ਹੈ। ਪੰ. ਬਲਵੰਤਰਾਇ ਭੱਟ, " ਇੱਕ ਵਾਰ ਪੰ. ਉਂਕਾਰ ਨਾਥ ਠਾਕੁਰ ਜੀ ਅਪਣੀ ਪ੍ਰਾਤਕਾਲੀਨ ਸਵਰ ਸਾਧਨਾ ਵਿੱਚ ਲੀਨ ਸੀ। ਭੈਰਵ ਵਿੱਚ ਪੰਚਮ ਦੀ ਮੂਰਛਨਾ ਦਾ ਅਭਿਆਸ ਮੰਦਰ ਪੰਚਮ ਤੋਂ ਮੱਧ ਪੰਚਮ ਤੱਕ ਦੇ ਸਵਰ ਭਾਵ .ਪ .ਧ .ਨਿ ਸ ਰੇ ਗ ਗ ਮ ਗਾਏ ਜਾ ਰਹੇ ਸੀ। ਇਸ ਮੂਰਛਨਾ ਦੇ ਆਰੰਭਿਕ ਸਵਰ ਪੰਚਮ ਨੂੰ ਸ਼ੜਜ ਮੰਨਦੇ ਹੀ .ਪ .ਧ .ਨਿ ਸ ਰੇ ਗ ਮ ਪ ਸਵਰ ਸਮੁਦਾਇ ਹੁਣ ਸ ਰੁੇ ਗ ਮ ਮ' ਧ ਨਿ ਸਂ ਦੇ

ਰੂਪ ਵਿੱਚ ਪਰਿਵਰਤਤ ਹੋ ਗਏ। ਪੰ. ਜੀ ਇਸ ਨਵੀਨ ਰੂਪ ਨੂੰ ਦੇਖ ਕੇ ਖੁਸ਼ ਹੋ ਗਏ। ਪੰ. ਜੀ ਨੇ ਆਪਣੇ ਨਾਮ 'ਪ੍ਰਣਵ' ਦੇ ਨਾਲ ਜੋੜਦੇ ਹੋਏ 'ਪ੍ਰਣਵੇਂਦਰ ਮਧਿਅਮ' ਰੱਖਿਆ। ਇਸ ਰਾਗ ਵਿੱਚ ਦੋਵੇਂ ਮਧਿਅਮ, ਰਿਸ਼ਭ, ਨਿਸ਼ਾਦ ਕੋਮਲ ਸਵਰ ਲੱਗਦੇ ਹਨ। ਪੰਚਮ ਸਵਰ ਵਰਜਿਤ ਹੈ। ਬਾਕੀ ਸਾਰੇ ਸਵਰ ਸ਼ੁੱਧ ਲੱਗਦੇ ਹਨ। ਇਸਦੀ ਜਾਤੀ ਸ਼ਾੜਵ ਹੈ। ਇਸਦਾ ਗਾਇਨ ਵਾਦਨ ਦਾ ਸਮਾਂ ਪ੍ਰਾਤਕਾਲ ਦੱਸਿਆ ਹੈ। ਇਸਦਾ ਵਾਦੀ ਮਧਿਅਮ ਤੇ ਸੰਵਾਦੀ ਸ਼ੜਜ ਦੱਸਿਆ ਹੈ। [46]

---

[46] ਭਾਵਰੰਗਲਹਿਰੀ-2,ਪੰ. ਬਲਵੰਤ ਰਾਏ ਭੱਟ, ਪੰ. 27

ਥਾਟ ਮਾਰਵਾ

ਆਰੋਹ ਸ ਰੇ ਗ ਮ ਮ' ਧ ਨਿ ਸਂ

ਅਵਰੋਹ ਸਂ ਨਿ ਧ ਮ' ਮ ਗ ਰੇ ਸ

ਜਾਤੀ ਸ਼ਾੜਵ-ਸ਼ਾੜਵ

ਸਮਾਂ ਪ੍ਰਾਤਕਾਲ

ਵਾਦੀ ਮ

ਸੰਵਾਦੀ ਸ

12. **ਰਾਗ ਮਾਰੂਸ਼੍ਰੀ** -ਇਸ ਰਾਗ ਦੀ ਰਚਨਾ ਨਾਰਾਇਣ ਰਾਵ ਪਟਵਰਧਨ ਦੁਆਰਾ ਕੀਤੀ ਗਈ ਹੈ। ਰਾਗ ਸ਼੍ਰੀ ਵਿੱਚ ਧੈਵਤ ਦਾ ਪ੍ਰਯੋਗ ਕਰਕੇ ਇਸ ਰਾਗ ਦੀ ਰਚਨਾ ਹੋਈ ਹੈ। ਇਸ ਵਿੱਚ ਸ਼ੁੱਧ ਧੈਵਤ ਸ੍ਵਰ ਨੂੰ ਮਹੱਤਵਪੂਰਨ ਸਥਾਨ ਹਾਸਿਲ ਹੈ।

ਇਸ ਰਾਗ ਵਿੱਚ ਮ ਪ ਨੀ ਸਂ ਰੇਂ ਨੀ ਇਹ ਸ਼੍ਰੀ ਟੁਕੜਾ ਹੈ ਅਤੇ ਧੈਵਤ ਦੇ ਆ ਜਾਣ ਨਾਲ ਮਾਰੂਸ਼੍ਰੀ ਬਣ ਜਾਂਦਾ ਹੈ।

13. **ਰਾਗ ਵੇਦੀ ਕੀ ਲਲਿਤ** - ਪੰਡਿਤ ਜੀ ਨੂੰ ਪ੍ਰਾਚੀਨ ਮੂਰਛਨਾ ਪੱਧਤੀ ਵਿੱਚ ਵਿਗਿਆਨਿਕ ਤੱਥਾਂ ਦਾ ਸਾਕਸ਼ਾਤਕਾਰ ਹੋਇਆ ਅਤੇ ਇਸਦੀ ਉਪਯੋਗਤਾ ਅਵ੍ਰਾਚੀਨ ਕਾਲ ਵਿੱਚ ਵੀ ਹੈ- ਇਸ ਤਰ੍ਹਾਂ ਉਨ੍ਹਾਂ ਨੇ ਵਾਰ-ਵਾਰ ਦੁਹਰਾਇਆ। ਲਲਿਤ ਵਰਗਾ ਰਾਗ ਮੂਰਛਨਾ ਪੱਧਤੀ ਦੀ ਦੇਣ ਹੈ। ਗੁਜਰੀ ਤੋੜੀ ਦੀ ਮੱਧਮ ਦੀ ਮੂਰਛਨਾ ਤੋਂ ਲਲਿਤ ਪ੍ਰਾਪਤ ਹੈ।

ਗੁਜਰੀ ਤੋੜੀ - ਮ’ ਧੁ ਨੀ ਸਂ ਰੇ ਗ

ਲਲਿਤ - ਨੀ ਰੇ ਗ ਮ ਮ’ ਧੁ

ਦਸ ਥਾਟਾਂ ਵਿੱਚੋਂ ਕਿਸੇ ਵੀ ਥਾਟ ਦਾ ਇਸ ਰਾਗ ਨਾਲ ਸਬੰਧ ਨਹੀਂ ਜੋੜਿਆ ਜਾ ਸਕਦਾ ਹੈ। ਵੇਦੀ ਜੀ ਦੁਆਰਾ ਰਚਿਤ ਰਾਗ ‘ਵੇਦੀ ਦੀ ਲਲਿਤ’ ਮੂਰਛਨਾ ਪ੍ਰਕਿਰਿਆਂ ਤੋਂ

ਹੀ ਉਤਪੰਨ ਹੋਇਆ ਹੈ, ਕਿਸੇ ਥਾਟ ਤੋਂ ਇਸਦਾ ਅਵਿਭਾਵ ਹੋਣਾ ਅਸੰਭਵ ਹੈ। ਪੂਰੀਆ ਕਲਿਆਣ ਦੇ ਧੈਵਤ ਨੂੰ ਛਡਜ ਮੰਨ ਕੇ ਚੱਲਣ ਨਾਲ ਦੋ ਗੰਧਾਰ ਵਾਲਾ ਇਹ ਰਾਗ ਇਸ ਪ੍ਰਕਾਰ ਉਪਲਬਧ ਹੁੰਦਾ ਹੈ:-

ਪੂਰੀਆ ਕਲਿਆਣ – ਧ ਨੀ ਸ ਰੇ ਗ ਮ’ ਪ ਧ

ਵੇਦੀ ਦੀ ਲਲਿਤ – ਸ ਰੇ ਗ ਗ ਪ ਧ ਨੀ ਸਂ

**14. ਰਾਗ ਗੋਪੇਸ਼ਵਰ** – ਇਸ ਰਾਗ ਦੀ ਰਚਨਾ ਨਾਰਾਇਣ ਰਾਵ ਪਟਵਰਧਨ ਦੁਆਰਾ ਕੀਤੀ ਗਈ ਹੈ। ਇਹ ਇੱਕ ਸਥਾਨ ਦਾ ਨਾਮ ਹੈ। ਇਸੀ ਸਥਾਨ ਦੇ ਨਾਮ ‘ਤੇ ਰਾਗ ਦਾ ਨਾਮਕਰਣ ਕੀਤਾ ਹੈ।

ਆਰੋਹ – ਸ ਗ ਪ ਧ ਨੀ ਸਂ

ਅਵਰੋਹ – ਸਂ ਨੀ ਧ ਪ ਗ ਸ

ਸ ਗ ਪ ਧ ਨੀ ਸਂ ਸੁ੍ਰਰ ਸੰਵਾਦ ਜੋੜ ਕੇ ਰਾਗ ਬਣਾਇਆ ਗਿਆ ਹੈ। ਪ ਧ ਨੀ ਸਂ ਨੀ ਧ ਪ ਇਸ ਸੁ੍ਰਰ ਸਮੂਹ ਨਾਲ ਰਾਗ ਕਲਾਵਤੀ ਦਾ ਆਭਾਸ ਮਿਲਦਾ ਹੈ। ਪ ਗ ਸਿਵਰੰਜਨੀ ਹੈ, ਧ ਨੀ ਸ ਬਾਗੇਸ਼ਰੀ ਹੈ।

**15. ਰਾਗ ਹੰਸ ਸ਼੍ਰੀ** – ਇਸ ਰਾਗ ਦੀ ਰਚਨਾ ਪਟਵਰਧਨ ਜੀ ਨੇ ਹੰਸ ਧਵਨੀ ਰਾਗ ‘ਚ ਰੇ ਸੁ੍ਰਰ ਕੋਮਲ ਕਰਕੇ ਹੋਈ ਹੈ। ਚਲਨ ਹੰਸ ਧਵਨੀ ਪਰ ਪ੍ਰਕਿਰਤੀ ਸ਼੍ਰੀ ਦੇ ਨਜਦੀਕ ਹੈ, ਇਹ ਰਾਗ ਸ਼੍ਰੀ ਦਾ ਪ੍ਰਕਾਰ ਹੈ।

**16. ਰਾਗ ਸਾਂਝ ਤਰਣੀ** – ਇਸ ਰਾਗ ਦੀ ਰਚਨਾ ੳ. ਹਾਫਿਜ ਇਹ ਰਾਗ ਵਿਭਿੰਨ ਰਾਗਾਂ ਦੇ ਮਿਸ਼ਰਣ ਨਾਲ ਬਣਿਆ ਹੈ। ਇਸ ਰਾਗ ਵਿੱਚ ਸ਼੍ਰੀ, ਪੂਰੀਆਂ, ਧਨਾਸਰੀ ਤੇ ਲਲਿਤਾ ਗੌਰੀ ਦਾ ਮਿਸ਼ਰਣ ਹੈ। ਇਸਦਾ ਪ੍ਰਸਤੁਤੀਕਰਨ ਬਹੁਤ ਭਾਵਪੂਰਨ ਹੈ। ਇਸ ਰਾਗ ਵਿੱਚ ਚੈਨਦਾਰੀ ਝਲਕਦੀ ਹੈ। ਇਸ ਰਾਗ ਵਿੱਚ ਮੀਂਡ ਦਾ ਕੰਮ ਪ੍ਰਭਾਵੋਤਪਾਟਕ ਹੈ।

ਸ ਰੇ ਗ ਮ' ਪ ਧ ਨੀ ਸਂ

ਸਂ ਨੀ ਧ ਪ ਮ' ਗ ਰੇ ਸ

**17. ਚੰਦਰਭੰਖਾਰ** – ਇਸ ਵਿੱਚ ਗੁਣਕਲੀ+ਰਾਮਕਲੀ ਦਾ ਮਿਸ਼ਰਤ ਰਾਗ ਹੈ। ਇਸ ਦੀ ਰਚਨਾ ਉ. ਹਾਫਿਜ ਅਲੀ ਨੇ ਕੀਤੀ ਹੈ।

ਮ ਰੇ – ਗੁਣਕਲੀ, ਪ ਮ – ਰਾਮਕਲੀ

ਨਿਆਸ ਦੇ ਸਵਰ ਮ ਪ ਸ

**18. ਬਸੰਤ ਕੁਸੁਮ** – ਇਸ ਰਾਗ ਨੂੰ ਉ. ਹਾਫਿਜ ਅਲੀ ਨੇ ਨਿਰਮਿਤ ਕੀਤਾ ਹੈ। ਇਸ ਵਿੱਚ ਗੁਣਕਲੀ ਤੇ ਭਟਿਆਰ ਰਾਗ ਦਾ ਮਿਸ਼ਰਣ ਮਿਲਦਾ ਹੈ। ਧ ਨਿ ਭਟਿਆਰ ਨੂੰ ਦਰਸਾਉਂਦਾ ਹੈ। ਅਵਰੋਹ ਵਿੱਚ ਰਿਸ਼ਭ 'ਪ ਮ ਰੇ' ਗੁਣਕਲੀ, ਅਰੋਹ ਵਿੱਚ ਰਿਸ਼ਭ ਰੇ ਪ ਰਾਗ ਸ਼੍ਰੀ ਦੇ ਸਮਾਨ ਹੈ।

**19. ਲਲਿਤਾ ਸੋਹਣੀ** – ਜੋਰਜ ਹਾੱਲੇਟ ਦੇ ਅਨੁਸਾਰ, "ਇਸ ਰਾਗ ਦੀ ਰਚਨਾ 20 ਵੀਂ ਸਦੀ ਦੇ ਮੱਧ ਵਿੱਚ ਆਗਰਾ ਦੇ ਗਾਇਕ ਯੂਨਸ ਅਹਿਮਦ ਖਾਨ ਦੁਆਰਾ ਕੀਤੀ ਗਈ ਸੀ"।[47] ਇਸ ਰਾਗ ਦੀ ਰਚਨਾ ਸੋਹਣੀ ਤੇ ਲਲਿਤ ਰਾਗ ਦੇ ਮਿਸ਼ਰਣ ਨਾਲ ਹੋਈ ਹੈ।

**20. ਸਾਵਨੀ ਕੇਦਾਰ** – ਇਹ ਰਾਗ ਦਾ ਨਿਰਮਾਣ ਪੰ. ਸ਼੍ਰੀਕ੍ਰਿਸ਼ਨ ਨਾਰਾਇਣ ਰਾਤਨਜਨਕਰ ਨੇ ਕੀਤਾ। ਇਹ ਵਰਖਾ ਰੁੱਤ ਦਾ ਰਾਗ ਹੈ। ਮੀਆਂ ਮਲਹਾਰ ਵਾਂਗ ਇਸ ਰਾਗ ਨੂੰ ਵਰਖਾ ਰੁੱਤ ਵਿੱਚ ਕਦੀ ਵੀ ਗਾਇਆ ਬਜਾਇਆ ਜਾ ਸਕਦਾ ਹੈ। ਇਸ ਰਾਗ ਵਿੱਚ ਆਰੋਹ ਵਿੱਚ ਦੋਵੇਂ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਅਵਰੋਹ ਵਿੱਚ ਕੇਵਲ ਸ਼ੁੱਧ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਰਾਗ ਵਿੱਚ ਕੇਦਾਰ ਦੇ ਦਰਸ਼ਨ ਸਮ, ਮਗ, ਪਮ ਇਸ ਸਵਰ ਸੰਗਤੀ ਤੋਂ ਹੁੰਦੇ ਹਨ। ਸ .ਧ .ਨਿ .ਪ .ਮ .ਪ .ਨਿ .ਧ .ਨਿ ਸ ਸਵਰ ਸੰਗਤੀ ਤੋਂ ਰਾਗ ਮੀਆਂ ਮਲਹਾਰ ਦਿਖਾਈ ਦਿੰਦਾ ਹੈ। ਗ ਮ ਪ ਗ ਮ ਰੇ ਸ ਸਵਰ ਸਮੂਹ ਤੋਂ ਰਾਗ ਕੇਦਾਰ ਦੀ ਝਲਕੀ ਮਿਲਦੀ ਹੈ।

| | |
|---|---|
| ਥਾਟ | ਬਿਲਾਵਲ |
| ਆਰੋਹ | ਸ ਰੇ ਗ ਮ ਪ ਨਿ ਧ ਨਿ ਸਂ |

---

[47] ਰਾਗਾ ਜੰਗਲਿਜਮ, ਜੋਰਜ ਹਾੱਲੇਟ

ਅਵਰੋਹ ਸਂ ਨਿ ਪ ਮ ਗ ਮ ਰੇ ਸ

ਜਾਤੀ ਸੰਪੂਰਨ-ਸ਼ਾੜਵ

ਵਾਦੀ ਮ

ਸੰਵਾਦੀ ਸ

ਸਮਾਂ ਰਾਤ ਦਾ ਦੂਸਰਾ ਪਹਿਰ

ਸਵਰ ਵਿਸਥਾਰ ਸ, ਰੇ ਸ, ਸ ਮ, ਮ ਗ, ਪ ਨਿ਼ ਧ ਨਿ ਸਂ - ਸਂ ਨਿ ਪ ਮ, ਧ ਨਿ਼ ਪ ਮ, ਗ ਮ ਪ ਗ ਮ ਰੇ ਸ, ਸ ਰੇ ਸ, .ਨਿ .ਮ .ਪ, .ਨਿ .ਧ ਸ, ਰੇ ਸ, ਸ ਮ, ਪ ਧ ਨਿ ਪ ਮ, ਗ ਮ ਪ, ਗ ਮ, ਰੇ ਸ, ਪ ਪ ਨਿ ਸਂ ਰੇਂ ਸਂ ਨਿ ਪ ਗ ਮ ਰੇ ਸ [48]

**21. ਪੀਲੂ ਕੀ ਮਾਂਝ** - ਇਸ ਰਾਗ ਨੂੰ ਪੰ. ਰਾਤਨਜਨਕਰ ਨੇ ਰਾਗ ਪੀਲੂ ਤੇ ਤਿਲਕ ਕਾਮੋਦ ਦੇ ਮਿਸ਼ਰਣ ਨਾਲ ਬਣਾਇਆ। ਇਸ ਰਾਗ ਦੇ ਆਰੋਹ ਵਿੱਚ ਗੰਧਾਰ ਸਵਰ ਵਰਜਿਤ ਹੈ ਤੇ ਅਵਰੋਹ ਵਿੱਚ ਰਿਸ਼ਭ ਤੇ ਨਿਸ਼ਾਦ ਸਵਰ ਵਰਜਿਤ ਹੈ। ਨਿਸ਼ਾਦ ਇਸਦਾ ਪ੍ਰਬਲ ਸਵਰ ਹੈ। ਆਰੋਹ ਵਿੱਚ ਗੰਧਾਰ ਤੇ ਧੈਵਤ ਸਵਰ ਦੁਰਬਲ ਹੁੰਦੇ ਹਨ। ਇਹ ਵਕਰ ਰਾਗ ਹੈ। ਇਸ ਰਾਗ ਵਿੱਚ ਕੋਮਲ ਗੰਧਾਰ ਤੇ ਬਾਕੀ ਸਵਰ ਸ਼ੁੱਧ ਲੱਗਦੇ ਹਨ। ਜੇਕਰ ਤਿਲਕ ਕਾਮੋਦ ਦੇ ਗੰਧਾਰ ਨੂੰ ਜੇਕਰ ਕੋਮਲ ਕਰ ਦਿੱਤਾ ਜਾਵੇ ਤਾਂ ਰਾਗ ਪੀਲੂ ਕੀ ਮਾਂਝ ਮਿਲ ਜਾਂਦਾ ਹੈ। ਇਸਦੇ ਪੂਰਵਾਂਗ ਵਿੱਚ ਰਾਗ ਪੀਲੂ .ਪ .ਨਿ ਸ, .ਪ .ਨਿ ਸ ਰੇ ਸ, .ਪ .ਨਿ ਸ ਰੇ ਗੁ ਸ ਤੇ ਉਤਰਾਂਗ ਵਿੱਚ ਰਾਗ ਦੇਸੀ ਰੇ ਮ ਪ ਧ, ਮ ਪ ਸਂ ਪ ਧ ਮ ਗੁ ਦਿਖਾਈ ਦਿੰਦਾ ਹੈ।

ਸਵਰ ਵਿਸਥਾਰ ਸ, .ਪ .ਨਿ ਸ ਰੇ ਗੁ, ਸ, ਰੇ ਪ, ਮ ਪ ਧ, ਮ (ਗੁ) ਸ .ਨਿ .ਪ .ਨਿ ਸ ਰੇ ਗੁ, ਸ, ਰੇ ਮ ਪ ਧ ਮ ਪ ਸਂ, ਪ ਧ ਮ ਗੁ ਪ ਨਿ ਸਂ ਰੇਂ ਸਂ ਪ ਨਿ ਸਂ ਰੇਂ ਪਂ, ਮਂ ਗੁਂ, ਸਂ, ਸਂ ਰੇਂ ਸਂ, ਪ ਧ ਮ ਪ ਧ, ਮ ਗੁ, .ਨਿ, .ਨਿ ਸ ਰੇ ਪ, ਮ ਗੁ ਸ

[48] ਅਭਿਨਵਗੀਤ ਮੰਜਰੀ -3 ਪੰਨਾ 175

ਜਾਤੀ ਸ਼ਾੜਵ-ਔੜਵ

ਵਾਦੀ ਸ਼ੜਜ

ਸੰਵਾਦੀ ਪੰਚਮ

**22. ਸਾਲਗਵਿਰਾਲੀ** - ਪੰ. ਰਾਤਜਨਕਰ ਦੁਆਰਾ ਨਿਰਮਿਤ ਰਾਗਾਂ ਵਿੱਚੋਂ ਪ੍ਰਚਲਿਤ ਰਾਗ ਹੈ। ਇਹ ਰਾਗ ਤੌੜੀ ਦਾ ਪ੍ਰਕਾਰ ਕਿਹਾ ਗਿਆ ਹੈ। ਇਸ ਰਾਗ ਵਿੱਚ ਮਧਿਅਮ ਸਵਰ ਵਰਜਿਤ ਹੈ। ਬਾਕੀ ਸਾਰੇ ਸਵਰ ਸਵਰ ਸ਼ੁੱਧ ਲੱਗਦੇ ਹਨ।

ਸਵਰ ਵਿਸਥਾਰ ਸ, ਰੇੁ ਗੁ ਰੇੁ ਸ, ਸ .ਨਿੁ .ਧ .ਪ, .ਪ ਸ, ਸ ਰੇੁ ਗੁ ਪ, ਗੁ ਪ ਧ ਪ, ਗੁ ਪ ਰੇੁ ਗ ਰੇੁ ਸ, ਗੁ ਰੇੁ ਗੁ ਪ, ਧ ਨਿੁ ਧ ਪ, ਸਂ ਨਿੁ ਧ ਪ, ਧ ਨਿੁ ਧ ਪ ਗੁ ਪ ਰੇੁ ਗੁ ਰੇੁ ਸ। ਸ ਰੇੁ ਗੁ ਰੇੁ, ਗੁ ਪ ਧ ਗੁ, ਪ ਨਿੁ ਧ, ਪ ਧ ਪ ਗੁ ਰੇੁ, ਗੁ ਪ ਗੁ ਧ, ਪ ਨਿੁ, ਧ ਪ, ਗੁ ਪ ਨਿੁ ਧ, ਪ ਧ ਪ, ਗੁ, ਰੇੁ ਗੁ ਰੇੁ ਸ

ਜਾਤੀ ਸ਼ਾੜਵ- ਸ਼ਾੜਵ

ਵਾਦੀ ਪ

ਸੰਵਾਦੀ ਸ

ਸਮਾਂ ਦਿਨ ਦਾ ਦੂਜਾ ਪਹਿਰ

**23. ਗੌਰੀ ਸ਼ੰਕਰ –** ਇਸ ਰਾਗ ਦੀ ਸਿਰਜਨਾ ਪੰ. ਰਾਤਜਨਕਰ ਨੇ ਰਾਗ ਗੌਰੀ ਸ਼ੰਕਰਾ ਦੇ ਮੇਲ ਨਾਮ ਕੀਤਾ । ਇਸ ਰਾਗ ਵਿੱਚ ਮਧਿਅਮ ਸਵਰ ਵਰਜਿਤ ਹੈ। ਸ ਰੇੁ ਗ, ਰੇੁ ਗ ਰੇੁ ਸ, ਰੇੁ .ਨਿ ਰੇੁ ਸ ਸਵਰ ਸਮੂਹ ਨਾਲ ਰਾਗ ਗੌਰੀ ਦਿਖਾਈ ਦਿੰਦਾ ਹੈ ਪਰ ਸ਼ੜਜ ਦੇ ਨਾਲ ਰਿਸ਼ਭ ਨੂੰ ਛੱਡ ਕੇ ਗੰਧਾਰ ਪੰਚਮ ਲੈਣ ਨਾਲ ਸ਼ੰਕਰਾ ਦਿਖਾਈ ਦਿੰਦਾ ਹੈ ਜਿਵੇਂ ਸ ਗ ਪ, ਗ ਪ ਨਿ ਪ, ਗ ਪ ਧ ਨਿ ਸਂ ਨਿ ਪ ਗ।

ਥਾਟ ਮਾਰਵਾ

ਜਾਤੀ ਸ਼ਾੜਵ- ਸ਼ਾੜਵ

ਪ੍ਰਬਲ ਸਵਰ ਨਿਸ਼ਾਦ

ਵਾਦੀ ਪ

ਸੰਵਾਦੀ ਸ

ਸਮਾਂ ਸਮਾਂ

ਨਿਆਸ ਸ, ਪ, ਨਿ

ਸਵਰ ਵਿਸਥਾਰ ਸ, ਸ ਰੇ਼ ਗ, ਰੇ਼ ਗ ਰੇ਼ ਸ, ਰੇ਼ .ਨਿ, ਰੇ਼ ਸ, ਸ .ਨਿ .ਧ .ਨਿ .ਪ, ਸ ਗ ਪ, ਧ ਪ ਗ, ਪ ਗ, ਰੇ਼ ਸ, ਗ ਪ ਗ, ਰੇ਼ ਗ, ਪ, ਗ, ਰੇ਼ ਸ, ਗ ਪ ਧ ਪ, ਪ ਗ ਪ, ਸਂ, ਗ ਪ ਧ ਨਿ, ਸਂ ਨਿ ਗ ਪ ਧ ਨਿ ਸਂ, ਰੇਂ਼ ਗਂ ਰੇਂ਼ ਸਂ ਨਿ ਪ ਗ, ਰੇ਼ ਗ ਰੇ਼ ਸ

**24. ਦੇਵਗੰਧਾਰੀ ਤੋੜੀ –** ਪੰ. ਰਾਤਜਨਕਰ ਨੇ ਇਸ ਰਾਗ ਦੀ ਰਚਨਾ ਦੋ ਤੋਂ ਜਿਆਦਾ ਰਾਗਾਂ ਦੇ ਮਿਸ਼ਰਣ ਨਾਲ ਕੀਤੀ। ਇਸ ਰਾਗ ਵਿੱਚ ਕੋਮਲ ਨਿਸ਼ਾਦ, ਦੋਨੋਂ ਰਿਸ਼ਭ, ਦੋਨੋਂ ਗੰਧਾਰ ਤੇ ਦੋਨੋਂ ਧੈਵਤ ਪ੍ਰਯੋਗ ਕੀਤੇ ਗਏ ਹਨ। ਪ ਧ ਨਿ਼ ਸ ਂਜਿਸ ਵਿੱਚ ਸ਼ੁੱਧ ਧੈਵਤ ਦਾ ਪ੍ਰਯੋਗ ਤਾਰ ਸਪਤੱਕ ਵਿੱਚ ਕੀਤਾ ਜਾਂਦਾ ਹੈ, ਇਹ ਇਸਦੀ ਆਪਣੀ ਵਿਸ਼ੇਸ਼ਤਾ ਹੈ। ਇਸ ਰਾਗ ਨੂੰ ਤੋੜੀ ਦੇ ਪ੍ਰਕਾਰਾਂ ਵਿੱਚ ਰੱਖਿਆ ਹੈ। ਇਸ ਰਾਗ ਵਿੱਚ ਸ ਰੇ ਮ ਪ ਮ ਪ ਧ਼ ਮ ਪ ਗ਼ ਰੇ ਸ, ਰੇ ਨਿ਼ ਸ ਰੇ ਗ ਮ ਸਵਰ ਸੰਗਤੀ ਦੇ ਨਾਲ ਦੇਵਗੰਧਾਰ ਸਪੱਸ਼ਟ ਦਿਖਾਈ ਦਿੰਦਾ ਹੈ। ਰੇ ਮ ਪ ਮ ਪ ਗ਼, ਮ ਪ ਧ਼ ਨਿ਼ ਧ਼ ਪ ਸਵਰ ਸੰਗਤੀ ਨਾਲ ਰਾਗ ਆਸਾਵਰੀ ਦਿਖਾਈ ਦਿੰਦਾ ਹੈ। ਉਤਰਾਂਗ ਵਿੱਚ ਰੇਂ ਰੇਂ ਸਂ ਨਿ਼ ਸਂ, ਰੇਂ ਧ਼ ਨਿ਼ ਪ ਸਵਰ ਸੰਗਤੀ ਨਾਲ ਰਾਗ ਖਟ ਦੇ ਦਰਸ਼ਨ ਹੁੰਦੇ ਹਨ।

ਵਾਦੀ ਸ਼ੜਜ

ਸੰਵਾਦੀ ਪੰਚਮ

ਸਮਾਂ ਸਵੇਰ ਦਾ ਦੂਜਾ ਪਹਿਰ

**25. ਵਿਯੋਗਵਰਾਲੀ –** ਇਸ ਰਾਗ ਦੀ ਪੰ. ਰਤਨਜਨਕਰ ਨੇ ਰਚਨਾ ਕੀਤੀ। ਇਸਦੇ ਆਰੋਹ ਵਿੱਚ ਗੰਧਾਰ ਤੇ ਪੰਚਮ ਅਵਰੋਹ ਵਿੱਚ ਪੰਚਮ ਵਰਜਿਤ ਹੈ। ਇਸ ਵਿੱਚ ਅਵਰੋਹ ਵਿੱਚ ਮ, ਰੇ ਗੁ ਰੇ ਸ ਲਿਆ ਜਾਂਦਾ ਹੈ। ਇਸ ਵਿੱਚ ਸ ਧੁ ਮ ਸਵਰ ਸੰਗਤੀ ਇਸਦੀ ਪ੍ਰਮੁੱਖ ਸਵਰ ਸੰਗਤੀ ਹੈ। ਇਸ ਦੇ ਪੂਰਵਾਂਗ ਵਿੱਚ ਰੇ ਗੁ ਰੇ ਸ ਸਵਰ ਤੋੜੀ ਦੇ ਦਿਖਾਈ ਦਿੰਦੇ ਹਨ। ਇਸਦੇ ਉਤਰਾਂਗ ਵਿੱਚ ਮ ਧੁ ਨਿ ਸੰ ਸਵਰ ਸੰਗਤੀ ਤੋਂ ਰਾਗ ਚੰਦਰਕੌਂਸ ਦਿਖਾਈ ਦਿੰਦਾ ਹੈ। ਅਵਰੋਹ ਵਿੱਚ ਧੁ ਮ ਰੇ ਗੁ ਰੇ ਸ ਸਵਰਾਂ ਤੋਂ ਰਾਗ ਬਿਲਾਸਖਾਨੀ ਤੋੜੀ ਦੇ ਦਰਸ਼ਨ ਹੁੰਦੇ ਹਨ।

| | |
|---|---|
| ਜਾਤੀ | ਔੜਵ–ਸ਼ਾੜਵ |
| ਵਾਦੀ | ਧੈਵਤ |
| ਸੰਵਾਦੀ | ਰੇ |
| ਸਮਾਂ | ਦਿਨ ਦਾ ਦੂਜਾ ਪਹਿਰ |
| ਸਵਰ ਵਿਸਥਾਰ | ਸ, .ਧੁ ਮ, ਰੇ ਗੁ ਰੇ ਸ, ਸ ਰੇ ਮ, ਧੁ ਨਿ, ਧੁ ਨਿ ਸੰ, ਨਿ ਧੁ ਮ, ਰੇ ਗੁ ਰੇ ਸ, ਸ .ਧੁ .ਮ .ਨਿ, .ਧੁ .ਨਿ ਸ, ਸ ਰੇ ਗੁ ਰੇ ਸ, .ਧੁ .ਨਿ, ਸ ਰੇ ਗੁ, ਰੇ, ਮਧੁ ਨਿ, ਨਿ ਧੁ ਮ ਨਿ, ਧੁ ਨਿ ਧੁ ਨਿ, ਧੁ ਨਿ ਸੰ ਰੇਂ ਗੁਂ ਰੇਂ ਸੰ, ਸੰ ਨਿ ਧੁ ਮ ਮ ਧੁ ਨਿ ਧੁ ਮ ਰੇ ਗੁ ਰੇ ਸ |

**26. ਸ਼ਿਯਾਮਲੀ –** ਪੰ. ਰਤਨਜਨਕਰ ਜੀ ਦੁਆਰਾ ਨਿਰਮਿਤ ਇਹ ਰਾਗ ਬਹੁਤ ਮਧੁਰ ਹੈ। ਇਸ ਰਾਗ ਦੀ ਰਚਨਾ 1974 ਈ. ਵਿੱਚ ਕੀਤੀ ਗਈ। ਇਸ ਰਾਗ ਵਿੱਚ ਗੰਧਾਰ ਤੇ ਨਿਸ਼ਾਦ ਸਵਰ ਵਰਜਿਤ ਹਨ। ਇਹ ਰਾਗ ਦੁਰਗਾ ਦਾ ਹੀ ਪਰਵਰਤਿਤ ਰੂਪ ਕਿਹਾ ਜਾਂਦਾ ਹੈ। ਇਸ ਵਿੱਚ ਤੀਵਰ ਮਧਿਅਮ ਦਾ ਪ੍ਰਯੋਗ ਕੀਤਾ ਗਿਆ ਹੈ।

| | |
|---|---|
| ਥਾਟ | ਕਲਿਆਣ |
| ਜਾਤੀ | ਔੜਵ–ਔੜਵ |
| ਵਾਦੀ | ਸ |

ਸੰਵਾਦੀ ਪ

ਸਮਾਂ ਰਾਤ ਦਾ ਪਹਿਲਾ ਪਹਿਰ

ਸਵਰ ਵਿਸਥਾਰ ਸ, ਰੇ ਸ, ਰੇ ਮ', ਪ ਧ ਪ, ਮ'ਪ, ਰੇ ਸ, ਰੇ ਮ', ਪ ਧ ਸਂ, ਧ ਪ, ਮ' ਪ, ਧ, ਪ, ਮ' ਪ, ਰੇ ਸ, ਸ, ਰੇ ਸ, .ਧ .ਪ, .ਮ', .ਪ, .ਧ ਸ, .ਧ ਰੇ ਮ', ਰੇ ਮ', ਰੇ ਮ' ਪ, ਮ' ਪ ਧ, ਪ, ਮ'ਪ, ਰੇ, ਮ' ਪ, ਰੇ ਸ, ਰੇ ਮ' ਪ ਧ, ਮ' ਪ ਰੇ ਸ, ਰੇ ਮ' ਪ ਧ, ਮ' ਪ ਧ ਸਂ, ਧ ਪ, ਮ' ਪ, ਰੇ ਸ

**27. ਕੁਮੁਦੱਤੀ –** ਇਸ ਵਿੱਚ ਪੰ. ਰਤਨਜਨਕਰ ਜੀ ਨੇ ਦੋਨੋਂ ਮਧਿਅਮ ਪ੍ਰਯੋਗ ਕੀਤੇ ਹਨ ਤੇ ਬਾਕੀ ਸਾਰੇ ਸਵਰ ਸ਼ੁੱਧ ਲੱਗਦੇ ਹਨ। ਇਸਦੇ ਆਰੋਹ ਵਿੱਚ ਤੀਵਰ ਮਧਿਅਮ ਅਤੇ ਅਵਰੋਹ ਵਿੱਚ ਸ਼ੁੱਧ ਮਧਿਅਮ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਗੰਧਾਰ ਤੇ ਨਿਸ਼ਾਦ ਸਵਰ ਵਰਜਿਤ ਹਨ।

ਥਾਟ ਕਲਿਆਣ

ਜਾਤੀ ਔੜਵ–ਔੜਵ

ਵਾਦੀ ਸ

ਸੰਵਾਦੀ ਪ

ਸਮਾਂ ਰਾਤ ਦਾ ਪਹਿਲਾ ਪਹਿਰ

ਸਵਰ ਵਿਸਥਾਰ ਸ, .ਧ ਸ, ਰੇ, ਮ', ਪ, ਮ ਰੇ ਸ, .ਧ ਸ, ਰੇ ਮ', ਪ, ਮ' ਪ ਧ, ਮ ਰੇ, ਪ ਮ ਰੇ ਸ, ਮ ਰੇ ਸ, ਰੇ .ਧ .ਪ .ਮ' .ਪ, ਸ, .ਮ' ਪ, .ਧ ਰੇ, ਸ, .ਧ ਮ', ਮ' .ਪ .ਧ, ਸ, ਰੇ ਮ, ਪ, ਰੇ ਪ ਧ, ਮ ਰੇ, ਪ ਮ ਰੇ ਸ

**28. ਸੁਰੇਸ਼ਵਰੀ –** ਇਸ ਰਾਗ ਦਾ ਨਿਰਮਾਣ ਪੰ. ਰਤਨਜਨਕਰ ਦੁਆਰਾ ਕੀਤਾ ਗਿਆ ਹੈ। ਇਸ ਰਾਗ ਦੇ ਆਰੋਹ ਵਿੱਚ ਰਿਸ਼ਭ ਵਰਜਿਤ ਹੈ ਅਤੇ ਪੰਚਮ ਸਵਰ ਦਾ ਅਲਪ ਪ੍ਰਯੋਗ ਕੀਤਾ ਗਿਆ ਹੈ।

ਥਾਟ ਖਮਾਜ

ਵਾਦੀ ਮਧਿਅਮ

ਸੰਵਾਦੀ ਸ਼ੜਜ

ਸਮਾਂ ਰਾਤ ਦਾ ਪਹਿਲਾ ਪਹਿਰ

ਸਵਰ ਵਿਸਥਾਰ ਸ, ਰੇ ਸ, ਰੇ ਸ, .ਨਿ .ਧ, .ਨਿ ਸ, ਮ, ਮ ਗ, ਰੇ ਸ, ਸ, ਗ ਮ, ਧ ਮ, ਪ ਧ, ਮ ਗ, ਮ ਗ, ਰੇ ਸ, ਸ, ਗ, ਮ, ਗ ਮ ਧ, ਨਿ ਧ, ਮ ਧ ਨਿ ਧ, ਮ ਧ ਨਿ ਸਂ, ਨਿ ਸਂ, ਨਿ ਸਂ, ਨਿ ਧ, ਧ ਨਿ ਸਂ, ਗਂ ਰੇਂ ਸਂ, ਰੇਂ, ਸਂ ਨਿ ਧ, ਮਧ ਨਿਧ, ਨਿ ਧ ਪ ਮ, ਪ ਧ ਮ ਗ, ਮ ਗ, ਰੇ, ਸ, ਸ, ਮ, ਗ ਮ, .ਧ .ਨਿ ਸ ਗ ਮ, ਧ ਮ ਧ ਮ ਨਿ ਧ, ਮ, ਗ ਮ ਧ ਨਿ, ਧ, ਮ, ਨਿ, ਮ ਗ, ਰੇ ਸ

**29. ਹਰਪ੍ਰਿਯਾ –** ਇਸ ਰਾਗ ਦਾ ਨਿਰਮਾਣ ਪੰ. ਰਤਨਜਨਕਰ ਜੀ ਨੇ ਮੂਰਛਨਾ ਪੱਧਤੀ ਦੇ ਆਧਾਰ 'ਤੇ ਕੀਤਾ ਹੈ। ਰਾਗ ਯਮਨ ਕਲਿਆਣ ਦੇ ਧੈਵਤ ਨੂੰ ਸ਼ੜਜ ਮੰਨਣ ਨਾਲ ਇਸ ਰਾਗ ਦੇ ਸਵਰ ਦਿਖਾਈ ਦਿੰਦੇ ਹਨ। ਸ ਰੇ ਗੁ ਰੇ ਸ, ਸ .ਨਿੁ .ਧ .ਪ, ਮ ਗੁ ਰੇ ਸ ਸਵਰ ਸੰਗਤੀ ਕਾਫੀ ਨਾਲ ਮਿਲਦੀ ਹੈ। ਰੇ ਮ ਪ ਸਵਰ ਸੰਗਤੀ ਨਾਲ ਆਸਾਵਰੀ ਤੇ ਸਾਰੰਗ ਦਾ ਆਭਾਸ ਹੋ ਜਾਂਦਾ ਹੈ।

ਸਵਰ ਵਿਸਥਾਰ: ਸ ਰੇ ਸ, ਸ ਰੇ ਗ ਰੇ ਸ, ਸ .ਨਿੁ .ਧ .ਪ .ਨਿੁ .ਮ .ਪ .ਧ .ਨਿ ਸ, ਸ ਰੇ, ਗੁ ਰੇ, ਮ ਗ, ਰੇ ਮ ਪ, ਪ ਧ ਨਿੁ ਸਂ, ਸਂ ਰੇਂ ਸਂ, ਸ ਂਨਿੁ ਧ ਪ, ਨਿੁ ਮ ਪ, ਮ ਗੁ ਰੇ ਸ

**30. ਰਜਨੀ ਕਲਿਆਣ –** ਪੰ. ਰਤਨਜਨਕਰ ਇਸ ਰਾਗ ਦੇ ਨਿਰਮਾਤਾ ਹਨ। ਇਸ ਰਾਗ ਵਿੱਚ ਛਾਇਆਨਟ (ਸ ਰੇ ਗ ਮ ਪ, ਗਮ, ਸ ਰੇ, ਸ ਅਤੇ ਮ ਉੱਤੇ ਨਿਆਸ ਨਾਲ), ਦੇਸ (ਮ ਗ ਰੇ, ਪ ਮ ਗ ਰੇ, ਨਿੁ ਧ ਪ ਗ ਰੇ) ਅਤੇ ਪ ਸਂ ਸਵਰ ਸੰਗਤੀ ਨਾਲ ਕਲਿਆਣ ਦਿਖਾਈ ਦਿੰਦਾ ਹੈ।

| | |
|---|---|
| ਥਾਟ | ਖਮਾਜ |
| ਆਰੋਹ | .ਨਿ ਸ ਰੇ ਗ ਮ ਪ ਧ ਨਿ ਸਂ |
| ਅਵਰੋਹ | ਸਂ ਨਿ ਧ ਪ ਮ ਗ ਰੇ ਸ .ਨਿ |
| ਵਾਦੀ | ਰੇ |
| ਸਮਾਂ | ਰਾਤ |
| ਜਾਤੀ | ਸੰਪੂਰਨ |
| ਸਵਰ ਵਿਸਥਾਰ | ਸ, ਰੇ, ਸ .ਨਿ, ਸ ਰੇ, ਰੇ ਗ ਮ, ਸ ਰੇ, ਰੇ ਸ, .ਨਿ ਸ ਰੇ ਗ ਮ, ਮ ਪ, ਮ, ਧ ਪ ਮ, ਸ ਰੇ, ਮ, ਸ .ਨਿ, ਸ ਰੇ ਗ ਮ, ਰੇ ਸ, ਧ ਪ ਮ ਗ ਰੇ, ਸ ਰੇ ਗ ਮ, ਰੇ, ਗ ਮ ਪ, ਧ ਨਿ ਧ ਪ, ਗ ਪ ਧ ਪ, ਮ ਗ ਰੇ ਸ, ਸ ਰੇ ਗ ਮ, ਧ ਪ ਮ ਗ ਰੇ, ਸ ਰੇ, ਸ .ਨਿ ਸ, ਗ ਮ, ਰੇ ਸ |

**31. ਮਾਲਵਮੰਜਰੀ –** ਇਸ ਰਾਗ ਦੇ ਰਚਨਾਕਾਰ ਪੰ. ਰਤਨਜਨਕਰ ਹਨ। ਰਾਗ ਮਾਲਸ਼੍ਰੀ ਵਿੱਚ ਰਾਗ ਸ਼ੰਕਰਾ ਦੀਆਂ ਸਵਰ ਸੰਗਤੀਆਂ ਜੋੜਨ ਨਾਲ ਇਸ ਰਾਗ ਦੀ ਰਚਨਾ ਹੋਈ ਹੈ। ਇਸ ਰਾਗ ਵਿੱਚ ਰਿਸ਼ਭ ਤੇ ਮਧਿਅਮ ਸਵਰ ਵਰਜਿਤ ਹਨ। ਰਾਗ ਮਾਲਸ਼੍ਰੀ ਵਿੱਚ ਤੀਵਰ ਮਧਿਅਮ ਦਾ ਪ੍ਰਯੋਗ ਹੁੰਦਾ ਹੈ ਪਰ ਇਸ ਵਿੱਚ ਮੀਧਅਮ ਵਰਜਿਤ ਹੈ। ਮਾਲਸ਼੍ਰੀ ਵਿੱਚ ਧੈਵਤ ਦਾ ਪ੍ਰਯੋਗ ਨਹੀਂ ਹੁੰਦਾ ਪਰ ਸ਼ੰਕਰਾ ਵਿੱਚ ਧੈਵਤ ਦਾ ਪ੍ਰਯੋਗ ਅਲਪ ਮਾਤਰਾ ਵਿੱਚ ਹੁੰਦਾ ਹੈ ਤੇ ਉਸ ਜਗਾ ’ਤੇ ਸ਼ੰਕਰਾ ਦਿਖਾਈ ਦਿੰਦਾ ਹੈ

| | |
|---|---|
| ਥਾਟ | ਬਿਲਾਵਲ |
| ਵਾਦੀ | ਸ |
| ਸੰਵਾਦੀ | ਪ |
| ਜਾਤੀ | ਔੜਵ– ਔੜਵ |
| ਸਮਾਂ | ਰਾਤ ਦਾ ਪਹਿਲਾ ਪਹਿਰ |

ਸਵਰ ਵਿਸਥਾਰ ਸ, ਗ ਸ ਪ ਗ, ਸ, ਧ ਪ, ਗ ਪ, ਗ ਸ, ਨਿਧ, ਪ ਧ ਪ, ਗ, ਸ ਗ, ਪ ਧ ਨਿ ਧ, ਪ ਧ, ਪ, ਗ, ਪ, ਗ ਪ, ਗ ਸ, ਸ ਪ, ਗ, ਪ, ਨਿ ਧ ਪ, ਗ ਪ ਧ ਨਿ, ਧ ਪ, ਗ ਪ ਸਂ, ਨਿ ਧ, ਪ ਪ, ਗ ਪ ਸਂ, ਨਿ ਧ, ਪ, ਗ ਪ, ਨਿ ਸਂ ਗਂ ਸਂ, ਨਿ ਧ, ਪ, ਪ ਗ ਪ ਗ ਸ

ਸ ਗ ਪ, ਗ ਸ, ਸ ਪ, ਗ ਪ, ਨਿ ਸਂ ਗਂ ਸਂ, ਸਂ ਸਂ, ਗਂ ਪਂ, ਗਂ, ਪਂ, ਗਂ ਸਂ ਸਵਰ ਸੰਗਤੀ ਨਾਲ ਮਾਲਸ਼੍ਰੀ ਅਤੇ ਗ ਪ ਧ ਪ, ਗ ਪ ਨਿਧ ਪ, ਗ ਪ ਧ ਨਿ, ਧ ਪ, ਪ ਧ ਪ, ਧ ਸਂ ਗ ਪ ਆਦਿ ਸਵਰਾਂ ਨਾਲ ਰਾਗ ਸ਼ੰਕਰਾ ਦਿਖਾਈ ਦਿੰਦਾ ਹੈ।

32. **ਸੁਰੰਜਨੀ –** ਇਸ ਰਾਗ ਦਾ ਨਿਰਮਾਣ ਪੰ. ਰਤਨਜਨਕਰ ਨੇ ਰਾਗ ਭੈਰਵ ਤੇ ਮਾਂਡ ਰਾਗ ਨੂੰ ਮਿਸ਼ਰਿਤ ਕਰ ਕੇ ਬਣਾਇਆ ਹੈ। ਇਸ ਰਾਗ ਵਿੱਚ ਮ ਤੇ ਧ ਦੀ ਸਵਰ ਸੰਗਤੀ ਲਈ ਜਾਂਦੀ ਹੈ। ਇਸ ਰਾਗ ਵਿੱਚ ਕੋਮਲ ਰਿਸ਼ਭ ਸਵਰ ਲਿਆ ਜਾਂਦਾ ਹੈ।

ਜਾਤੀ ਸੰਪੂਰਨ

ਵਾਦੀ ਮਧਿਅਮ

ਸੰਵਾਦੀ ਸ਼ੜਜ

ਸਮਾਂ ਦਿਨ ਦਾ ਪਹਿਲਾ ਪਹਿਰ

ਸਵਰ ਵਿਸਥਾਰ ਸ, ਗ ਮ ਪ, ਗ ਮ $^{ਮ}$ਰੁੇ ਸ, ਸ, ਰੁੇ ਗ ਮ$^{ਗ}$ ਪ, ਪਧ, ਪਮ, ਧ ਪਮ $^{ਮ}$ਰੁੇ, ਗ ਮ $^{ਮ}$ਰੁੇ ਸ, ਸ, ਰੁੇ ਸ, .ਨਿ .ਧ, .ਮ .ਧ .ਨਿ ਸ, ਰੁੇ ਗ ਸ ਰੁੇ, ਗ ਮ, ਧ ਪ, ਗ ਮ ਧ ਪ, .ਨਿ ਸ ਗ ਮ, ਧ ਪ, ਮ, ਨਿ ਧ ਪ, ਮ, ਸਂ, ਰੁੇਂ, ਸਂ, ਨਿ ਧ, ਨਿਧ ਪ, ਧ ਮ, ਗ ਮ ਪ, ਮ, ਧ ਪ ਮ ਗ $^{ਰੇ}$ਸ

33. **ਸਹੇਲੀ ਤੌੜੀ –** ਇਸ ਰਾਗ ਦੀ ਰਚਨਾ ਪੰ. ਕੁਮਾਰ ਗੰਧਰਵ ਨੇ ਕੀਤੀ। ਇਸ ਰਾਗ ਵਿੱਚ ਬਿਲਾਸਖਾਨੀ ਤੇ ਭੁਪਾਲ ਤੌੜੀ ਰਾਗ ਦਾ ਸਵਰ ਦੇਖਣ ਨੂੰ ਮਿਲਦੇ ਹਨ। ਇਸ ਦੀ ਪ੍ਰਕਿਰਤੀ ਗੰਭੀਰ ਹੈ ਅਤੇ ਇਸ ਰਾਗ ਵਿੱਚੋਂ ਕਰੁਣ ਰਸ ਝਲਕਦਾ ਹੈ। ਇਹ ਰਾਗ

ਬਿਲਾਸਖਾਨੀ ਤੋੜੀ ਨਾਲ ਮਿਲਦਾ ਪਰ ਫਿਰ ਵੀ ਉਸ ਤੋਂ ਬਿਲਕੁਲ ਭਿੰਨ ਹੈ। ਅਵਰੋਹ ਵਿੱਚ ਨਿਸ਼ਾਦ ਦਾ ਵਕਰ ਪ੍ਰਯੋਗ ਹੈ। ਮੰਦਰ ਤੇ ਮੱਧ ਸਪਤੱਕ ਵਿੱਚ ਰਾਗ ਦਾ ਵਿਸਤਾਰ ਵਧੇਰੇ ਹੁੰਦਾ ਹੈ। ਇਸ ਰਾਗ ਵਿੱਚ ਸ ਰੇ ਗੁ ਪ ਗੁ ਰੇ, ਗੁ ਪ ਧੁ ਨਿ ਧੁ ਵਿੱਚ ਬਿਲਾਸਖਾਨੀ ਤੋੜੀ ਤੇ ਭੁਪਾਲ ਤੋੜੀ ਦੇਖਣ ਨੂੰ ਮਿਲਦੇ ਹਨ। ਇਸ ਦਾ ਆਰੋਹ ਭੁਪਾਲ ਤੋੜੀ ਵਰਗਾ ਹੈ। ਪ ਧੁ ਨਿ ਸਂ ਨਿ ਧੁ ਪ, ਧੁ ਨਿ ਸਂ ਰੇਂ ਸ ਂਨਿ ਧੁ ਪ ਸਵਰ ਸੰਗਤੀ ਭੈਰਵ ਨਾਲ ਮਿਲਦੀ ਹੈ।

| | |
|---|---|
| ਥਾਟ | ਭੈਰਵੀ |
| ਆਰੋਹ | ਸ ਰੇ ਗੁ ਪ ਧੁ ਸਂ |
| ਅਵਰੋਹ | ਸਂ, ਧੁ ਨਿ ਧੁ ਪ, ਗੁ ਰੇ ਗੁ ਰੇ ਸ |
| ਜਾਤੀ | ਔੜਵ-ਸ਼ਾੜਵ |
| ਵਾਦੀ | ਧੈਵਤ |
| ਸੰਵਾਦੀ | ਗੰਧਾਰ |
| ਨਿਆਸ | ਸ, ਪ |
| ਸਮਾਂ | ਸਵੇਰ 10 ਤੋਂ 12 |

**34. ਭਵਮਤ ਭੈਰਵ –** ਇਸ ਰਾਗ ਦਾ ਨਿਰਮਾਣ ਪੰ. ਕੁਮਾਰ ਗੰਧਰਵ ਦੁਆਰਾ ਕੀਤਾ ਗਿਆ ਹੈ। ਇਸ ਦਾ ਆਰੋਹ ਤੇ ਅਵਰੋਹ ਵਕਰ ਹੈ। ਇਸਦੇ ਆਰੋਹ ਵਿੱਚ ਰੇ, ਪ ਵਰਜਿਤ ਹਨ ਤੇ ਅਵਰੋਹ ਵਿੱਚ ਨਿ ਵਰਜਿਤ ਹੈ। ਇਸ ਵਿੱਚ ਦੋਵੇਂ ਮਧਿਅਮ ਲੱਗਣ ਨਾਲ ਲਲਿਤ ਦਾ ਪਰਛਾਵਾਂ ਦਿਖਾਈ ਦਿੰਦਾ ਹੈ। ਇਸ ਵਿੱਚ ਪ ਗ ਰੇ ਸ ਨਾਲ ਭਟਿਆਰ ਦੇ ਦਰਸ਼ਨ ਹੁੰਦੇ ਹਨ।

ਆਰੋਹ ਸ ਗ ਮ ਪ, ਮ ਧ ਨਿ ਸਂ

**ਜਾਂ**

ਸ ਗ ਮ ਧ ਨਿ ਸਂ

| | |
|---|---|
| ਅਵਰੋਹ | ਸਂ ਧ ਮ' ਮ, ਪ ਗ ਰੇ ਸ |
| | ਜਾਂ |
| | ਸਂ ਧ ਮ' ਮ ਗ ਮ ਪ ਗ ਰੇ ਸ |
| ਪਕੜ | ਸ ਗ ਮ ਪ, ਮ ਧ ਮ' ਮ, ਪ ਗ ਰੇ ਸ |
| ਜਾਤੀ | ਔੜਵ-ਸ਼ਾੜਵ |
| ਵਾਦੀ | ਗ |
| ਸੰਵਾਦੀ | ਧ |
| ਸਮਾਂ | ਸਵੇਰ |

**35. ਬੀਹੜ ਭੈਰਵ –** ਇਸ ਰਾਗ ਦੀ ਸਿਰਜਨਾ ਪੰ. ਕੁਮਾਰ ਗੰਧਰਵ ਨੇ ਕੀਤੀ ਹੈ। ਇਸ ਰਾਗ ਵਿੱਚ ਗੁਣਕਲੀ, ਅਹੀਰ ਭੈਰਵ, ਤੋੜੀ, ਬਸੰਤ ਮੁਖਾਰੀ ਤੇ ਭੈਰਵ ਝਲਕਦੇ ਹਨ। ਇਸਦੀ ਪ੍ਰਕਿਰਤੀ ਗੰਭੀਰ ਹੈ ਤੇ ਕਰੁਣ ਰਸ ਮਿਲਦਾ ਹੈ। ਤਿੰਨਾਂ ਸਪਤੱਕਾਂ ਵਿੱਚ ਵਿਸਥਾਰ ਹੁੰਦਾ ਹੈ।

| | |
|---|---|
| ਥਾਟ | ਭੈਰਵ |
| ਆਰੋਹ | ਸ ਰੇ ਮ ਪ ਧੁ ਸਂ |
| ਅਵਰੋਹ | ਸਂ ਨਿ ਧੁ ਪ ਧੁ ਨ੍ਹਿ ਧੁ ਪ ਮ ਗ ਰੇ ਸ ਗੁ ਰੇ ਗੁ ਰੇ ਸ |
| ਜਾਤੀ | ਔੜਵ-ਸੰਪੂਰਨ |
| ਵਾਦੀ | ਸ |
| ਸੰਵਾਦੀ | ਪ |
| ਨਿਆਸ | ਮ, ਨਿ |
| ਸਮਾਂ | ਪ੍ਰਾਤਾਕਾਲ |

ਰਾਗ ਗੁਣਕਲੀ ਸ ਰੁ ਮ ਪ ਧੁ ਪ, ਅਹੀਰ ਭੈਰਵ ਗ ਰੁ .ਨਿ ਸ, ਤੋੜੀ ਰੁ ਗੁ ਰੁ ਸ, ਬਸੰਤਮੁਖਾਰੀ ਪ ਧ ਨਿ ਧ ਪ ਮ ਗ ਰੁ ਸ ਅਤੇ ਭੈਰਵ ਧੁ ਧੁ ਪ, ਮ ਧੁ ਪ ਮ ਗ ਰੁ ਸ ਸਵਰ ਸੰਗਤੀਆਂ ਪ੍ਰਾਪਤ ਹੁੰਦੀਆਂ ਹਨ।

**36. ਮਧੁਸੂਰਜਾ –** ਇਸ ਰਾਗ ਦੇ ਰਚਨਾਕਾਰ ਕੁਮਾਰ ਗੰਧਰਵ ਨੇ ਇਸ ਰਾਗ ਨੂੰ ਕਿਸੀ ਵੀ ਅੰਤਰਗਤ ਨਹੀਂ ਰੱਖਿਆ। ਇਸ ਰਾਗ ਨੂੰ ਸਾਰੰਗ ਤੇ ਬੈਰਾਗੀ ਭੈਰਵ ਦਾ ਮਿਸ਼ਰਣ ਕਰਕੇ ਬਣਾਇਆ ਗਿਆ ਹੈ ਤੇ ਇਸ ਵਿੱਚ ਦੋਨੋਂ ਮਧਿਅਮ ਪ੍ਰੋਗ ਕੀਤੇ ਗਏ ਹਨ। ਇਸਦੀ ਪ੍ਰਕਿਰਤੀ ਗੰਭੀਰ ਹੈ। ਇਸ ਰਾਗ ਦਾ ਚਲਮ ਮੱਧ ਤੇ ਤਾਰ ਸਪਤੱਕ ਵਿੱਚ ਅਧਿਕ ਹੁੰਦਾ ਹੈ। ਇਸ ਕਰੁਣ ਰਸ ਪ੍ਰਧਾਨ ਰਾਗ ਹੈ। ਨਿ ਮ' ਮ ਸਵਰ ਸੰਗਤੀ ਇਸ ਰਾਗ ਦਾ ਮੌਲਿਕ ਰੂਪ ਹੈ।

| | |
|---|---|
| ਆਰੋਹ | ਸ ਰੇ ਮ ਪ ਨਿ ਸਂ |
| ਅਵਰੋਹ | ਸਂ ਨਿ ਮ' ਮ, ਪ ਮ ਰੁ ਸ |
| ਜਾਤੀ | ਔੜਵ-ਔੜਵ |
| ਵਾਦੀ | ਮ |
| ਸੰਵਾਦੀ | ਨਿ |
| ਸਮਾਂ | ਦਿਨ ਦੇ 12 ਤੋਂ 2 ਵਜੇ ਤੱਕ |

ਇਸ ਰਾਗ ਵਿੱਚ ਮਧਮਾਦ ਸਾਰੰਗ ਸ ਰੇ ਮ ਪ ਨਿ ਸਂ, ਪ ਮ ਰੁ ਸ ਭੈਰਵ, .ਪ .ਨਿ ਸ ਰੁ ਸ .ਨਿ ਬੈਰਾਗੀ ਭੈਰਵ ਰਾਗਾਂ ਦੀਆਂ ਸਵਰ ਸੰਗਤੀਆਂ ਦਿਖਾਈ ਦਿੰਦੀਆਂ ਹਨ।

**37. ਨਿੰਦਿਯਾਰੀ –** ਪੰ. ਕੁਮਾਰ ਗੰਧਰਵ ਦੀ ਇਹ ਇੱਕ ਮਧੁਰ ਰਚਨਾ ਹੈ। ਇਹ ਰਾਗ ਕਲਿਆਣ ਰਾਗ ਦੇ ਨਜਦੀਕ ਹੈ। ਇਸ ਵਿੱਚ ਕਲਿਆਣ ਦੇ ਸਵਰ ਲੱਗਦੇ ਹਨ ਪਰ ਰੇ ਧ ਸਵਰ ਨੂੰ ਪ੍ਰਬਲ ਕਰ ਕੇ ਕਲਿਆਣ ਤੋਂ ਬਚਾ ਲਿਆ ਜਾਂਦਾ ਹੈ। ਇਸਦੇ ਆਰੋਹ ਵਿੱਚ ਤੀਵਰ ਮਧਿਅਮ ਅਤੇ ਅਵਰੋਹ ਵਿੱਚ ਸ਼ੁੱਧ ਮਧਿਅਮ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਸ਼ਾਂਤ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਦਾ ਵਿਸਥਾਰ ਮੰਦਰ ਤੇ ਮੱਧ ਸਪਤੱਕ ਵਿੱਚ

ਅਧਿਕ ਹੁੰਦਾ ਹੈ। .ਧ .ਨਿ ਸ ਰੇ – –, .ਨਿ ਸ .ਨਿ ਸ, .ਨਿ ਸ ਰੇ ਰੇ, .ਨਿ ਸ .ਨਿ ਧ – ਆਦਿ ਸਵਰ ਸੰਗਤੀਆਂ ਨਾਲ ਕਲਿਆਣ ਤੋਂ ਭਿੰਨ ਹੋ ਜਾਂਦਾ ਹੈ।

ਥਾਟ ਕਲਿਆਣ

ਆਰੋਹ .ਨਿ ਸ ਰੇ ਗ ਮ' ਪ ਧ ਨਿ ਸਂ

ਅਵਰੋਹ ਸਂ ਨਿ ਧ ਪ ਮ ਗ ਰੇ ਸ

ਜਾਤੀ ਸੰਪੂਰਨ

ਵਾਦੀ ਰੇ

ਸੰਵਾਦੀ ਪ

ਸਮਾਂ ਸ਼ਾਮ ਦਾ

38. **ਸੰਜਾਰੀ –** ਇਸ ਰਾਗ ਨੂੰ ਪੰ. ਕੁਮਾਰ ਗੰਧਰਵ ਨੇ ਨਿਰਮਿਤ ਕੀਤਾ ਹੈ। ਇਹ ਰਾਗ ਕਿਸੇ ਵੀ ਥਾਟ ਦੇ ਅੰਤਰਗਤ ਨਹੀਂ ਆਉਂਦਾ ਹੈ। ਇਸ ਦਾ ਆਰੋਹ ਦੁਰਗਾ ਦੇ ਸਮਾਨ ਹੈ। ਪਰ ਇਸਦਾ ਅਵਰੋਹ ਜਟਿਲ ਹੈ।

ਆਰੋਹ ਸ ਰੇ ਮ ਪ ਧ ਸਂ

ਅਵਰੋਹ ਸਂ ਨਿ ਧ ਨੁਿ ਧ ਮ' ਪ, ਮ ਗ ਰੇ ਗੁ ਰੇ .ਨਿ ਸ

ਜਾਤੀ ਔੜਵ–ਸੰਪੂਰਨ

ਵਾਦੀ ਰੇ

ਸੰਵਾਦੀ ਧ

ਸਮਾਂ ਸ਼ਾਮ

ਇਸ ਰਾਗ ਵਿੱਚ ਰੇ ਮ' ਪ, ਧ ਮ' ਪ ਸਵਰ ਸੰਗਤੀ ਵਿੱਚੋਂ ਸ਼ਿਯਾਮ ਕਲਿਆਣ ਝਲਕਦਾ ਹੈ। ਇਸ ਵਿੱਚ ਮਧਿਅਮ ਸ਼ੁੱਧ ਲੱਗਣ ਨਾਲ ਇਸਦੀ ਛਾਇਆ ਦੂਰ ਹੋ ਜਾਂਦੀ ਹੈ। ਇਸੇ

ਤਰ੍ਹਾਂ ਰੇ .ਨਿ ਸ ਰੇ ਮ ਗ ਰੇ ਗੁ ਰੇ, ਰੇ ਗੇ ਰੇ ਨਿ ਸਂ ਸਵਰ ਸੰਗਤੀ ਨਾਲ ਰਾਗ ਜੈਜੈਵੰਤੀ ਦੇ ਸਵਰ ਮਿਲਦੇ ਹਨ।

**39. ਮਧਵਾ –** ਪੰ. ਕੁਮਾਰ ਗੰਧਰਵ ਦੀ ਇਸ ਰਚਨਾ ਦਾ ਆਰੋਹ ਵਕਰ ਹੈ ਅਵਰੋਹ ਸਰਲ ਹੈ।

| | |
|---|---|
| ਥਾਟ | ਖਮਾਜ |
| ਆਰੋਹ | ਸ ਮ ਗ ਮ ਨਿੁ ਧ ਨਿ ਸਂ |
| ਅਵਰੋਹ | ਸਂ ਨਿੁ ਧ ਪ ਮ ਗ ਰੇ ਸ |
| ਜਾਤੀ | ਔੜਵ-ਸੰਪੂਰਨ |
| ਵਾਦੀ | ਮ |
| ਸੰਵਾਦੀ | ਨਿ |
| ਸਮਾਂ | ਰਾਤ ਦੇ 9 ਤੋਂ 11 |
| ਨਿਆਸ | ਰੇ, ਪ |

ਮਧਿਅਮ ਵਾਦੀ ਹੋਣ ਨਾਲ ਅਤੇ ਮ ਨਿੁ ਧ ਨਿੁ ਸਂ ਸਵਰ ਸੰਗਤੀ ਨਾਲ ਬਹਾਰ ਰਾਗ ਲੱਗਦਾ ਹੈ। ਪਰ ਬਹਾਰ ਰਾਗ ਵਿੱਚ ਦੋਵੇਂ ਨਿ ਤੇ ਕੋਮਲ ਗ ਲੱਗਦੇ ਹਨ।

**40. ਲਗਨ ਗੰਧਾਰ –** ਇਹ ਇੱਕ ਜਟਿਲ ਰਾਗ ਹੈ ਜਿਸਦੀ ਸਿਰਜਨਾ ਪੰ. ਕੁਮਾਰ ਗੰਧਰਵ ਨੇ ਕੀਤੀ ਹੈ। ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ ਤੇ ਇਸ ਦਾ ਚਲਨ ਤਿੰਨਾਂ ਸਪਤੱਕਾਂ ਵਿੱਚ ਹੁੰਦਾ ਹੈ।

| | |
|---|---|
| ਥਾਟ | ਖਮਾਜ |
| ਆਰੋਹ | .ਧ ਸ ਗ ਪ ਧ ਸਂ |
| ਅਵਰੋਹ | ਸਂ ਨਿੁ ਨਿੁ ਧ ਨਿੁ ਧ ਪ ਗੁ ਗੁ, ਰੇੁ ਗੁ ਰੇੁ ਸ |

ਜਾਤੀ ਚਤੁ-ਸ਼ਾੜਵ

ਵਾਦੀ ਗ

ਸੰਵਾਦੀ ਨਿ

ਨਿਆਸ ਸ, ਪ

ਸਮਾਂ ਰਾਤ ਦੇ 8 ਤੋਂ 11 ਵਜੇ ਤੱਕ

ਸ ਗ ਪ ਧ ਨਿ, ਗ ਪ ਧ ਨਿ ਧ ਪ ਸਵਰ ਸੰਗਤੀ ਨਾਲ ਰਾਗ ਕਲਾਵਤੀ ਲੱਗਦਾ ਹੈ ਪਰ ਗੁ ਤੇ ਨਿ ਨਾਲ ਇਸ ਤੋਂ ਭਿੰਨ ਹੋ ਜਾਂਦਾ ਹੈ। ਸਂ ਨਿ ਨਿ ਧ ਪ ਗੁ ਨਾਲ ਰਾਗ ਕਾਫੀ ਵੀ ਪ੍ਰਤੀਤ ਹੁੰਦਾ ਹੈ।

**41. ਰਾਹੀ –** ਇਸ ਰਾਗ ਦੇ ਰਚਨਾਕਾਰ ਪੰ. ਕੁਮਾਰ ਗੰਧਰਵ ਹਨ। ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਸ ਦਾ ਚਲਨ ਤਿੰਨਾਂ ਸਪਤੱਕਾਂ ਵਿੱਚ ਹੈ। ਇਸ ਰਾਗ ਵਿੱਚ ਸ਼ੜਜ ਦੇ ਆਧਾਰ ਨਾਲ ਨਿ ਵਕਰ ਹੋ ਕੇ ਲੱਗਦਾ ਹੈ।

ਥਾਟ ਖਮਾਜ

ਆਰੋਹ ਸ .ਨਿ ਸ ਰੇ ਮ, ਪ ਮ, ਪ ਧ ਸਂ

ਅਵਰੋਹ ਸਂ ਨਿ ਧ, ਪ ਮ ਪ ਧ ਪ, ਮ ਗ ਰੇ, ਸ .ਨਿ ਸ ਰੇ ਸ

ਜਾਤੀ ਔੜਵ- ਸੰਪੂਰਨ

ਵਾਦੀ ਸ

ਸੰਵਾਦੀ ਪ

ਨਿਆਸ ਰੇ, ਮ, ਧ

ਸਮਾਂ ਰਾਤ

**42. ਅਹਿਮੋਹਿਨੀ –** ਪੰ. ਕੁਮਾਰ ਗੰਧਰਵ ਦੁਆਰਾ ਨਿਰਮਿਤ ਇਸ ਰਾਗ ਕਿਸੇ ਵੀ ਥਾਟ ਦੇ ਅੰਤਰਗਤ ਨਹੀਂ ਹੈ। ਇਸ ਰਾਗ ਦੇ ਅਵਰੋਹ ਵਿੱਚ ਦੋਵੇਂ ਧ ਪ੍ਰਯੋਗ ਕੀਤੇ ਗਏ ਹਨ। ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ ਤੇ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸਦਾ ਚਲਨ ਮੰਦਰ ਤੇ ਮੱਧ ਸਪੱਤਕ ਵਿੱਚ ਅਧਿਕ ਹੈ।

| | |
|---|---|
| ਆਰੋਹ | ਸ ਰੇ ਗ ਮ ਪ ਧ ਨਿ ਸਂ |
| ਅਵਰੋਹ | ਸਂ ਨਿ ਧ ਪ ਮ ਗੁ ਰੇ ਸ |
| ਜਾਤੀ | ਸੰਪੂਰਨ |
| ਵਾਦੀ | ਮ |
| ਸੰਵਾਦੀ | ਨਿ |
| ਸਮਾਂ | ਰਾਤ ਦੇ 10 ਤੋਂ 12 ਵਜੇ ਤੱਕ |

ਧ ਨਿ ਧੁ ਪ ਧੁ ਮ ਸਵਰ ਸੰਗਤੀ ਰਾਗ ਚਾਰੂਕੇਸ਼ੀ ਅਤੇ ਰੇ ਗ ਮ ਪ ਧ ਪ, ਗੁ ਰੇ ਗੁ ਸ ਨੱਟ ਭੈਰਵੀ ਨਾਲ ਮਿਲਦੇ ਹਨ।

**43. ਗਾਂਧੀ ਮਲਹਾਰ –** ਇਸ ਰਾਗ ਦੀ ਰਚਨਾ ਵੀ ਪੰ. ਕੁਮਾਰ ਗੰਧਰਵ ਨੇ ਕੀਤੀ ਹੈ। ਇਸ ਰਾਗ ਵਿੱਚ ਦੋਵੇਂ ਗ ਤੇ ਦੋਵੇਂ ਨਿ ਲੱਗਦੇ ਹਨ ਤੇ ਮ ਸ਼ੁੱਧ ਲੱਗਦਾ ਹੈ। ਇਸ ਰਾਗ ਵਿੱਚ ਗ-ਧ ਤੇ ਧ-ਗ ਦੀ ਸਵਰ ਸੰਗਤੀ ਮਹੱਤਵਪੂਰਨ ਹੈ। ਇਸਦੇ ਆਰੋਹ ਵਿੱਚ ਸ਼ੁੱਧ ਗੰਧਾਰ ਅਤੇ ਅਵਰੋਹ ਵਿੱਚ ਕੋਮਲ ਗੰਧਾਰ ਲੱਗਦਾ ਹੈ।

**44. ਭੁਵਨਮੋਹਿਨੀ –** ਇਸ ਰਾਗ ਦੀ ਸਿਰਜਨਾ ਆਚਾਰਯ ਬ੍ਰਹਿਸਪਤੀ ਨੇ ਕੀਤੀ। ਰਾਗ ਪੂਰੀਆ, ਝਿੰਝੋਟੀ, ਜੌਨਪੁਰੀ, ਜੋਗੀਆ ਆਦਿ ਰਾਗਾਂ ਦੇ ਸਵਰਾਂ ਸਮੁਦਾਇ ਜੋੜਨ ਨਾਲ ਇਸ ਰਾਗ ਦੀ ਰਚਨਾ ਹੋਈ ਹੈ। .ਧ ਰੇ – ਸ ਨਾਲ ਇਸ ਰਾਗ ਦਾ ਰੂਪ ਸਪੱਸ਼ਟ ਹੁੰਦਾ ਹੈ। [49]

[49] ਸੰਗੀਤ, ਮਾਰਚ-1964, ਪੰਨਾ 31-32

ਆਰੋਹ ਸ ਰੇ ਮ ਪ ਧ ਸਂ

ਅਵਰੋਹ ਸਂ ਧੁ ਪ ਮ ਰੇ ਸ

ਜਾਤੀ ਔੜਵ-ਔੜਵ

ਵਾਦੀ ਸ਼ੜਜ

ਸੰਵਾਦੀ ਪੰਚਮ

ਸਵਰ ਵਿਸਥਾਰ .ਧ .ਧ ਸ, .ਧ ਰੇ - - ਸ .ਧ ਰੇ-ਸ, .ਮ .ਮ .ਪ, .ਧ .ਧ ਸ, ਸ ਰੇ ਮ ਰੇ-ਰੇ-ਸ, ਸ .ਧੁ, ਰੇ-ਸ, ਸ ਰੇ ਮ ਪ ਧੁ- ਪ, ਧ- ਪ, ਧ- ਮ, ਮ ਪ ਧ ਰੇਂ-ਸਂ, ਧ ਰੇਂ- ਰੇਂ, ਸਂ ਧੁ- ਧੁਪ, ਧੁਮਪ, ਧਰੇਂ ਰੇਂ ਸਂ

**45. ਸੰਯੋਗ –** ਇਸ ਰਾਗ ਦਾ ਨਿਰਮਾਣ ਆਚਾਰਯ ਬ੍ਰਹਿਸਪਤੀ ਨੇ ਕੀਤਾ ਹੈ। ਸੰਗੀਤ ਪੱਤਰਿਕਾ ਅਨੁਸਾਰ[50]

ਸ ਗ ਮ ਗ ਗੁ ਸ- .ਧ - - .ਧ .ਨਿ - ਸ .ਧ .ਨਿ ਸ, - ਸ ਗ, - - - - - ਮ ਪ ਮ ਗ ਮ ਗ ਗੁ - ਗੁ ਗੁ ਸ - - ਸ ਗ ਮ ਪ ਮ - - ਗ ਗੁ - ਗੁ ਗੁ ਸ ਸ ਰੇ - - .ਧ - .ਨਿ - ਸ .ਧ .ਨਿ ਸ, - - - - .ਧ .ਨਿ ਸ ਗ ਮ ਪ - -ਧ ਧ ਨਿ ਸਂ ਨਿ ਧ ਨਿ ਧ ਧੁ ਧੁ - ਮ ਮ ਮ - ਪ ਮ ਪ, - - - -- ਮ ਪ ਮ ਗ ਗ - ਗ ਮ ਪ ਮ ਗ ਮ ਮ ਗੁ ਗੁ ਗੁਰੇ ਸ, - - ਰੇ ਰੇ .ਨਿ ਸ ਰੇ, ਸ - .ਧ .ਨਿ - ਸ .ਧ .ਨਿ ਸ, --।

**46. ਪ੍ਰਭਾਤਰੰਜਨੀ –** ਇਸ ਰਾਗ ਦੀ ਰਚਨਾ ਆਚਾਰਯ ਬ੍ਰਹਿਸਪਤੀ ਨੇ ਤੌੜੀ, ਲਲਿਤ ਅਤੇ ਰਾਮਕਲੀ ਦੇ ਮਿਸ਼ਰਣ ਨਾਲ ਕੀਤੀ ਹੈ। ਜੋ ਪਰਸਪਰ ਸੰਵਾਦੀ ਸਵਰ ਗੁਛਿੱਆਂ ਦੀ ਯੋਜਨਾ ਦਾ ਪਰਿਣਾਮ ਹੈ। [51]

ਸਵਰ ਵਿਸਥਾਰ ਸ - - - ਰੇ ਗੁ - - ਰੇ - ਸ - - -, ਰੇ .ਨਿ- ਸ, ਗ - ਗ ਮ- - ਰੇ - -, ਗ ਰੇ - ਸ, .ਧੁ- .ਨਿ- .ਨਿ ਸ, ਰੇ ਗ-, -ਸ-ਰੇਗ-, - ਰੇਸ, ਗ ਮ ਮ' ਮ ਗ, ਮ ਰੇ-, ਰੇਗਰੇਸ, ਗਮਧੁ- -ਪ, ਧੁ-ਮ'-ਮ'ਪ-,

---

[50] ਸੰਗੀਤ, ਜੁਲਾਈ 1980, ਪੰਨਾ 8-9

[51] ਰਾਮਪੁਰ ਦੀ ਸਦਾਰੰਗ ਪਰੰਪਰਾ- ਆਚਾਰਯ ਬ੍ਰਹਿਸਪਤੀ, ਸਰਯੂ ਕਾਲੇਕਰ ਪੰਨਾ 58

-ਗ ਮਮ'ਮ- -ਗ, ਮ-ਗ, ਧੁ-ਧੁ-ਮ'-ਪ-ਪ-ਧੁ-ਨੁਿ-ਧੁ-ਪ, ਧੁਮ- -,
ਧੁਮ - -, ਮ'ਪ- -ਗ-ਮਰੇੁ-, ਰੇੁਗੁਰੇੁਸ

| <u>ਸਵਾਲ</u> | <u>ਜਵਾਬ</u> |
|---|---|
| .ਧ .ਨੁਿ .ਧ .ਪ .ਮ' .ਪ .ਨਿ ਸ | ਰੇੁ ਗੁ ਰੇੁ ਸ .ਨਿ ਸ ਗ ਮ |
| .ਨਿ ਸ ਰੇੁ ਸ .ਨਿ ਸ | ਗ ਮ ਮ' ਮ ਗ ਮ |
| ਰੇੁ .ਨਿ .ਨਿ ਸ | ਧੁ ਮ' ਮ' ਪ |

**47. ਮਹਾਂਲਕਸ਼ਮੀ**[52] **–** ਇਸ ਰਾਗ ਦੀ ਨਿਰਮਿਤੀ ਆਚਾਰਯ ਬ੍ਰਹਿਸਪਤੀ ਦੁਆਰਾ ਕੀਤੀ ਗਈ ਹੈ।

ਆਰੋਹ .ਧ .ਨਿ ਸ ਰੇ .ਨਿ ਸ ਗ ਮ, ਧ ਨਿ ਸਂ ਰੇਂ ਨਿ ਸਂ

ਅਵਰੋਹ ਸਂ ਧ ਨੁਿ ਪ ਮ, ਗ ਮ ਰੇ ਸ

**48. ਅਨੰਗਰੰਜਨੀ**[53] **–** ਇਸ ਰਾਗ ਦੀ ਰਚਨਾ ਆਚਾਰਯ ਬ੍ਰਹਿਸਪਤੀ ਨੇ ਕੀਤੀ। ਇਸ ਰਾਗ ਦਾ ਵਾਦੀ ਸਵਰ ਸ਼ੜਜ ਹੈ ਤੇ ਸੰਵਾਦੀ ਸਵਰ ਪੰਚਮ ਹੈ।

ਸ਼ਵਰ ਵਿਸਥਾਰ .ਨਿ ਮ' - - ਮ' ਗ ਮ' ਧੁ - - ਮ' ਗ ਮ ਗ - ਮ' ਗ ਰੇੁ ਸ -। ਸ
ਮ - - ਮ - ਗ - ਗੁ ਗ ਮ' ਧੁ - ਮ' ਗ ਮ ਗ - ਮ' ਗ ਰੇੁ ਸ। ਗੁ
ਗ ਮ' ਧ - ਮ' ਗ ਮ ਗ - ਮ' ਧੁ - ਮ' ਗ ਮ ਗੁ ਮ' ਗ ਰੇੁ ਸ। .ਨਿ
ਰੇੁ 0 .ਨਿ .ਧ ਰੇੁ ਸ ਮ - ਮ - ਗ ਗੁ ਮ' ਧੁ ਮ' ਗ ਮ' - ਗ ਗੁ ਗ
ਮ' ਧੁ ਪ ਮ' ਨਿ ਧੁ ਪ ਨਿ ਰੇੁਂ - ਨਿ ਧੁ ਪ ਮ' ਧੁ ਮ' ਗ ਮ' ਗ ਰੇੁ ਸ

**49. ਮਧੂ ਭੈਰਵ –** ਇਸ ਰਾਗ ਦੀ ਸਿਰਜਨਾ ਪੰ. ਲਾਲ ਮਣੀ ਮਿਸ਼ਰ ਦੁਆਰਾ ਹੋਈ ਹੈ। ਇਸ ਰਾਗ ਵਿੱਚ ਰਿਸ਼ਭ ਤੇ ਨਿਸ਼ਾਦ ਸਵਰ ਕੋਮਲ ਹਨ ਅਤੇ ਬਾਕੀ ਸਵਰ ਸ਼ੁੱਧ ਪ੍ਰਯੋਗ ਕੀਤੇ ਗਏ ਹਨ। ਧੈਵਤ ਸਵਰ ਇਸ ਵਿੱਚ ਵਰਜਿਤ ਹੈ। ਇਸ ਰਾਗ ਵਿੱਚ ਭੈਰਵ ਤੇ ਬੈਰਾਗੀ ਭੈਰਵ ਦੇ ਸਵਰ ਦਿਖਾਈ ਦਿੰਦੇ ਹਨ।

---

[52] ਰਾਮਪੁਰ ਦੀ ਸਦਾਰੰਗ ਪਰੰਪਰਾ- ਆਚਾਰਯ ਬ੍ਰਹਿਸਪਤੀ, ਸਰਯੂ ਕਾਲੇਕਰ, ਪੰਨਾ 60
[53] ਸੰਗੀਤ- ਜੁਲਾਈ 1982, ਪੰਨਾ 10

ਥਾਟ　　　　ਭੈਰਵ

ਆਰੋਹ　　　　.ਨਿੁ, ਸ ਰੇੁ ਗ ਮ ਪ ਨਿੁ ਸਂ

ਅਵਰੋਹ　　　　ਸ ਂਨਿੁ ਪ ਮ [ਮ]ਗ ਮ ਰੇੁ ਸ

ਮੁੱਖ ਅੰਗ　　　　.ਨਿੁ ਰੇੁ ਸ, .ਨਿੁ .ਪ .ਮ .ਪ .ਨਿੁ ਸ, ਰੇੁ ਗ ਮ ਪ ਨਿੁ ਪ ਮ

[ਮ]ਗ ਮ [ਗ]ਰੇੁ [ਗ]ਰੇੁ ਸ

ਵਾਦੀ　　　　ਰੇ

ਸੰਵਾਦੀ　　　　ਪ

ਸਮਾਂ　　　　ਦਿਨ ਦਾ ਪਹਿਲਾ ਪਹਿਰ

**50. ਮਧੂਕਲੀ –** ਇਸ ਰਾਗ ਨੂੰ ਪੰ. ਲਾਲ ਮਣੀ ਮਿਸ਼ਰ ਨੇ ਮਧੂਵੰਤੀ, ਰਾਮਕਲੀ ਅਤੇ ਮੁਲਤਾਨੀ ਰਾਗਾਂ ਦੇ ਮਿਸ਼ਰਣ ਨਾਲ 1973 ਵਿੱਚ ਬਣਾਇਆ। ਇਸ ਰਾਗ ਵਿੱਚ ਮੁਲਤਾਨੀ ਅੰਗ ਪ੍ਰਧਾਨ ਹੈ। ਇਸਦੀ ਪ੍ਰਕਿਰਤੀ ਗੰਭੀਰ ਹੈ। ਇਸ ਰਾਗ ਵਿੱਚ ਗੰਧਾਰ ਤੇ ਧੈਵਤ ਕੋਮਲ, ਮਧਿਅਮ ਤੀਵਰ, ਅਤੇ ਨਿਸ਼ਾਦ ਦੋਵੇਂ ਲੱਗਦੇ ਹਨ। ਇਸ ਦਾ ਰਸ ਕਰੁਣਾ ਹੈ।

ਆਰੋਹ　　　　.ਨਿ ਸ ਗੁ ਮ' ਪ, ਨਿ ਸਂ

ਅਵਰੋਹ　　　　ਸਂ ਨਿ ਧੁ ਪ, ਮ' ਪ ਧੁ ਨਿੁ ਧੁ ਪ, ਮ' ਗੁ ਰੇ ਸ

ਮੁੱਖ ਅੰਗ　　　　ਗੁ ਮ' ਪ ਧੁ ਪ ਮ' ਗੁ, ਰੇ ਸ

ਜਾਤੀ　　　　ਔੜਵ–ਵਕਰ ਸੰਪੂਰਨ

ਵਾਦੀ　　　　ਪੰਚਮ

ਸੰਵਾਦੀ　　　　ਰਿਸ਼ਭ

ਸਮਾਂ　　　　ਸੰਧੀ ਪ੍ਰਕਾਸ਼

**51. ਮਿਲਨ ਗੰਧਾਰ**[54]**–** ਇਸ ਰਾਗ ਨੂੰ ਉ. ਸਲਾਮਤ ਅਲੀ ਖਾਂ ਦੁਆਰਾ ਨਿਰਮਿਤ ਕੀਤਾ ਗਿਆ ਹੈ। ਇਸ ਦੀ ਪ੍ਰਸਤੁਤੀ 1965 ਵਿੱਚ ਦਿੱਤੀ ਗਈ।

| | |
|---|---|
| ਥਾਟ | ਖਮਾਜ |
| ਆਰੋਹ | ਸ ਗ, ਪ, ਧ ਨ਼ਿ ਸਂ |
| ਅਵਰੋਹ | ਸਂ ਨ਼ਿ ਧ ਪ, ਪ ਧ ਪ, ਗ ਸ |
| ਜਾਤੀ | ਔੜਵ–ਔੜਵ |
| ਵਾਦੀ | ਪ |
| ਸੰਵਾਦੀ | ਸ |
| ਸਮਾਂ | ਰਾਤ ਦਾ ਪਹਿਲਾ ਪਹਿਰ |

### 4.2.4 1976–1999 ਈ. ਤੱਕ ਬਣੇ ਹੋਏ ਰਾਗ

**1. ਮਾਂਡ ਭੈਰਵ –** In Vilayat Khan's own words, "he had tried to imagine Maand as goddess Parvati and Bhairav as lord Shankar. In Maand he feels and therefore Portrays feminine grace and in Bhiarav, he feels and slows the mood of Vigus and vitality along with the tran quality of dawn."[55]

ਇਸ ਰਾਗ ਦੀ ਰਚਨਾ ਵਿਲਾਇਤ ਖਾਂ ਨੇ ਬਿਲਾਵਲ+ਭੈਰਵ ਨੂੰ ਮਿਲਾ ਕੇ ਕੀਤੀ ਹੈ। ਇਸਦੇ ਸਵਰ ਰਾਗ ਅਹੀਰ ਭੈਰਵ ਵਰਗੇ ਹਨ ਪਰ ਇਸ ਵਿੱਚ ਸ਼ੁੱਧ ਨਿਸ਼ਾਦ ਲੱਗਦਾ ਹੈ। ਇਹ ਸੰਪੂਰਨ ਜਾਤੀ ਦਾ ਰਾਗ ਹੈ। ਗਾਇਨ ਸਮਾਂ ਸਵੇਰ (6 ਤੋਂ 9) ਦਾ ਹੈ।

ਆਰੋਹ – ਸ ਗ ਮ ਪ ਧ ਨੀ ਪ ਧ ਸਂ

ਅਵਰੋਹ – ਸਂ ਨੀ ਸਂ ਧ ਨਿ, ਪ ਧ, ਮ ਪ, ਗ ਮ ਰੇ ਸ

[54] *Youtube.com/watch?v=Ddbw2Mxfc94*
[55] *http:/medium.com/Khayaliya/vilayet-Khan-maandbhairav*

**2. ਪ੍ਰਿਯਦਰਸ਼ਨੀ –** ਇਸ ਰਾਗ ਦੀ ਰਚਨਾ ਉ. ਅਮਜਦ ਅਲੀ ਖਾਂ ਨੇ ਇੰਦਰਾ ਗਾਂਧੀ ਦੀ ਯਾਦ ਵਿੱਚ 1984 ਤੋਂ 1990 ਦੇ ਵਿਚਕਾਰ ਕੀਤੀ। ਇਸਦੇ ਆਧਾਰ ਸੁਰ ਚਾਰੂਕੇਸ਼ੀ ਦੇ ਹੀ ਹਨ।

ਆਰੋਹ ਸ ਗ ਮ ਧੁ ਨਿ ਸਂ

ਅਵਰੋਹ ਸਂ ਧੁ ਨਿ ਪ ਗ ਮ ਰੇ ਸ

**3. ਰਾਗ ਲਲਿਤ ਭਟਿਆਰ** ਸਵ. ਭੀਮਸੇਨ ਜੋਸ਼ੀ ਦੁਆਰਾ ਨਿਰਮਿਤ ਹੈ, ਜਿਸਦੀ ਰਚਨਾ ਦੋ ਲੋਕਪ੍ਰਿਯ ਰਾਗ- ਲਲਿਤ ਅਤੇ ਭਟਿਆਰ ਦੇ ਮਿਸ਼ਰਣ ਨਾਲ ਕੀਤੀ ਗਈ ਹੈ। ਇਸ ਰਾਗ ਦੇ ਆਰੋਹ ਵਿੱਚ ਲਲਿਤ ਅਤੇ ਅਵਰੋਹ ਵਿੱਚ ਭਟਿਆਰ ਦੇ ਸ੍ਵਰ ਦਿਖਾਈ ਦਿੰਦੇ ਹਨ।

ਸ੍ਵਰ ‘ਰੇ’ ਕੋਮਲ ਦੋਨੋਂ ਮੱਧਿਅਮ ਤੇ ਬਾਕੀ ਸਾਰੇ ਸ੍ਵਰ ਸ਼ੁੱਧ

ਵਾਦੀ ਮਧਿਅਮ

ਸੰਵਾਦੀ ਸ਼ੜਜ

ਸਮਾਂ ਸਵੇਰ

ਵਰਜਿਤ ਆਰੋਹ ਵਿੱਚ ਪੰਚਮ

ਰਾਗ ਭਟਿਆਰ ਮ ਧ ਸਾਂ, ਰੇੁਂ ਨੀ ਧ ਪ, ਪ ਧ ਨੀ ਧ ਪ, ਗ ਪ ਮ ਗ ਰੇੁ ਸਾ।

ਆਰੋਹ – ਸਾ ਰੇੁ ਗ ਮ ਮ' ਗ ਮ ਧੁ ਸਾਂ

ਅਵਰੋਹ – ਰੇੁਂ ਨਿ ਧ ਪ ਮ' ਧ ਪ ਮ ਪ ਗ ਰੇੁ ਸਾ।

**4. ਰਾਗ ਹਿੰਦੋਲਤਾ –** ਰਾਗ ਹਿੰਦੋਲਿਤਾ ਸਵ. ਪੰ. ਭੀਮਸੇਨ ਜੀ ਦੁਆਰਾ ਨਿਰਮਿਤ ਰਾਗ ਹੈ। ਇਸ ਰਾਗ- ਹਿੰਡੋਲ ਅਤੇ ਲਲਿਤ ਦੇ ਮਿਸ਼ਰਣ ਨਾਲ ਬਣਿਆ ਹੈ। ਇਹ ਰਾਗ ਮੱਧਯਲਅ ਤੀਨ ਤਾਲ ਵਿੱਚ ਪ੍ਰਸਤੁਤ ਕੀਤਾ ਗਿਆ ਹੈ।

ਸੁਰ ਨਿਸ਼ਾਦ ਦਾ ਅਲਪ ਪ੍ਰਯੋਗ, ਸ਼ੁੱਧ ਮੱਧਿਅਮ ਦਾ ਅਧਿਕ ਪ੍ਰਯੋਗ

ਵਾਦੀ ਧੈਵਤ

ਸੰਵਾਦੀ ਗੰਧਾਰ

ਜਾਤੀ ਔੜਵ-ਔੜਵ

ਆਰੋਹ ਸਾ ਗ ਮ' ਧ ਨੀ ਧ ਸਾਂ

ਅਵਰੋਹ ਸਾਂ ਨੀ ਧ ਮ'ਮ ਗ ਸਾ।

**4. ਰਾਗ ਕਲਾਸ਼੍ਰੀ** – ਰਾਗ ਕਲਾਸ਼੍ਰੀ ਸਵ. ਪੰ. ਭੀਮਸੇਨ ਜੀ ਦੁਆਰਾ ਨਿਰਮਿਤ ਰਾਗ ਹੈ। ਇਸ ਰਾਗ ਦੀ ਕਲਾਵਤੀ ਅਤੇ ਰਾਗੇਸ਼੍ਰੀ ਦੇ ਮਿਸ਼ਰਣ ਨਾਲ ਕੀਤੀ ਗਈ ਹੈ। ਰਾਗ ਕਲਾਵਤੀ ਕਰਨਾਟਕ ਸ਼ੈਲੀ ਦਾ ਰਾਗ ਹੈ ਜਿਸਨੂੰ ਹਿੰਦੁਸਤਾਨੀ ਸ਼ੈਲੀ ਵਿੱਚ ਵੀ ਗਾਇਆ ਅਤੇ ਵਜਾਇਆ ਗਿਆ ਹੈ। ਇਸ ਰਾਗ ਦੇ ਆਰੋਹ ਵਿੱਚ ਕਲਾਵਤੀ ਅਤੇ ਅਵਰੋਹ ਵਿੱਚ ਰਾਗੇਸ਼੍ਰੀ ਦੇ ਸੁਰ ਦਿਖਾਈ ਦਿੰਦੇ ਹਨ। ਇਹ ਰਾਗ ਵਿਲੰਬਿਤ ਝਪਤਾਲ ਵਿੱਚ ਦਰੁੱਤ ਤੀਨ ਤਾਲ ਵਿੱਚ ਪ੍ਰਸਤੁਤ ਕੀਤਾ ਗਿਆ ਹੈ।

ਵਾਦੀ ਧੈਵਤ

ਸੰਵਾਦੀ ਗੰਧਾਰ

ਸਮਾਂ ਰਾਤ ਦਾ ਦੂਜਾ ਪਹਿਰ

ਆਰੋਹ ਸਾ ਗ ਪ ਧ ਨ਼ੀ ਸਾਂ।

ਅਵਰੋਹ ਸਾਂ ਨ਼ੀ ਧ ਮ ਗ ਰੇ ਸਾ।

**5. ਰਾਗ ਮੰਗਲ ਗੁਜਰੀ** – ਪੰਡਿਤ ਰਾਮਾ ਆਸ਼ਰੈਯ ਝਾ ਜੀ ਨੇ ਗੁਜਰੀ ਤੋੜੀ ਵਿੱਚ ਸ਼ੁੱਧ ਨਿਸ਼ਾਦ ਦੀ ਥਾਂ 'ਤੇ ਕੋਮਲ ਨਿਸ਼ਾਦ ਦਾ ਪ੍ਰਯੋਗ ਕੀਤਾ ਅਤੇ ਰਾਗ ਨੂੰ 'ਮੰਗਲ ਗੁਜਰੀ' ਨਾਮ ਦਿੱਤਾ। ਇਸ ਰਾਗ ਦੇ ਵਿਸ਼ੇ ਵਿੱਚ ਪੰਡਿਤ ਜੀ ਨੇ ਸਪੱਸ਼ਟ ਕੀਤਾ ਹੈ– "ਰਾਗ ਮੰਗਲ ਗੁਜਰੀ ਇੱਕ ਨਵੀਨ ਰਾਗ ਹੈ। ਇਹ ਤੋੜੀ ਥਾਟ ਦੇ ਹੀ ਅੰਤਰਗਤ ਤੋੜੀ ਅੰਗ ਤੋਂ

ਗਾਇਆ ਜਾਣ ਵਾਲਾ ਰਾਗ ਹੈ। ਮੁੱਖ ਰੂਪ ਨਾਲ ਗੁਜਰੀ ਤੋੜੀ ਵਿੱਚ ਹੀ ਸ਼ੁੱਧ ਨਿਸ਼ਾਦ ਦੇ ਪ੍ਰਯੋਗ ਨਾਲ ਰਾਗ ਦਾ ਅਵਿਭਾਵ ਹੋਇਆ ਹੈ। ਬਾਕੀ ਸਭ ਨਿਯਮ ਅਤੇ ਰਾਗ ਗਾਇਕੀ ਦੋਨਾਂ ਰਾਗਾਂ ਦਾ ਸਮਾਨ ਹੈ। ”

ਆਰੋਹ – ਸਾ ਰੇ ਗੁ, ਮ ਧੁ, ਨੀ ਸਾਂ।

ਅਵਰੋਹ – ਸਾਂ ਨੀ ਧੁ ਮ ਗੁ, ਰੇ ਸਾ

ਮੁੱਖ ਸ੍ਵਰ ਸਮੂਹ – ਗ ਮ ਗੁ ਰੇ ਸਾ ਰੇ ਨੀ ਧੁ ਸਾ

ਰਾਗ ਮੰਗਲ ਗੁਜਰੀ ਵਿੱਚ ਪੰਡਿਤ ਜੀ ਨੇ ਚਾਰ ਰਚਨਾਵਾਂ ਵੀ ਪ੍ਰਸਤੁਤ ਕੀਤੀਆਂ ਹਨ।

**6. ਵਿਸ਼ਨੂ ਕਲਿਆਣ** (ਇਸ ਰਾਗ ਦਾ ਸਰੂਪ ਨਹੀਂ ਦਿੱਤਾ ਗਿਆ ਹੈ ਕੇਵਲ ਕੁਝ ਰਚਨਾਵਾਂ ਹੀ ਪ੍ਰਾਪਤ ਹਨ। )

**7. ਨਟ ਨਾਗਰੀ** (ਇਸ ਰਾਗ ਦਾ ਸਰੂਪ ਨਹੀਂ ਦਿੱਤਾ ਗਿਆ ਹੈ)

**8. ਭੰਖਾਰੀ** (ਇਸ ਰਾਗ ਦਾ ਸਰੂਪ ਨਹੀਂ ਦਿੱਤਾ ਗਿਆ ਹੈ)

**9. ਰਾਜਯ ਕਲਿਆਣ –** ਇਸ ਰਾਗ ਦੀ ਰਚਨਾ ਪੰ. ਰਵੀ ਸ਼ੰਕਰ ਨੇ ਆਪਣੇ ਰਾਗ ਸਭਾ ਦੇ ਕਾਰਜਕਾਲ ਖਤਮ ਹੋਣ ’ਤੇ ਸਿਰਜਿਆ। ਇਸ ਰਾਗ ਦੀ ਰਚਨਾ ਸ਼ੁੱਧ ਕਲਿਆਣ, ਹਿੰਡੋਲ ਅਤੇ ਸ਼ੰਕਰਾ ਦੇ ਮਿਸ਼ਰਣ ਨਾਲ ਕੀਤੀ ਹੈ। ਇਸਦੇ ਆਰੋਹ ਵਿੱਚ ਪ, ਨਿ ਵਰਜਿਤ ਹੈ ਅਤੇ ਅਵਰੋਹ ਵਿੱਚ ਮ ਸਵਰ ਵਰਜਿਤ ਹੈ।

ਆਰੋਹ ਸ ਰੇ ਗ ਮ' ਧ ਸਂ

ਅਵਰੋਹ ਸਂ ਨਿ ਧ ਪ ਗ ਪ ਗ ਰੇ ਸ

ਸਵਰ ਵਿਸਥਾਰ ਸ .ਨਿ .ਧ ਰੇ–, ਗ ਰੇ ਗ–, ਗ ਰੇ ਸ, ਸ ਰੇ ਗ ਮ' ਧ–ਪ–, ਪ ਗ ਪ ਰੇ ਗ ਰੇ ਸ, ਰੇ ਗ ਮ' ਧ ਸਂ–, ਨਿ ਧ ਨਿ ਪ–, ਪ ਮ' ਧ ਪ ਗ– ਪ ਰੇ ਗ ਰੇ ਸ, ਸ .ਨਿ .ਧ ਰੇ– ਸ

ਜਾਤੀ ਔੜਵ–ਸ਼ਾੜਵ

ਵਾਦੀ ਗ

ਸੰਵਾਦੀ ਨਿ

ਸਮਾਂ ਰਾਤ

**10. ਮਨਮੰਜਰੀ –** ਇਸ ਰਾਗ ਦੀ ਰਚਨਾ ਪੰ. ਰਵੀ ਸ਼ੰਕਰ ਦੁਆਰਾ ਹੋਈ ਹੈ। ਇਸ ਰਾਗ ਵਿੱਚ ਰੇ ਕੋਮਲ, ਮ ਤੀਵਰ ਅਤੇ ਨਿ ਦੋਵੇਂ ਲੱਗਦੇ ਹਨ।

ਆਰੋਹ .ਨਿ੍ ਰੇ ਗ ਮ' ਪ ਮ' ਗ, ਮ' ਪ ਧ ਨਿ੍ ਧ ਨਿ ਸਂ

ਅਵਰੋਹ ਸਂ ਨਿ ਧ ਨਿ੍ ਧ ਪ, ਮ' ਪ ਮ' ਗ ਮ' ਗ ਰੇ ਸ

ਚਲਨ ਸ .ਨਿ .ਧ .ਨਿ੍ .ਧ .ਪ, .ਮ' .ਪ .ਨਿ੍ .ਧ .ਨਿ ਸ, .ਨਿ ਰੇ੍ ਗ ਰੇ੍, ਗ ਮ' ਪ, ਧ ਨਿ੍ ਧ ਪ, ਨਿ੍ ਧ ਨਿ ਸਂ, ਧ ਨਿ੍ ਧ ਪ ਮ' ਗ ਰੇ੍ ਸ

ਜਾਤੀ ਸੰਪੂਰਨ- ਸੰਪੂਰਨ

ਵਾਦੀ ਗ

ਸੰਵਾਦੀ ਨਿ

ਸਮਾਂ ਸ਼ਾਮ

**11. ਬੈਰਾਗੀ ਤੋੜੀ** (ਇਸ ਰਾਗ ਦਾ ਸਰੂਪ ਨਹੀਂ ਦਿੱਤਾ ਗਿਆ ਹੈ ।)

ਇਹ ਰਾਗ ਤੋੜੀ ਦਾ ਹੀ ਇੱਕ ਪ੍ਰਕਾਰ ਹੈ। ਇਸ ਰਾਗ ਦੇ ਵਿਸ਼ੇ ਵਿੱਚ ਪੰਡਿਤ ਜੀ ਨੇ ਆਪ ਅਭਿਨਵ ਗੀਤਾਂਜਲੀ ਵਿੱਚ ਲਿਖਿਆ ਹੈ –

"ਰਾਗ ਬੈਰਾਗੀ ਤੋੜੀ, ਤੋੜੀ ਦਾ ਇੱਕ ਨਵਾਂ ਪ੍ਰਕਾਰ ਹੈ। ਇਸ ਵਿੱਚ ਰਿਸ਼ਵ, ਗੰਧਾਰ, ਅਤੇ ਨਿਸ਼ਾਦ ਕੋਮਲ ਅਤੇ ਬਾਕੀ ਸੁਰ ਸ਼ੁੱਧ ਹਨ। ਘੈਵਤ ਵਰਜਿਤ, ਜਾਤੀ ਛਾਡਵ ਹੈ। ਗਾਇਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸਦਾ ਸਰੂਪ ਇਸ ਤਰ੍ਹਾਂ ਹੈ–

ਸਾ ਰੇ, ਗ ਰੇ ਸਾ ਪ਼ ਨ਼ੀ ਪ਼ ਨ਼ੀ ਸਾ, ਪ਼ ਨੀ ਸਾ ਰੇ ਗੁ, ਮ ਗ ਰੇ ਗੁ, ਮ ਗੁ ਰੇ ਗੁ, ਮ ਗੁ ਰੇ ਗੁ, ਰੇ ਸਾ, ਨੁੀ ਸਾ ਰੇ ਗੁ, ਰੇ ਮ ਪ, ਨੁੀ ਪ ਮ, ਮ ਰੇ ਗੁ, ਰੇ ਮ ਪ ਨੁੀ ਸਾਂ, ਸਾ ਨੁੀ ਪ ਮ, ਮ ਨੁੀ ਪ ਮ ਗੁ ਰੇ ਗੁ, ਰੇ ਮ ਗੁ ਰੇ ਗ, ਰੇ ਸਾ।

ਇਸ ਰਾਗ ਵਿੱਚ ਸਾ ਰੇ ਗੁ, ਗੁ ਰੇ ਸਾ ਇਹ ਤੋੜੀ ਰਾਗ ਦਾ ਰਾਗਾਂਗ ਵਾਚਕ ਸ੍ਵਰ ਦਾ ਸਮੂਹ ਹੈ। ਇਨ੍ਹਾਂ ਦੋਨਾਂ ਰਾਗਾਂ ਨੂੰ ਪਰਸਪਰ ਮਿਸ਼ਰਣ ਕਰਕੇ ਪ੍ਰਸਤੁਤ ਰਾਗ ਦੀ ਰਚਨਾ ਕੀਤੀ ਗਈ ਹੈ।

ਰਾਗ ਬੈਰਾਗੀ ਭੈਰਵ ਦੇ ਪੂਰਵਾਗ ਵਿੱਚ ਜੋ ਭੈਰਵਾਂਗ ਦਾ ਅੰਸ਼ ਹੈ ਇਸਦੇ ਸਥਾਨ ‘ਤੇ ਤੋੜੀ ਅੰਗ ਦਾ ਪ੍ਰਯੋਗ ਕਰਨ ਨਾਲ ਭੈਰਵਾਂਗ ਸਮਾਪਤ ਹੋ ਜਾਂਦਾ ਹੈ ਇਸਲਈ ਮ, ਪ, ਨੁੀ, ਪ ਮ ਰੇ, ਰੇ, ਬੈਰਾਗੀ ਭੈਰਵ ਦੇ ਇਸ ਸ੍ਵਰ ਸਮੂਹ ਵਿੱਚ ਜਦ ਮ, ਪ, ਨੁੀ, ਪ, ਮ ਗੁ, ਰੇ, ਗੁ ਇਸ ਪ੍ਰਕਾਰ ਤੋੜੀ ਅੰਗ ਦੇ ਗੰਧਾਰ ਦਾ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਗੰਧਾਰ ਦੇ ਪ੍ਰਭਾਵ ਨਾਲ ਕੋਮਲ ਰਿਸ਼ਭ ਭੈਰਵਾਂਗ ਦੀ ਥਾਂ ‘ਤੇ ਤੋੜੀ ਅੰਗ ਵਿੱਚ ਪ੍ਰਵਿਸ਼ਟ ਕਰ ਜਾਂਦਾ ਹੈ ਜਿਸਦੇ ਕਾਰਨ ਬੈਰਾਗੀ ਭੈਰਵ, ਭੈਰਵ ਦਾ ਪ੍ਰਕਾਰ ਨਾਂ ਰੁਹ ਕੇ ਤੋੜੀ ਦੇ ਪ੍ਰਕਾਰ ਵਿੱਚ ਪਰਿਵਰਤਿਤ ਹੋ ਜਾਂਦਾ ਹੈ।

ਪ੍ਰਸਤੁਤ ਰਾਗ ਦੇ ਮਿਸ਼ਰਣ ਭੇਦ ਨੂੰ ਸਮਝਣ ਲਈ ਮੂਲ ਤੱਥਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਯਥਾ – “ਜਿਸ ਪ੍ਰਕਾਰ ਭੈਰਵਾਂਗ ਵਿੱਚ ਮੱਧਮਾਦ ਸਾਰੰਗ ਦੇ ਸ੍ਵਰ ਸਮੂਹ ਨੂੰ ਮਿਲਾਉਣ ਨਾਲ ਬੈਰਾਗੀ ਭੈਰਵ ਦੀ ਰਚਨਾ ਹੋਈ ਹੈ ਇਸੇ ਤਰ੍ਹਾਂ ਤੋੜੀ ਅੰਗ ਦੇ ਸ੍ਵਰ ਸਮੂਹ ਵਿੱਚ ਮੱਧਮਾਦ ਸਾਰੰਗ ਦੇ ਸ੍ਵਰ ਸਮੂਹ ਨੂੰ ਮਿਲਾਉਣ ਨਾਲ ਬੈਰਾਗੀ ਤੋੜੀ ਦਾ ਅਵਿਭਾਵ ਹੁੰਦਾ ਹੈ।

ਇਸ ਰਾਗ ਦੇ ਆਰੋਹ, ਅਵਰੋਹ ਇਸ ਪ੍ਰਕਾਰ ਹਨ–

ਆਰੋਹ – ਸਾ ਰੇ ਗੁ, ਮ, ਪ ਨੁੀ, ਸਾਂ

ਅਵਰੋਹ – ਸਾਂ ਨੁੀ ਪ, ਮ, ਗੁ, ਰੇ ਸਾ

ਮੁੱਖ ਸ੍ਵਰ ਸਮੂਹ – ਨੁੀ ਪ ਮ, ਰੇ, ਗੁ, ਰੇ ਸਾ

ਇਸ ਰਾਗ ਵਿੱਚ ਪੰਡਿਤ ਜੀ ਨੇ ਦੋ ਰਚਨਾਵਾਂ ਪ੍ਰਸਤੁਤ ਕੀਤੀਆਂ ਹਨ।

**12. ਰਾਮ ਪ੍ਰਿਯਾ –** ਰਾਗ ਰਾਮ ਪ੍ਰਿਯਾ ਵਿੱਚ ਧੈਵਤ ਵਰਜਿਤ, ਦੋਨੋਂ ਗੰਧਾਰ ਅਤੇ ਰਿਸ਼ਭ ਤੇ ਨਿਸ਼ਾਦ ਅਤੇ ਬਾਕੀ ਸੂਰ ਸ਼ੁੱਧ ਹਨ। ਜਾਤੀ ਸ਼ਾੜਵ-ਸ਼ਾੜਵ, ਗਾਇਨ ਸਮਾਂ ਦਿਨ ਦਾ ਦੂਜਾਂ ਪਹਿਰ ਹੈ। ਵਾਦੀ ਸੂਰ ਮੱਧਿਅਮ ਅਤੇ ਸੰਵਾਦੀ ਸੂਰ ਸ਼ੜਜ ਨੂੰ ਮੰਨਿਆ ਗਿਆ ਹੈ। ਇਸ ਰਾਗ ਨੂੰ ਪੰਡਿਤ ਜੀ ਨੇ ਉਤਰਾਂਗ ਪ੍ਰਧਾਨ ਰਾਗ ਦੱਸਿਆ ਹੈ। ਪੰਡਿਤ ਰਾਮਾਸ਼੍ਰਯ ਝਾ ਜੀ ਨੇ ਇਸ ਰਾਗ ਦੇ ਵਿਸ਼ੇ ਵਿੱਚ ਦੱਸਦੇ ਹੋਏ ਲਿਖਿਆ ਹੈ-

"ਇਸ ਰਾਗ ਵਿੱਚ ਦੋਨੋਂ ਗੰਧਾਰ ਪ੍ਰਯੁਕਤ ਹੋਣ ਦੇ ਕਾਰਨ ਪ੍ਰਚਲਿਤ ਦਸ ਥਾਟ ਦੇ ਅੰਤਰਗਤ ਇਹਰਾਗ ਨਹੀਂ ਆਉਂਦਾ ਪਰ ਪੂਰਵਾਗ ਵਿੱਚ ਸਾ ਰੇੁ, ਗੁ ਗੁ ਰੇੁ ਗ, ਰੇੁ ਗੁ ਰੇੁ ਵਰਗਾ ਇਹ ਸੂਰ-ਸਮੂਹ ਸੰਪੁਰਨ ਰੂਪ ਵਿੱਚ ਤੋੜੀ ਅੰਗ ਦੀ ਪੁਸ਼ਟੀ ਕਰਦਾ ਹੈ। ਇਸ ਕਰਕੇ ਇਸਨੂੰ ਤੋੜੀ ਅੰਗ ਦਾ ਹੀ ਰਾਗ ਮੰਨਾਗੇ। " ਇਸਦਾ ਸਰੂਪ ਇਸ ਪ੍ਰਕਾਰ ਹੈ-

ਸਾ ਰੇੁ ਗੁ, ਰੇੁ ਸਾ, ਰੇੁ ਨ਼ੀੁ ਸਾ, ਸਾ ਨ਼ੀੁ ਪ਼ ਨ਼ੀੁ ਸਾ, ਪ਼ ਨ਼ੀੁ ਸਾ ਰੇੁ ਗੁ,

ਸਾ ਰੇੁ ਗ ਗ ਮ, ਗ ਮ ਪ ਮ, (ਮ) ਗੁ ਰੇੁ ਗੁ ਰੇੁ ਸਾ, ਪ਼ ਨ਼ੀੁ ਪ ਨ਼ੀੁ ਸਾ।

ਨ਼ੀੁ ਸਾ ਰੇੁ ਗੁ, ਸਾ ਰੇ ਗ ਗ ਮ, ਗ ਮ ਪ ਨ਼ੀੁ ਪਮ, ਪ ਨ਼ੀੁ ਸਾਂ,

ਨੀ ਸਾਂ ਰੇੁਂ ਸਾਂ, ਸਾਂ ਨ਼ੀੁ ਪ, ਨ਼ੀੁ ਪ ਮ ਗ ਗ ਮ, (ਮ) ਗੁ ਰੇੁ ਗੁ ਰੇੁ ਸਾ।

ਜੇਕਰ ਸਪਤਕ ਦੇ ਮੱਧ ਜਾਂ ਉਤਰਾਂਗ ਵਿੱਚ ਸਾ ਰੇੁ ਗ ਗ ਮ, ਗ ਮ ਪ ਮ ਇਸ ਤਰ੍ਹਾਂ ਕਮਿਲ ਰਿਸ਼ਭ ਦੇ ਨਾਲ ਸ਼ੁੱਧ ਗੰਧਾਰ ਜਾਂ ਮੱਧਿਅਮ- ਪੰਚਮ ਦੇ ਪ੍ਰਯੋਗ ਨਾਲ ਭੈਰਵ ਦਾ ਆਭਾਸ ਵੀ ਉਤਪੰਨ ਕਰਦਾ ਹੈ। ਇਸ ਤੋਂ ਇਲਾਵਾ ਗ ਮ ਪ ਨ਼ੀੁ ਪ ਨੀ ਪ ਨ਼ੀੁ ਸਾਂ, ਸਾਂ ਨ਼ੀੁ ਪ ਮ ਗ ਮ, ਆਦਿ ਸੂਰ ਸਮੂਹ ਵਿੱਚ ਰਾਗ ਜੋਗ ਦਾ ਵੀ ਅੰਸ਼ ਦਿਖਾਈ ਦਿੰਦਾ ਹੈ। ਕਦੀ ਕਦੀ ਰੇੁਂ ਨ਼ੀੁ ਸਾਂ, ਸਾਂ ਨ਼ੀੁ ਪ ਮ, ਪ ਨ਼ੀੁ ਪ ਨ਼ੀੁ ਸਾਂ ਸੂਰ ਸਮੂਹ ਦਾ ਸ਼ਣਿਕ ਬੈਰਾਗੀ ਭੈਰਵ ਦਾ ਵੀ ਦਰਸ਼ਨ ਹੁੰਦਾ ਹੈ, ਪਰੰਤੂ ਪੂਰਨ ਰਾਗ-ਸਰੂਪ ਵਿੱਚ ਸਪੱਸ਼ਟ ਰੂਪ ਨਾਲ ਕੇਵਲ ਰਾਗ ਤੋੜੀ ਦਾ ਹੀ ਪ੍ਰਭੂਤਵ ਦਿਖਾਈ ਦਿੰਦਾ ਹੈ, ਇਸੇ ਹੇਤੂ ਪ੍ਰਸਤੁਤ ਰਾਗ ਤੋੜੀ ਅੰਗ ਦਾ ਹੀ ਰਾਗ ਮੰਨਣਾ ਚਾਹੀਦਾ ਹੈ।

ਆਰੋਹ - ਸਾ ਰੇ ਗੁ ਰੇ ਸਾ, ਰੇ ਗ ਮ ਪ ਨੀ ਸਾਂ

ਅਵਰੋਹ - ਸਾਂ ਨੀ ਪ ਮ ਗਮ ਗੁ ਰੇ ਗੁ ਰੇ ਸਾ

ਮੁੱਖ ਸ੍ਵਰ ਸਮੂਹ - ਪ ਨੀ ਪ ਮ ਗ (ਮ) ਗੁ ਰੇ ਗ, ਰੇ ਸਾ।

**13. ਕ੍ਰਿਸ਼ਨ ਕਲਿਆਣ –** ਇਸ ਰਾਗ ਦਾ ਪਰਿਚਯ ਦਿੰਦੇ ਹੋਏ ਪੰਡਿਤ ਜੀ ਨੇ ਲਿਖਿਆ ਹੈ ਕਿ- "ਪ੍ਰਸਤੁਤ ਰਾਗ ਦਾ ਇਹ ਆਧੁਨਿਕ ਸਵਰੂਪ ਰਾਗ ਕਲਿਆਣ ਵਿੱਚ ਨਿਸ਼ਾਦ ਕੋਮਲ ਅਤੇ ਧੈਵਤ ਵਰਜਿਤ ਕਰਨ ਦਾ ਪਰਣਿਾਮ ਹੈ। ਇਸਦੀ ਜਾਤੀ ਛਾਡਵ-ਛਾਡਵ ਅਤੇ ਵਾਦੀ-ਸੰਵਾਦੀ ਪੰਚਮ ਅਤੇ ਸ਼ੜਜ ਹੈ। ਗਾਇਨ ਸਮਾਂ ਰਾਤ ਦੇ ਪਹਿਲੇ ਪਹਿਰ ਦਾ ਅੰਤਿਮ ਚਰਨ ਹੈ। ਸ਼ੜਜ, ਰਿਸ਼ੜ, ਗੰਧਾਰ ਅਤੇ ਪੰਚਮ ਨਿਆਸ ਬਹੁਤਵ ਦੇ ਅਤੇ ਮੱਧਿਅਮ ਤੇ ਨਿਸ਼ਾਦ ਅਨਾਭਿਆਸ ਅਲਪਤਵ ਦੇ ਸ੍ਵਰ ਹਨ। "ਇਸ ਰਾਗ ਸਰੂਪ ਵੀ ਪੁਸਤਕ ਵਿੱਚ ਦਿੱਤਾ ਗਿਆ ਹੈ-

ਸਾ ਰੇ ਨੀ ਸਾ ਨੀ ਸਾ ਰੇ ਗ, ਗ ਮ ਰੇ, ਰੇ ਨੀ ਸਾ, (ਸਾ) ਨੀ ਪ਼ ਨੀ ਸਾ,

ਨੀ ਸਾ ਰੇ ਗ, ਰੇ ਗ ਮ ਗ, ਮ' ਗ ਰੇ ਨੀ ਸਾ ਰੇ ਗ ਰੇ ਰੇ ਸਾ, ਗ ਰੇ ਗ ਮ ਪ,

ਗ ਮ ਪ ਨੀ ਪ, ਮ ਪ ਨੀ ਸਾਂ ਨੀ ਪ ਮ' ਗ, ਗ ਮ' ਪ ਗ ਰੇ, ਗ ਰੇ ਨੀ ਸਾ।

ਉਪਰੋਕਤ ਸ੍ਵਰ ਵਿਸਤਾਰ ਤੋਂ ਇਸ ਤਰ੍ਹਾਂ ਨਹੀਂ ਲੱਗਦਾ ਕਿ ਕਿਸੇ ਰਾਗ ਦੇ ਮਿਸ਼ਰਣ ਦੇ ਪ੍ਰਸਤੁਤ ਰਾਗ ਦੀ ਰਚਨਾ ਕੀਤੀ ਗਈ ਹੈ। ਕੇਵਲ ਕਲਿਆਣ ਰਾਗ ਵਿੱਚ ਧੈਵਤ ਵਰਜਿਤ ਤੇ ਸ਼ੁੱਧ ਨਿਸ਼ਾਦ ਦੇ ਸਥਾਨ 'ਤੇ ਕੋਮਲ ਨਿਸ਼ਾਦ ਦਾ ਪ੍ਰਯੋਗ ਕੀਤਾ ਗਿਆ ਹੈ। ਅਰਥਾਤ ਸ੍ਵਰ ਵਰਜਿਤ ਅਤੇ ਸ੍ਵਰ ਸਵਰੂਪ ਪਰਿਵਰਤਨ ਦੇ ਆਧਾਰ 'ਤੇ ਇਸ ਰਾਗ ਦੀ ਰਚਨਾ ਕੀਤੀ ਗਈ ਹੈ। ਇਸ ਵਿੱਚ ਰੇ ਨੀ, ਪ ਗ, ਪ ਗ ਰੇ, ਆਦਿ ਸ੍ਵਰ ਸੰਗਤੀਆਂ ਰਾਗ ਵਿਸਤਾਰ ਦੇ ਮੱਧ ਵਿੱਚ ਵਾਰ-ਵਾਰ ਪ੍ਰਯੁਕਤ ਹੁੰਦੀ ਹੈ।

ਆਰੋਹ - ਸਾ ਰੇ ਗ, ਮ ਪ, ਨੀ ਸਾਂ

ਅਵਰੋਹ - ਸਾਂ ਨੀ ਪ ਮ' ਗ, ਰੇ, ਸਾ

ਮੁੱਖ ਸ੍ਵਰ ਸਮੂਹ - ਨੀ ਸਾ ਰੇ ਗ ਮ' ਪ ਗ ਰੇ, ਨੀ ਸਾ।

**14. ਅੰਜਨੀ ਕਲਿਆਣ –** ਪੰਡਿਤ ਰਾਮਾਸ਼੍ਰਯ ਝਾ ਦੁਆਰਾ ਇਸ ਰਾਗ ਦਾ ਪਰਿਚਯ ਵੀ ਪੁਸਤਕ ਵਿੱਚ ਦਿੱਤਾ ਗਿਆ ਹੈ ਇਸ ਰਾਗ ਦੇ ਬਾਰੇ ਵਿੱਚ ਪੰਡਿਤ ਜੀ ਨੇ ਲਿਖਿਆ ਹੈ-

"ਰਾਗ ਅੰਜਨੀ ਕਲਿਆਣ ਦਾ ਇਹ ਜੀਵਨ ਸਵਰੂਪ ਕਲਿਆਣ ਅੰਗਾਂ ਦੇ ਰਾਗਾਂ ਦੇ ਅੰਤਰਗਤ ਆਉਂਦਾ ਹੈ। ਇਸ ਵਿੱਚ ਗੰਧਾਰ ਕੋਮਲ, ਮੱਧਿਅਮ ਤੀਵਰ ਸ੍ਵਰ ਸ਼ੁੱਧ ਹਨ। ਇਸ ਵਿੱਚ ਰਿਸ਼ਭ ਵਾਦੀ, ਪੰਚਮ ਸੰਵਾਦੀ ਹਨ, ਆਰੋਹ ਅਵਰੋਹ ਦੇ ਸਾਰੇ ਸ੍ਵਰਾਂ ਦਾ ਪ੍ਰਯੋਹ ਹੋਣ ਦੇ ਕਾਰਨ ਇਸਦੀ ਜਾਤੀ ਸੰਪੂਰਨ-ਸੰਪੂਰਨ ਅਤੇ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਰਾਗ ਮਧੂਵੰਤੀ ਦੇ ਆਰੋਹ ਵਿੱਚ ਰਿਸ਼ਭ ਧੈਵਤ ਦਾ ਪ੍ਰਯੋਗ ਕਰਨ ਨਾਲ ਇਸ ਰਾਗ ਦਾ ਸਵਰੂਪ ਦਾ ਸਿਰਜਨ ਹੁੰਦਾ ਹੈ। ਰਾਗ ਸਵਰੂਪ ਇਸ ਪ੍ਰਕਾਰ ਦਿੱਤਾ ਗਿਆ ਹੈ-

> ਸਾ ਰੇ ਗੁ ਰੇ, ਗੁ ਰੇ ਸਾ ਨ਼ੀ ਧ਼ ਨ਼ੀ ਸਾ, ਨ਼ੀ ਧ਼ ਨ਼ੀ ਰੇ ਗੁ ਰੇ, ਗੁ ਰੇ ਸਾ ਨ਼ੀ ਨ਼ੀ ਸਾ, ਗੁ ਰੇ ਗੁ ਗ ਪ, ਧ ਨੀ ਧ ਮ' ਧ ਨੀ ਧ ਪ, ਧ ਪ ਮ' ਗੁ ਰੇ ਗੁ ਮ' ਪ, ਧ ਨੀ ਸਾਂ ਨੀ ਧ ਪ ਮ' ਗੁ ਰੇ, ਗੁ ਮ' ਪ, ਮ' ਧ ਨੀ ਧ ਪ ਧ ਧੁ ਮ' ਗੁ ਰੇ, ਗੁ ਰੇ ਨ਼ੀ ਧ਼ ਨ਼ੀ ਸਾ।

ਉਪਰੋਕਤ ਸ੍ਵਰ ਵਿਸਤਾਰ ਤੋਂ ਸਪੱਸ਼ਟ ਹੈ ਕਿ ਸਾ ਨ਼ੀ ਧ਼ ਨ਼ੀ ਰੇ ਸਾ ਅਤੇ ਮ' ਪ ਧ ਨੀ ਧ ਪ ਅਤੇ ਮ' ਧ ਨੀ ਧ ਪ ਇਨ੍ਹਾਂ ਸ੍ਵਰ ਸਮੂਹਾਂ ਨਾਲ ਕਲਿਆਣ ਅੰਗ ਦਿਸਦਾ ਹੈ। ਇਸੇ ਵਿੱਚ ਸਾ ਰੇ ਗੁ ਮ' ਪੁ ਮ' ਗੁ ਰੇ, ਮਧੂਵੰਤੀ ਦੇ ਪੂਰਵਾਗ ਦਾ ਇਹ ਸੰਪੂਰਨ ਪ੍ਰਯੋਗ ਕੀਤਾ ਜਾਂਦਾ ਹੈ। ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਰਾਗ ਮਧੂਵੰਤੀ ਨੂੰ ਸੰਪੂਰਨ ਗਾਉਣ ਨਾਲ ਪ੍ਰਸਤੁਤ ਰਾਗ ਦਾ ਸਥੂਲ ਸਵਰੂਪ ਬਣਦਾ ਹੈ।

ਇਸ ਵਿੱਚ ਸ਼ੜਜ, ਰਿਸ਼ਭ, ਗੰਧਾਰ, ਪੰਚਮ ਅਤੇ ਨਿਸ਼ਾਦ ਨਿਆਸ ਬਹੁਤਵ ਅਤੇ ਮੱਧਿਅਮ ਅਤੇ ਧੈਵਤ ਅਨਾਭਿਆਸ ਅਲਪਤਵ ਦੇ ਸ੍ਵਰ ਹਨ।

ਆਰੋਹ – ਸਾ ਰੇ, ਗੁ, ਮ' ਪ, ਧ ਨੀ ਸਾਂ

ਅਵਰੋਹ – ਸਾਂ ਨੀ ਧ ਪ, ਮ' ਗੁ ਰੇ, ਸਾ

ਮੁੱਖ ਸ੍ਵਰ ਸਮੂਹ – ਗੁ ਰੇ ਗੁ ਮ' ਪ ਮ' ਗੁ ਰੇ, ਸਾ ਨ਼ੀ ਧ਼ ਨ਼ੀ ਰੇ ਸਾ।

**15. ਕੇਸਰੀ ਕਲਿਆਣ –** ਰਾਗ ਕੇਸਰੀ ਕਲਿਆਣ ਦਾ ਪਰਿਚਯ ਅਤੇ ਸਵਰੂਪ ਦੋਨਾਂ ਨੂੰ ਸਪੱਸ਼ਟ ਕੀਤਾ ਗਿਆ ਹੈ ਜੋ ਪੰਡਿਤ ਜੀ ਦੇ ਸ਼ਬਦਾਂ ਵਿੱਚ ਇਸ ਪ੍ਰਕਾਰ ਹੈ –

"ਰਾਗ ਕੇਸਰੀ ਕਲਿਆਣ ਦਾ ਇਹ ਆਧੁਨਿਕ ਸਵਰੂਪ ਕਲਿਆਣ ਥਾਟ ਦੇ ਅੰਤਰਗਤ ਆਉਂਦਾ ਹੈ। ਇਸ ਵਿੱਚ ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਹੈ। ਮੱਧਿਅਮ ਵਰਜਿਤ ਹੋਣ ਦੇ ਕਾਰਨ ਇਸਦੀ ਜਾਤੀ ਛਾਡਵ-ਛਾਡਵ ਅਤੇ ਬਾਕੀ ਸਾਰੇ ਸੑਰ ਸ਼ੁੱਧ ਅਤੇ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਸਵਰੂਪ ਇਸ ਪ੍ਰਕਾਰ ਹੈ- ਸਾ, ਰੇ ਗ ਰੇ ਨ਼ੀ ਪ ਧ਼ ਪ਼ ਧ਼ ਨ਼ੀ ਸਾ, ਨ਼ੀ ਸਾ ਰੇ ਗ ਰੇ, ਗ ਪ ਧ ਪ ਗ ਰੇ, ਗ ਪ ਗ ਰੇ ਸਾ, ਨ਼ੀ ਧ਼ ਪ਼ ਧ਼ ਸਾ, ਧ਼ ਨ਼ੀ ਸ ਾਰੇ ਗ ਰੇ ਗ ਪ ਧ ਨੀ ਧ ਪ ਗ ਰੇ, ਗ ਪ ਧ ਨੀ ਸਾਂ, ਰੇਂ ਗਂ ਰੇਂ ਸਾਂ, ਨੀ ਪ ਧ ਪ, ਧ ਪ ਗ ਰੇ ਸਾ ਨ਼ੀ ਪ ਧ਼ ਪ਼ ਧ਼ ਨ਼ੀ ਸਾ ਰੇ ਸਾ।

ਉਪਰੋਕਤ ਸੑਰ ਵਿਸਤਾਰ ਤੋਂ ਇਹ ਸਪੱਸ਼ਟ ਹੈ ਕਿ ਹੰਸ ਧੁਨੀ ਰਾਗ ਵਿੱਚ ਧੈਵਤ ਦਾ ਪ੍ਰਯੋਗ ਕਰਕੇ ਪ੍ਰਸਤੁਤ ਰਾਗ ਦਾ ਸਿਰਜਨ ਕੀਤਾ ਗਿਆ ਹੈ। ਇਸ ਵਿੱਚ ਸ਼ੜਜ, ਰਿਸ਼ਭ, ਗੰਧਾਰ ਅਤੇ ਪੰਚਮ ਨਿਆਸ ਬਹੁਤਵ ਅਤੇ ਧੈਵਤ ਦੀਰਘ ਬਹੁਤਵ ਅਤੇ ਨਿਸ਼ਾਦ ਅਨਾਨਿਆਸ ਅਲਪਤਵ ਦੇ ਸੑਰ ਹਨ। ਮੁੱਖ ਰੂਪ ਨਾਲ ਇਸਦਾ ਸਮਪ੍ਰਿਕਿਰਤ ਰਾਗ ਹੰਸ ਕਲਿਆਣ ਅਤੇ ਹੰਸ ਧੁਨੀ ਹੈ ਪਰੰਤੂ ਧੈਵਤ ਪ੍ਰਯੋਗ ਹੋਣ ਨਾਲ ਹੰਸ ਧੁਨੀ ਦਾ ਦੀਰਘ ਬਹੁਤਵ ਅਤੇ ਨੀ ਰੇ ਗ ਸੑਰ ਸੰਗਤੀ ਦਾ ਆਭਾਵ ਹੋਣ ਨਾਲ ਹੰਸ ਕਲਿਆਣ ਦਾ ਸਵਰੂਪ ਅਲੱਗ ਦਿਸਦਾ ਹੈ।

ਆਰੋਹ – ਸਾ ਰੇ, ਗ, ਪ, ਧ ਨੀ ਸਾਂ

ਅਵਰੋਹ – ਸਾ ਨੀ ਧ ਪ, ਗ ਰੇ, ਸਾ

ਮੁੱਖ ਸੑਰ ਸਮੂਹ – ਗ ਰੇ ਨ਼ੀ ਪ ਧ਼ ਪ਼ ਧ਼ ਨ਼ੀ ਸ ਰੇ ਗ ਪ ਰੇ ਸ

**16. ਰਾਗ ਸਰਸਵਤੀ ਸਾਰੰਗ –** ਰਾਗ ਸਰਸਵਤੀ ਸਾਰੰਗ ਦੇ ਵਿਸ਼ੇ ਵਿੱਚ ਪੰਡਿਤ ਜੀ ਨੇ ਲਿਖਿਆ ਹੈ ਕਿ ਇਹ ਕਾਫੀ ਥਾਟ ਦੇ ਅੰਤਰਗਤ ਆਉਂਦਾ ਹੈ। ਰਿਸ਼ਭ ਸੑਰ ਨੂੰ ਵਾਦੀ ਅਤੇ ਪੰਚਮ ਨੂੰ ਸੰਵਾਦੀ ਸੑਰ ਦਾ ਸਥਾਨ ਦਿੱਤਾ ਹੈ। ਗੰਧਾਰ ਸੑਰ ਨੂੰ ਵਰਜਿਤ ਕੀਤਾ ਗਿਆ ਹੈ। ਇਸਦੀ ਜਾਤੀ ਛਾਡਵ-ਛਾਡਵ ਦੱਸੀ ਗਈ ਹੈ ਇਸ ਰਾਗ ਵਿੱਚ ਦੋਨੋਂ

ਮੱਧਿਅਮਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸਦਾ ਚਲਨ ਆਰੋਹ ਵਿੱਚ ਤੀਵਰ ਅਤੇ ਅਵਰੋਹ ਵਿੱਚ ਸ਼ੁੱਧ ਮੱਧਿਅਮ ਦਾ ਪ੍ਰਯੋਗ ਹੁੰਦਾ ਹੈ। ਨਿਸ਼ਾਦ ਕੋਮਲ ਅਤੇ ਬਾਕੀ ਸਾਰੇ ਸਵਰ ਸ਼ੁੱਧ ਹਨ, ਕਿਉਂਕਿ ਇਹ ਪੂਰਵਾਗ ਪ੍ਰਧਾਨ ਰਾਗ ਹੈ ਅਤੇ ਸਾਰੰਗ ਰਾਗ ਦਾ ਇੱਕ ਪ੍ਰਕਾਰ ਹੈ, ਇਸਦਾ ਗਾਇਨ ਸਮਾਂ ਵੀ ਮੱਧਿਆਨਯ ਕਾਲ ਹੈ। ਇਸਦਾ ਸਵਰੂਪ

ਸਾ, ਰੇ ਨੀ ਨੀ ਧ ਸਾ, ਗ ਰੇ ਰੇ ਮ ਰੇ, ਰੇ ਮ' ਪ, ਗ ਰੇ ਮ ਰੇ, ਮ' ਪ ਧ ਨੀ ਸ ਧ ਸਾਂ, ਰੇਂ ਨੀ ਨੀ ਧ ਪ, ਪ ਧ ਨੀ ਧ ਪ, ਰੇ ਮ' ਪ ਮ ਰੇ, ਮ ਰੇ ਨੀ ਨੀ ਧ ਸਾ।

ਇਸ ਸ੍ਵਰ ਸਮੂਹ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਰਾਗ ਸ਼ੁੱਧ ਸਾਰੰਗ ਅਤੇ ਸਰਸਵਤੀ ਰਾਗ ਦੇ ਮਿਸ਼ਰਣ ਤੋਂ ਹੋਇਆ ਹੈ। ਦੋ ਮਿਸ਼ਰ ਰਾਗਾਂ ਦੇ ਸੰਯੋਗ ਨਾਲ ਉਤਪੰਨ ਹੋਣ ਦੇ ਕਾਰਨ ਪ੍ਰਸਤੁਤ ਰਾਗ ਇੱਕ ਸੰਕੀਰਣ ਕੋਟੀ ਦਾ ਰਾਗ ਹੋ ਗਿਆ ਹੈ। ਕਲਿਆਣ ਅਤੇ ਸਾਰੰਗ ਨੂੰ ਮਿਲਾ ਕੇ ਸ਼ੁੱਧ ਸਾਰੰਗ ਬਣਾਇਆ ਗਿਆ ਅਤੇ ਕਲਿਆਣ ਤੇ ਝੰਝੋਟੀ ਦੇ ਮਿਸ਼ਰਣ ਨਾਲ ਰਾਗ ਸਰਸਵਤੀ ਬਣਿਆ। ਸਰਸਵਤੀ ਸਾਰੰਗ ਰਾਗ ਵਿੱਚ ਸਾਰੰਗ, ਕਲਿਆਣ ਅਤੇ ਝੰਝੋਟੀ ਰਾਗ ਦੇ ਸ੍ਵਰ ਸਮੂਹ ਸਪੱਸ਼ਟ ਰੂਪ ਨਾਲ ਦ੍ਰਿਸ਼ਟਯ ਹੁੰਦੇ ਹਨ।

ਇਸ ਰਾਗ ਦੀ ਵਿਵੇਚਨਾ ਪੰਡਿਤ ਜੀ ਨੇ ਵਿਸਤਾਰ ਨਾਲ ਕੀਤੀ ਹੈ। ਹਰ ਇੱਕ ਸ੍ਵਰ ਦਾ ਲਗਾਵ, "ਸ੍ਵਰਾਂ ਦਾ ਪ੍ਰਯੋਗ ਅਤੇ ਸਥਾਨ" ਉੱਤੇ ਵਿਸ਼ੇਸ਼ ਰੂਪ ਵਿੱਚ ਚਰਚਾ ਕੀਤੀ ਗਈ ਹੈ।

ਆਰੋਹ - ਸਾ ਰੇ, ਮ' ਪ, ਧ ਨੀ ਧ ਸਾਂ

ਅਵਰੋਹ - ਸਾਂ ਨੀ ਧ ਪ, ਮ' ਪ ਮ ਰੇ ਸਾ

ਮੁੱਖ ਸ੍ਵਰ ਸਮੂਹ - ਮ' ਪ ਧ ਨੀ ਸ ਧ ਪ, ਮ' ਪ ਮ ਰੇ ਸਾ।

**17. ਮਹੇਂਦਰ ਮਲਹਾਰ –** ਇਸ ਰਾਗ ਦਾ ਵਰਣਨ ਡਾ. ਗੀਤਾ ਬਨਰਜੀ ਰਚਿਤ ਰਾਗ ਮਲਹਾਰ ਦਰਸ਼ਨ ਵਿੱਚ ਮਿਲਦਾ ਹੈ। ਇਸ ਵਿੱਚ ਗੀਤਾ ਜੀ ਨੇ ਲਿਖਿਆ ਹੈ ਕਿ ਮਿਯਾਂਮਲਹਾਰ ਨਾਲ ਜੇਕਰ ਅਸੀਂ ਨਵੇਂ ਪ੍ਰਕਾਰ ਦੀ ਰਚਨਾ ਕਰਨਾ।

ਆਰੋਹ		– ਸਾ ਰੇ ਮ, ਪ, ਧ ਸਾਂ।

ਅਵਰੋਹ		– ਸਾਂ ਧ ਪ ਮ ਗੁ ਮ ਰੇ ਸਾ।

ਮੁੱਖ ਸ੍ਵਰ ਸਮੂਹ	– ਮ ਰੇ ਮ ਰੇ ਪ ਰੇ ਮ, ਪ ਗੁ ਮ ਰੇ ਸਾ।

**18. ਤੈਲੰਗਰਾਜ –** ਇਸ ਰਾਗ ਦੇ ਰਚਨਾਕਾਰ ਪੰ. ਬਲਵੰਤ ਰਾਏ ਭੱਟ ਹਨ। ਇਸ ਰਾਗ ਵਿੱਚ ਆਰੋਹ ਵਿੱਚ ਰਿਸ਼ਭ ਤੇ ਧੈਵਤ ਸਵਰ ਵਰਜਿਤ ਹਨ। ਅਵਰੋਹ ਵਿੱਚ ਧ ਸਵਰ ਵਰਜਿਤ ਹੈ ਅਤੇ ਰੇ ਦਾ ਅਲਪ ਪ੍ਰਯੋਗ ਹੈ।

ਆਰੋਹ		ਸ ਗ ਮ ਪ ਨ਼ਿ, ਮ ਪ ਨਿ ਸਂ

ਅਵਰੋਹ		ਰੇਂ ਸਂ ਨ਼ਿ ਪ ਮ, ਮ ਨ਼ਿ ਪ ਨ਼ਿ, ਮ ਪ ਗ- ਰੇ ਸ

ਜਾਤੀ		ਔੜਵ- ਸ਼ਾੜਵ

**19. ਭਾਵੇਸ਼ਵਰੀ –** ਇਸ ਰਾਗ ਦੀ ਸਿਰਜਨਾ ਪੰ. ਬਲਵੰਤ ਰਾਏ ਭੱਟ ਦੁਆਰਾ ਕੀਤੀ ਗਈ ਹੈ। ਇਸ ਰਾਗ ਦਾ ਨਿਰਮਾਣ ਰਾਗ ਭਿੰਨ ਸ਼ੜਜ ਦੇ ਅਵਰੋਹ ਵਿੱਚ ਕੋਮਲ ਨਿਸ਼ਾਦ ਦੇ ਵਕਰ ਪ੍ਰਯੋਗ ਕਰਨ ਨਾਲ ਕੀਤਾ ਗਿਆ ਹੈ। ਇਸ ਰਾਗ ਵਿੱਚ ਰੇ, ਪ ਸਵਰ ਵਰਜਿਤ ਹਨ। ਇਸ ਰਾਗ ਵਿੱਚ ਦੋਵੇਂ ਨਿਸ਼ਾਦ ਪ੍ਰਯੋਗ ਕੀਤੇ ਗਏ ਹਨ।

ਆਰੋਹ		.ਨਿ ਸ ਗ ਮ ਧ ਨਿ ਸਂ

ਅਵਰੋਹ		ਸਂ ਨਿ ਧ ਨ਼ਿ ਧ ਮ ਗ ਮ ਗ ਸ

ਜਾਤੀ		ਔੜਵ–ਔੜਵ

**20. ਮਧੁਕੌਂਸ**[56] **–** ਇਸ ਰਾਗ ਦੇ ਰਚਨਾਕਾਰ ਉ.ਸਲਾਮਤ ਅਲੀ ਖਾਨ ਹਨ। ਇਸ ਰਾਗ ਦੀ ਰਚਨਾ ਰਾਗ ਮਧੂਵੰਤੀ ਵਿੱਚ ਮਾਲਕੌਂਸ ਦੇ ਮਿਸ਼ਰਣ ਨਾਲ ਕੀਤੀ ਗਈ ਹੈ। ਇਹ ਮੀਂਡ ਪ੍ਰਧਾਨ ਰਾਗ ਹੈ। ਇਸ ਵਿੱਚ ਕੌਂਸ ਅੰਗ ਗੁ ਤੋਂ ਸ ਮੀਂਡ ਨਾਲ ਲਿਆ ਜਾਂਦਾ ਹੈ। ਇਸਦਾ ਚਲਨ ਤਿੰਨਾਂ ਸਪੱਤਕਾਂ ਵਿੱਚ ਬਰਾਬਰ ਹੈ। ਇਹ ਸ਼ਿੰਗਾਰ ਰਸ ਪ੍ਰਧਾਨ ਰਾਗ ਹੈ।

---

[56] ਸੁਰੀਲੇ ਦਿਨੋਂ ਕੀ ਦਾਸਤਾਨ

ਆਰਤੀ ਅੰਚਲੀਕਰ ਟਿਕੇਕਰ ਦੇ ਅਨੁਸਾਰ, "ਰਾਗ ਚੰਦਰਕੌਂਸ ਦੇ ਮਧਿਅਮ ਨੂੰ ਸ਼ੜਜ ਮੰਨਣ 'ਤੇ ਇਸ ਰਾਗ ਦੀ ਉੱਤਪੱਤੀ ਹੋਈ ਹੈ। ਇਸ ਰਾਗ ਵਿੱਚ ਤੀਵਰ ਮਧਿਅਮ ਦੇ ਪ੍ਰਯੋਗ ਕਾਰਨ ਰਾਗ ਮਧੂਵੰਤੀ ਦੀ ਝਲਕ ਆਉਂਦੀ ਹੈ ਇਸ ਕਰਕੇ ਇਸ ਦਾ ਨਾਮ ਮਧੂਕੌਂਸ ਰੱਖਿਆ ਗਿਆ ਹੋਵੇਗਾ"। [57]

ਥਾਟ ਕਾਫੀ

ਆਰੋਹ ਸ ਗੁ ਮ' ਪ ਨਿ ਸੰ

ਅਵਰੋਹ ਸੰ ਨਿ ਪ ਮ' ਗੁ ਸ

ਮੁੱਖ ਅੰਗ ਸ ਗੁ ਮ', ਪ ਮ' ਗੁ ਮ' ਪ, ਮ' ਪ ਨਿ ਸੰ, ਸ ਂਨਿ ਪ ਮ', ਗੁ ਮ' ਗ ਸ

ਜਾਤੀ ਔੜਵ-ਔੜਵ

ਵਾਦੀ ਪ

ਸੰਵਾਦੀ ਸ

ਸਮਾਂ ਰਾਤ ਦੇ 9 ਤੋਂ 12 ਵਜੇ ਤੱਕ

**21. ਨੰਦੇਸ਼ਵਰੀ –** ਇਸ ਰਾਗ ਦੀ ਸਿਰਜਨਾ ਉ.ਸਲਾਮਤ ਅਲੀ ਖਾਂ ਦੁਆਰਾ ਹੋਈ ਹੈ। ਉ. ਸਲਾਮਤ ਅਲੀ ਦੇ ਅਨੁਸਾਰ, "ਇਹ ਰਾਗ ਪੰਜ ਸੁਰੋਂ ਕਾ ਰਾਗ ਹੈ। ਦੋ ਥਾਟ ਦਾ ਮਿਲਾਪ ਹੈ ਇਸਮੇਂ ਕਾਫੀ ਥਾਟ ਔਰ ਖਮਾਜ ਥਾਟ। ਗੰਧਾਰ ਦੋ ਲੱਗਤੀ ਹੈਂ ਜਾਤੀ ਦਫਾ ਤੀਵਰ ਔਰ ਆਤੀ ਦਫਾ ਕੋਮਲ। ਰਿਖਬ ਔਰ ਪੰਚਮ ਕਾ ਸਵਰ ਇਸਮੇਂ ਨਹੀਂ ਲੱਗਤਾ। ਰਾਗ ਕਾ ਨਾਮ ਹੈ ਨੰਦੇਸ਼ਵਰੀ"। [58] ਇਸ ਰਾਗ ਦੀ ਰਚਨਾ ਦੋ ਥਾਟਾਂ ਕਾਫੀ+ਖਮਾਜ ਦੇ ਮਿਸ਼ਰਣ ਨਾਲ ਕੀਤੀ ਗਈ ਹੈ। ਉ. ਸਲਾਮਤ ਅਲੀ ਨੇ ਇਸ ਰਾਗ ਦੀ ਪ੍ਰਸਤੁਤੀ 1987 ਵਿੱਚ ਦਿੱਤੀ।

ਆਰੋਹ ਸ ਗ ਮ ਧ ਨਿ ਸੰ

ਅਵਰੋਹ ਸੰ ਨਿ ਧ ਮ ਗੁ ਸ

---

[57] *Swayam Prabha, Aarti Anchlikar Tekkar*

[58] *Youtube.com*

ਸ਼ਵਰ ਵਿਸਥਾਰ .ਧ ਸ ਗ ਮ ਧ, .ਧ .ਨਿ ਸ ਗ ਮ, .ਧ .ਨਿ .ਧ ਮ ਧ, .ਨਿ ਸ ਗ ਮ ਧ ਨਿ, .ਨਿ ਮ ਗੁ, ਧ ਨਿ ਧ, .ਨਿ ਗ ਗ ਮ ਗੁ ਮ, .ਧ .ਨਿ ਸ, ਧ ਮ ਗੁ ਗ ਸ .ਧ .ਨਿ, .ਨਿ ਸ ਗੁ ਮ ਧ, ਮ ਧ ਗੁ ਮ, ਗ ਧ ਨਿ ਗੁ .ਨਿ ਸ ਗ, .ਧ .ਨਿ ਸ .ਧ .ਨਿ ਸ

22. **ਮੱਧਕਲਿਆਣ –** ਇਸ ਰਾਗ ਨੂੰ ਉ. ਸਲਾਮਤ ਅਲੀ ਖਾਂ ਨੇ ਬਣਾਇਆ।

ਥਾਟ ਕਲਿਆਣ

ਆਰੋਹ ਸ ਰੇ ਗ, ਪ, ਧ ਨਿ੍ ਸਂ

ਅਵਰੋਹ ਸਂ ਨਿ੍ ਧ ਪ, ਗ ਰੇ ਸ

ਜਾਤੀ ਸ਼ਾੜਵ-ਸ਼ਾੜਵ

ਵਾਦੀ ਸ

ਸੰਵਾਦੀ ਪ

23. **ਸ਼ਿਯਾਮਵਤੀ –** Indo-pakistan Cultural Event, New Delhi, 1989 ਵਿੱਚ ਪ੍ਰਸਤੁਤੀ ਦਿੰਦੇ ਹੋਏ ਉ. ਸਲਾਮਤ ਅਲੀ ਖਾਂ ਕਿਹਾ, "ਰਾਗ ਸ਼ਿਯਾਮਵਤੀ ਦੀ ਰਚਨਾ ਮੈਂ ਕੀਤੀ ਹੈ। ਇਹ ਪੰਜ ਸੁਰਾਂ ਦਾ ਰਾਗ ਹੈ। ਇਸਦੇ ਆਰੋਹ ਵਿੱਚ ਮਧਿਅਮ ਤੀਵਰ ਅਤੇ ਅਵਰੋਹ ਵਿੱਚ ਮਧਿਅਮ ਕੋਮਲ ਲੱਗਦਾ ਹੈ। ਇਸ ਵਿੱਚ ਪੰਚਮ ਤੇ ਰਿਖਬ ਸੁਰ ਵਰਜਿਤ ਹਨ। ਇਸਦਾ ਵਾਦੀ ਸੁਰ ਮਧਿਅਮ ਹੈ ਅਤੇ ਸੰਵਾਦੀ ਸੁਰ ਖਰਜ ਹੈ"। [59]

* ਰਾਗ ਸੰ. 24 ਤੋਂ ਲੈ ਕੇ 73 ਤੱਕ ਦੀਆਂ ਰਚਨਾਵਾਂ ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ ਦੁਆਰਾ ਰਚੀਆਂ ਗਈਆਂ ਹਨ।ਇਨ੍ਹਾਂ ਰਚਨਾਵਾਂ ਦੇ ਸਵਰੂਪਾਂ ਦੀ ਜਾਣਕਾਰੀ ਖੋਜਾਰਥਣ ਵਲੋਂ ਤੁਕਾਰਾਮ ਜੀ ਪਾਸੋਂ ਪਾਈ ਗਈ, ਪਰ ਇਨ੍ਹਾਂ ਦੀਆਂ ਬੰਦਿਸ਼ਾਂ ਦੀ ਪ੍ਰਾਪਤੀ ਨਹੀਂ ਹੋਈ।

[59] *Youtube.com/watch?v=9m-B9ySmD_U*

**24. ਰਾਗ ਅੜਾਨਾ ਸਾਰੰਗ –** ਅੜਾਨਾ ਰਾਗ ਦੇ ਸੂਰਾਂ ਵਿੱਚੋਂ ਗੰਧਾਰ ਨੂੰ ਕੱਢ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਇਹ ਸਾਰੰਗ ਅਤੇ ਅੜਾਨਾ ਦਾ ਸੁੰਦਰ ਮਿਸ਼ਰਣ ਹੈ।

ਥਾਟ ਆਸਾਵਰੀ

ਸੂਰ ਦੋਨੋਂ ਨਿਪਾਦ (ਸ਼ੁੱਧ ਨਿਸ਼ਾਦ ਆਰੋਹ ਵਿੱਚ ਕੋਮਲ ਨਿਸ਼ਾਦ ਆਰੋਹ-ਅਵਰੋਹ ਦੋਨਾਂ ਵਿੱਚ), ਧੈਵਤ ਕੋਮਲ ਅਤੇ ਬਾਕੀ ਸਾਰੇ ਸੂਰ ਸ਼ੁੱਧ

ਵਰਜਿਤ ਸੂਰ ਗੰਧਾਰ

ਵਾਦੀ ਪ

ਸੰਵਾਦੀ ਰੇ

ਜਾਤੀ ਸ਼ਾੜਵ-ਸ਼ਾੜਵ

ਸਮਾਂ ਰਾਤ ਦਾ ਤੀਜਾ ਪਹਿਰ

ਆਰੋਹ ਸ ਰੇ, ਮ ਪ, ਧੁ ਨਿ ਸਂ

ਅਵਰੋਹ ਸਂ ਨਿ ਧੁ ਨਿ ਪ, ਮ ਰੇ, ਸ।

ਪਕੜ ਰੇ, ਮਪ ਧੁਨਿਪ, ਮਰੇ, ਸ।

**25. ਰਾਗ ਆਸਾਵਤੀ –** ਆਸਾਵਤੀ ਦੇ ਸੂਰਾਂ ਵਿੱਚੋਂ ਮੱਧਿਅਮ ਨੂੰ ਕੱਢ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਥਾਟ ਆਸਾਵਤੀ

ਸੂਰ ਰਿਸ਼ਭ ਸ਼ੁੱਧ, ਬਾਕੀ ਸਾਰੇ ਸੂਰ ਕੋਮਲ

ਵਰਜਿਤ ਸੂਰ ਮੱਧਿਅਮ

ਵਾਦੀ ਧੁ

ਸੰਵਾਦੀ ਗੁ

| | |
|---|---|
| ਜਾਤੀ | ਸ਼ਾੜਵ-ਸ਼ਾੜਵ |
| ਸਮਾਂ | ਦਿਨ ਦਾ ਦੂਜਾ ਪਹਿਰ |
| ਨਿਆਸ ਸੁ੍ਰਰ | ਪ |
| ਆਰੋਹ | ਸ ਰੇ ਗੁ, ਪ, ਦੁ, ਨ੍ਹਿ ਸਂ, ਨਿ ਧੁ ਸਂ |
| ਅਵਰੋਹ | ਸਂ ਨ੍ਹਿ ਧੁ, ਪ, ਗੁ, ਰੇ, ਸ। |
| ਪਕੜ | ਸ ਰੇ ਗੁ, ਪ, ਗੁ ਪ ਧੁ, ਪ ਨ੍ਹਿ ਧੁ, ਪ, ਗੁ, ਰੇ, ਸ। |

## 26. ਰਾਗ – ਉਪਬਿਹਾਗ

| | |
|---|---|
| ਥਾਟ | ਬਿਲਾਵਲ |
| ਸੁ੍ਰਰ | ਸਾਰੇ ਸੁ੍ਰਰ ਸ਼ੁੱਧ |
| ਵਰਜਿਤ ਸੁ੍ਰਰ | ਰੇ ਧ |
| ਵਾਦੀ | ਗ |
| ਸੰਵਾਦੀ | ਨਿ |
| ਜਾਤੀ | ਔੜਵ-ਔੜਵ |
| ਸਮਾਂ | ਰਾਤ ਦਾ ਦੂਜਾ ਪਹਿਰ |
| ਨਿਆਸ ਸੁ੍ਰਰ | ਗ, ਪ ਅਤੇ ਨਿ |
| ਅੰਗ | ਬਿਹਾਗ (ਅਧਿਕ) ਅਤੇ ਤਿਲੰਗ (ਥੋੜਾ) |
| ਆਰੋਹ | ਨ਼ਿ ਸ ਗ, ਮਪ, ਨਿ, ਸਂ |
| ਅਵਰੋਹ | ਸਂ, ਨਿ, ਪ, ਮਗ, ਸ। |
| ਪਕੜ | ਨ਼ਿਸਗ, ਗਮਪ, ਨਿਨਿਪ, ਗਮਗ, ਸਨ਼ਿ, ਸ। |

**27. ਊਸ਼ਾਕਿਰਣ –** ਕਲਾਵਤੀ ਦਾ ਧੈਵਤ ਕੋਮਲ ਕਰ ਦੇਣ ਨਾਲ ਜਾਂ ਸ਼ੈਲਜਾ ਦਾ ਗੰਧਾਰ ਸ਼ੁੱਧ ਕਰ ਦੇਣ ਨਾਲ ਇਸ ਰਾਗ ਦੀ ਪ੍ਰਾਪਤੀ ਹੁੰਦੀ ਹੈ।

| | |
|---|---|
| ਥਾਟ | ਭੈਰਵੀ |
| ਸ੍ਵਰ | ਧੈਵਤ ਅਤੇ ਨਿਸ਼ਾਦ ਕੋਮਲ, ਗੰਧਾਰ ਸ਼ੁੱਧ ਅਤੇ ਪੰਚਮ |
| ਵਰਜਿਤ ਸ੍ਵਰ | ਰੇ, ਮ |
| ਵਾਦੀ | ਪ |
| ਸੰਵਾਦੀ | ਸ |
| ਜਾਤੀ | ਔੜਵ-ਔੜਵ |
| ਸਮਾਂ | ਸਵੇਰ |
| ਨਿਆਸ ਸ੍ਵਰ | ਸ, ਪ, ਧੁ |
| ਆਰੋਹ | ਸ ਗ ਪ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਗ ਸ। |
| ਪਕੜ | ਸ, ਗਪ, ਗਪਧੁ, ਨਿਧੁ-ਪ, ਗਪਗ-ਸ। |

**28. ਰਾਗ ਕਮਲ ਸਿੰਦੂਰੀ –** ਪੂਰੀਆ ਧਨਾਸਰੀ ਦੇ ਸ੍ਵਰਾਂ ਵਿੱਚੋਂ ਰਿਸ਼ਭ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਥਾਟ | ਪੂਰਵੀ |
| ਸ੍ਵਰ | ਮੱਧਿਅਮ ਤੀਵਰ, ਧੈਵਤ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਰਿਸ਼ਭ |
| ਵਾਦੀ | ਗ |
| ਸੰਵਾਦੀ | ਨਿ |

| | |
|---|---|
| ਜਾਤੀ | ਸ਼ਾੜਵ-ਸ਼ਾੜਵ |
| ਸਮਾਂ | ਸ਼ਾਮ |
| ਨਿਆਸ ਸ੍ਵਰ | ਪ |
| ਆਰੋਹ | ਸਗ, ਮ'ਪ, ਧੁਨਿਸਂ |
| ਅਵਰੋਹ | ਸਂਨਿ, ਧੁਪ, ਮ'ਗ, ਸ। |
| ਪਕੜ | ਸਗ, ਮ'ਪ, ਧੁਨਿ-ਧੁਪ, ਮ'ਗ, ਸਨਿ਼ਸ। |

**29. ਰਾਗ ਕੇਦਾਰ ਭੈਰਵ –** ਕੇਦਾਰ ਵਿੱਚ ਸ਼ੁੱਧ ਰਿਸ਼ਭ ਦੇ ਸਥਾਨ ‘ਤੇ ਭੈਰਵ ਅੰਗ ‘ਚੋਂ ਕੋਮਲ ਰਿਸ਼ਭ ਦਾ ਪ੍ਰਯੋਗ ਕਰਨ ਨਾਲ ਇਸ ਰਾਗ ਦਾ ਨਿਰਮਾਣ ਮੰਨਿਆ ਜਾਂਦਾ ਹੈ।

| | |
|---|---|
| ਸ੍ਵਰ | ਰਿਸ਼ਭ ਕੋਮਲ, ਗੰਧਾਰ ਸ਼ੁੱਧ, ਦੋਨੋਂ ਮੱਧਿਅਮ, ਪੰਚਮ ਅਤੇ ਧੈਵਤ ਅਤੇ ਨਿਸ਼ਾਦ ਸ਼ੁੱਧ |
| ਵਾਦੀ | ਸ਼ੁੱਧ ਮ |
| ਸੰਵਾਦੀ | ਸ |
| ਜਾਤੀ | ਸੰਪੂਰਨ-ਸੰਪੂਰਨ |
| ਸਮਾਂ | ਸਵੇਰ |
| ਨਿਆਸ ਸ੍ਵਰ | ਸ, ਮ |
| ਆਰੋਹ | ਸਰੁੇਗ, ਮ, ਮਪ, ਮ'ਪਧਪਮ, ਮਪ, ਧਨਿਧਸਂ। |
| ਅਵਰੋਹ | ਸਂਨਿਧਪ, ਮ'ਪਧਪਮ, ਗਮਰੁੇ-ਸ। |
| ਪਕੜ | ਸਮ, ਗਪ, ਮ'ਪਧਪਮ, ਗਮਰੁੇ-ਸ। |

**30. ਰਾਗ ਗੁਜਰ ਲਲਿਤ –** ਰਾਗ ਲਲਿਤ(ਸ਼ੁੱਧ ਧੈਵਤ ਪ੍ਰਕਾਰ) ਜਿਸਨੂੰ ਪੰ. ਭਾਤਖੰਡੇ ਜੀ ਦੇ ਅਨੁਯਾਯੀ ਮੰਨਦੇ ਹਨ, ਇਸ ਲਲਿਤ ਰਾਗ ਵਿੱਚੋਂ ਨਿਸ਼ਾਦ ਨੂੰ ਹਟਾ ਕੇ ਇਸ ਰਾਗ

ਦਾ ਨਿਰਮਾਣ ਕੀਤਾ ਗਿਆ ਹੈ ਅਤੇ ਇਸ ਰਾਗ ਨੂੰ ਲਲਿਤ ਅੰਗ ਨਾਲ ਹੀ ਗਾਇਆ-ਵਜਾਇਆ ਜਾਂਦਾ ਹੈ।

ਥਾਟ ਮਾਰਵਾ

ਸ੍ਵਰ ਦੋਨੋਂ ਮੱਧਿਅਮ, ਰਿਸ਼ਭ ਕੋਮਲ ਅਤੇ ਬਾਕੀ ਸਾਰੇ ਸ੍ਵਰ ਸ਼ੁੱਧ

ਵਰਜਿਤ ਸ੍ਵਰ ਪ, ਨਿ

ਵਾਦੀ ਸ਼ੁੱਧ ਮ

ਸੰਵਾਦੀ ਸ

ਜਾਤੀ ਔੜਵ-ਔੜਵ

ਸਮਾਂ ਰਾਤ ਦਾ ਆਖਰੀ ਪਹਿਰ

ਆਰੋਹ ਸਰੇਗ, ਮ, ਮ'ਮਗ, ਮ'ਧਸਂ।

ਅਵਰੋਹ ਸਂਧ, ਮ'ਗਰੇਸ, ਰੇਗ-ਮ।

ਪਕੜ ਸਧ਼ਸ, ਸਰੇਗਮਮ'ਮ, ਮ'ਮਗ, ਮ'ਗਰੇਸ, ਰੇਗ-ਮ।

**31. ਰਾਗ ਚੰਦਰਬਾਣੀ –** ਰਾਗ ਕਿਰਵਾਣੀ ਦੇ ਸ੍ਵਰਾਂ ਵਿੱਚੋਂ ਰਿਸ਼ਭ ਨੂੰ ਹਟਾ ਕੇ ਅਤੇ ਚੰਦਰਕੌਂਸ ਵਿੱਚ ਪੰਚਮ ਰੱਖ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਮੇਲ ਦੱਖਣੀ ਕੀਰਵਾਣੀ

ਸ੍ਵਰ ਗੁ ਧੁ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ

ਵਰਜਿਤ ਸ੍ਵਰ ਰੇ

ਵਾਦੀ ਪ

ਸੰਵਾਦੀ ਸ

ਜਾਤੀ ਸ਼ਾੜਵ-ਸ਼ਾੜਵ

ਮਿਸ਼ਰਣ ਚੰਦਰਕੌਂਸ(ਭੈਰਵੀ ਥਾਟ) ਅਤੇ ਕਿਰਵਾਣੀ ਦਾ। ਕੁਝ ਜਗ੍ਹਾ 'ਤੇ ਗੋਪੀਬਸੰਤ ਦਾ ਵੀ ਆਭਾਸ ਹੁੰਦਾ ਹੈ।

ਆਰੋਹ ਸ ਗੁ ਮ ਪ ਧੁ ਨਿ ਸਂ।

ਅਵਰੋਹ ਸਂ ਨਿ ਧੁ ਪ ਮ ਗੁ ਸ।

ਪਕੜ ਗੁਮਪਧੁਪ, ਧੁਨਿਧੁ-ਪ, ਮਪਗੁ, ਮਗ-ਸਨ਼ਿਸ।

25. **ਰਾਗ ਚੰਪਕਲਿਆਣ –** ਮਾਰੂਬਿਹਾਗ ਦੇ ਅਵਰੋਹ ਵਿੱਚ ਸ਼ੁੱਧ ਨਿ ਲਗਾਉਣ ਨਾਲ ਇਸ ਰਾਗ ਦਾ ਨਿਰਮਾਣ ਹੋਇਆ।

ਥਾਟ ਕਲਿਆਣ

ਸ੍ਵਰ ਦੋਨੋਂ ਨਿਸ਼ਾਦ(ਆਰੋਹ ਵਿੱਚ ਸ਼ੁੱਧ ਅਤੇ ਅਵਰੋਹ ਵਿੱਚ ਕੋਮਲ), ਤੀਵਰ ਮ' ਅਤੇ ਬਾਕੀ ਸ੍ਵਰ ਸ਼ੁੱਧ।

ਵਰਜਿਤ ਸ੍ਵਰ ਆਰੋਹ ਵਿੱਚ ਮਂ ਰੇ ਧ

ਵਾਦੀ ਪ

ਸੰਵਾਦੀ ਸ

ਜਾਤੀ ਔੜਵ- ਸੰਪੂਰਨ

ਸਮਾਂ ਰਾਤ ਦਾ ਪਹਿਲਾ ਪਹਿਰ

ਨਿਆਸ ਸ੍ਵਰ ਸ, ਗ, ਪ

ਮਿਸ਼ਰਣ ਆਰੋਹ ਵਿੱਚ ਮਾਰੂਬਿਹਾਗ ਅਤੇ ਅਵਰੋਹ ਵਿੱਚ ਚੰਪਾਕਲੀ

ਆਰੋਹ ਸ, ਗ, ਮ'ਪ, ਨਿਸਂ।

ਅਵਰੋਹ ਸਂ ਨੁਿ ਧ ਪ, ਮ'ਗ, ਰੇਸ।

ਪਕੜ ਸਗ, ਗਮ'ਪ, ਗਮ'ਪਨਿਸਂ, ਨੁਿਧਪਮ'ਪ, ਗਮ'ਗ, ਰੇਸ।

**32. ਰਾਗ ਚੰਪਾਵਤੀ –** ਚੰਪਾਕਲੀ ਦੇ ਸੁਰਾਂ ਵਿੱਚੋਂ ਧੈਵਤ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਮੇਲ | ਦੱਖਣੀ ਵਾਚਸਪਤੀ |
| ਸੁਰ | ਤੀਵਰ ਮ', ਕੋਮਲ ਨਿ ਅਤੇ ਬਾਕੀ ਸੁਰ ਸ਼ੁੱਧ |
| ਵਰਜਿਤ ਸੁਰ | ਆਰੋਹ ਵਿੱਚ ਰੇ ਧ ਅਤੇ ਅਵਰੋਹ ਵਿੱਚ ਧ |
| ਵਾਦੀ | ਪ |
| ਸੰਵਾਦੀ | ਸ |
| ਜਾਤੀ | ਔੜਵ-ਸ਼ਾੜਵ |
| ਸਮਾਂ | ਮੱਧ ਰਾਤ |
| ਨਿਆਸ ਸੁਰ | ਗ ਪ |
| ਦੀਰਘ ਸੁਰ | ਰੇ। ਚੰਪਾਵਤੀ ਅੰਗ ਦੀ ਪ੍ਰਧਾਨਤਾ ਅਤੇ ਪ ਰੇ ਸੰਗਤੀ ਦਾ ਅਭਾਵ |
| ਆਰੋਹ | ਸਗ, ਮ'ਪ, ਨਿਸਂ। |
| ਅਵਰੋਹ | ਸਂ ਨਿ ਪ, ਮ' ਗ, ਰੇ, ਸ। |
| ਪਕੜ | ਸਗ, ਮ'ਪ, ਨਿਪ, ਮ'ਪਗਮ'ਗ, ਮ'ਗ, ਰੇ, ਨਿਸ। |

**33. ਰਾਗ – ਜੋਗ ਤਿਲੰਗ**

| | |
|---|---|
| ਥਾਟ | ਕਾਫੀ ਜਾਂ ਖਮਾਜ |
| ਸੁਰ | ਦੋਨੋਂ ਗੰਧਾਰ, ਦੋਨੋਂ ਨਿਸ਼ਾਦ, ਸ਼ੁੱਧ ਮੱਧਿਅਮ ਅਤੇ ਪੰਚਮ |
| ਵਰਜਿਤ ਸੁਰ | ਰੇ ਧ |
| ਵਾਦੀ | ਮ |

| | |
|---|---|
| ਸੰਵਾਦੀ | ਸ |
| ਜਾਤੀ | ਔੜਵ - ਔੜਵ |
| ਸਮਾਂ | ਰਾਤ ਦਾ ਦੂਜਾ ਪਹਿਰ |
| ਮਿਸ਼ਰਣ | ਜੋਗ ਅਤੇ ਤਿਲੰਗ |

34. **ਰਾਗ ਧਨਰੰਜਨੀ –** ਇਸ ਰਾਗ ਦੇ ਆਰੋਹ ਵਿੱਚ ਪਟਰੰਜਨੀ ਅਤੇ ਅਵਰੋਹ ਵਿੱਚ ਧਾਨੀ ਦੇ ਸੁਰ ਰੱਖ ਕੇ ਇਸ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਥਾਟ | ਕਾਫੀ |
| ਸੁਰ | ਦੋਨੋਂ ਨਿਸ਼ਾਦ(ਆਰੋਹ ਵਿੱਚ ਸ਼ੁੱਧ ਅਤੇ ਅਵਰੋਹ ਵਿੱਚ ਕੋਮਲ) ਗੁ ਕੋਮਲ, ਮ ਸ਼ੁੱਧ ਅਤੇ ਪੰਚਮ |
| ਵਰਜਿਤ ਸੁਰ | ਰੇ ਧ |
| ਵਾਦੀ | ਪ |
| ਸੰਵਾਦੀ | ਸ |
| ਜਾਤੀ | ਔੜਵ-ਔੜਵ |
| ਸਮਾਂ | ਦਿਨ ਦਾ ਤੀਜਾ ਪਹਿਰ |
| ਨਿਆਸ ਸੁਰ | ਸ ਗੁ ਪ |
| ਆਰੋਹ | ਸ ਗੁ ਮ ਪ ਨਿ ਸਂ। |
| ਅਵਰੋਹ | ਸਂ ਨਿ੍ ਪ ਮ ਗੁ ਸ। |
| ਪਕੜ | ਗੁ, ਮਪ, ਨਿਸਂਨਿ੍-ਪ, ਸ। |

## 35. ਰਾਗ ਪੂਰਵਾਗ ਪੂਰਬੀ –

| | |
|---|---|
| ਥਾਟ | ਪੂਰਬੀ |
| ਸ੍ਵਰ | ਪੂਰਬੀ ਦੇ ਵਾਂਗ ਦੋਨੋਂ ਮੱਧਿਅਮ(ਪ, ਮ'ਗਮਗ, ਮ'ਗਰੇਸ) ਰੇ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਨਿ |
| ਵਾਦੀ | ਗ |
| ਸੰਵਾਦੀ | ਧ |
| ਜਾਤੀ | ਸ਼ਾੜਵ–ਸ਼ਾੜਵ |
| ਸਮਾਂ | ਦਿਨ ਦਾ ਆਖਰੀ ਪਹਿਰ |
| ਨਿਆਸ ਸ੍ਵਰ | ਗ ਪ ਧ |
| ਉਠਾਨ | ਗਗਮ'ਧਸਂ, ਪਧਸਂ, ਪਧਮ'ਪਸਂ |
| ਆਰੋਹ | ਸਰੇਗ, ਮ'ਪ, ਧ, ਸਂ |
| ਅਵਰੋਹ | ਸਂਧ, ਪ, ਮ'ਗ, ਰੇਮਗ, ਮ'ਗਰੇਸ। |
| ਪਕੜ | ਧ਼ਸ, ਰੇਗ, ਮ'ਪ, ਧਮ'ਪ, ਗਮਗ, ਮ'ਗ, ਰੇਸ। |

## 36. ਰਾਗ ਪੂਰਵਾਗ ਸ਼੍ਰੀ –

| | |
|---|---|
| ਥਾਟ | ਪੂਰਵੀ |
| ਸ੍ਵਰ | ਰੇ ਕੋਮਲ, ਮ' ਤੀਵਰ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਆਰੋਹ ਵਿੱਚ ਗ ਨਿ ਅਤੇ ਅਵਰੋਹ ਵਿੱਚ ਨਿ |
| ਵਾਦੀ | ਰੇ |

| | |
|---|---|
| ਸੰਵਾਦੀ | ਪ |
| ਜਾਤੀ | ਔੜਵ-ਸ਼ਾੜਵ |
| ਸਮਾਂ | ਸ਼ਾਮ |
| ਮਿਸ਼ਰਣ | ਪੂਰਵਾਂਗ ਵਿੱਚ ਰਾਗ ਅਤੇ ਉਤਰਾਂਗ ਵਿੱਚ ਅਨੇਕ ਰਾਗਾਂ ਦਾ। |
| | ਅੰਤਰੇ ਦੀ ਉਠਾਨ ਮ'ਧਸਂ, ਮ'ਧਰੇਂਰੇਂਸਂ, ਪਧਸਂ, ਪਧਮ'ਪਸਂ। |
| ਆਰੋਹ | ਸਰੁੇ, ਮ'ਪ, ਧਸਂ |
| ਅਵਰੋਹ | ਸਂਧ, ਪ, ਮ'ਗਰੁੇ, ਰੁੇ, ਸ। |
| ਪਕੜ | ਸ, ਰੁੇ, ਰੁੇ, ਸ, ਧ਼ਰੁੇ, ਰੇ, ਸ, ਸਰੁੇ, ਮ'ਪ, ਧਮ'ਪ, ਮ'ਗਰੁੇ, ਗਰੁੇ, ਰੁੇ, ਸ। |

## 37. ਰਾਗ ਪੂਰਵੀਕਲੀ –

| | |
|---|---|
| ਥਾਟ | ਪੂਰਵੀ |
| ਸ੍ਵਰ | ਦੋਨੋਂ ਮੱਧਿਅਮ, ਦੋਨੋਂ ਨਿਸ਼ਾਦ, ਰੁੇ ਧੁ ਕੋਮਲ, ਗ ਸ਼ੁੱਧ ਅਤੇ ਪੰਚਮ |
| ਵਾਦੀ | ਗ |
| ਸੰਵਾਦੀ | ਨਿ |
| ਜਾਤੀ | ਸੰਪੂਰਨ-ਸੰਪੂਰਨ |
| ਸਮਾਂ | ਦਿਨ ਦਾ ਆਖਰੀ ਪਹਿਰ |
| ਨਿਆਸ ਸ੍ਵਰ | ਗ ਪ ਨਿ |
| ਮਿਸ਼ਰਣ | ਪੂਰਵੀ ਅਤੇ ਰਾਮਕਲੀ ਦੇ ਮ'ਪਧੁਨਿਧੁਪ ਇਨ੍ਹਾਂ ਸ੍ਵਰਾਂ ਦਾ। |
| | ਅੰਤਰੇ ਦੀ ਉਠਾਨ ਪ੍ਰਾਯ ਮ'ਗ ਮ'ਧੁਸਂ, ਗਮ'ਧੁਨਿਸਂ। |

ਆਰੋਹ		ਸਰ੍ਹੇਂਗ, ਮ'ਪ, ਧ੍ਰਨਿਸਂ। ਸਂਨਿਧ੍ਰਪ, ਗਮਗ, ਮ'ਗ, ਰ੍ਹੇਂਸ।

ਪਕੜ		ਨ੍ਹਿ, ਸਰ੍ਹੇਗ, ਮ'ਪਧ੍ਰਨ੍ਹਿਧ੍ਰਪ, ਗਮਗ, ਮ'ਗ, ਰ੍ਹੇਸ।

**38. ਰਾਗ ਪ੍ਰਭਾਤੀਪਰਵ –** ਬਸੰਤ ਮੁਖਾਰੀ ਦੇ ਸੁਰਾਂ ਵਿੱਚੋਂ ਮੱਧਿਅਮ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਥਾਟ		ਭੈਰਵੀ

ਸੁਰ		ਰੇ ਧੁ ਨਿ ਕੋਮਲ, ਗ ਸ਼ੁੱਧ ਅਤੇ ਪੰਚਮ

ਵਰਜਿਤ ਸੁਰ	ਮ

ਵਾਦੀ		ਧੁ

ਸੰਵਾਦੀ		ਰੇ

ਜਾਤੀ		ਸ਼ਾੜਵ - ਸ਼ਾੜਵ

ਸਮਾਂ		ਸਵੇਰ

ਨਿਆਸ ਸੁਰ	ਪ

ਮਿਸ਼ਰਣ		ਪੂਰਵਾਂਗ ਵਿੱਚ ਭੈਰਵ ਥਾਟ-ਜਨਯ ਵਿਭਾਸ ਅਤੇ ਉਤਰਾਂਗ ਵਿੱਚ ਭੈਰਵੀ

ਆਰੋਹ		ਸ ਰੇ ਗ ਪ ਧੁ ਨਿ ਸਂ।

ਅਵਰੋਹ		ਸਂ ਨਿ ਧੁ ਪ ਗ ਰੇ ਸ।

ਪਕੜ		ਸਰੇ, ਰੇ, ਸ ਗਪਧੁ, ਧੁ, ਪ, ਧੁਨਿਧੁ-ਪ, ਗਪਗਰੇਸ।

**39. ਰਾਗ – ਪ੍ਰਿਅਬਾਣੀ**

ਸੁਰ		ਗੁ ਧੁ ਕੋਮਲ, ਨਿ ਸ਼ੁੱਧ ਅਤੇ ਪ

ਵਰਜਿਤ ਸੁਰ	ਰੇ ਮ

| | |
|---|---|
| ਵਾਦੀ | ਧੁ |
| ਸੰਵਾਦੀ | ਗੁ |
| ਜਾਤੀ | ਔੜਵ – ਔੜਵ |
| ਸਮਾਂ | ਰਾਤ ਦਾ ਤੀਜਾ ਪਹਿਰ |
| ਨਿਆਸ ਸੁਰ | ਪ |
| ਆਰੋਹ | ਸ ਗੁ ਪ ਧੁ ਨਿ ਸਂ। |
| ਅਵਰੋਹ | ਸਂ ਨਿ ਧੁ ਪ ਗੁ ਸ। |
| ਪਕੜ | ਸ, ਗੁਪਧੁ, ਪ, ਪਧੁਪਗੁ, ਸਨ਼ਿਸ। |

40. **ਰਾਗ ਬ੍ਰਹਮਤੋੜੀ –** ਬਿਲਾਸਖਾਨੀ ਤੋੜੀ ਦੇ ਕੋਮਲ ਨਿਸ਼ਾਦ ਨੂੰ ਸ਼ੁੱਧ ਕਰਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਬਾਕੀ ਸਾਰੇ ਨਿਯਮ ਬਿਲਾਸਖਾਨੀ ਤੋੜੀ ਦੇ ਹੀ ਹਨ।

| | |
|---|---|
| ਥਾਟ | ਭੈਰਵੀ |
| ਸੁਰ | ਰੇ ਗੁ ਧੁ ਕੋਮਲ, ਮ ਨਿ ਸ਼ੁੱਧ ਅਤੇ ਪੰਚਮ |
| ਵਰਜਿਤ ਸੁਰ | ਆਰੋਹ ਵਿੱਚ ਮ ਅਤੇ ਅਵਰੋਹ ਵਿੱਚ ਪ |
| ਵਾਦੀ | ਧੁ |
| ਸੰਵਾਦੀ | ਗੁ |
| ਜਾਤੀ | ਸ਼ਾੜਵ – ਸ਼ਾੜਵ |
| ਸਮਾਂ | ਦਿਨ ਦਾ ਦੂਜਾ ਪਹਿਰ |
| ਨਿਆਸ ਸੁਰ | ਗੁ ਪ ਧੁ |
| ਮਿਸ਼ਰਣ | ਰਾਗ ਬਿਲਾਸਖਾਨੀ ਤੋੜੀ ਅਤੇ ਤੋੜੀ |

ਆਰੋਹ ਸਰੇਗੁ, ਪਧੁ, ਨਿਸਂ।

ਅਵਰੋਹ ਸਂਨਿਧੁ, ਪਧੁਮਗੁ, ਰੇਂਗੁਰੇਸ

ਪਕੜ ਗੁਪਧੁ, ਧੁਨਿਧੁ-ਪ, ਪਧੁਮਗੁਰੇਗੁਰੇਸ।

**41. ਰਾਗ – ਬੈਰਾਗੀ ਬਹਾਰ**

ਸੂਰ ਦੋਨੋਂ ਰਿਸ਼ਭ, ਕੋਮਲ ਗੁ, ਸ਼ੁੱਧ ਧ, ਦੋਨੋਨ ਨਿਸ਼ਾਦ ਅਤੇ ਪੰਚਮ।

ਵਰਜਿਤ ਸੂਰ ਧ ਗੁ ਅਵਰੋਹ ਵਿੱਚ।

ਵਾਦੀ ਮ

ਸੰਵਾਦੀ ਸ

ਜਾਤੀ ਸੰਪੂਰਨ - ਔੜਵ

ਸਮਾਂ ਰਾਤ ਦਾ ਅੰਤਿਮ ਪਹਿਰ ਅਤੇ ਬਸੰਤ ਰੁੱਤ ਵਿੱਚ ਹਰ ਸਮਾਂ

ਮਿਸ਼ਰਣ ਬੈਰਾਗੀ ਅਤੇ ਬਹਾਰ

ਆਰੋਹ 1. ਸਰੇਮ, ਮਪਗੁਮ, ਧਨਿਸਂ।

2. ਸਰੇਮ, ਮਪਗੁਮ, ਨਿਧਨਿਸਂ

ਅਵਰੋਹ 1. ਸਂ ਨਿਧਨਿਪ ਮਪਗੁਮ ਰੇਸ ।

2. ਸਂ ਨਿਪ ਪਮਗੁਮ ਰੇ ਸ।

ਪਕੜ 1. ਸਰੇਮ ਮਪਗੁਮ ਰੇ ਨਿਰੇਸ ।

2. ਸ਼ਰੇਮ ਮਪਗੁਮ ਰੇਸ।

**42. ਭਾਰਤ-ਭੈਰਵ –** ਅਹੀਰ ਭੈਰਵ ਦੇ ਸੂਰਾਂ ਵਿੱਚੋਂ ਗੰਧਾਰ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਥਾਟ | ਭੈਰਵ |
| ਸ੍ਵਰ | ਰੇ ਨਿ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਗ |
| ਵਾਦੀ | ਮ |
| ਸੰਵਾਦੀ | ਸ |
| ਜਾਤੀ | ਸ਼ਾੜਵ - ਸ਼ਾੜਵ |
| ਸਮਾਂ | ਸਵੇਰ |
| ਆਰੋਹ | ਸ ਰੇ ਮ ਪ ਧ ਨਿ ਸਂ। |
| ਅਵਰੋਹ | ਸਂ ਨਿ ਧ ਪ ਮ ਰੇ ਸ। |
| ਪਕੜ | ਸ, ਨਿਧਨਿਰੇ, ਸ, ਗਰੇਮ, ਨਿਧਪਮ, ਰੇਮਰੇ, ਰੇ, ਸ। |

43. **ਰਾਗ ਭੈਰਵਚੰਦਰ –** ਭੈਰਵ ਦੇ ਸ੍ਵਰਾਂ ਵਿੱਚੋਂ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਥਾਟ | ਭੈਰਵ |
| ਸ੍ਵਰ | ਰੇ ਧੁ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਪ |
| ਵਾਦੀ | ਮ |
| ਸੰਵਾਦੀ | ਸ |
| ਜਾਤੀ | ਸ਼ਾੜਵ - ਸ਼ਾੜਵ |
| ਸਮਾਂ | ਸਵੇਰ |
| ਮਿਸ਼ਰਣ | ਪੂਰਵਾਗ ਵਿੱਚ ਭੈਰਵ ਅਤੇ ਉਤਰਾਂਗ ਵਿੱਚ |

ਆਰੋਹ ਸ ਰੇ ਗ ਮ ਧੁ ਨਿ ਸਂ।

ਅਵਰੋਹ ਸਂ ਨਿ ਧੁ ਮ ਗ ਰੇ ਸ।

ਪਕੜ ਸ, ਰੇਗ-ਮ, ਧੁਨਿਧੁ-ਮ, ਗਮਰੇ, ਰੇਸ

44. **ਰਾਗ ਭੇਰਵੇਸ਼ –** ਅਹੀਰ ਭੈਰਵ ਦੇ ਆਰੋਹ ਵਿੱਚ ਗ ਧ ਕਰਕੇ ਜਾਂ ਆਰੋਹ ਵਿੱਚ ਬੈਰਾਗੀ ਅਤੇ ਅਵਰੋਹ ਵਿੱਚ ਅਹੀਰ ਭੈਰਵ ਦੇ ਸੁਰ ਰੱਖ ਕੇ ਇਸ ਦਾ ਨਿਰਮਾਣ ਕੀਤਾ ਗਿਆ ਹੈ।

ਥਾਟ ਭੈਰਵ

ਸੁਰ ਰੇ ਨਿ ਕੋਮਲ ਅਤੇ ਬਾਕੀ ਸੁਰ ਸ਼ੁੱਧ

ਵਰਜਿਤ ਸੁਰ ਆਰੋਹ ਵਿੱਚ ਗ ਧ

ਵਾਦੀ ਮ

ਸੰਵਾਦੀ ਸ

ਜਾਤੀ ਔੜਵ ਸੰਪੂਰਣ

ਸਮਾਂ ਸਵੇਰ

ਨਿਆਸ ਸੁਰ ਮ

ਆਰੋਹ ਸ ਰੇ ਮ ਪ ਨਿ ਸਂ।

ਅਵਰੋਹ ਸਂ ਨਿ ਧ ਪ ਮ ਗ ਰੇ ਸ।

ਪਕੜ ਸਰੇਮਗਰੇ, ਮ, ਪਨਿਧਪਮ, ਮਪਗ-ਰੇ-ਨਿਰੇਸ।

45. **ਰਾਗ ਭੈਰਵੇਸ਼ਵਰੀ –** ਅਹੀਰ ਭੈਰਵ ਵਿੱਚੋਂ ਪੰਚਮ ਹਟਾਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਦੱਖਣੀ ਰਾਗ ਭੁਜੰਗ ਦਾ ਸਵਰੂਪ ਇਸ ਰਾਗ ਦੇ ਬਿਲਕੁਲ ਸਮਾਨ ਹੈ ਪਰੰਤੂ ਭੁਜੰਗ ਦੇ ਵਾਦੀ ਸੰਵਾਦੀ-ਧ ਗ ਹਨ ਅਤੇ ਭੈਰਵੇਸ਼ਵਰੀ ਦੇ ਵਾਦੀ ਅਤੇ ਸੰਵਾਦੀ – ਮ ਸ ਹਨ। ਇਸ ਕਾਰਨ ਦੋਨਾਂ ਰਾਗਾਂ ਵਿੱਚ ਭਿੰਨਤਾ ਸਪੱਸ਼ਟ ਹੁੰਦੀ ਹੈ।

| | |
|---|---|
| ਥਾਟ | ਭੈਰਵ |
| ਸ੍ਵਰ | ਰੇ ਨਿ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਪ |
| ਵਾਦੀ | ਮ |
| ਸੰਵਾਦੀ | ਸ |
| ਜਾਤੀ | ਸ਼ਾੜਵ - ਸ਼ਾੜਵ |
| ਸਮਾਂ | ਸਵੇਰ |
| ਆਰੋਹ | ਸ ਰੇ ਗ ਮ, ਧ ਨਿ ਸਂ। |
| ਅਵਰੋਹ | ਸਂ ਨਿ ਧ ਮ, ਗ ਰੇ ਸ। |
| ਪਕੜ | ਸ, ਨਿਰੇ, ਸ ਸਰੇਗ-ਮ, ਧਨਿਧ-ਮ, ਗਮਰੇ, ਰੇਸ। |

**46. ਰਾਗ ਭੇਰੂ ਕੌਂਸ –** ਅਤੀ ਨਿਕਟ ਦਾ ਰਾਗ ਰੁਦਰਭੈਰਵ ਹੈ, ਰੁਦਰਭੈਰਵ ਦੇ ਵਾਦੀ ਸੰਵਾਦੀ-ਧੁ ਰੇ ਹੋਣ ਨਾਲ ਉਹ ਭਿੰਨ ਹੈ।

| | |
|---|---|
| ਥਾਟ | ਭੈਰਵ |
| ਸ੍ਵਰ | ਰੇ ਧੁ ਨਿ ਕੋਮਲ ਅਤੇ ਸ਼ੁੱਧ |
| ਵਰਜਿਤ ਸ੍ਵਰ | ਗ ਪ |
| ਵਾਦੀ | ਮ |
| ਸੰਵਾਦੀ | ਸ |
| ਜਾਤੀ | ਔੜਵ - ਔੜਵ |
| ਸਮਾਂ | ਸਵੇਰ |

ਆਰੋਹ ਸ ਰੇ ਮ, ਧੁ ਨ਼ਿ ਸਂ।

ਅਵਰੋਹ ਸਂ ਨ਼ਿ ਧੁ ਮ, ਰੇ, ਸ।

ਪਕੜ ਸ ਰੇ ਮ, ਧੁਨ਼ਿਧੁ-ਮ, ਰੇ, ਸ।

**47. ਰਾਗ ਮਧੂਗੰਗਾ –** ਤੋੜੀ ਦੇ ਸੁਰਾਂ ਵਿੱਚੋਂ 'ਰੇ ਧ' ਨੂੰ ਹਟਾ ਕੇ ਇਸ ਰਾਗ ਦੀ ਸੰਰਚਨਾ ਕੀਤੀ ਗਈ ਹੈ।

ਸੁਰ ਕੋਮਲ

ਵਰਜਿਤ ਸੁਰ ਰੇ ਧ

ਵਾਦੀ ਪ

ਸੰਵਾਦੀ ਸ

ਜਾਤੀ ਔੜਵ-ਔੜਵ

ਸਮਾਂ ਸ਼ਾਮ

ਨਿਆਸ ਸੁਰ ਸ ਪ ਨਿ

ਆਰੋਹ ਸ ਗੁ ਮ' ਪ ਨਿ ਸਂ।

ਅਵਰੋਹ ਸਂ ਨਿ ਪ ਮ' ਗੁ ਸ।

ਪਕੜ ਨ਼ਿਸ, ਗੁਮ'ਪ, ਸਂਨਿ, ਪ, ਮ'ਪਗ, ਸਨ਼ਿਸ।

**48. ਰਾਗ ਮਧੂਗੰਧ –** ਮਧੂਵੰਤੀ ਦੇ ਧੈਵਤ ਨੂੰ ਕੋਮਲ ਕਰਕੇ ਅਤੇ ਮੁਲਤਾਨੀ ਰਿਸ਼ਭ ਸ਼ੁੱਧ ਕਰਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਸੁਰ ਮ' ਤੀਵਰ ਅਤੇ ਬਾਕੀ ਸੁਰ ਸ਼ੁੱਧ

ਵਰਜਿਤ ਸੁਰ ਆਰੋਹ ਵਿੱਚ ਰੇ ਧ

ਵਾਦੀ ਪ

ਸੰਵਾਦੀ ਸ

ਜਾਤੀ ਔੜਵ ਸੰਪੂਰਨ

ਸਮਾਂ ਦਿਨ ਦੇ ਤੀਸਰੇ ਪਹਿਰ ਤੋਂ ਚੌਥੇ ਪਹਿਰ ਤੱਕ

ਆਰੋਹ ਨਿ਼ਸ, ਗੁਮ'ਪ, ਨਿਸਂ, ਸਂਨਿਧੁਪ, ਰੇ, ਸ।

ਪਕੜ ਨਿ਼ਸ, ਗੁਮ'ਪ, ਮ'ਗ, ਰੇ, ਸ।

**49. ਰਾਗ ਮਧੂਗੂੰਜ –** ਵਾਚਸਪਤੀ ਦੇ ਸੁ੍ਰਰਾਂ ਵਿੱਚੋਂ ਰੇ ਧ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਸੂ੍ਰ ਤੀਵਰ ਮ', ਕੋਮਲ ਨਿ, ਸ਼ੁੱਧ ਗ ਅਤੇ ਪੰਚਮ

ਵਰਜਿਤ ਸੂ੍ਰ ਰੇ ਧ

ਵਾਦੀ ਪ

ਸੰਵਾਦੀ ਸ

ਜਾਤੀ ਔੜਵ -ਔੜਵ

ਸਮਾਂ ਮੱਧ ਰਾਤ

ਆਰੋਹ ਸ ਗ ਮ' ਪ ਨਿ ਸਂ।

ਅਵਰੋਹ ਸਂ ਨਿ ਪ ਮ' ਗ ਸ।

ਪਕੜ ਪ, ਮ'ਪ, ਸਂਨਿ-ਪ, ਮ'ਪ, ਗਮ'ਗ-ਸ।

**50. ਰਾਗ ਮਧੂਜਾ –** ਮਧੂਕੌਂਸ ਦੇ ਅਵਰੋਹ ਵਿੱਚ ਕੋਮਲ ਰੇ ਰੱਖ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਸੂ੍ਰ ਰੇ ਗੁ ਨਿ ਕੋਮਲ, ਮ' ਤੀਵਰ ਅਤੇ ਪੰਚਮ

ਵਰਜਿਤ ਸੂ੍ਰ ਆਰੋਹ ਵਿੱਚ ਰੇ ਧ ਅਤੇ ਅਵਰੋਹ ਵਿੱਚ ਧ

| | |
|---|---|
| ਵਾਦੀ | ਪ |
| ਸੰਵਾਦੀ | ਸ |
| ਜਾਤੀ | ਔੜਵ - ਸ਼ਾੜਵ |
| ਨਿਆਸ ਸ੍ਵਰ | ਮ |
| ਮਿਸ਼ਰਣ | ਮੁਲਤਾਨੀ ਅਤੇ ਮਧੂਕੌਂਸ |
| ਆਰੋਹ | ਸ ਗੁ ਮ' ਪ ਨ਼ਿ ਸਂ |
| ਅਵਰੋਹ | ਸਂ ਨ਼ਿ ਮ'ਗ ਰੇ਼ ਸ। |
| ਪਕੜ | ਨ਼ਿਸ, ਗੁਮ'ਪ, ਨ਼ਿਨ਼ਿਪ, ਮ'ਪ, ਗੁਮ'ਗੁ, ਰੇ਼ਸ, ਨ਼ਿਗੁ, ਰੇਸ |

**51. ਰਾਗ ਮਧੂਵਰਸ਼ਿਨੀ –** ਅਮ੍ਰਿਤਵਰਸ਼ਿਣੀ ਦੇ ਅਵਰੋਹ ਵਿੱਚ ਨਿ ਦੇ ਸਥਾਨ 'ਤੇ ਕੋਮਲ ਨਿ ਦੇ ਪ੍ਰਯੋਗ ਨਾਲ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਥਾਟ | ਕਲਿਆਣ |
| ਸ੍ਵਰ | ਗ ਸ਼ੁੱਧ, ਮ' ਤੀਵਰ, ਪੰਚਮ ਅਤੇ ਦੋਨੋਂ ਨਿਸ਼ਾਦ (ਆਰੋਹ ਵਿੱਚ ਸ਼ੁੱਧ ਅਤੇ ਅਵਰੋਹ ਵਿੱਚ ਕੋਮਲ) ਪਰੰਤੂ ਇਹ ਨਿਯਮ ਰਹਿੰਦਾ ਹੈ। |
| ਵਰਜਿਤ ਸ੍ਵਰ | ਰੇ ਧ |
| ਵਾਦੀ | ਪ |
| ਸੰਵਾਦੀ | ਸ |
| ਜਾਤੀ | ਔੜਵ-ਔੜਵ |
| ਸਮਾਂ | ਸ਼ਾਮ ਤੋਂ ਰਾਤ ਦਾ ਪਹਿਲਾ ਪਹਿਰ |
| ਨਿਆਸ ਸ੍ਵਰ | ਗ ਪ |
| ਮਿਸ਼ਰਣ | ਅਮ੍ਰਿਤਵਰਸ਼ਿਣੀ ਅਤੇ ਮਧੂਕੌਂਸ |

ਆਰੋਹ ਸ ਮਮ'ਪ ਨਿਸਂ

ਅਵਰੋਹ ਸਂਨ੍ਹਿਪ ਮ'ਗ ਸ।

ਪਕੜ ਪ, ਨਿਸਂਨ੍ਹਿ-ਪ, ਮ'ਗ, ਸਨ੍ਹਿ, ਸ।

52. **ਰਾਗ ਮੱਧਮਲਹਾਰ** – ਪੂਰਵਾਂਗ ਵਿੱਚ ਮੱਧਮਾਦ ਅਤੁ ਉਤਰਾਂਗ ਵਿੱਚ ਮਿਸ਼ਰਣ ਨਾਲ ਇਹ ਰਾਗ ਨਿਰਮਿਤ ਹੈ।

ਥਾਟ ਕਾਫੀ

ਸ੍ਵਰ ਦੋਨੋਂ ਨਿਸ਼ਾਦ(ਆਰੋਹ ਵਿੱਚ ਸ਼ੁੱਧ ਅਤੇ ਅਵਰੋਹ ਵਿੱਚ ਕੋਮਲ)ਅਤੇ ਬਾਕੀ ਸ੍ਵਰ ਸ਼ੁੱਧ

ਵਰਜਿਤ ਸ੍ਵਰ ਗ

ਵਾਦੀ ਮ

ਸੰਵਾਦੀ ਸ

ਜਾਤੀ ਸ਼ਾੜਵ-ਸ਼ਾੜਵ

ਸਮਾਂ ਮੱਧ ਰਾਤ ਅਤੇ ਵਰਖਾ ਰੁੱਤ ਵਿੱਚ ਹਰ ਸਮਾਂ

ਆਰੋਹ ਸ ਰੇ ਮ, ਪ, ਨ੍ਹਿਧਨਿਸਂ

ਅਵਰੋਹ ਸਂਨ੍ਹਿਧਨ੍ਹਿਪ, ਮ, ਰੇ ਸ।

ਪਕੜ ਸ, ਰੇਪਮ-ਰੇ, ਨ੍ਹਿਧਨ੍ਹਿ-ਸ।

53. **ਰਾਗ ਮਾਂ ਕਾਲਿਕਾ** – ਮਧੂਕੌਂਸ ਦੇ ਅਵਰੋਹ ਵਿੱਚ ਸ਼ੁੱਧ ਰਿਸ਼ਭ ਰੱਖ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਸ੍ਵਰ ਗੁ ਨ੍ਹਿ ਕੋਮਲ, ਮ'ਤੀਵਰ, ਰੇ ਸ਼ੁੱਧ ਅਤੇ ਪੰਚਮ

ਵਰਜਿਤ ਸ੍ਵਰ ਆਰੋਹ ਵਿੱਚ ਰੇ ਧ ਅਤੇ ਅਵਰੋਹ ਵਿੱਚ ਧ

ਵਾਦੀ ਪ

ਸੰਵਾਦੀ ਸ

ਜਾਤੀ ਔੜਵ -ਸ਼ਾੜਵ

ਸਮਾਂ ਮੱਧ ਰਾਤ

ਨਿਆਸ ਸੂਰ ਪ

ਮਿਸ਼ਰਣ ਪੂਰਵਾਂਗ ਵਿੱਚ ਮਧੂਵੰਤੀ ਅਤੇ ਉਤਰਾਂਗ ਵਿੱਚ ਮਧੂਕੌਂਸ

ਆਰੋਹ ਸ ਗੁ ਮ' ਪ ਨਿ ਸਂ।

ਅਵਰੋਹ ਸਂ ਨਿ ਪ ਮ' ਗੁਰੇ ਸ।

ਪਕੜ ਸ, ਗੁਮ'ਪ, ਨਿਪ ਮ'ਪਗੁ, ਮ'ਗੁਰੇ, ਸ।

**54. ਰਾਗ ਮੀਰਾ ਦੀ ਸਾਰੰਗ –** ਮੀਆਂ ਮਲਹਾਰ ਦੇ ਸੁਰਾਂ ਵਿੱਚੋਂ ਗੰਧਾਰ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਹੋਇਆ ਹੈ।

ਸੂਰ ਦੋਨੋਂ ਧੈਵਤ, ਦੋਨੋਂ ਨਿਸ਼ਾਦ ਅਤੇ ਬਾਕੀ ਸੂਰ ਸ਼ੁੱਧ। ਸ਼ੁੱਧ ਧ ਆਰੋਹ ਵਿੱਚ, ਕੋਮਲ ਧ ਅਵਰੋਹ ਵਿੱਚ ਵਕਰ, ਸ਼ੁੱਧ ਨਿ ਆਰੋਹ ਵਿੱਚ ਅਤੇ ਕੋਮਲ ਨਿ ਅਵਰੋਹ ਵਿੱਚ।

ਵਰਜਿਤ ਸੂਰ ਗ

ਵਾਦੀ ਸ

ਸੰਵਾਦੀ ਪ

ਜਾਤੀ ਵਕਰ ਸ਼ਾੜਵ-ਸ਼ਾੜਵ

ਸਮਾਂ ਮੱਧ ਰਾਤ ਅਤੇ ਵਰਖਾ ਰੁੱਤ ਵਿੱਚ ਹਰ ਸਮਾਂ

ਮਿਸ਼ਰਣ ਮਿਯਾਂ ਮਲਹਾਰ, ਦਰਬਾਰੀ ਕਾਨੜਾ, ਅੜਾਨਾ ਅਤੇ ਸਾਰੰਗ

ਆਰੋਹ ਨਿ਼ਸ, ਰੇਮਗ, ਨਿਧਨਿਸਂ

| | |
|---|---|
| ਅਵਰੋਹ | ਸਂਨ਼ਿਧੁਨ਼ਿਪ, ਮਰੇ, ਸ। |
| ਪਕੜ | ਮਰੇਗ, ਧਨ਼ਿਪ, ਮਪਧੁ, ਨ਼ਿਪ, ਮਰੇ, .ਨ਼ਿਧ਼ਨ਼ਿਸ। |

**55. ਰਾਗ ਮੁਕਤਾਈ –** ਭਿੰਨ ਸ਼ੜਜ ਦੇ ਸੂ੍ਰਾਂ ਵਿੱਚ ਕੋਮਲ ਰਿਸ਼ਭ ਰੱਖ ਕੇ ਅਤੇ ਆਨੰਦ-ਭੈਰਵ ਦੇ ਸੂ੍ਰਾਂ ਵਿੱਚੋਂ ਪੰਚਮ ਹਟਾ ਕੇ ਇਸ ਰਾਗ ਦਾ ਨਿਰਮਾਣ ਮੰਨਿਆ ਜਾ ਸਕਦਾ ਹੈ।

| | |
|---|---|
| ਥਾਟ | ਭੈਰਵ |
| ਸੂ੍ਰ | ਰੇੁ ਕੋਮਲ ਅਤੇ ਬਾਕੀ ਸੂ੍ਰ ਸ਼ੁੱਧ |
| ਵਰਜਿਤ ਸੂ੍ਰ | ਪ |
| ਵਾਦੀ | ਮ |
| ਸੰਵਾਦੀ | ਸ |
| ਜਾਤੀ | ਸ਼ਾੜਵ-ਸ਼ਾੜਵ |
| ਸਮਾਂ | ਸਵੇਰ |
| ਨਿਆਸ ਸੂ੍ਰ | ਮ |
| ਦੀਰਘ ਸੂ੍ਰ | ਗ ਧ |
| ਅੰਦੋਲਨ ਸੂ੍ਰ | ਰੇ |
| ਸਮਪ੍ਰਕਿਰਤੀ | ਰਾਗ ਸ਼ੁੱਧ ਬਸੰਤ ਅਤੇ ਭਿੰਨ ਭੈਰਵ ਜਾਤੀ-ਭੇਦ ਤੋਂ ਭਿੰਨ ਹੈ। |
| ਮਿਸ਼ਰਣ | ਪੂਰਵਾਂਗ ਵਿੱਚ ਭੈਰਵ ਅਤੇ ਉਤਰਾਂਗ ਵਿੱਚ ਭਿੰਨ ਸ਼ੜਜ ਹੈ। |
| ਆਰੋਹ | ਸ ਰੇੁ ਗ ਮ ਧ ਨਿ ਸਂ |
| ਅਵਰੋਹ | ਸਂ ਨਿ ਧ ਮ ਗ ਰੇੁ ਸ। |
| ਪਕੜ | ਸਰੇਗ-ਮ, ਗਮਨਿਧ-ਮ, ਗਮਰੇੁ-ਰੇੁ-ਸ। |

**56. ਰਾਮ ਕੀ ਮੁਲਤਾਨੀ –** ਮੁਲਤਾਨੀ ਦੇ ਸੁਰਾਂ ਵਿੱਚੋਂ ਰਿਸ਼ਭ ਨੂੰ ਕੱਢ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਸੁਰ ਗੁ ਧੁ ਕੋਮਲ, ਮ' ਤੀਵਰ ਅਤੇ ਬਾਕੀ ਸੁਰ ਸ਼ੁੱਧ ਹਨ।

ਵਰਜਿਤ ਸੁਰ ਰੇ ਅਤੇ ਆਰੋਹ ਵਿੱਚ ਧ

ਵਾਦੀ ਪ

ਸੰਵਾਦੀ ਸ

ਜਾਤੀ ਔੜਵ - ਸ਼ਾੜਵ

ਸਮਾਂ ਸ਼ਾਮ

ਆਰੋਹ ਨ਼ਿਸ, ਗੁਮ'ਪ, ਨਿਸਂ

ਅਵਰੋਹ ਸਂਨਿਧੁਪ, ਮ'ਗੁ, ਸ।

ਪਕੜ ਨ਼ਿਸ, ਗੁਮ'ਪ, ਨਿਧੁਪ, ਮ'ਗੁਪ, ਮ'ਗੁ, ਸ।

**57. ਰਾਮ ਕੀ ਰਾਮਕਲੀ –** ਨਵੀਨ ਰਾਗ ਚੰਦਰਬਾਣੀ(ਚੰਦਰਕੌਂਸ ਅਤੇ ਕੀਰਵਾਣੀ ਦੇ ਸੰਯੋਗ ਨਾਲ ਨਿਰਮਿਤ ਹੈ) ਵਿੱਚ ਰਾਮਕਲੀ ਦੇ ਰਾਗ ਵਾਚਪੂ ਸੁਰ– 'ਮ'ਪਧੁਨ਼ਿਧੁਪ' ਮਿਲ ਕੇ ਇਸ ਰਾਗ ਦੀ ਸੰਰਚਨਾ ਕੀਤੀ ਗਈ ਹੈ।

ਮੇਲ ਦੱਖਣੀ ਕੀਰਵਾਣੀ

ਸੁਰ ਦੋਨੋਂ ਨਿਸ਼ਾਦ, ਗੁ ਧੁ ਕੋਮਲ ਅਤੇ ਪੰਚਮ

ਵਰਜਿਤ ਸੁਰ ਰੇ

ਵਾਦੀ ਪ

ਸੰਵਾਦੀ ਸ

ਜਾਤੀ ਸ਼ਾੜਵ–ਸ਼ਾੜਵ

| | |
|---|---|
| ਸਮਾਂ | ਮੱਧ ਰਾਤ |
| ਨਿਆਸ ਸ੍ਵਰ | ਪ |
| ਦੀਰਘ ਸ੍ਵਰ | ਨ਼ਿ |
| ਆਰੋਹ | ਸ, ਗੁਮਪ, ਮ'ਪਧੁਨ਼ਿਧੁਪ, ਧਨਿਸਂ |
| ਅਵਰੋਹ | ਸਂਨਿਧੁਪ, ਮ'ਪਧੁਨਿਧੁਪ, ਮ'ਗ, ਸ। |
| ਪਕੜ | ਗਮਪ, ਪਧੁਸਂਨਿਸਂ, ਨਿਧੁਪ, ਮ'-ਪਧੁਨਿਧੁਪ, ਮਪਗ, ਸਨ਼ਿਸ। |

**58. ਰਾਮ ਤਿਲੰਗ –** ਰਾਗ ਤਿਲੰਗ ਦਾ ਆਰੋਹੀ ਸ਼ੁੱਧ ਨਿਸ਼ਾਦ ਕੋਮਲ ਕਰ ਦੇਣ ਨਾਲ ਜਾਂ ਪੰ. ਪੁੰਡਰੀਕ ਬਿੱਠਲ ਕਰਿਤ ਰਾਗ ਕਰਣਾਟ ਵਿੱਚ ਗ੍ਰਹਿ, ਅੰਸ਼ ਅਤੇ ਨਿਆਸ ਦਾ ਸ੍ਵਰ ਕੋਮਲ ਨਿਸ਼ਾਦ ਹੈ, ਇਹ ਮਹੱਤਵ ਸ਼ੁੱਧ ਗੰਧਾਰ ਨੂੰ ਦੇ ਕੇ ਇਸ ਰਾਗ ਦੀ ਨਿਰਮਤੀ ਕੀਤੀ ਗਈ ਹੈ। ਇਸ ਵਿੱਚ, ਰਾਗ ਤਿਲੰਗ ਦਾ ਅਧਿਕਾਸ਼ ਅੰਗ ਵੀ ਹੈ।

| | |
|---|---|
| ਥਾਟ | ਖਮਾਜ |
| ਸ੍ਵਰ | ਨ਼ਿ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਰੇ ਧ |
| ਵਾਦੀ | ਗ |
| ਸੰਵਾਦੀ | ਨ਼ਿ |
| ਜਾਤੀ | ਔੜਵ-ਔੜਵ |
| ਸਮਾਂ | ਸ਼ਾਮ ਤੋਂ ਰਾਤ ਦਾ ਪਹਿਲਾ ਪਹਿਰ |
| ਆਰੋਹ | ਸ ਗ, ਮ ਪ, ਨਿ ਸਂ |
| ਅਵਰੋਹ | ਸਂ ਨ਼ਿ ਪ, ਮ ਗ, ਸ। |
| ਪਕੜ | ਨ਼ਿਸਗ, ਗਮਪਨ਼ਿਪ, ਮਪਮਗ, ਸ। |

**59. ਰਾਗ ਰਾਮਤੋੜੀ –** ਬਿਲਾਸਖਾਨੀ ਤੋੜੀ ਵਿੱਚੋਂ ਪ ਨਿ ਹਟਾ ਕੇ ਇਸ ਰਾਗ ਦੀ ਸੰਰਚਨਾ ਕੀਤੀ ਗਈ ਹੈ ਅਤੇ ਇਸ ਰਾਗ ਨੂੰ ਬਿਲਾਸਖਾਨੀ ਤੋੜੀ ਦੇ ਅੰਗ ਤੋਂ ਹੀ ਗਾਇਆ ਵਜਾਇਆ ਜਾਂਦਾ ਹੈ।

| | |
|---|---|
| ਥਾਟ | ਭੈਰਵੀ |
| ਸੁਰ | ਰੇ ਗੁ ਧੁ ਕੋਮਲ ਅਤੇ ਮ ਸ਼ੁੱਧ |
| ਵਰਜਿਤ ਸੁਰ | ਮ ਨਿ |
| ਵਾਦੀ | ਧੁ |
| ਸੰਵਾਦੀ | ਗ |
| ਜਾਤੀ | ਔੜਵ-ਔੜਵ |
| ਸਮਾਂ | ਦਿਨ ਦਾ ਪਹਿਲਾ ਪਹਿਰ |
| ਨਿਆਸ ਸੁਰ | ਰੇ ਗੁ ਧੁ। |
| ਰਸ | ਸ਼ਾਂਤ ਅਤੇ ਕਰੁਣ |
| ਪ੍ਰਕਿਰਤੀ | ਗੰਭੀਰ |
| ਆਰੋਹ | ਸਰੇਗੁ, ਮਧੁ, ਸਂ |
| ਅਵਰੋਹ | ਸਂਧੁ, ਮਗੁਰੇ, ਗੁਰੇਸ। |
| ਪਕੜ | ਸਧੁ, ਸਰੇਗੁ, ਧੁ-ਮਗੁਰੇ, ਗੁਰੇਸ। |

**60. ਰਾਗ ਰਾਮ ਪੂਰਵੀ –** ਪੂਰੀਆ ਧਨਾਸਰੀ ਦੇ ਸੁਰਾਂ ਵਿੱਚੋਂ ਨਿਸ਼ਾਦ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਥਾਟ | ਪੂਰਵੀ |
| ਸੁਰ | ਰੇ ਧੁ ਕੋਮਲ, ਮ' ਤੀਵਰ, ਗ ਸ਼ੁੱਧ ਅਤੇ ਪੰਚਮ |

| | |
|---|---|
| ਵਰਜਿਤ ਸ੍ਵਰ | ਨਿ |
| ਵਾਦੀ | ਪ |
| ਸੰਵਾਦੀ | ਸ |
| ਜਾਤੀ | ਸ਼ਾੜਵ-ਸ਼ਾੜਵ |
| ਸਮਾਂ | ਰਾਤ ਦਾ ਦੂਜਾ ਪਹਿਰ |
| ਰਸ | ਕਰੁਣ |
| ਪ੍ਰਕਿਰਤੀ | ਗੰਭੀਰ |
| ਆਰੋਹ | ਸ ਰੇ ਗ ਮ' ਪ ਧੁ ਸੰ |
| ਅਵਰੋਹ | ਸੰ ਧੁ ਪ ਮ'ਗ ਰੇ ਸ। |
| ਪਕੜ | ਪ, ਮ'ਧੁਪ, ਧੁਸੰਧੁ-ਪ, ਮ'ਗਰੇਸ। |

**61. ਰਾਗ ਰਾਮ ਭੈਰਵ –** ਭੈਰਵ ਦੇ ਸ੍ਵਰਾਂ ਵਿੱਚੋਂ ਰੇ ਮ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਥਾਟ | ਭੈਰਵ |
| ਸ੍ਵਰ | ਧੁ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਰੇ ਮ |
| ਵਾਦੀ | ਪ |
| ਸੰਵਾਦੀ | ਸ |
| ਜਾਤੀ | ਔੜਵ-ਔੜਵ |
| ਸਮਾਂ | ਸਵੇਰ |
| ਨਿਆਸ ਸ੍ਵਰ | ਸ ਪ ਧੁ |

| | |
|---|---|
| ਦੀਰਘ ਸ੍ਵਰ | ਰੇ |
| ਪ੍ਰਬਲ ਸ੍ਵਰ | ਧੁ |
| ਰਸ | ਕਰੁਣ |
| ਪ੍ਰਕਿਰਤੀ | ਗੰਭੀਰ |
| ਆਰੋਹ | ਸ ਗ ਪ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਗ ਮ। |
| ਪਕੜ | ਸ, ਗੁਪ, ਗਪਧੁ, ਧਨਿਧੁ-ਪ, ਗਪਗ-ਸ। |

62. **ਰਾਗ ਰਾਮਰੰਜਨੀ ਤੋੜੀ –** ਤੋੜੀ ਵਿੱਚੋਂ ਮੱਧਿਅਮ ਕੱਢ ਕੇ ਅਤੇ ਭੂਪਾਲਤੋੜੀ ਦੇ ਸ੍ਵਰਾਂ ਵਿੱਚ ਸ਼ੁੱਧ ਨਿਸ਼ਾਦ ਮਿਲਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਇਸਨੂੰ ਭੁਪਾਲਤੋੜੀ ਦੇ ਅੰਗ ਤੋਂ ਗਾਇਆ ਵਜਾਇਆ ਜਾਂਦਾ ਹੈ।

| | |
|---|---|
| ਥਾਟ | ਤੋੜੀ |
| ਸ੍ਵਰ | ਨਿ ਸ਼ੁੱਧ, ਰੇਗੁਧੁ ਕੋਮਲ ਅਤੇ ਪੰਚਮ |
| ਵਰਜਿਤ ਸ੍ਵਰ | ਮ |
| ਵਾਦੀ | ਧੁ |
| ਸੰਵਾਦੀ | ਗੁ |
| ਜਾਤੀ | ਸ਼ਾੜਵ-ਸ਼ਾੜਵ |
| ਸਮਾਂ | ਦਿਨ ਦਾ ਪਹਿਲਾ ਪਹਿਰ |
| ਨਿਆਸ ਸ੍ਵਰ | ਪ |
| ਰਸ | ਸ਼ਾਤ ਅਤੇ ਕਰੁਣ |
| ਪ੍ਰਕਿਰਤੀ | ਗੰਭੀਰ |

ਆਰੋਹ ਸ ਰੇ ਗੁ ਪ ਧੁ ਨਿ ਸਂ

ਅਵਰੋਹ ਸਂ ਨਿ ਧੁ ਪ ਗੁ ਰੇ ਸ।

ਪਕੜ ਧੁ, ਨਿਸ਼, ਸਰੇਗ, ਪ, ਧੁਧੁਪ, ਧੁਨਿਧੁ, ਪ, ਰੇਗੁਰੇਸ।

**63. ਰਾਗ ਰਾਮੇਸ਼ਵਰੀ –** ਦੱਖਣੀ ਨਾਮ ਨਾਰਾਇਣੀ ਰਾਗ ਦੇ ਸੁਰਾਂ ਵਿੱਚੋਂ ਧੈਵਤ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਹੋਇਆ ਹੈ। ਇਸ ਦੇ ਪੂਰਵਾਂਗ ਵਿੱਚ ਪੂਰੀਆ ਧਨਾਸਰੀ ਅਤੇ ਉਤਰਾਂਗ ਵਿੱਚ ਮਧੂਕੌਂਸ ਦਾ ਸੁੰਦਰ ਮਿਸ਼ਰਣ ਹੈ।

ਪ੍ਰਯੁਕਤ ਸੁਰ ਰੇ ਨਿ ਕੋਮਲ, ਮ' ਤੀਵਰ, ਗ ਸ਼ੁੱਧ ਅਤੇ ਪੰਚਮ

ਵਰਜਿਤ ਸੁਰ ਧ

ਜਾਤੀ ਸ਼ਾੜਵ-ਸ਼ਾੜਵ

ਵਾਦੀ ਪ

ਸੰਵਾਦੀ ਸ

ਨਿਆਸ ਦੇ ਸੁਰ ਗ ਪ

ਸਮਾਂ ਸ਼ਾਮ

ਆਰੋਹ ਸ ਰੇ ਗ ਮ' ਪ ਨਿ ਸਂ

ਅਵਰੋਹ ਸਂ ਨਿ ਪ ਮ' ਗ ਰੇ ਸ।

ਪਕੜ ਗਮ'ਪ, ਸਂਨਿਪਮ'ਪ, ਗਮ'ਗਰੇਗ, ਰੇ, ਸ।

**64. ਰਾਗ ਰੁਦਰਕੌਂਸ –** ਦੱਖਣੀ ਨਾਮ ਨਾਰਾਇਣੀ ਰਾਗ ਦੇ ਸੁਰਾਂ ਵਿੱਚੋਂ ਧੈਵਤ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਹੋਇਆ ਹੈ। ਇਸ ਦੇ ਪੂਰਵਾਂਗ ਵਿੱਚ ਪੂਰੀਆ ਧਨਾਸਰੀ ਅਤੇ ਉਤਰਾਂਗ ਵਿੱਚ ਮਧੂਕੌਂਸ ਦਾ ਸੁੰਦਰ ਮਿਸ਼ਰਣ ਹੈ।

| | |
|---|---|
| ਮੇਲ | ਭੈਰਵ |
| ਪ੍ਰਯੁਕਤ ਸ੍ਵਰ | ਰੇ ਧੁ ਨਿ ਕੋਮਲ ਅਤੇ ਗ ਮ ਸ਼ੁੱਧ |
| ਵਰਜਿਤ ਸ੍ਵਰ | ਪ |
| ਜਾਤੀ | ਸ਼ਾੜਵ-ਸ਼ਾੜਵ |
| ਵਾਦੀ | ਮ |
| ਸੰਵਾਦੀ | ਸ |
| ਨਿਆਸ ਦੇ ਸ੍ਵਰ | ਸ ਮ |
| ਦੀਰਘ ਸ੍ਵਰ | ਗ ਧ |
| ਅੰਦੋਲਿਤ ਸ੍ਵਰ | ਰੇ |
| ਸਮਾਂ | ਸਵੇਰ |
| ਆਰੋਹ | ਸ ਰੇ ਗ ਮ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਮ ਗ ਰੇ ਸ। |
| ਪਕੜ | ਸਰੇਗ-ਮ, ਧੁਨਿਧੁ-ਮ, ਗੁਮਰੇ-ਸ। |

**65. ਰਾਗ ਲਤਾਗੰਧ –** ਮਾਰੂਬਿਹਾਗ ਦੇ ਸ਼ੁੱਧ ਧੈਵਤ ਨੂੰ ਕੋਮਲ ਕਰ ਦੇਣ ਨਾਲ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਪੂਰਵਾਂਗ ਵਿੱਚ ਮਾਰੂਬਿਹਾਗ ਅਤੇ ਉਤਰਾਂਗ ਵਿੱਚ ਗੌਰੰਜਨੀ ਹੈ।

| | |
|---|---|
| ਮੇਲ | ਦੱਖਣੀ ਲਤਾਂਗੀ |
| ਪ੍ਰਯੁਕਤ ਸ੍ਵਰ | ਮ' ਤੀਵਰ, ਧ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਆਰੋਹ ਵਿੱਚ ਧ ਜਾਂ ਧ ਅਲਪ |
| ਜਾਤੀ | ਔੜਵ-ਸੰਪੂਰਣ |

ਵਾਦੀ ਪ

ਸੰਵਾਦੀ ਸ

ਮਾਰੂਬਿਹਾਗ ਜਾਂ ਲਲਿਤ ਅੰਗ ਤੋਂ ਸ਼ੁੱਧ ਮੱਧਿਅਮ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਆਰੋਹ ਸ ਗ ਮ' ਪ ਨਿ ਸਂ

ਅਵਰੋਹ ਸਂ ਨਿ ਧੁ ਪ ਮ'ਗ ਰੇ ਸ।

ਪਕੜ ਗਮ'ਪ, ਨਿਧੁਪ, ਮ'ਗ, ਰੇ, ਸ।

**66. ਰਾਗ ਸ਼ਿਵ ਤੋੜੀ –** ਇਸ ਰਾਗ ਵਿੱਚ ਭੂਪਾਲ ਤੋੜੀ ਅਤੇ ਸ਼ਿਵਰੰਜਨੀ ਦਾ ਸੁੰਦਰ ਮਿਸ਼ਰਣ ਹੈ। ਸ਼ਿਵਰੰਜਨੀ ਦਾ ਸ਼ੁੱਧ ਰੇ ਕੋਮਲ ਕਰਕੇ ਅਤੇ ਭੂਪਾਲ ਤੋੜੀ ਦਾ ਕੋਮਲ ਧ ਸ਼ੁੱਧ ਕਰਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਪ੍ਰਯੁਕਤ ਸ੍ਵਰ ਰੇੁ ਗੁ ਕੋਮਲ, ਧ ਸ਼ੁੱਧ ਅਤੇ ਪੰਚਮ

ਵਰਜਿਤ ਸ੍ਵਰ ਮ ਨਿ

ਜਾਤੀ ਔੜਵ-ਔੜਵ

ਵਾਦੀ ਪ

ਸੰਵਾਦੀ ਸ

ਦੀਰਘ ਸ੍ਵਰ ਰੇ ਧ

ਸਮਾਂ ਸਵੇਰ

ਭਾਵ ਬੈਰਾਗੀ

ਆਰੋਹ ਸ ਰੇੁ ਗੁ ਪ ਧ ਸਂ

ਅਵਰੋਹ ਸਂ ਧ ਪ ਗੁ ਰੇੁ ਸ।

ਪਕੜ ਸਰੇੁਗੁ, ਪ, ਧਪਗ, ਰੇੁਗੁਰੇੁਸ

**67. ਰਾਗ ਸ਼ਿਵਭੈਰਵੀ –** ਦੱਖਣੀ ਰਾਗ ਧਵਨਿਕਾ ਦੇ ਉਤਰਾਂਗ ਵਿੱਚ ਭੈਰਵ ਰਾਗ ਦੇ ਸੂਰ ਹਨ, ਉਸੇ ਸਥਾਨ ‘ਤੇ ਅਵਰੋਹ ਵਿੱਚ ਸ਼ਿਵਮਤ ਭੈਰਵ ਦੇ ਅੰਗ ਤੋਂ ਕੋਮਲ ਨਿਸ਼ਾਦ ਦਾ ਪ੍ਰਯੋਗ ਕਰਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਪੂਰਵਾਂਗ ਵਿੱਚ ਭੈਰਵੀ ਅਤੇ ਉਤਰਾਂਗ ਵਿੱਚ ਸ਼ਿਵਮਤ ਭੈਰਵ ਹੈ।

ਥਾਟ ਭੈਰਵੀ

ਪ੍ਰਯੁਕਤ ਸੂਰ ਰੇ ਗੁ ਧੁ, ਮ ਸ਼ੁੱਧ, ਪੰਚਮ ਅਤੇ ਦੋਨੋਂ ਨਿਸ਼ਾਦ। ਸ਼ੁੱਧ ਨਿ ਦਾ ਪ੍ਰਯੋਗ-ਆਰੋਹ ਦੋਨਾਂ ਵਿੱਚ ਹੁੰਦਾ ਹੈ ਅਤੇ ਕੋਮਲ ਨਿ ਦਾ ਪ੍ਰਯੋਗ ਕੇਵਲ ਅਵਰੋਹ ਵਿੱਚ ਸਂ ਨਿਧੁਧੁਨ੍ਹਿਧੁਪ ਇਸ ਪ੍ਰਕਾਰ ਸ਼ਿਵਭੈਰਵ ਦੇ ਅੰਗ ਨਾਲ ਹੁੰਦਾ ਹੈ। ਸਂਨ੍ਹਿਧੁਪ ਇਸ ਪ੍ਰਕਾਰ ਕੋਮਲ ਨ੍ਹਿ ਦਾ ਸਰਲ ਪ੍ਰਯੋਗ ਨਹੀਂ ਹੁੰਦਾ।

ਜਾਤੀ ਸੰਪੂਰਨ-ਸੰਪੂਰਨ

ਵਾਦੀ ਧੁ

ਸੰਵਾਦੀ ਮੁ

ਨਿਆਸ ਦੇ ਸੂਰ ਗੁ ਮ ਪ ਧੁ।

ਰਸ ਕਰੁਣ ਰਸ ਪ੍ਰਧਾਨ

ਸਮਾਂ ਸਵੇਰ

ਆਰੋਹ ਸ ਰੇ ਗੁ ਮ ਪ ਧੁ ਨਿ ਸਂ

ਅਵਰੋਹ ਸਂ ਨਿ ਧੁ, ਧੁਨ੍ਹਿਧੁਪ, ਮ ਗੁ ਰੇ ਸ।

ਪਕੜ ਸਰੇਗੁ, ਧੁਧੁਪ, ਮਪਧੁਨਿਸਂ, ਨਿਧੁ, ਨ੍ਹਿਧੁਪ, ਰੇ, ਸ।

**68. ਰਾਗ ਸ਼ਿਵਵਾਣੀ –** ਕੀਰਵਾਣੀ ਦੇ ਸੂਰਾਂ ਵਿੱਚੋਂ ਮੱਧਿਅਮ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਇਸਦੇ ਪੂਰਵਾਂਗ ਵਿੱਚ ਸ਼ਿਵਰੰਜਨੀ ਅਤੇ ਉਤਰਾਂਗ ਵਿੱਚ ਕੀਰਵਾਣੀ ਹੈ।

| | |
|---|---|
| ਮੇਲ | ਦੱਖਣੀ ਕੀਰਵਾਣੀ |
| ਪ੍ਰਯੁਕਤ ਸ੍ਵਰ | ਗੁ ਧੁ ਕੋਮਲ, ਰੇ ਨਿ ਸ਼ੁੱਧ ਅਤੇ ਪੰਚਮ |
| ਵਰਜਿਤ ਸ੍ਵਰ | ਮ |
| ਜਾਤੀ | ਸ਼ਾੜਵ-ਸ਼ਾੜਵ |
| ਵਾਦੀ | ਪ |
| ਸੰਵਾਦੀ | ਰੇ |
| ਰਸ | ਕਰੁਣ |
| ਭਾਵ | ਬੈਰਾਗ |
| ਸਮਾਂ | ਮੱਧ ਰਾਤ |
| ਆਰੋਹ | ਸਰੇਗੁਪ, ਧੁਨਿਸਂ |
| ਅਵਰੋਹ | ਸਂਨਿਧੁਪ, ਗੁਰੇ, ਸ। |
| ਪਕੜ | ਸਰੇਗੁਪ, ਧੁਨਿਧੁ-ਪ, ਗੁਰੇ, ਨ਼ਿਸਧੁਨ਼ਿਸ। |

**69. ਰਾਗ ਸ਼ਿਵਸ਼ੰਕਰਾ –** ਸ਼ੰਕਰਾ ਰਾਗ ਦੇ ਸ਼ੁੱਧ ਗੰਧਾਰ ਦੇ ਸਥਾਨ 'ਤੇ ਕੋਮਲ ਗੰਧਾਰ ਰੱਖ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਪੂਰਵਾਂਗ ਵਿੱਚ ਸ਼ਿਵਰੰਜਨੀ ਅਤੇ ਉਤਰਾਂਗ ਵਿੱਚ ਸ਼ੰਕਰਾ। ਪਨਿਧਸਂਨਿ-ਪ ਇਹ ਸ੍ਵਰ ਵਿਨਿਆਸ ਦਾ ਵਿਸ਼ਿਸ਼ਟ ਪ੍ਰਯੋਗ ਸ਼ੰਕਰਾ ਦੀ ਮਾਰਮਿਕ ਵਿਸ਼ੇਸ਼ਤਾ ਹੈ। ਇਸ ਰਾਗ ਵਿੱਚ ਧੈਵਤ ਦਾ ਪ੍ਰਯੋਗ ਕੇਵਲ ਇਸੇ ਢੰਗ ਨਾਲ ਹੁੰਦਾ ਹੈ।

| | |
|---|---|
| ਪ੍ਰਯੁਕਤ ਸ੍ਵਰ | ਗੁ ਕੋਮਲ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਮ |
| ਜਾਤੀ | ਸ਼ਾੜਵ-ਸ਼ਾੜਵ |
| ਵਾਦੀ | ਪ |

ਸੰਵਾਦੀ ਸ

ਨਿਆਸ ਦੇ ਸੁਰ ਪ

ਦੀਰਘ ਸੁਰ ਰੇ ਨਿ

ਸਮਾਂ ਰਾਤ ਦਾ ਦੂਜਾ ਪਹਿਰ

ਆਰੋਹ ਸ, ਰੇਗੁਪ, ਨਿਧਸਂ/ਨਿਸਂ

ਅਵਰੋਹ ਸਂਨਿ, ਪ, ਗੁਪ, ਗੁਰੇਸ।

ਪਕੜ ਪ, ਨਿਧਸਂਨਿ-ਪ, ਗੁਰੇਗੁਪ, ਗੁਰੇਸ।

**70. ਰਾਗ ਸਹਿਚਰੀ ਤੋੜੀ –** ਤੋੜੀ ਦੇ ਸੁਰਾਂ ਵਿੱਚੋਂ ਨਿਸ਼ਾਦ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

ਥਾਟ ਤੋੜੀ

ਪ੍ਰਯੁਕਤ ਸੁਰ ਰੇ ਗੁ ਧੁ ਕੋਮਲ, ਮ' ਤੀਵਰ ਅਤੇ ਪੰਚਮ

ਵਰਜਿਤ ਸੁਰ ਨਿ

ਜਾਤੀ ਸ਼ਾੜਵ-ਸ਼ਾੜਵ

ਵਾਦੀ ਧੁ

ਸੰਵਾਦੀ ਗੁ

ਦੁਰਬਲ ਆਰੋਹ ਵਿੱਚ ਪ

ਰਸ ਕਰੁਣ ਅਤੇ ਸ਼ਾਤ

ਸਮਾਂ ਸਵੇਰ

ਆਰੋਹ ਸ ਰੇ ਗੁ, ਮ'ਧੁ, ਸਂ

ਅਵਰੋਹ ਸਂਧੁ, ਪ, ਮ'ਗੁ, ਰੇਗੁਰੇਸ।

**71. ਰਾਗ ਸੂਰਯਭੈਰਵ –** ਆਰੋਹ ਦੇ ਸੂਰ ਸ਼ੂਰਯਕੌਂਸ ਦੇ ਅਤੇ ਅਵਰੋਹ ਦੇ ਸੂਰ ਭੈਰਵ ਦੇ ਰੱਖ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਥਾਟ | ਭੈਰਵ |
| ਪ੍ਰਯੁਕਤ ਸੂਰ | ਰੇ ਧੁ ਕੋਮਲ ਅਤੇ ਬਾਕੀ ਸੂਰ ਸ਼ੁੱਧ |
| ਵਰਜਿਤ ਸੂਰ | ਆਰੋਹ ਵਿੱਚ ਰੇ ਪ |
| ਜਾਤੀ | ਔੜਵ – ਸੰਪੂਰਣ |
| ਵਾਦੀ | ਮ |
| ਸੰਵਾਦੀ | ਸ |
| ਨਿਆਸ ਦੇ ਸੂਰ | ਮ, ਸ |
| ਸਮਾਂ | ਸਵੇਰ |
| ਆਰੋਹ | ਸ ਗ ਮ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਮ ਗ ਰੇ ਸ। |
| ਪਕੜ | ਨ਼ਿਸ, ਗਰੇ-ਸ, ਗਮਧੁ-ਮਪਮ, ਧੁਨਿਧੁਪ-ਮ, ਗਮਰੇ-ਰੇਸ। |

**72. ਰਾਗ ਹਰਪ੍ਰਿਯ ਭੈਰਵੀ –** ਭੈਰਵੀ ਦੇ ਸੂਰਾਂ ਵਿੱਚੋਂ ਗੰਧਾਰ ਨੂੰ ਹਟਾ ਕੇ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ। ਅਤੇ ਭੈਰਵੀ ਅੰਗ ਤੋਂ ਹੀ ਗਾਇਆ ਵਜਾਇਆ ਜਾਂਦਾ ਹੈ।

| | |
|---|---|
| ਥਾਟ | ਭੈਰਵੀ |
| ਪ੍ਰਯੁਕਤ ਸੂਰ | ਰੇ ਧੁ ਨਿ ਕੋਮਲ, ਮ ਸ਼ੁੱਧ ਅਤੇ ਪੰਚਮ |
| ਵਰਜਿਤ ਸੂਰ | ਗ |
| ਜਾਤੀ | ਸ਼ਾੜਵ-ਸ਼ਾੜਵ |

| | |
|---|---|
| ਵਾਦੀ | ਧੁ |
| ਸੰਵਾਦੀ | ਰੇ |
| ਨਿਆਸ ਦੇ ਸ੍ਵਰ | ਰੇ ਮ ਧੁ |
| ਰਸ | ਸ਼ਾਂਤ ਅਤੇ ਕਰੁਣ |
| ਸਮਾਂ | ਸਵੇਰ |
| ਆਰੋਹ | ਸ ਰੇ ਮ ਪ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਮ ਰੇ ਸ। |
| ਪਕੜ | ਸਰੇਮ, ਪਧੁ, ਧੁਨਿਧੁ, ਪ, ਮਰੇ, ਸ। |

**73. ਰਾਗ ਹੇਮਕੌਂਸ –** ਇਸ ਵਿੱਚ ਪੰਚਮ ਇੱਕ ਮਹੱਤਵਪੂਰਨ ਰਾਗ ਦਾ ਆਧਾਰ ਸ੍ਵਰ ਹੈ। ਇਸਦੇ ਆਰੋਹ ਵਿੱਚ ਮਧੂਕੌਂਸ ਅਤੇ ਅਵਰੋਹ ਵਿੱਚ ਹੇਮਵਤੀ ਦੇ ਸ੍ਵਰ ਹਨ। ਇਸਲਈ ਇਸ ਰਾਗ ਦਾ ਨਾਮ ਹੇਮਕੌਂਸ ਰੱਖਿਆ ਗਿਆ ਹੈ ਪਰ ਇਸ ਰਾਗ ਵਿੱਚ 'ਕੌਂਸ' ਦਾ ਕੋਈ ਵੀ ਲੱਛਣ ਨਹੀਂ ਹੈ। ਇਸ ਵਿੱਚ ਮਧੂਵੰਤੀ ਅੰਗ ਅਧਿਕ ਹੈ। ਹੇਮਵਤੀ ਰਾਗ ਦੇ ਆਰੋਹ ਦੇ ਸ੍ਵਰਾਂ ਵਿੱਚੋਂ ਰੇ ਧ ਵਰਜਿਤ ਕਰ ਦੇਣ ਨਾਲ ਇਸ ਰਾਗ ਦਾ ਨਿਰਮਾਣ ਕੀਤਾ ਗਿਆ ਹੈ।

| | |
|---|---|
| ਪ੍ਰਯੁਕਤ ਸ੍ਵਰ | ਗੁ ਨਿ ਕੋਮਲ, ਮ'ਤੀਵਰ ਅਤੇ ਬਾਕੀ ਸ੍ਵਰ ਸ਼ੁੱਧ |
| ਵਰਜਿਤ ਸ੍ਵਰ | ਆਰੋਹ ਵਿੱਚ ਰੇ ਧੁ |
| ਜਾਤੀ | ਔੜਵ-ਸੰਪੂਰਣ |
| ਵਾਦੀ | ਪ |
| ਸੰਵਾਦੀ | ਸ |

ਸਮਾਂ ਮੱਧਰਾਤ

ਆਰੋਹ ਸ ਗੁ ਮ' ਪ ਨ੍ਹਿ ਸਂ

ਅਵਰੋਹ ਸਂ ਨ੍ਹਿ ਧ ਪ ਮ' ਗ ਰੇ ਮ।

ਪਕੜ ਨ੍ਹਿਸ, ਗੁਰੇਸ, ਗੁਮ'ਪ, ਨ੍ਹਿਧਪ, ਮ'ਗੁਰੇ, ਸ।

**74. ਰਾਗ ਖੇਮਧਵਨੀ –** ਇਸ ਦੀ ਰਾਗ ਦੀ ਰਚਨਾ ਖੇਮ ਅਤੇ ਕਰਨਾਟਕੀ ਸੰਗੀਤ ਦਾ ਰਾਗ ਹੰਸਧਵਨੀ ਦੇ ਮਿਸ਼ਰਣ ਨਾਲ ਹੋਇਆ ਹੈ। ਇਸ ਰਾਗ ਦੀ ਰਚਨਾ ਪੰ.ਦਿਨਕਰ ਕਾਯਕਿਣੀ 'ਦਿਨਰੰਗ' ਨੇ ਕੀਤੀ ਹੈ। ਇਸ ਰਾਗ ਵਿੱਚ ਕਲਿਆਣ ਅੰਗ ਦਾ ਵੀ ਪ੍ਰਯੋਗ ਹੁੰਦਾ ਹੈ। ਇਸ ਵਿੱਚ ਰਿਸ਼ਭ ਸੁਰ ਪ੍ਰਬਲ ਹੈ। ਇਸ ਰਾਗ ਵਿੱਚ .ਧਿ.ਨਸਗਰੇ, ਸ.ਧਰੇਸ.ਪ, ਸਗਰੇ, .ਪ .ਧ .ਪ ਸ, .ਧ .ਨਿ ਗ ਰੇ, ਸ ਰੇ ਸ ਸਵਰ ਰਾਗ ਖੇਮ ਦੇ ਝਲਕਦੇ ਹਨ। ਇਸ ਦੇ ਨਾਲ ਰਾਗ ਹੰਸਧਵਨੀ ਦੀ ਮੁੱਖ ਰਾਗਵਾਚਕ ਸਵਰ-ਸੰਗਤੀਆਂ ਦੇ ਮਿਸ਼ਰਣ ਨਾਲ ਰਾਗ ਖੇਮਧਵਨੀ ਦਾ ਆਪਣਾ ਸੁਤੰਤਰ ਸਰੂਪ ਬਣਿਆ ਹੈ। ਕਲਿਆਣ ਅੰਗ ਮੁੱਖ ਰੂਪ ਵਿੱਚ ਲੱਗਣ ਨਾਲ ਇਸਨੂੰ ਕਲਿਆਣ ਥਾਟ ਦੇ ਅੰਤਰਗਤ ਮੰਨਿਆ ਗਿਆ ਹੈ।

ਥਾਟ ਕਲਿਆਣ

ਆਰੋਹ ਸ .ਨਿ, .ਧ .ਨਿ ਸ ਗ ਰੇ, ਗ ਪ, ਨਿ ਧ ਸਂ

ਅਵਰੋਹ ਸਂ ਨਿ ਧ ਪ, ਗ ਰੇ, ਗ ਨਿ ਧ ਪ ਗ ਰੇ ਸ

ਵਾਦੀ ਸ

ਸੰਵਾਦੀ ਪ

ਜਾਤੀ ਸ਼ਾੜਵ- ਸ਼ਾੜਵ

ਵਰਜਿਤ ਮ

ਨਿਆਸ ਸ ਰੇ ਪ

ਸਮਾਂ ਰਾਤ ਦਾ ਪਹਿਲਾ ਪਹਿਰ

**75. ਰਾਗ ਗਗਨ ਵਿਹੰਗ –** ਇਸ ਰਾਗ ਦੀ ਰਚਨਾ ਪੰ. ਦਿਨਕਰ ਕਾਯਕਿਣੀ ਦੁਆਰਾ ਕੀਤੀ ਗਈ ਹੈ। ਇਸ ਰਾਗ ਦੀ ਸਿਰਜਨਾ ਬਿਹਾਗ ਅੰਗ ਦੇ ਵਿਭਿੰਨ ਪ੍ਰਕਾਰ ਦੇ ਰਾਗਾਂ ਦੇ ਸੰਯੋਗ ਨਾਲ ਕੀਤੀ ਗਈ ਹੈ। ਇਸ ਰਾਗ ਬਿਹਾਗ, ਸਾਵਨੀ, ਨੰਦ, ਮਾਂਡ ਅਤੇ ਝਿੰਝੋਟੀ ਇਨ੍ਹਾਂ ਸਭ ਰਾਗਾਂ ਦੇ ਮਿਸ਼ਰਣ ਨਾਲ ਹੋਈ ਹੈ। ਇਸਦੇ ਆਰੋਹ ਵਿੱਚ ਰਿਸ਼ਭ ਦੁਰਬਲ ਹੈ। ਇਸ ਦੇ ਅਵਰੋਹ ਵਿੱਚ ਸਵਰਾਂ ਦਾ ਚਲਨ ਵਕਰ ਹੈ।

ਥਾਟ ਬਿਲਾਵਲ

ਰਾਗ ਦਾ ਚਲਨ ਸ, ਗਮਰੇਸ, .ਨਿਸਗ, ਰੇਸ, ਸ, ਰੇਪਗਮ, ਨਿਧ, ਮਪ, ਗਮਰੇਸ, ਗਮਪਨਿ, $^{ਪ}$ਧ, $^{ਮ}$ਪ, $^{ਗ}$ਮ, ਗਮਪਧਪਸਂ, ਰੇਂਨਿਪ, ਨਿਧਮ, ਪਗ, ਸਰੇਪਮ, ਪਗ, $^{ਸ}$ਰੇਸ

ਵਾਦੀ ਮ

ਸੰਵਾਦੀ ਸ

ਜਾਤੀ ਸ਼ਾੜਵ-ਸੰਪੂਰਨ

ਨਿਆਸ ਸ, ਗ, ਮ

ਸਮਾਂ ਰਾਤ ਦਾ ਪਹਿਲਾ ਪਹਿਰ

**76. ਭੂਪਵਲੀ –** ਇਸ ਰਾਗ ਦੀ ਸਿਰਜਨਾ ਪੰ. ਦਿਨਕਰ ਕਾਯਕਿਣੀ ਨੇ ਕੀਤੀ ਹੈ। ਇਸਦੇ ਪੂਰਵਾਂਗ ਵਿੱਚ ਭੁਪਾਲੀ ਅਤੇ ਉਤਰਾਂਗ ਵਿੱਚ ਅਲੈਹਿਆ ਬਿਲਾਵਲ ਦੇ ਮੇਲ ਨਾਲ ਹੋਈ ਹੈ। ਇਸ ਰਾਗ ਦੇ ਅਵਰੋਹ ਵਿੱਚ ਕੋਮਲ ਨਿਸ਼ਾਦ 'ਧਨ੍ਹਿਧਪ' ਇਸ ਸਵਰ ਸੰਗਤੀ ਦੁਆਰਾ ਅਤੇ ਸ਼ੁੱਧ ਮਧਿਅਮ 'ਗਮ ਰੇਗਪ' ਜਾਂ 'ਧਗਮਰੇ' ਇਸ ਸਵਰ ਸੰਗਤੀਆਂ ਦੁਆਰਾ ਅਲਪ ਪ੍ਰਮਾਣ ਵਿੱਚ ਪ੍ਰਯੁਕਤ ਹੁੰਦੇ ਹਨ।

ਥਾਟ ਬਿਲਾਵਲ

ਰਾਗ ਦਾ ਚਲਨ ਸ, ਰੇ .ਧ, ਸਗਰੇਗ, ਰੇਗ ਗਧ, ਪ ਰੇ, ਸ .ਪ, ਸ.ਧ ਸ, ਗਮ ਰੇਗ ਪ, ਗਪਧਨ੍ਹਿਧਪ, ਰੇਗ, ਗਨ੍ਹਿਧ ਪ, ਧ ਗ, ਪਰੇਗ, ਪਗਪ ਧਨਿਸਂ – ਧਪ–ਰੇਗ, ਗਧਪ ਰੇ, ਸ.ਧ ਸ.ਧ ਸ

ਵਾਦੀ ਗ

ਸੰਵਾਦੀ ਧ

ਸਮਾਂ ਰਾਤ ਦਾ ਪਹਿਲਾ ਪਹਿਰ

**77. ਰਾਗ ਸਾਲਗਭੈਰਵੀ –** ਇਸ ਰਾਗ ਦੀ ਰਚਨਾ ਪੰ. ਦਿਨਕਰ ਕਾਯਕਿਣੀ ਨੇ ਕੀਤੀ ਹੈ। ਇਸ ਰਾਗ ਦੀ ਸਿਰਜਨਾ ਰਾਗ ਭੁਪਾਲ ਤੋੜੀ ਵਿੱਚ ਭੈਰਵੀ ਦੇ ਮੇਲ ਨਾਲ ਹੋਈ ਹੈ। ਇਸ ਵਿੱਚ 'ਧੁ ਨਿ੍ ਧੁ ਸਂ' ਸਵਰ ਸੰਗਤੀ ਦਾ ਵਕਰ ਗਤੀ ਵਿੱਚ ਪ੍ਰਯੋਗ ਹੁੰਦਾ ਹੈ। ਇਸਦੇ ਅਵਰੋਹ ਵਿੱਚ ਸ਼ੁੱਧ ਮਧਿਅਮ ਦਾ ਅਲਪ ਪ੍ਰਯੋਗ ਕੀਤਾ ਜਾਂਦਾ ਹੈ।

ਥਾਟ ਭੈਰਵੀ

ਆਰੋਹ ਸ ਰੇ੍ ਗੁ ਪ, ਧੁ ਨਿ੍ ਧੁ ਸਂ

ਅਵਰੋਹ ਸਂ, ਰੇਂ੍ ਸਂ, ਧੁ ਨਿ੍ ਧੁ, ਪ, ਰੇ੍ ਗੁ ਰੇ੍, ਸ

ਵਾਦੀ ਸ

ਸੰਵਾਦੀ ਪ

ਜਾਤੀ ਸ਼ਾੜਵ–ਸ਼ਾੜਵ

ਸਮਾਂ ਸਵੇਰ ਦਾ ਦੂਜਾ ਪਹਿਰ

**78. ਰਾਗ ਬਿਯਾਤੀ –** ਇਸ ਰਾਗ ਦਾ ਸਵਰੂਪ ਭੈਰਵੀ ਰਾਗ ਨਾਲ ਮਿਲਦਾ ਜੁਲਦਾ ਹੈ। ਇਸ ਰਾਗ ਨੂੰ ਪੰ. ਦਿਨਕਰ ਕਾਯਕਿਣੀ ਨੇ ਨਿਰਮਿਤ ਕੀਤਾ ਹੈ। ਇਸ ਰਾਗ ਦੇ ਸਵਰਾਂ ਦਾ ਉਚਾਰਣ ਇੱਕ ਵਿਸ਼ੇਸ਼ ਪ੍ਰਕਾਰ ਨਾਲ ਕੀਤਾ ਜਾਂਦਾ ਹੈ, ਜਿਸਦੇ ਕਾਰਣ 'ਰੇ੍, ਗੁ,

ਮ, ਧੁ, ਨਿ' ਸਵਰ ਰਾਗ ਭੈਰਵੀ ਨਾਲੋਂ ਭਿੰਨ ਜਾਪਦਾ ਹੈ ਤੇ ਆਪਣੀ ਇੱਕ ਸੁਤੰਤਰ ਪਹਿਚਾਣ ਦਰਸਾਉਂਦਾ ਹੈ। ਇਹ ਰਾਗ ਵੀ ਭੈਰਵੀ ਦੇ ਵਾਂਗ ਸਦਾ ਸੁਹਾਗਣ ਹੈ ਤੇ ਪ੍ਰੋਗਰਾਮ ਦੇ ਅੰਤ 'ਤੇ ਕਿਸੇ ਵੀ ਸਮਾਂ ਉੱਤੇ ਗਾ ਕੇ ਕੀਤਾ ਜਾ ਸਕਦਾ ਹੈ। [60]

**79. ਨੂਪੁਰਧਵਨੀ –** ਇਸ ਰਾਗ ਦੀ ਸਿਰਜਨਾ ਪੰਨਾ ਲਾਲ ਘੋਸ਼ ਨੇ 1976 ਵਿੱਚ ਕੀਤੀ। ਇਸ ਰਾਗ ਨੂੰ ਕੋਮਲ ਗੰਧਾਰ ਨਾਲ ਹੰਸਧਵਨੀ ਆਖਿਆ ਜਾਂਦਾ ਹੈ। ਇਸ ਰਾਗ ਵਿੱਚ ਪ ਰੇ ਦੀ ਸਵਰ ਸੰਗਤੀ ਬਹੁਤ ਮਹੱਤਵਪੂਰਨ ਹੈ। ਇਸ ਰਾਗ ਦਾ ਵਾਦੀ ਸਵਰ ਪੰਚਮ ਹੈ ਤੇ ਸੰਵਾਦੀ ਸਵਰ ਰੇ ਹੈ।

ਆਰੋਹ ਸ ਰੇ ਗੁ ਪ ਨਿ ਸਂ

ਅਵਰੋਹ ਸਂ ਨਿ ਪ ਗੁ ਰੇ ਸ

ਪਕੜ ਪ ਨਿ ਪ ਗੁ ਰੇ, ਗੁ ਪ ਗੁ ਰੇ ਸ

ਸਵਰ ਵਿਸਥਾਰ ਸ ਰੇ ਸ, ਗੁ ਪ ਰੇ ਸ, ਗੁ ਰੇ .ਨਿ .ਪ ਸ, ਗੁ ਪ ਨਿ ਸਂ, ਨਿ ਸਂ ਰੇਂ ਗੁਂ ਰੇਂ, ਗੁਂ ਰੇਂ ਸਂ ਨਿ ਪ ਗੁ ਸ, ਗੁ ਪ ਗੁ ਰੇ ਸ

**80. ਚੰਦਰਮੌਲੀ –** ਇਸ ਰਾਗ ਦੀ ਰਚਨਾ ਪੰਨਾ ਲਾਲ ਘੋਸ਼ ਨੇ ਰਾਗ ਭੈਰਵ ਵਿੱਚ ਪੰਚਮ ਸਵਰ ਨੂੰ ਵਰਜਿਤ ਕਰਨ ਨਾਲ ਕੀਤੀ ਹੈ। ਇਸ ਰਾਗ ਵਿੱਚ ਮਧਿਅਮ ਸਵਰ ਦੀ ਪ੍ਰਧਾਨਤਾ ਹੈ। ਇਸ ਦਾ ਵਾਦੀ ਸਵਰ ਮ ਹੈ ਤੇ ਸੰਵਾਦੀ ਸ ਹੈ।

ਆਰੋਹ ਸ ਰੇੁ ਗ ਮ ਧੁ ਨਿ ਸਂ

ਅਵਰੋਹ ਸਂ ਨਿ ਧੁ ਮ ਗ ਰੇੁ ਸ

ਪਕੜ ਮ ਧੁ ਮ ਗ, ਮ ਗ ਰੇੁ ਸ

ਸਵਰ ਵਿਸਥਾਰ ਸ ਰੇੁ ਗ ਮ, ਮ ਧੁ ਮ ਗ, ਮ ਧੁ ਨਿ ਸਂ, ਸਂ ਨਿ ਧੁ ਮ ਗ ਰੇੁ ਸ, .ਧੁ .ਨਿ ਸ ਰੇੁ ਸ

---

[60] ਰਾਗ ਰੰਗ, ਪੰ. ਦਿਨਕਰ ਕਾਯਕਿਣੀ, ਪੰ.235

**81. ਸ਼ੁਕਲਾਪਲਾਸੀ –** ਇਸ ਰਾਗ ਨੂੰ ਪੰਨਾ ਲਾਲ ਘੋਸ਼ ਨੇ 1976 ਵਿੱਚ ਨਿਰਮਿਤ ਕੀਤਾ। ਭੀਮਪਲਾਸੀ ਰਾਗ ਵਿੱਚ ਕੋਮਲ ਗੰਧਾਰ ਨੂੰ ਹਟਾ ਕੇ ਸ਼ੁੱਧ ਗੰਧਾਰ ਦਾ ਪ੍ਰਯੋਗ ਕਰਕੇ ਇਸ ਰਾਗ ਦੀ ਸਿਰਜਨਾ ਕੀਤੀ ਗਈ ਹੈ। ਇਹ ਰਾਗ ਗਾਵਾਤੀ ਨਾਲ ਮਿਲਦਾ ਜੁਲਦਾ ਰਾਗ ਹੈ। ਇਸਦਾ ਵਾਦੀ ਮਧਿਅਮ ਹੈ ਤੇ ਸੰਵਾਦੀ ਸ਼ੜਜ ਹੈ।

ਆਰੋਹ ਸ ਗ ਮ ਪ ਨ਼ਿ ਸਂ

ਅਵਰੋਹ ਸਂ ਨ਼ਿ ਧ ਪ ਮ ਗ ਰੇ ਸ

ਪਕੜ ਸ ਗ ਮ ਪ ਮ ਗ ਸ ਰੇ ਸ

ਸਵਰ ਵਿਸਥਾਰ ਸ ਗ ਮ ਗ ਮ ਪ, ਮ ਪ ਨ਼ਿ ਧ ਪ, ਮ ਪ ਨ਼ਿ ਸਂ, ਸਂ ਰੇਂ ਸਂ, ਸਂ ਰੇਂ ਸ ਂਨ਼ਿ ਧ ਪ, ਮ ਗ ਰੇ ਸ

**82. ਜਿਯੰਤ –** ਇਸ ਰਾਗ ਦੀ ਰਚਨਾ 1995 ਵਿੱਚ ਪੰਨਾ ਲਾਲ ਘੋਸ਼ ਵਲੋਂ ਕੀਤੀ ਗਈ। ਇਹ ਰਾਗ ਜੈਜੈਵੰਤੀ (ਦੇਸ ਅੰਗ) ਵਿੱਚ ਸਿਰਫ ਸ਼ੁੱਧ ਗੰਧਾਰ ਦੇ ਪ੍ਰਯੋਗ ਨਾਲ ਉਪਜਿਆ ਹੈ। ਇਸ ਦਾ ਵਾਦੀ ਪੰਚਮ ਹੈ ਤੇ ਸੰਵਾਦੀ ਰਿਸ਼ਭ ਸਵਰ ਹੈ।

ਆਰੋਹ .ਨਿ ਸ ਰੇ ਗ ਮ ਪ ਨਿ ਸਂ

ਅਵਰੋਹ ਸਂ ਨ਼ਿ ਧ ਪ ਮ ਗ ਰੇ ਸ

ਪਕੜ .ਨਿ ਸ ਰੇ, ਸ ਰੇ ਗ ਮ ਪ

ਸਵਰ ਵਿਸਥਾਰ ਸ ਰੇ ਸ, ਸ ਰੇ ਗ ਰੇ, ਗ ਮ ਪ, ਪ ਨਿ ਨਿ ਸਂ, ਸਂ

ਰੇਂ ਸਂ, ਸਂ ਨਿ ਧ ਪ, ਪ ਮ ਗ, ਮ ਗ ਰੇ ਸ

**83.** ਕੁਮਾਰੀ – ਇਸ ਰਾਗ ਨੂੰ ਪੰਨਾ ਲਾਲ ਘੋਸ਼ ਨੇ ਰਚਿਆ। ਇਸ ਨੂੰ ਬਿਨਾਂ ਕੋਮਲ ਧੈਵਤ ਦੇ ਰਾਗ ਸ਼੍ਰੀ ਕਹਿੰਦੇ ਜਨ। ਇਸ ਦਾ ਵਾਦੀ ਸਵਰ ਪੰਚਮ ਹੈ। ਇਸ ਦਾ ਸੰਵਾਦੀ ਸਵਰ ਰਿਸ਼ਭ ਹੈ।

ਆਰੋਹ ਸ ਰੇ ਮ' ਪ ਨਿ ਸਂ

ਅਵਰੋਹ ਸਂ ਨਿ ਪ ਮ' ਗ ਰੇ ਸ

ਪਕੜ ਰੇ ਰੇ ਪ, ਪ ਨਿ ਪ, ਮ' ਗ ਰੇ ਸ

ਸਵਰ ਵਿਸਥਾਰ ਰੇ ਸ ਰੇ ਰੇ ਮ' ਰੇ ਰੇ ਪ ਮ' ਪ ਰੇ ਪ ਨਿ ਪ, ਪ ਨਿ ਪ ਨਿ ਪ, ਮ' ਪ ਰੇ ਗ ਰੇ ਸ

**84. ਲਾਜਵੰਤੀ –** ਇਸ ਰਾਗ ਦੀ ਰਚਨਾ ਉਸਤਾਦ ਅਲੀ ਅਕਬਰ ਖਾਂ ਨੇ ਕੀਤੀ ਹੈ। ਇਸ ਰਾਗ ਬਾਰੇ ਪੰ. ਅਨਿੰਦਿਆ ਬੈਨਰਜੀ ਨੇ ਦੱਸਿਆ ਹੈ ਜੋ ਇਸ ਪ੍ਰਕਾਰ ਹੈ। [61]

ਆਰੋਹ ਨਿ ਸ ਰੇ ਗ ਮ ਗ ਪ ਧ ਮ ਪ ਸਂ

ਅਵਰੋਹ ਸਂ ਪ ਧ ਮ ਪ ਗ ਮ ਪ ਰੇ ਸ

ਵਾਦੀ ਪ

ਸੰਵਾਦੀ ਸ

ਸਮਾਂ ਸ਼ਾਮ ਦਾ

**85. ਮਿਸ਼ਰ ਸ਼ਿਵਰੰਜਨੀ –** ਇਸ ਰਾਗ ਦੀ ਰਚਨਾ ਉ. ਅਲੀ ਅਕਬਰ ਖਾਂ ਨੇ ਕੀਤੀ ਤੇ ਪੰ. ਅਨਿੰਦਿਆ ਬੈਨਰਜੀ ਅਨੁਸਾਰ ਇਸ ਰਾਗ ਦੀ ਵਿਆਖਿਆ ਇਸ ਪ੍ਰਕਾਰ ਹੈ[62] –

ਚਲਨ – ਸਰੇਗ, ਰੇਸਸ, .ਪਗੁ .ਪ.ਧਸ, ਸ .ਧ .ਪ .ਪ .ਨਿ .ਧ ਗੁ, ਪ ਮ ਪ ਮ ਗੁ, ਰੇ ਗੁ ਸ ਰੇ, ਸ .ਧ ਸ ਰੇ ਗੁ ਰੇ ਸ ਰੇ ਗ, ਪ, ਮ ਪ ਮ ਗੁ, ਪ ਧ ਸਂ, ਧ–ਸਂ ਰੇਂ ਗਂ ਰੇਂ ਸਂ, ਸਂ ਰੇਂ ਸਂ ਧ ਸਂ ਧ ਪ, ਨਿ ਧੁ ਪ ਗ, ਪ ਨਿ ਧੁ ਪ, ਮ ਪ ਮ ਗੁ ਰੇ ਸ ਰੇ–ਸ –ਰੇ ਗ, ਸ ਰੇ ਗੁ ਰੇ ਸ

ਵਾਦੀ ਗ

[61] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ
[62] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ

ਸੰਵਾਦੀ ਸ

ਸਮਾਂ ਸ਼ਾਮ

**86. ਮਧੂਮਾਲਤੀ –** ਇਸ ਰਾਗ ਦੀ ਉ. ਅਲੀ ਅਕਬਰ ਖਾਂ ਨੇ ਰਾਗ ਮਧੂਵੰਤੀ ਤੇ ਭੀਮਪਲਾਸੀ ਦੇ ਮਿਸ਼ਰਣ ਨਾਲ ਉਪਜਿਆ ਹੈ। [63]

ਚਲਨ – ਸ ਰੇ ਗੁ ਮ' ਪ ਧ ਧ ਪ ਮ', ਪ ਧ ਪ ਮ, ਮ ਪ, ਗੁ ਮ ਗੁ, ਮ' ਪ, ਧ ਨ੍ਹਿ ਧ ਪ, ਮ' ਪ ਨਿ ਸਂ, ਸਂ ਗੁਂ ਰੇਂ ਸਂ, ਰੇਂ ਨਿ ਧ ਪ, ਪ ਧ ਧ ਪ ਮ', ਪ ਧ ਪ ਮ, ਮ ਧ ਪ, ਗੁ ਮ ਗੁ ਮ' ਪ, ਸ ਗੁ ਰੇ ਸ, .ਨਿ ਰੇ ਸ .ਨਿ .ਧ .ਪ, .ਨਿ–ਸ–ਸ–ਸ .ਨਿ .ਧ .ਪ, .ਪ .ਧ, .ਧ .ਪ .ਮ', .ਧ .ਪ .ਮ .ਮ .ਪ, ਗੁ .ਮ' ਗੁ, ਮ ਪ ਗ ਰੇ ਸ

ਵਾਦੀ ਮ

ਸੰਵਾਦੀ ਸ

ਸਮਾਂ ਸ਼ਾਮ

**87. ਮੇਧਾਬੀ –** ਇਸ ਰਾਗ ਦੀ ਰਚਨਾ ਉ. ਅਲੀ ਅਕਬਰ ਖਾਂ ਨੇ ਕੀਤੀ। ਜਿਸ ਦਾ ਵਿਵਰਣ ਇਸ ਪ੍ਰਕਾਰ ਹੈ–[64]

ਆਰੋਹ ਸ ਰੇ ਗ ਮ ਗ ਮ' ਪ ਗ ਮ ਧ ਮ' ਪ ਧ ਨਿ ਸਂ

ਅਵਰੋਹ ਸਂ ਨਿ ਧ ਨ੍ਹਿ ਧ ਪ ਮ' ਪ ਮ ਗ ਮ ਪ ਮ ਰੇ ਸ

ਵਾਦੀ ਸ

ਸੰਵਾਦੀ ਧ

ਸਮਾਂ ਸ਼ਾਮ ਦਾ

---

[63] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ
[64] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ

**88. ਆਲਮ ਭੈਰਵ ਜਾਂ ਆਲਮ ਮਾਲਯਾ ਜਾਂ ਮਾਲਿਯਾਲਮ –** ਇਸ ਰਾਗ ਦੀ ਰਚਨਾ ਉ. ਅਲੀ ਅਕਬਰ ਖਾਂ ਦੁਆਰਾ ਹੋਈ ਹੈ। [65]

| | |
|---|---|
| ਆਰੋਹ | ਸ ਗ ਮ' ਪ ਨਿ ਸਂ |
| ਅਵਰੋਹ | ਸਂ ਨਿ ਧੁ ਪ ਗ ਮ ਗ ਸ ਰੇ ਸ |
| ਵਾਦੀ | ਮ |
| ਸੰਵਾਦੀ | ਸ |
| ਸਮਾਂ | ਸਵੇਰ |

**89. ਨਾਰਾਯਣੀ ਗੌਰੀ –** ਇਸ ਰਾਗ ਨੂੰ ਵੀ ਉ. ਅਲੀ ਅਕਬਰ ਖਾਂ ਨੇ ਨਿਰਮਿਤ ਕੀਤਾ।[66]

| | |
|---|---|
| ਆਰੋਹ | .ਨਿ ਸ ਗ ਮ ਪ ਨਿ ਸਂ |
| ਅਵਰੋਹ | ਸਂ ਨਿ ਧ ਪ ਧ ਨਿ ਪ ਧ ਮ' ਗ ਮ ਰੇੁ ਗ ਰੇੁ ਸ |
| ਵਾਦੀ | ਗ |
| ਸੰਵਾਦੀ | ਧ |
| ਸਮਾਂ | ਸ਼ਾਮ |

**90. ਨਾਰਾਯਣੀ ਕਲਿਆਣ –** ਇਸ ਰਾਗ ਨੂੰ ਵੀ ਉ. ਅਲੀ ਅਕਬਰ ਖਾਂ ਨੇ ਹੋਂਦ ਵਿੱਚ ਲਿਆਂਦਾ। [67]

| | |
|---|---|
| ਆਰੋਹ | .ਨਿ ਸ ਗ ਮ' ਪ ਨਿ ਸਂ |
| ਅਵਰੋਹ | ਸਂ ਨਿ ਪ ਮ' ਗ ਸ ਰੇ ਸ |
| ਵਾਦੀ | ਗ |

---

[65] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ
[66] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ
[67] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ

ਸੰਵਾਦੀ ਧ

ਸਮਾਂ ਸ਼ਾਮ

91. **ਹਿੰਡੋਲ ਹੇਮ ਜਾਂ ਹੇਮ ਹਿੰਡੋਲ –** ਇਸ ਰਾਗ ਦੀ ਉਪਜ ਉ. ਅਲੀ ਅਕਬਰ ਖਾਂ ਦੁਆਰਾ ਹੋਈ ਹੈ। [68]

ਆਰੋਹ ਸ ਗ ਮ' ਧ ਮ' ਗ ਮ ਪ ਗ ਮ' ਧ ਸਂ

ਅਵਰੋਹ ਸਂ ਨਿ ਧ ਪ ਮ' ਗ ਮ ਪ ਗ ਮ ਗ ਸ ਰੇ ਸ

ਪਕੜ ਸ ਗ, ਮ' ਧ, ਧ ਮ' ਧ ਸਂ, ਨਿ ਧ ਪ, ਧ ਮ' ਗ, ਗ ਮ ਪ ਗ ਮ ਗ, ਗ ਮ ਗ ਰੇ ਸ

ਵਾਦੀ ਗ

ਸੰਵਾਦੀ ਧ

ਸਮਾਂ ਸ਼ਾਮ

92. **ਲਕਸ਼ਮੀ ਭੈਰਵੀ –** ਇਸ ਰਾਗ ਦੀ ਸਿਰਜਨਾ ਵੀ ਉ. ਅਲੀ ਅਕਬਰ ਖਾਂ ਨੇ ਕੀਤੀ ਹੈ। [69]

ਚਲਨ .ਧ ਗੁ ਰੇ .ਨਿ ਸ, ਗੁ ਪ ਧੁ ਸਂ, ਸਂ ਰੇਂ ਨਿ ਧ ਮ ਧੁ ਪ ਮ ਗੁ ਰੇ .ਨਿ ਸ, ਰੇ ਗ ਮ ਪ, ਮ ਗੁ ਰੇ .ਨਿ ਸ

ਵਾਦੀ ਮ

ਸੰਵਾਦੀ ਸ

ਸਮਾਂ ਸਵੇਰ

---

[68] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ
[69] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ

**93. ਸੋਹਨ ਬਸੰਤ –** ਇਸ ਰਾਗ ਦੀ ਰਚਨਾ ਉ. ਅਲੀ ਅਕਬਰ ਖਾਂ ਨੇ ਕੀਤੀ ਹੈ। [70]

ਆਰੋਹ .ਨਿ ਸ ਗ ਮ' ਧ ਨਿ ਸਂ

ਅਵਰੋਹ ਸਂ ਨਿ ਧ ਮ' ਧ ਪ ਮ' ਗ ਰੇ ਸ

ਵਾਦੀ ਸ

ਸੰਵਾਦੀ ਮ

ਸਮਾਂ ਸ਼ਾਮ

**94. ਪਟਰੰਜਨੀ –** ਇਸ ਰਾਗ ਦੀ ਸਿਰਜਨਾ ਉ. ਅਲੀ ਅਕਬਰ ਖਾਂ ਨੇ ਕੀਤੀ। [71]

ਪਕੜ ਸ ਰੇ ਗੁ ਮ ਪ ਨਿ ਸਂ, ਰੇਂ ਨ੍ਹਿ ਧੁ ਪ, ਗੁ ਨ੍ਹਿ ਗੁ ਪ ਮ ਗ ਮ, ਰੇ ਸ ਰੇ ਗੁ, ਮ ਪ ਗੁ ਮ, ਗੁ ਰੇ ਸ ਰੇ ਗ, ਗ ਮ ਧ ਪ, ਗੁ ਮ ਗੁ, ਪ ਮ ਗੁ ਮ, ਗੁ ਰੇ .ਨਿ .ਪ ਸ

ਵਾਦੀ ਮ

ਸੰਵਾਦੀ ਸ

ਸਮਾਂ ਸ਼ਾਮ

**95. ਮੇਘ ਸਾਰੰਗ ਜਾਂ ਗੌੜਵਰਿੰਦ ਸਾਰੰਗ –** ਇਸ ਰਾਗ ਦੀ ਰਚਨਾ ਉ. ਅਲੀ ਅਕਬਰ ਖਾਂ ਨੇ ਰਾਗ ਮੇਘ ਅਤੇ ਰਾਗ ਗੌੜ ਸਾਰੰਗ ਦੇ ਮਿਸ਼ਰਣ ਨਾਲ ਕੀਤੀ । [72]

ਪਕੜ .ਨਿ ਸ ਗ ਰੇ ਮ ਗ, ਗ ਮ ਪ ਨ੍ਹਿ ਪ ਨਿ ਸਂ ਰੇਂ ਸਂ, ਪ ਨ੍ਹਿ ਪ, ਮ ਗ ਮ ਰੇ ਗ, ਰੇ ਮ ਗ ਰੇ .ਨਿ ਸ, .ਪ .ਨ੍ਹਿ .ਪ, ਸ

ਵਾਦੀ ਪ

ਸੰਵਾਦੀ ਸ

ਸਮਾਂ ਸਵੇਰ

---

[70] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ
[71] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ
[72] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ

**96. ਨੰਦਨੀ –** ਇਸ ਰਾਗ ਨੂੰ ਉ. ਅਲੀ ਅਕਬਰ ਖਾਂ ਨੇ ਬਣਾਇਆ ਜੋ ਇਸ ਪ੍ਰਕਾਰ ਹੈ[73] –

| | |
|---|---|
| ਆਰੋਹ | ਸ ਗ ਮ ਧ ਨਿ ਸਂ |
| ਅਵਰੋਹ | ਸਂ ਨਿ਼ ਧ ਪ ਮ ਗ ਰੇ ਸ |
| ਵਾਦੀ | ਮ |
| ਸੰਵਾਦੀ | ਸ |
| ਸਮਾਂ | ਸ਼ਾਮ |

ਰਾਗ ਸੰ. 85 ਤੋਂ 97 ਤੱਕ ਦੇ ਰਾਗਾਂ ਦੀ ਜਾਣਕਾਰੀ ਪੰ. ਅਨੀਦਿਆ ਬੈਨਰਜੀ ਪਾਸੋਂ ਹੋਈ ਹੈ। ਇਨ੍ਹਾਂ ਰਾਗਾਂ ਦੀਆਂ ਬੰਦਿਸ਼ਾਂ ਪ੍ਰਾਪਤ ਨਹੀਂ ਹੋਈਆਂ।

**97. ਕੁਹੇਰੀ ਕਲਿਆਣ –** ਇਸ ਰਾਗ ਦੇ ਰਚਨਾਕਾਰ ਉ. ਬੜੇ ਗੁਲਾਮ ਅਲੀ ਹਨ। ਇਸ ਰਾਗ ਦੀ ਸਿਰਜਨਾ ਭੁਪਾਲੀ ਅਤੇ ਕਲਾਵਤੀ ਦੇ ਮਿਸ਼ਰਣ ਨਾਲ ਹੋਈ ਹੈ।

| | |
|---|---|
| ਥਾਟ | ਖਮਾਜ |
| ਸਵਰ | ਨਿ਼ ਤੇ ਬਾਕੀ ਸਵਰ ਸ਼ੁੱਧ |
| ਵਰਜਿਤ ਸਵਰ | ਆਰੋਹ ਵਿੱਚ ਮ, ਨਿ ਤੇ ਅਵਰੋਹ ਵਿੱਚ ਮ |
| ਜਾਤੀ | ਔੜਵ-ਸ਼ਾੜਵ |
| ਵਾਦੀ | ਗ |
| ਸੰਵਾਦੀ | ਧ |
| ਸਮਾਂ | ਸ਼ਾਮ |

[73] ਪੰ. ਅਨਿੰਦਿਆ ਬੈਨਰਜੀ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ

**98. ਸਾਮੇਸ਼ਵਰੀ –** ਇਸ ਰਾਗ ਨੂੰ ਪੰ. ਲਾਲ ਮਣੀ ਮਿਸ਼ਰ ਨੇ 1976 ਵਿੱਚ ਬਣਾਇਆ। ਇਸ ਰਾਗ ਵਿੱਚ ਰਾਗ ਕਲਾਵਤੀ ਅਤੇ ਰਾਗੇਸ਼ਰੀ ਦੀ ਛਾਇਆ ਹੈ। ਇਸ ਰਾਗ ਵਿੱਚ ਨਿਸ਼ਾਦ ਕੋਮਲ ਲੱਗਦਾ ਹੈ ਅਤੇ ਬਾਕੀ ਸਵਰ ਸ਼ੁੱਧ ਲੱਗਦੇ ਹਨ। ਇਸ ਰਾਗ ਦੇ ਆਰੋਹ ਵਿੱਚ ਰਿਸ਼ਭ ਤੇ ਧੈਵਤ ਸਵਰ ਵਰਜਿਤ ਹਨ।

ਥਾਟ ਖਮਾਜ

ਆਰੋਹ ਸ ਗ ਪ ਧ ਨਿ ਸਂ

ਅਵਰੋਹ ਸਂ ਨ਼ਿ ਧ ਨ਼ਿ ਧ ਪ ਗ ਮ ਰੇ ਸ

ਮੁੱਖ ਅੰਗ ਸ, ਗ ਪ ਧ ਨ਼ਿ ਧ ਪ ਧ ਨ਼ਿ ਸਂ, ਸਂ ਨ਼ਿ ਧ ਪ ਗ ਮ ਰੇ .ਨ਼ਿ ਸ

ਜਾਤੀ ਔੜਵ- ਵਕਰ ਸੰਪੂਰਨ

ਵਾਦੀ ਗ

ਸੰਵਾਦੀ ਧ

ਸਮਾਂ ਰਾਤ ਦਾ ਪਹਿਲਾ ਪਹਿਰ

**99. ਬਾਲੇਸ਼ਵਰੀ –** ਇਸ ਰਾਗ ਨੂੰ ਪੰ. ਲਾਲ ਮਣੀ ਮਿਸ਼ਰ ਨੇ ਸਿਰਜਿਤ ਕੀਤਾ। ਇਹ ਰਾਗ ਬਾਗੇਸ਼ਰੀ ਅਤੇ ਬਿਲਾਸਖਾਨੀ ਤੌੜੀ ਦੇ ਮਿਸ਼ਰਣ ਨਾਲ ਕੀਤਾ। ਇਸ ਰਾਗ ਵਿੱਚ ਪੰਚਮ ਦਾ ਪ੍ਰਯੋਗ ਬਾਗੇਸ਼ਰੀ ਵਾਂਗ ਵਕਰ ਰੂਪ ਵਿੱਚ ਹੁੰਦਾ ਹੈ। ਇਸ ਵਿੱਚ ਰੇ ਗ ਨਿ ਸਵਰ ਕੋਮਲ ਲੱਗਦੇ ਹਨ। ਇਸ ਦੇ ਪੂਰਵਾਂਗ ਵਿੱਚ ਬਿਲਾਸਖਾਨੀ ਤੌੜੀ ਅਤੇ ਉਤਰਾਂਗ ਵਿੱਚ ਬਾਗੇਸ਼ਰੀ ਰਾਗ ਦਿਖਾਈ ਦਿੰਦਾ ਹੈ।

ਆਰੋਹ ਸ ਰੇ਼ ਗ਼ ਮ ਧ ਨ਼ਿ ਸਂ

ਅਵਰੋਹ ਸਂ ਨ਼ਿ ਧ ਮ ਗ਼ ਰੇ ਸ

ਮੱਖ ਅੰਗ ਗ਼ ਮ ਧ ਨ਼ਿ ਸਂ ਰੇ਼ਂ ਗਂ ਰੇ਼ਂ ਸਂ ਨ਼ਿ ਧ ਪ ਧ ਨ਼ਿ ਧ ਪ ਗ਼, ਰੇ਼ ਗ਼ ਰੇ਼ ਸ

**100. ਜੋੜ ਤੌੜੀ –** ਇਸ ਰਾਗ ਦੀ ਰਚਨਾ ਪੰ. ਲਾਲ ਮਣੀ ਮਿਸ਼ਰ ਨੇ ਮੂਰਛਨਾ ਪੱਧਤੀ ਦੇ ਆਧਾਰ 'ਤੇ ਕੀਤੀ ਹੈ। ਰਾਗ ਜੋਗ ਦੇ ਸ਼ੁੱਧ ਗੰਧਾਰ ਨੂੰ ਸ਼ੜਜ ਕਰਨ ਤੇ ਅਤੇ ਬਾਕੀ ਸਵਰਾਂ ਦਾ ਪ੍ਰਯੋਗ ਤੌੜੀ ਦੇ ਵਾਂਗ ਕੀਤਾ ਜਾਵੇ ਤਾਂ ਜੋਗ ਤੌੜੀ ਦੇ ਸਵਰ ਉੱਭਰ ਕੇ ਸਾਹਮਣੇ ਆਉਂਦੇ ਹਨ। ਰਾਗ ਜੋਗ ਦੇ ਸ਼ੁੱਧ ਗੰਧਾਰ ਨੂੰ ਪ੍ਰਬਲ ਕਰਕੇ ਅਤੇ ਉਸ ਉੱਤੇ ਠਹਿਰਾਅ ਕਰਨ ਨਾਲ ਜੋਗਤੌੜੀ ਦਾ ਰੂਪ ਬਣ ਜਾਂਦਾ ਹੈ।

| | |
|---|---|
| ਆਰੋਹ | ਸ ਗੁ ਗੁ, ਮ ਪ ਨਿ ਸਂ |
| ਅਵਰੋਹ | ਸਂ ਨਿ ਪ, ਮ ਗ ਗੁ ਸ |
| ਵਾਦੀ | ਪ |
| ਸੰਵਾਦੀ | ਸ |
| ਸਮਾਂ | ਸ਼ਾਮ |
| ਨਿਆਸ | ਸ, ਗ, ਪ |

**101. ਆਨੰਦ ਭੈਰਵੀ –** ਇਸ ਰਾਗ ਦੀ ਪਰਿਕਲਪਨਾ ਸੰਨ 1976 ਵਿੱਚ ਕੀਤੀ। ਇਸ ਵਿੱਚ ਮਧਿਅਮ ਦੀ ਪ੍ਰਧਾਨਤਾ ਹੈ। ਇਸ ਰਾਗ ਵਿੱਚ ਰੇ, ਗ, ਧ, ਨਿ ਸਵਰ ਕੋਮਲ ਲੱਗਦੇ ਹਨ।

| | |
|---|---|
| ਥਾਟ | ਭੈਰਵੀ |
| ਆਰੋਹ | ਸ ਰੇੁ ਗੁ ਮ ਧੁ ਨਿੁ ਸਂ |
| ਅਵਰੋਹ | ਸਂ ਨਿੁ ਧੁ ਪ ਮ ਗੁ ਰੇੁ ਸ |
| ਵਾਦੀ | ਮ |
| ਸੰਵਾਦੀ | ਸ |
| ਨਿਆਸ | ਮ, ਧੁ, ਗੁ |

**102. ਅਪੂਰਵਾ ਕਲਿਆਣ –** ਇਸ ਰਾਗ ਦੀ ਰਚਨਾ ਡਾ. ਪ੍ਰਭਾ ਆਤਰੇ ਨੇ ਕੀਤੀ ਹੈ। ਇਸ ਰਾਗ ਦੀ ਪ੍ਰਸਤੁਤੀ 1992 ਵਿੱਚ ਵਿਵੇਕਾਨੰਦ ਕੇਂਦਰ, ਮੁੰਬਈ ਵਿੱਚ ਦਿੱਤੀ।

ਆਰੋਹ .ਨਿ ਰੇ ਗ ਮ' ਧ ਨਿ ਸਂ

ਅਵਰੋਹ ਸਂ ਨਿ ਧ ਪ ਮ' ਗ ਮ ਰੇ ਗ ਰੇ ਸ

## 4.3 ਦੱਖਣੀ ਪੱਧਤੀ ਤੋਂ ਆਏ ਰਾਗਾਂ ਦਾ ਵਿਵਰਣ

ਪੰ. ਰਵੀ ਸ਼ੰਕਰ ਦੇ ਅਨੁਸਾਰ, "ਕਰਨਾਟਕ ਪੱਧਤੀ ਨਾਲ ਮੈਂ ਵਜਾ ਤਾਂ ਨਹੀਂ ਸਕਦਾ ਹਾਂ ਕਿਉਂਕਿ ਮੈਂ ਸਿੱਖਿਆ ਨਹੀਂ ਹੈ ਪਰ ਮੈਂ ਅਪਣਾ ਸਵਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਸ ਵਿੱਚ ਮੈਂ ਸਫਲ ਵੀ ਹੋਇਆ"। [74]

**1. ਆਭੋਗੀ ਕਾਨ੍ਹੜਾ –** ਇਹ ਦੱਖਣ ਤੋਂ ਆਇਆ ਹੋਇਆ ਰਾਗ ਹੈ। ਦੱਖਣ ਵਿੱਚ ਇਸ ਨੂੰ ਆਭੋਗੀ ਨਾਮ ਨਾਲ ਜਾਣਿਆ ਜਾਂਦਾ ਹੈ। ਉਸਤਾਦ ਆਮੀਰ ਖਾਂ, ਉਸਤਾਦ ਹੁਸੈਨ ਬਖਸ਼ ਅਤੇ ਉਸਤਾਦ ਸਲਾਮਤ ਅਲੀ ਨੇ ਇਸ ਰਾਗ ਨੂੰ ਗਾ ਕੇ ਉੱਤਰ ਭਾਰਤੀ ਸੰਗੀਤ ਵਿੱਚ ਖੂਬ ਪ੍ਰਚਾਰ ਵਿੱਚ ਲਿਆਂਦਾ।

ਥਾਟ ਕਾਫੀ

ਆਰੋਹ ਸ ਰੇ ਗੁ ਮ ਧ ਸਂ

ਅਵਰੋਹ ਸਂ ਧ ਮ ਗੁ ਰੇ ਸ

ਜਾਤੀ ਔੜਵ-ਔੜਵ

ਵਾਦੀ ਸ

ਸੰਵਾਦੀ ਮ

ਸਮਾਂ ਰਾਤ (9 ਤੋਂ 12 ਵਜੇ ਤੱਕ)

ਵਿਸ਼ੇਸ਼ ਸ੍ਵਰ ਸਮੂਹ – ਰੇ ਗੁ ਰੇ ਸ- ਧ ਸ- ਰੇ ਮ ਗੁ ਮ – ਧ ਗੁ- ਮ ਰੇ ਸ ਮ਼ ਸ

ਅੰਗ – ਕਾਨ੍ਹੜਾ (ਗੁ ਮ ਰੇ ਸ, ਧ ਗੁ ਰੇ ਸ)

---

[74] ਸੁਰ-ਤਾਰ ਸੰਗੀਤ-ਪਰਕ ਵਿਵਿਧ ਸਮੱਗਰੀ, ਡਾ. ਸੁਨੀਰਾ ਕਾਸਲੀਵਾਲ, ਪੰ. 40

ਕਾਨ੍ਹੜਾ ਅੰਗ ਦੇ ਰਾਗਾਂ ਵਿੱਚ 'ਗੁ ਮ ਰੇ ਸ' ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੇ ਅਵਰੋਹ ਵਿੱਚ ਵਕਰ ਰੂਪ ਵਿੱਚ 'ਧ ਗੁ ਰੇ ਸ' ਲਿਆ ਜਾਂਦਾ ਹੈ। ਰਾਗ ਵਿੱਚ ਧ ਗੁ ਦੀ ਸੰਗਤੀ ਤੇ ਗੁ ਸ੍ਵਰ 'ਤੇ ਅੰਦੋਲਨ ਕੀਤਾ ਜਾਂਦਾ ਹੈ। ਅਵਰੋਹ ਵਿੱਚ 'ਮ ਗੁ ਰੇ ਸ' ਦੇ ਪ੍ਰਯੋਗ ਨਾਲ ਰਾਗ ਬਾਗੇਸ਼ਰੀ ਦੇ ਅਵਰੋਹ ਦੇ ਸਮਾਨ ਹੋ ਜਾਵੇਗਾ।

ਸ ਗੁ ਮ ਗੁ ਰੇ ਸ, ਸ ਗੁ ਮ ਧ ਮ, ਇਹ ਸ੍ਵਰ ਸਮੂਹ ਬਾਗੇਸ਼ਰੀ ਤੇ ਇਸ ਰਾਗ ਦੇ ਸਮਾਨ ਹਨ ਪਰ ਪ ਅਤੇ ਨਿ ਦੇ ਪ੍ਰਯੋਗ ਨਾਲ ਇਨ੍ਹਾਂ ਦੋਵਾਂ ਰਾਗਾਂ ਵਿੱਚ ਭਿੰਨਤਾ ਆ ਜਾਂਦੀ ਹੈ। ਇਸ ਰਾਗ ਦਾ ਚਲਨ ਮੰਦਰ ਅਤੇ ਮੱਧ ਸਪੱਤਕ ਵਿੱਚ ਅਧਿਕ ਹੈ। ਇਸ ਰਾਗ ਵਿੱਚ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ।

ਦੱਖਣੀ ਪੱਧਤੀ ਵਿੱਚ ਇਸ ਦਾ ਸਿੱਧਾ ਰੂਪ 'ਮ ਗੁ ਰੇ ਸ' ਲੱਗਦਾ ਹੈ। ਦੱਖਣ ਵਿੱਚ ਗੰਧਾਰ 'ਤੇ ਅੰਦੋਲਨ ਕੀਤਾ ਜਾਂਦਾ ਤੇ ਰਿਸ਼ਭ ਸ੍ਵਰ ਸਾ ਦੋ ਵਾਰ ਜਿਵੇਂ 'ਗੁ ਰੇ ਰੇ ਸ' ਪ੍ਰਯੋਗ ਕੀਤਾ ਜਾਂਦਾ ਹੈ।

2. **ਆਰਭੀ –** ਇਸ ਰਾਗ ਨੂੰ ਮਹਾਰਾਸ਼ਟਰ ਦੇ ਰੰਗ ਮੰਚ ਨੇ ਲਗਭਗ 50 ਸਾਲ ਪਹਿਲਾਂ ਉੱਤਰ-ਭਾਰਤ ਵਿੱਚ ਇਸ ਦਾ ਪ੍ਰਚਾਰ-ਪ੍ਰਸਾਰ ਕੀਤਾ। ਰਾਗ ਆਰਭੀ ਦਾ ਆਰੋਹ ਬਿਲਕੁਲ ਦੁਰਗਾ ਵਰਗਾ ਹੈ। ਇਸ ਨੂੰ ਪਾਤਾਰਵੰਬਾਵਤੀ ਵੀ ਆਖਿਆ ਜਾਂਦਾ ਹੈ।

| | |
|---|---|
| ਥਾਟ | ਬਿਲਾਵਲ |
| ਆਰੋਹ | ਸ ਰੇ ਮ ਪ ਧ ਸਂ |
| ਅਵਰੋਹ | ਸਂ ਨਿ ਧ ਪ ਮ ਗ ਰੇ ਸ |
| ਪਕੜ | ਧ਼ ਸ ਰੇ ਮ, ਪ ਮ, ਪ ਮ ਰੇ ਸ |
| ਜਾਤੀ | ਔੜਵ-ਸੰਪੂਰਨ |
| ਸਮਾਂ | ਸ਼ਾਮ ਦਾ |
| ਵਾਦੀ | ਰੇ |
| ਸੰਵਾਦੀ | ਧ |

ਕਰਨਾਟਕ ਵਿੱਚ ਇਸ ਰਾਗ ਦੇ ਸੁਰਾਂ 'ਤੇ ਜ਼ਿਆਦਾ ਅੰਦੋਲਨ ਕੀਤਾ ਜਾਂਦਾ ਹੈ ਭਾਵ ਗਮਕ ਦਾ ਪ੍ਰਯੋਗ ਬਹੁਤ ਕੀਤਾ ਜਾਂਦਾ ਹੈ।

3. **ਕਮਲਾ ਮਨੋਹਰੀ –** ਇਸ ਰਾਗ ਹਿੰਦੁਸਤਾਨੀ ਸ਼ਾਸਤਰੀ ਸੰਗਤਿ ਵਿੱਚ ਪ੍ਰਚਲਿਤ ਤੇ ਪ੍ਰਸਾਰਿਤ ਕਰਨ ਦਾ ਸਿਹਰਾ ਬਾਲਾਭਾਊ ਉਮੇਂਡਕਰ(ਗਵਾਲੀਅਰ ਘਰਾਣਾ) ਦੇ ਸਿਰ 'ਤੇ ਬੱਝਦਾ ਹੈ। ਭੈਰਵ ਰਾਗ ਵਿੱਚ ਰਿਸ਼ਭ ਸੁਰ ਨੂੰ ਵਰਜਿਤ ਕਰਨ 'ਤੇ ਵੀ ਇਸ ਰਾਗ ਦੇ ਸੁਰ ਪ੍ਰਾਪਤ ਹੋ ਜਾਂਦੇ ਹਨ। ਇਸ ਰਾਗ ਦੇ ਪੂਰਵਾਂਗ ਵਿੱਚ ਭਿੰਨ ਸ਼ੜਜ ਅਤੇ ਉਤਰਾਂਗ ਵਿੱਚ ਭੈਰਵ ਰਾਗ ਦੇ ਸੁਰ ਦਿਖਾਈ ਦਿੰਦੇ ਹਨ।

ਇਸ ਰਾਗ ਵਿੱਚ ਗੰਧਾਰ, ਮਧਿਅਮ ਤੇ ਧੈਵਤ ਸੁਰ ਮਹੱਤਵਪੂਰਨ ਸੁਰ ਹਨ।

| | |
|---|---|
| ਥਾਟ | ਆਸਾਵਰੀ |
| ਆਰੋਹ | ਸ ਗੁ ਮ ਪ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਮ ਧੁ ਮ ਗ ਸ |
| ਪਕੜ | ਮ ਗੁ ਮ ਪ ਨਿ ਧੁ ਨਿ ਸਂ |
| ਜਾਤੀ | ਸ਼ਾੜਵ-ਸ਼ਾੜਵ |
| ਵਾਦੀ | ਗ |
| ਸੰਵਾਦੀ | ਨਿ |
| ਸਮਾਂ | ਰਾਤ ਦਾ ਅੰਤਿਮ ਪਹਿਰ |

4. **ਕਲਾਵਤੀ –** ਇਹ ਕਰਨਾਟਕੀ ਪੱਧਤੀ ਤੋਂ ਲਿਆ ਗਿਆ ਰਾਗ ਹੈ। ਇਸ ਰਾਗ ਨੂੰ ਅਲਾਦਿਯਾ ਖਾਂ ਤੇ ਉਨ੍ਹਾਂ ਦੇ ਸ਼ਿਸ਼ਾਂ ਨੇ ਪ੍ਰਚਾਰ-ਪ੍ਰਸਾਰ ਕੀਤਾ।

| | |
|---|---|
| ਥਾਟ | ਖਮਾਜ |
| ਆਰੋਹ | ਸ ਗ ਪ, ਧ ਨਿ ਧ ਸਂ |
| ਅਵਰੋਹ | ਸਂ ਨਿ ਧ ਪ, ਗ ਸ |

ਪਕੜ ਗ ਪ ਧ ਨ਼ਿ ਧ ਪ ਗ ਸ

ਜਾਤੀ ਔੜਵ-ਔੜਵ

ਵਾਦੀ ਗ

ਸੰਵਾਦੀ ਧ

ਸਮਾਂ ਰਾਤ ਦਾ ਦੂਸਰਾ ਪਹਿਰ

ਨਿਆਸ ਦੇ ਸੁਰ ਸ, ਗ, ਪ।

5. **ਕਿਰਵਾਨੀ –** ਇਹ ਦੱਖਣੀ ਪੱਧਤੀ ਦਾ ਰਾਗ ਹੈ। ਇਸ ਨੂੰ ਪ੍ਰਚਾਰ ਉਸਤਾਦ ਹਲੀਮ ਜਾਫਰ ਖਾਂ ਨੇ ਕੀਤਾ। ਇਸ ਦੇ ਅਵਰੋਹ ਵਿੱਚ ਪੰਚਮ ਦਾ ਵਕਰ ਪ੍ਰਯੋਗ ਨਿ ਧ ਮ ਪ ਗ ਰੇ ਸ ਕੀਤਾ ਜਾਂਦਾ ਹੈ। ਕਿਰਵਾਨੀ ਰਾਗ ਹਿੰਦੁਸਤਾਨੀ ਰਾਗ ਪੀਲੂ ਨਾਪ ਮਿਲਦਾ ਹੈ।

ਥਾਟ ਕਾਫੀ

ਆਰੋਹ ਸ ਰੇ ਗੁ ਮ ਪ ਧੁ ਨਿ ਸਂ

ਅਵਰੋਹ ਸਂ ਨਿ਼ ਧੁ ਪ ਮ ਗੁ ਰੇ ਸ

ਪਕੜ ਨ਼ਿ ਸ, ਰੇ ਗੁ ਰੇ, ਗੁ ਰੇ ਸ ਨ਼ਿ

ਜਾਤੀ ਸੰਪੂਰਨ

ਵਾਦੀ ਰੇ

ਸੰਵਾਦੀ ਪ

ਸਮਾਂ ਰਾਤ ਦਾ ਦੂਜਾ ਪਹਿਰ

6. **ਚਾਰੂਕੇਸੀ –** ਇਹ ਰਾਗ ਦੱਖਣੀ ਪੱਧਤੀ ਤੋਂ ਗ੍ਰਹਿਣ ਕੀਤਾ ਗਿਆ ਰਾਗ ਹੈ। ਇਸ ਦੇ ਪੂਰਵਾਂਗ ਵਿੱਚ ਬਿਲਾਵਲ ਸ ਰੇ ਗ ਮ ਤੇ ਉਤਰਾਂਗ ਵਿੱਚ ਪ ਧੁ ਨਿ਼ ਸਂ ਭੈਰਵੀ ਦੇ ਸੁਰ ਮਿਲਦੇ ਹਨ।

| | |
|---|---|
| ਆਰੋਹ | ਸ ਰੇ ਗ ਮ ਪ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਮ ਗ ਰੇ ਸ |
| ਪਕੜ | ਧੁ ਨਿ ਸ ਰੇ, ਗ ਮ ਰੇ ਸ |
| ਜਾਤੀ | ਸੰਪੂਰਨ |
| ਵਾਦੀ | ਮ |
| ਸੰਵਾਦੀ | ਸ |
| ਸਮਾਂ | ਦਿਨ ਦਾ ਦੂਜਾ ਪਹਿਰ |
| ਨਿਆਸ ਦੇ ਸ੍ਵਰ | ਸ ਮ ਪ ਧ |

7. **ਹੰਸ ਧਵਨੀ –** ਇਸ ਰਾਗ ਦਾ ਉੱਤਰ ਭਾਰਤੀ ਸੰਗੀਤ ਜਗਤ ਵਿੱਚ ਉਸਤਾਦ ਅਮਾਨ ਅਲੀ ਖਾਂ (ਭਿੰਡੀ ਬਜਾਰ) ਅਤੇ ਉਸਤਾਦ ਅਮੀਰ ਖਾਂ ਨੇ ਪ੍ਰਚਾਰ-ਪ੍ਰਸਾਰ ਕੀਤਾ। ਦੋਨਾਂ ਹੀ ਪੱਧਤੀਆਂ ਵਿੱਚ ਇਸ ਦਾ ਸਮਾਨ ਰੂਪ ਹੀ ਪ੍ਰਚਲਿਤ ਹੈ।

| | |
|---|---|
| ਥਾਟ | ਬਿਲਾਵਲ |
| ਆਰੋਹ | ਸ ਰੇ ਗ ਪ ਨਿ ਸਂ |
| ਅਵਰੋਹ | ਸਂ ਨਿ ਪ ਗ ਰੇ ਸ |
| ਪਕੜ | ਨਿ ਪ ਗ ਰੇ, ਰੇ ਗ ਪ ਰੇ ਸ |
| ਜਾਤੀ | ਔੜਵ-ਔੜਵ |
| ਵਾਦੀ | ਸ |
| ਸੰਵਾਦੀ | ਪ |
| ਸਮਾਂ | ਰਾਤ ਦਾ ਪਹਿਲਾ ਪਹਿਰ |

ਇਸਦੇ ਉਤਰਾਂਗ ਵਿੱਚ ਗ ਪ ਨਿ ਸਂ ਨਿ ਪ, ਪ ਨਿ ਸਂ ਰੇਂ ਸਂ ਨਿ ਪ ਸ੍ਵਰ ਸਮੂਹਾਂ ਨਾਲ ਰਾਗ ਸ਼ੰਕਰਾ ਦੀ ਛਾਇਆ ਦਿਖਾਈ ਦਿੰਦੀ ਹੈ ਪਰ ਗ ਪ ਰੇ ਸ, ਗ ਰੇ ਨਿ ਪ ਸਂ ਸ੍ਵਰ

ਸੰਗਤੀ ਨਾਲ ਰਿਸ਼ਭ ਦੇ ਪ੍ਰਯੋਗ ਨਾਲ ਸ਼ੰਕਰਾ ਦੀ ਛਾਇਆ ਦੂਰ ਹੋ ਜਾਂਦੀ ਹੈ। ਸ ਰੇ ਗ ਰੇ ਗ ਪ ਰੇ ਦੀ ਸੰਗਤੀ ਵਾਰ-ਵਾਰ ਦਿਖਾਉਣ ਨਾਲ 'ਸ਼ੁੱਧ ਕਲਿਆਣ' ਦੀ ਛਾਇਆ ਦਿਖਾਈ ਦਿੰਦੀ ਹੈ ਪਰ ਗ ਰੇ ਨਿ ਪ ਸਂ ਨਾਲ ਇਸ ਦੀ ਛਾਇਆ ਖਤਮ ਹੋ ਜਾਂਦੀ ਹੈ। ਇਸ ਵਿੱਚ ਕਲਿਆਣ ਅੰਗ 'ਗ ਪ ਰੇ' ਲਿਆ ਜਾਂਦਾ ਹੈ।

**8. ਬਸੰਤ ਮੁਖਾਰੀ –** ਇਹ ਦੱਖਣੀ ਰਾਗ ਸ਼੍ਰੀ ਕ੍ਰਿਸ਼ਣ ਰਾਤੰਜਨਕਰ ਨੇ ਉੱਤਰ ਭਾਰਤੀ ਸੰਗੀਤ ਵਿੱਚ ਪ੍ਰਚਾਰਿਤ ਅਤੇ ਪ੍ਰਸਾਰਿਤ ਕੀਤਾ। ਇਸ ਰਾਗ ਦੇ ਪੂਰਵਾਂਗ ਵਿੱਚ ਭੈਰਵ ਤੇ ਉਤਰਾਂਗ ਵਿੱਚ ਭੈਰਵੀ ਦਿਖਾਈ ਦਿੰਦਾ ਹੈ।

ਡਾ. ਵਿਮਲਾਕਾਂਤ ਰਾਇ ਚੌਧਰੀ ਨੇ ਸੰਪੂਰਨ ਪ੍ਰਕਾਰ ਦੀ ਬਸੰਤ ਮੁਖਾਰੀ ਦੀ ਬਜਾਏ ਸ਼ਾੜਵ-ਸੰਪੂਰਨ ਦੀ ਬਸੰਤ ਮੁਖਾਰੀ ਨੂੰ ਹੀ ਮਾਨਯਤਾ ਦਿੱਤੀ ਹੈ।

ਬਸੰਤ ਮੁਖਾਰੀ ਦੇ ਦੋ ਪ੍ਰਕਾਰ ਹਨ- ਸੰਪੂਰਨ-ਸੰਪੂਰਨ ਅਤੇ ਸ਼ਾੜਵ-ਸੰਪੂਰਨ

ਉੱਤਰ ਭਾਰਤੀ ਸੰਗੀਤ ਵਿੱਚ ਪ੍ਰਚਲਿਤ ਸਵਰੂਪ

ਸ ਰੇ ਗ ਮ ਪ ਧੁ ਨਿ ਸਂ

ਸ ਨਿ ਧੁ ਪ ਮ ਗ ਰੇ ਸ

ਸ਼ਾੜਵ ਸੰਪੂਰਨ ਦੇ ਆਰੋਹ ਵਿੱਚ ਗੰਧਾਰ ਵਕਰ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ।

ਪੰ. ਭਾਤਖੰਡੇ ਨੇ ਇਸ ਦੇ ਪੂਰਵਾਗ ਵਿੱਚ ਭੈਰਵ ਅਤੇ ਉਤਰਾਂਗ ਵਿੱਚ ਭੈਰਵੀ ਦਾ ਸੰਯੋਗ ਦੱਸਿਆ ਹੈ। ਪੰ. ਵਿਨਾਅਕ ਰਾਉ ਪਟਰਵਰਧਨ ਵੀ ਪੰ. ਭਾਤਖੰਡੇ ਨਾਲ ਇੱਕ ਹੀ ਮੱਤ ਰੱਖਦੇ ਹਨ।

**9. ਗੋਪਿਕਾ ਬਸੰਤ –** ਇਹ ਦੱਖਣੀ ਪੱਧਤੀ ਦਾ ਰਾਗ ਉੱਤਰੀ ਪੱਧਰੀ ਵਿੱਚ ਆ ਕੇ ਪ੍ਰਚਲਿਤ ਹੋ ਰਿਹਾ ਹੈ। ਇਸ ਰਾਗ ਦੀ ਚਰਚਾ ਅਭਿਨਵ ਗੀਤਾਂਜਲੀ ਵਿੱਚ ਵੀ ਕੀਤੀ ਗਈ ਹੈ। ਇਸ ਰਾਗ ਦੀ ਜਾਤੀ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਸ਼ਾੜਵ-ਸ਼ਾੜਵ ਹੈ ਇਸ ਦੇ ਆਰੋਹ-ਅਵਰੋਹ ਹੈ। [75]

---

[75] ਰਾਗ ਵਿਆਕਣ, ਵਿਮਲਾਕਾਂਤ ਰਾਇ ਚੌਧਰੀ, ਪੰ. 151

| | |
|---|---|
| ਥਾਟ | ਆਸਾਵਰੀ |
| ਆਰੋਹ | ਨ਼ਿ ਸ ਮ ਗੁ ਮ ਪ ਨਿ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਸ ਮ ਪ ਗੁ ਮ ਗੁ ਸ ਸ। |
| ਪਕੜ | ਮ ਪ ਨਿ ਧੁ ਨਿ ਸਂ ਧੁ ਨਿ ਧੁ ਮ ਪ ਸ ਗੁ ਸ ਮ ਗੁ ਸ ਸ। |
| ਜਾਤੀ | ਸ਼ਾੜਵ-ਸ਼ਾੜਵ |
| ਵਾਦੀ | ਸ |
| ਸੰਵਾਦੀ | ਪ |
| ਸਮਾਂ | ਰਾਤ ਦਾ ਅੰਤਿਮ ਪਹਿਰ |
| ਚਲਨ | ਵਕਰ |
| ਨਿਆਸ | ਪ, ਗ |

ਇਹ ਉਤਰਾਂਗ ਪ੍ਰਧਾਨ ਰਾਗ ਹੈ। ਇਸ ਰਾਗ ਵਿੱਚ ਮਾਲਕੌਂਸ ਅਤੇ ਅੜਾਨਾ ਦੀ ਛਾਇਆ ਦਿਖਾਈ ਦਿੰਦੀ ਹੈ। ਪਰ ਪੰਚਮ ਦੇ ਪ੍ਰਯੋਗ ਨਾਲ ਮਾਲਕੌਂਸ ਦੀ ਛਾਇਆ ਦੂਰ ਹੋ ਜਾਂਦੀ ਹੈ। ਉੱਤਰ ਭਾਰਤੀ ਸੰਗੀਤ ਵਿੱਚ ਗੰਧਾਰ ਦਾ ਵਕਰ ਪ੍ਰਯੋਗ ਹੈ ਪਰ ਦੱਖਣੀ ਭਾਰਤੀ ਸੰਗੀਤ ਵਿੱਚ ਨਹੀਂ।

**10. ਜਨਰੰਜਨੀ –** ਇਸ ਦੱਖਣੀ ਪੱਧਤੀ ਰਾਗ ਦਾ ਉੱਤਰੀ ਭਾਰਤੀ ਸੰਗੀਤ ਵਿੱਚ ਪ੍ਰਚਾਰ ਪ੍ਰਸਾਰ 20ਵੀਂ ਸਦੀ ਦੇ ਸੁਪ੍ਰਸਿੱਧ ਕਲਾਕਾਰ ਬਾਲਾਤਾਊ ਉਮੇਂਡਕਰ ਨੇ ਸਭ ਤੋਂ ਪਹਿਲਾਂ ਕੀਤਾ। ਇਸ ਰਾਗ ਦਾ ਵਿਸਥਾਰ ਮੱਧ ਤੇ ਤਾਰ ਸਪੱਤਕ ਵਿੱਚ ਵਧੇਰੇ ਹੁੰਦਾ ਹੈ। ਇਸ ਰਾਗ ਵਿੱਚ ਮ ਰੇ ਅਤੇ ਧ ਪ ਦੀ ਸਵਰ ਸੰਗਤੀ ਬਹੁਤ ਹੀ ਮਨਮੋਹਕ ਲੱਗਦੀ ਹੈ।

| | |
|---|---|
| ਥਾਟ | ਬਿਲਾਵਲ |
| ਆਰੋਹ | ਸ ਰੇ ਗ ਮ ਪ ਨਿ ਸਂ |
| ਅਵਰੋਹ | ਸਂ ਧ ਪ ਮ ਰੇ ਗ ਮ ਪ ਮ ਰੇ ਸ |

ਪਕੜ		ਮ ਪ ਨਿ ਸ, ਸਂ ਧ ਪ ਮ, ਰੇ ਗ ਮ ਪ, ਮ ਰੇ ਸ

ਜਾਤੀ		ਸ਼ਾੜਵ-ਸ਼ਾੜਵ

ਵਾਦੀ		ਰੇ

ਸੰਵਾਦੀ		ਧ

ਸਮਾਂ		ਰਾਤ ਦਾ ਪਹਿਲਾ ਪਹਿਰ

11. **ਵਾਚਸਪਤੀ –** ਇਹ ਦੱਖਣੀ ਭਾਰਤੀ ਰਾਗ, ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਵਾਦਨ ਸ਼ੈਲੀ ਵਿੱਚ ਬਹੁਤ ਜ਼ਿਆਦਾ ਪ੍ਰਚਾਰਿਤ ਰਾਗ ਹੈ। ਉੱਤਰ ਭਾਰਤ ਵਿੱਚ ਰਾਗ ਨੂੰ ਪ੍ਰਚਾਰ ਵਿੱਚ ਲਿਆਉਣ ਦਾ ਸਿਹਰਾ ਪੰ. ਰਵੀਸ਼ੰਕਰ ਦੇ ਸਿਰ ਬੱਝਦਾ ਹੈ। ਇਸ ਰਾਗ ਦੇ ਪੂਰਵਾਂਗ ਵਿੱਚ ਕਲਿਆਣ ਅਤੇ ਉਤਰਾਂਗ ਵਿੱਚ ਖਮਾਜ ਹੈ। ਇਹ ਕਲਿਆਣ ਅੰਗ ਨਾਲ ਗਾਇਆ-ਬਜਾਇਆ ਜਾਂਦਾ ਹੈ। ਜੇਕਰ ਮਾਰੂ ਬਿਹਾਗ ਵਿੱਚ ਕੋਮਲ ਨਿਸ਼ਾਦ ਦਾ ਪ੍ਰਯੋਗ ਕਰ ਕੇ ਅਤੇ ਸ਼ੁੱਧ ਮਾਧਿਅਮ ਦਾ ਪ੍ਰਯੋਗ ਤਿਆਗ ਕੇ ਇਸ ਰਾਗ ਦੀ ਪ੍ਰਾਪਤੀ ਹੋ ਜਾਂਦੀ ਹੈ।

ਥਾਟ		ਕਲਿਆਣ

ਆਰੋਹ		ਸ ਰੇ ਗ ਮ ਪ ਧ ਨੁ ਸਂ

ਅਵਰੋਹ		ਸਂ ਨੁ ਧ ਪ ਮ ਗ ਰੇ ਸ

ਜਾਤੀ		ਸੰਪੂਰਨ

ਵਾਦੀ		ਪ

ਸੰਵਾਦੀ		ਗ

ਸਮਾਂ		ਦਿਨ ਦਾ ਚੌਥਾ ਪਹਿਰ

ਨਿਆਸ		ਰੇ, ਮ

**12. ਸਰਸਵਤੀ –** ਇਸ ਦੱਖਣੀ ਪੱਧਤੀ ਦੇ ਰਾਗ ਨੂੰ ਪੰ. ਰਵੀਸ਼ੰਕਰ ਨੇ ਉੱਤਰ ਭਾਰਤੀ ਸੰਗੀਤ ਵਿੱਚ ਲਿਆਂਦਾ। ਪਰ ਇਸ ਨੂੰ ਪ੍ਰਚਾਰਿਤ ਕਰਨ ਵਿੱਚ ਪੰ. ਰਵੀਸ਼ੰਕਰ ਦੇ ਨਾਲ ਨਾਲ ਬਾਲਾ ਭਾਊ ਉਮੇਡਕਰ ਦਾ ਵੀ ਹੱਥ ਹੈ। ਇਸਦੇ ਪੂਰਵਾਂਗ ਵਿੱਚ ਕਲਿਆਣ ਅਤੇ ਉਤਰਾਂਗ ਵਿੱਚ ਖਮਾਜ ਦਿਖਾਈ ਦਿੰਦਾ ਹੈ। ਇਸ ਰਾਗ ਵਿੱਚ ਨਿਸ਼ਾਦ ਦਾ ਪ੍ਰਯੋਗ ਵਕਰ ਹੈ।[76]

| | |
|---|---|
| ਥਾਟ | ਕਲਿਆਣ |
| ਆਰੋਹ | ਸ ਰੇ ਮ' ਪ ਨਿ ਧ ਪ ਨਿ ਧ ਸਂ |
| ਅਵਰੋਹ | ਸਂ ਰੇ ਨਿ ਧ ਪ ਮ' ਰੇ ਸ |
| ਪਕੜ | ਮ' ਪ ਧ ਨਿ ਧ ਪ, ਮ' ਪ ਰੇ ਨ਼ਿ ਧ਼ ਸ |
| ਜਾਤੀ | ਸ਼ਾੜਵ-ਸ਼ਾੜਵ |
| ਵਾਦੀ | ਪ |
| ਸੰਵਾਦੀ | ਰੇ |
| ਨਿਆਸ | ਸ, ਰੇ, ਪ |
| ਵਿਕਰਿਤ | ਮ, ਨਿ |

ਦੱਖਣੀ ਭਾਰਤੀ ਸੰਗੀਤ ਵਿੱਚ ਨਿਸ਼ਾਦ ਦਾ ਪ੍ਰਯੋਗ ਵਰਜਿਤ ਹੈ।

**13. ਸਿਮਾਂਦਰ ਮਧਿਅਮ –** ਇਸ ਕਰਨਾਟਕੀ ਰਾਗ ਨੂੰ ਪ੍ਰਚਾਰ-ਪ੍ਰਸਾਰ ਕਰਨ ਵਿੱਚ ਪੰ. ਰਵੀਸ਼ੰਕਰ ਅਤੇ ਅਬਦੁਲ ਹਲੀਮ ਜਾਫਰ ਖਾਂ ਦਾ ਨਾਮ ਉੱਭਰ ਕੇ ਸਾਹਮਣੇ ਆਉਂਦਾ ਹੈ। ਇਹ ਰਾਗ ਕਿਰਵਾਨੀ ਅਤੇ ਮਧੂਵੰਤੀ ਦੇ ਬਹੁਤ ਕਰੀਬ ਹੈ। ਸ਼ੁੱਧ ਧੈਵਤ ਦੇ ਪ੍ਰਯੋਗ ਨਾਲ ਇਹ ਕਿਰਵਾਨੀ ਤੋਂ ਭਿੰਨ ਹੋ ਜਾਂਦਾ ਹੈ।

---

[76] ਰਾਰਾਕੋਮ, ਡਾ. ਲਕਸ਼ਮੀ ਨਾਰਾਇਣ ਗਰਗ, ਪੰ 21

| | |
|---|---|
| ਥਾਟ | ਤੋੜੀ |
| ਆਰੋਹ | ਸ ਰੇ ਗੁ ਮ' ਪ ਧੁ ਨਿ ਸਂ |
| ਅਵਰੋਹ | ਸਂ ਨਿ ਧੁ ਪ ਮ' ਗੁ ਰੇ ਸ |
| ਜਾਤੀ | ਸੰਪੂਰਨ-ਸੰਪੂਰਨ |
| ਵਾਦੀ | ਰੇ |
| ਸੰਵਾਦੀ | ਪ |
| ਸਮਾਂ | ਦਿਨ ਦਾ ਚੌਥਾ ਪਹਿਰ |
| ਨਿਆਸ | ਰੇ, ਗ, ਪ, ਨਿ |

**14. ਹੇਮਾਵਤੀ –** ਇਹ ਕਰਨਾਟਕੀ ਰਾਗ ਵੀ ਉੱਤਰੀ ਭਾਰਤੀ ਸੰਗੀਤ ਦੇ ਵਾਦਕਾਂ ਦੁਆਰਾ ਪ੍ਰਚਾਰਿਤ ਕੀਤਾ ਗਿਆ ਹੈ। [77]

"ਉੱਤਰ ਭਾਰਤੀ ਰਾਗਾਂਗ ਪੱਧਤੀ ਨੂੰ ਧਿਆਨ ਵਿੱਚ ਰੱਖਣ ਨਾਲ ਇਹ ਪਤਾ ਲੱਗਦਾ ਹੈ ਕਿ ਸ਼ਾਇਦ ਰਾਗ ਮਧੂਵੰਤੀ ਅਤੇ ਰਾਗ ਭੀਮਪਲਾਸੀ ਦੇ ਮਿਸ਼ਰਣ ਨਾਲ ਇਸ ਰਾਗ ਦੇ ਸ੍ਵਰ ਉੱਭਰਦੇ ਹਨ ਜਾਂ ਦੂਸਰੇ ਅਰਥਾਂ ਵਿੱਚ ਇਹ ਵੀ ਕਹਿ ਸਕਦੇ ਹਾਂ ਕਿ ਭੀਮਪਲਾਸੀ ਵਿੱਚ ਮ' ਲਗਾਉਣ ਨਾਲ ਰਾਗ ਹੇਮਾਵਤੀ ਦਾ ਸਵਰੂਪ ਦਿਖਾਈ ਦਿੰਦਾ ਹੈ। ਉਦਾਹਰਣ ਵਜੋਂ ਜੇਕਰ ਹੇਮਾਵਤੀ ਦੇ ਸਵਰੂਪ ਦਾ ਅਵਲੋਕਨ ਕਰੀਏ ਤਾਂ ਸਾਨੂੰ ਭੀਮਪਲਾਸੀ ਤੇ ਮਧੂਵੰਤੀ ਦੇ ਸਵਰ ਓਮੂਹ ਦਾ ਮਿਸ਼ਰਣ ਪ੍ਰਾਪਤ ਹੁੰਦਾ ਹੈ। "

ਭੀਮਪਲਾਸੀ ਸ੍ਵਰ ਸਮੂਹ –

ਪ ਨਿ਼ ਸ ਗੁ ਰੇ ਸ, ਪ ਨਿ਼ ਧ ਪ, ਪ ਨਿ਼ ਸਂ, ਨਿ਼ ਧ ਪ, ਨਿ਼ ਸਂ, ਸ ਂਨਿ਼ ਧ ਪ

---

[77] ਰਾਗਨਿਧੀ(ਭਾਗ 2) ਐੱਸ ਸੁਬਾਰਾਵ, ਪੰ 127

ਮਧੂਵੰਤੀ ਦੇ ਸੁਰ ਸਮੂਹ –

ਸ ਗੁ ਮ' ਪ, ਗੁ ਮ' ਪ, ਮ' ਗੁ ਰੇ ਸ, ਸਂ ਗੁਂ ਰੇਂ ਸਂ ਮਂ' ਗੁਂ ਰੇਂ, ਪ ਮ' ਗੁ ਮ ਪ, ਮ ਗੁ ਰੇ ਸ

ਆਰੋਹ – ਨਿ਼ ਸ ਗੁ ਮ ਪ ਧ ਨਿ਼ ਸਂ

ਅਵਰੋਹ – ਸਂ ਨਿ਼ ਧ ਪ ਮ' ਗੁ ਰੇ ਸ।

## ਅਧਿਆਇ- 5

# ਨਵੀਨ ਰਾਗਾਂ ਵਿੱਚ ਰਸ, ਭਾਵ ਅਤੇ ਸਾਹਿਤਿਕ ਪੱਖ

ਗੀਤ, ਕਾਵਿ, ਵਾਦ ਅਤੇ ਨ੍ਰਿਤ ਦੇ ਪ੍ਰਥਕ ਭਾਵ ਸਮਨਿਵਿਤ ਰੂਪ ਵਿੱਚ ਜਿਸ ਆਲੌਕਿਕ, ਅਨਿਰਵਚਨੀਯ ਅਨੰਦ ਦੀ ਅਨੁਭੂਤੀ ਹੁੰਦੀ ਹੈ ਅਤੇ ਸਰੋਤਿਆਂ ਨੂੰ ਆਨੰਦ ਦੀ ਪ੍ਰਾਪਤੀ ਕਰਵਾ ਦਿੰਦਾ ਹੈ, ਇਹੀ 'ਰਸ' ਹੈ। ਪਰਿਸਥਿਤੀ ਅਨੁਸਾਰ ਮਨੁੱਖ ਦੇ ਮਨ ਵਿੱਚ ਜੋ ਅਨੇਕ ਤਰ੍ਹਾਂ ਦੇ ਭਾਵ ਪੈਦਾ ਹੁੰਦੇ ਹਨ, ਉਹ ਵੀ ਰਸ ਕਹਿਲਾਉਂਦੇ ਹਨ। ਸਾਹਿਤ ਸ਼ਾਸਤਰ ਵਿੱਚ ਇਨ੍ਹਾਂ ਭਾਵਾਂ ਨੂੰ 9 ਭਾਗਾਂ ਵਿੱਚ ਵੰਡਿਆ ਗਿਆ ਹੈ, ਉਹ ਹਨ – ਸ਼ਿੰਗਾਰ, ਕਰੁਣ, ਵੀਰ, ਹਾਸ, ਸ਼ਾਂਤ, ਵੀਭਤਸ, ਭਿਆਨਕ, ਰੌਦਰ, ਅਦਭੁੱਤ। ਸੰਗੀਤ ਸ਼ਾਸਤਰ ਵਿੱਚ ਰਸ ਦੀਆਂ ਦੋ ਪਰਿਭਾਸ਼ਾਵਾਂ ਹਨ ਤੇ ਇਨ੍ਹਾਂ ਦੋਨਾਂ ਦੀ ਹੀ ਸੰਗੀਤ ਸ਼ਾਸਤਰ ਵਿੱਚ ਲੋੜ ਹੈ। ਰਸ ਭਾਰਤੀ ਸਾਹਿਤ ਸੰਗੀਤ ਦਾ ਬਹੁਤ ਮਹੱਤਵਪੂਰਨ ਵਿਸ਼ਾ ਹੈ। ਰਸ ਦੇ ਜਨਮਦਾਤਾ ਭਰਤ ਮੁਨੀ ਮੰਨੇ ਜਾਂਦੇ ਹਨ। ਰਸ ਦਾ ਜਨਮ_ਭਾਵਾਂ ਨਾਲ ਹੁੰਦਾ ਹੈ। ਰਸ ਤੇ ਭਾਵ ਆਪਸ ਵਿੱਚ ਜੁੜੇ ਹੋਏ ਹਨ। ਕਿਸੇ ਵੀ ਚੀਜ, ਵਿਅਕਤੀ ਆਦਿ ਨੂੰ ਦੇਖ ਸੁਣ ਕੇ ਜਾਂ ਜਾਣ ਕੇ ਦਿਲ ਵਿੱਚ ਉੱਠਣ ਵਾਲੀ ਪਹਿਲੀ ਵਿਚਾਰ ਜਾਂ ਭਾਵਨਾ ਹੀ ਭਾਵ ਕਹੀ ਜਾਂਦੀ ਹੈ। ਇਸਦੀ ਸੀਮਾ ਮਨ ਤੱਕ ਹੀ ਹੁੰਦੀ ਹੈ।

## 5.1 ਰਾਗਾਂ ਵਿੱਚ ਰਸ, ਭਾਵ ਤੇ ਸਾਹਿਤ

ਪ੍ਰਾਚੀਨ ਸ਼ਾਸਤਰਾਂ ਅਨੁਸਾਰ ਭਾਵ ਚਾਰ ਪ੍ਰਕਾਰ ਦੇ ਹੁੰਦੇ ਹਨ, ਜੋ ਇਸ ਪ੍ਰਕਾਰ ਹਨ –

1. **ਸਥਾਈ ਭਾਵ –** ਜਿਸ ਭਾਵ ਦੇ ਵਿਰੁੱਧ ਜਾਂ ਅਵਰੁੱਧ ਕਿਸੇ ਵੀ ਤਰ੍ਹਾਂ ਦਾ ਭਾਵ ਲੁਕਿਆ ਛੁਪਿਆ ਨਾ ਰਹਿ ਸਕੇ। ਇਹ ਸਥਾਈ ਭਾਵ ਹਮੇਸ਼ਾ ਦਿਲ ਵਿੱਚ ਸਥਿਤ ਰਹਿੰਦਾ ਹੈ। ਉਦਾਹਰਣ ਵਜੋਂ ਕ੍ਰੋਧ ਦਾ ਭਾਵ। ਇਹ ਦੁਸ਼ਮਣ ਆਦਿ ਦੇਖ ਕੇ ਹੀ ਜਾਗਦਾ ਹੈ। ਸਥਾਈ ਭਾਵਾਂ ਦੀ ਸੰਖਿਆ 9 ਹੈ ਜੋ ਨਿਮਨਲਿਖਿਤ ਅਨੁਸਾਰ ਹਨ –

1) ਰਤਿ 2) ਉਤਸ਼ਾਹ 3) ਜੁਗੁਪਸਾ 4) ਕ੍ਰੋਧ 5) ਹਾਸ 6) ਵਿਸਮਯ 7) ਭਯ 8) ਸ਼ੋਕ 9) ਸ਼ਮ

2. **ਵਿਭਾਵ –** ਜੋ ਪ੍ਰਮੁੱਖ ਰੂਪ ਵਿੱਚ ਕਿਸੇ ਰਸ ਨੂੰ ਭਾਵਿਤ ਜਾਂ ਪ੍ਰਕਾਸ਼ਿਤ ਕਰੇ ਉਹ ਵਿਭਾਵ ਕਹਿਲਾਉਂਦਾ ਹੈ। ਇਹ ਦੋ ਪ੍ਰਕਾਰ ਦਾ ਹੁੰਦਾ ਹੈ – ਆਲੰਬਨ ਵਿਭਾਵ ਤੇ ਉਦੀਪਨ ਵਿਭਾਵ। ਜਿਸਦਾ ਸਹਾਰਾ ਲੈ ਕੇ ਰਸਭਾਵ ਪੈਦਾ ਹੁੰਦਾ ਹੈ, ਉਹ ਕਲਾਕਾਰ ਆਦਿ ਪਾਤਰ ਆਲੰਬਨ ਵਿਭਾਵ ਕਹਿਲਾਉਂਦੇ ਹਨ। ਠਕਿ ਇਸੇ ਤਰ੍ਹਾਂ ਜੋ ਭਾਵਾਂ ਨੂੰ ਉਦੀਪਤ ਕਰੇ ਜਿਵੇਂ ਚੰਦ, ਚਾਂਦਨੀ, ਠੰਡੀ ਹਵਾ ਅਦਿ।

3. **ਅਨੁਭਾਵ –** ਰਤਿ ਆਦਿ ਸਥਾਈ ਭਾਵਾਂ ਦੀ ਸੂਚਨਾ ਕਰਵਾਉਣ ਵਾਲੇ ਇਹ ਅਨੁਭਵ ਹੀ ਸਰੋਤਿਆਂ ਦੇ ਮਨ ਨੂੰ ਰਤਿ ਆਦਿ ਸਥਾਈ ਭਾਵਾਂ ਨਾਲ ਜਾਣੂ ਕਰਵਾਉਂਦੇ ਹਨ। ਇਹ ਸਥਾਈ ਭਾਵ ਦੇ ਬਾਅਦ ਹੀ ਪੈਦਾ ਹੁੰਦੇ ਹਨ। ਅਨੁਭਾਵ ਦੇ ਅਨੁ ਤੋਂ ਭਾਵ ਪਿੱਛੇ। ਇਨ੍ਹਾਂ ਨੂੰ ਰਸ ਭਾਵ ਦਾ ਕਾਰਜ ਵੀ ਕਿਹਾ ਜਾਂਦਾ ਹੈ।

4. **ਸੰਚਾਰੀ ਭਾਵ –** ਜਿਵੇਂ ਪਾਣੀ ਦੇ ਵਗਦੇ ਸਮਾਂ ਛੋਟੇ-ਛੋਟੇ ਪਾਣੀ ਦੇ ਬੁਲਬੁਲੇ ਉੱਠਦੇ ਹਨ ਤੇ ਫਿਰ ਉਸੇ ਵਿੱਚ ਘੁਲ਼ਮਿਲ ਜਾਂਦੇ ਹਨ, ਉਸੇ ਤਰ੍ਹਾਂ ਰਤਿ ਆਦਿ ਸਥਾਈ ਭਾਵ ਦੀ ਪ੍ਰਕਿਰਿਆ ਦੇ ਸਮਾਂ ਸੰਚਾਰ ਕਰਨ ਵਾਲੇ ਉਸਦੇ ਪੋਸ਼ਕ ਸਹਾਇਕ ਭਾਵਾਂ ਨੂੰ ਸੰਚਾਰੀ ਜਾਂ ਵਿਯਭਿਚਾਰੀ ਭਾਵ ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ 33 ਕਹੀ ਗਈ ਹੈ। ਵਿਭਾਵ, ਅਨੁਭਾਵ, ਸੰਚਾਰੀ ਭਾਵ ਨਾਲ ਪੋਸ਼ਿਤ ਸਥਾਈ ਭਾਵ ਹੀ ਰਸ ਕਹਿਲਾਉਂਦਾ ਹੈ।

ਰਸਾਂ ਦੀ ਸੰਖੇਪ ਵਿੱਚ ਚਰਚਾ ਇਸ ਪ੍ਰਕਾਰ ਹੈ –

- **ਸ਼ਿੰਗਾਰ ਰਸ –** ਜਦੋਂ ਰਤਿ ਸਥਾਈ ਭਾਵ ਪੂਰਨ ਰੂਪ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ ਤਾਂ ਇਸ ਨੂੰ ਸ਼ਿੰਗਾਰ ਰਸ ਕਹਿੰਦੇ ਹਨ। ਸ਼੍ਰਿੰਗ ਦਾ ਅਰਥ ਹੈ ਵਾਸਨਾ। ਬੇਚੈਨੀ, ਹਲਕੀ ਮੁਸਕਰਾਹਟ, ਸ਼ਰਮ, ਆਦਿ ਹਾਵ- ਭਾਵ ਇਸਦੇ ਅਨੁਭਾਵ ਹਨ। ਮੌਤ, ਕਰੂਰਤਾ, ਆਲਸ ਅਤੇ ਜੁਗੁਪਸਾ ਨੂੰ ਛੱਡ ਕੇ ਬਾਕੀ ਸਾਰੇ ਸੰਚਾਰੀ ਭਾਵ ਇਸਦੇ ਪੋਸ਼ਕ ਹਨ।

ਸ਼ਿੰਗਾਰ ਰਸ ਦੇ ਦੋ ਭੇਦ ਹਨ

1. **ਸੰਯੋਗ ਸ਼ਿੰਗਾਰ –** ਜਿੱਥੇ ਪਿਆਰ ਨਾਲ ਭਰਪੂਰ ਛੋਹ, ਗੱਲਬਾਤ, ਦਰਸ਼ਨ, ਆਦਿ ਪ੍ਰਗਟ ਹੋਣ।

2. **ਵਿਯੋਗ ਸ਼ਿੰਗਾਰ –** ਜਦੋਂ ਬਹੁਤ ਪਿਆਰ ਹੁੰਦੇ ਹੋਏ ਵੀ ਆਪਣੇ ਉਸ ਪਿਆਰ ਦੀ ਕਮੀ ਜਾਂ ਤੜਪ ਹੋਵੇ।

- **ਹਾਸਯ ਰਸ –** ਕਿਸੇ ਵੀ ਬੋਲ, ਹਾਸੋਹੀਣੀ ਵਤੀਰੇ ਨਾਲ ਜਾਂ ਕਿਸੇ ਵੀ ਤਰ੍ਹਾਂ ਹਾਸਯ ਨਾਮ ਦੇ ਸਥਾਈ ਭਾਵ ਦੀ ਉਤਪੰਨਤਾ ਹੋਵੇ।

- **ਕਰੁਣ ਰਸ –** ਸੋਗ ਦੀ ਪਰਿਪੁਸ਼ਟਤਾ ਦਾ ਹੀ ਨਾਮ ਕਰੁਣ ਰਸ ਹੈ। ਇਸਦਾ ਸਥਾਈ ਭਾਵ ਸੋਗ ਹੈ। ਵੈਰਾਗ, ਚਿੰਤਾ, ਮਰਨ ਆਦਿ ਇਸਦੇ ਸੰਚਾਰੀ ਭਾਵ ਹਨ। ਕਿਸੇ ਆਪਣੇ ਪਿਆਰੇ ਵਿਅਕਤੀ ਜਾਂ ਵਸਤੂ ਦੀ ਹਾਨੀ, ਕਲੇਸ਼, ਪਤਨ, ਅਜ਼ੀਜ਼ ਦਾ ਵਿਛੋੜਾ, ਸੰਪੱਤੀ ਦੀ ਹਾਨੀ, ਜੇਲ੍ਹ, ਬਦਕਿਸਮਤੀ, ਸੱਟ ਆਦਿ ਕਾਰਨਾਂ ਕਰਕੇ ਕਸ਼ਟ ਪ੍ਰਪਾਤ ਹੋਵੇ ਉਸ ਤੋਂ ਕਰੁਣ ਰਸ ਦੀ ਉੱਤਪੱਤੀ ਹੁੰਦੀ ਹੈ ।

- **ਰੋਦਰ ਰਸ –** ਜਿੱਥੇ ਪ੍ਰਬਲ ਭਾਵ ਬਹੁਤ ਜਿਆਦਾ ਗੁੱਸੇ ਦੀ ਭਾਵਨਾ ਪੈਦਾ ਹੁੰਦੀ ਹੈ ਉੱਥੇ ਰੋਦਰ ਰਸ ਦਾ ਪ੍ਰਗਟਾਵਾ ਹੁੰਦਾ ਹੈ। ਬੇਰਹਿਮੀ, ਭਿਆਨਕਤਾ, ਕਰੂਰਤਾ ਆਦਿ ਇਸਦੇ ਸੰਚਾਰੀ ਭਾਵ ਹਨ।

- **ਵੀਰ ਰਸ –** ਪੂਰਨ ਉਤਸ਼ਾਹ ਨਾਲ ਭਰਪੂਰ ਸਥਾਈ ਭਾਵ ਨਾਲ ਜੋ ਰਸ ਉਜਾਗਰ ਹੁੰਦਾ ਹੈ ਉਹ ਵੀਰ ਰਸ ਕਹਿਲਾਉਂਦਾ ਹੈ। ਗਰਵ, ਉਗਰਤਾ, ਤਰਕ, ਧੀਰਜ ਆਦਿ ਇਸਦੇ ਸੰਚਾਰੀ ਭਾਵ ਹਨ। ਇਸਦੇ 4 ਭੇਦ ਮੰਨੇ ਗਏ ਹਨ

1. ਧਰਮਵੀਰ 2. ਯੁਧਵੀਰ 3. ਦਾਨਵੀਰ 4. ਦਿਆਵੀਰ

- **ਭਿਆਨਕ ਰਸ –** ਜਦੋਂ ਕਿਸੇ ਬੋਲ, ਚੀਜ ਆਦਿ ਨਾਲ ਡਰ ਦੀ ਭਾਵਨਾ ਉਤਪੰਨ ਹੋਵੇ, ਉਦੋਂ ਭਿਆਨਕ ਰਸ ਦੀ ਉੱਤਪੱਤੀ ਹੁੰਦੀ ਹੈ।

- **ਵੀਭਤਸ ਰਸ –** ਜਿੱਥੇ ਦੋਸ਼ ਤੇ ਨਫਰਤ ਦੇ ਭਾਵਾਂ ਦੀ ਉਜਾਗਰਤਾ ਹੁੰਦੀ ਹੈ, ਉਹ ਵੀਭਤਸ ਰਸ ਹੈ। ਇਸ ਦਾ ਸਥਾਈ ਭਾਵ ਜੁਗੁਪਸਾ ਭਾਵ ਨਫਰਤ ਹੈ। ਅਦਭੁੱਤ ਰਸ – ਹੈਰਾਨੀ ਦੀ ਭਾਵਨਾ ਨੂੰ ਅਦਭੁੱਤ ਰਸ ਕਹਿੰਦੇ ਹਨ। ਹੈਰਾਨੀਜਨਕ ਘਟਨਾ ਜਾਂ ਵਸਤੂ ਨੂੰ ਦੇਖਣ ਨਾਲ਼ ਇਸ ਰਸ ਦਾ ਅਹਿਸਾਸ ਹੁੰਦਾ ਹੈ।

- **ਸ਼ਾਂਤ ਰਸ –** ਸ਼ਾਂਤ ਰਸ ਗੁੱਸੇ ਨੂੰ ਦਬਾ ਕੇ ਸ਼ਰਮ ਦੀ ਭਾਵਨਾ ਜਾਂ ਨਿਰਵੇਦ ਭਾਵ ਦੀ ਸੰਪੂਰਨਤਾ ਦਾ ਨਾਮ ਹੈ। ਜਦੋਂ ਮਨੁੱਖ ਨੂੰ ਦੁਨਿਆਵੀ ਸੁੱਖਾਂ-ਦੁੱਖਾਂ, ਨਫਰਤ, ਮੋਹ, ਚਿੰਤਾ ਆਦਿ ਤੋਂ ਮੁਕਤੀ ਮਿਲਦੀ ਹੈ ਅਤੇ ਉਸਦਾ ਦਾ ਮਨ ਸ਼ਾਂਤ ਅਤੇ ਸਥਿਰ ਹੋ ਜਾਂਦਾ ਹੈ ਅਤੇ ਅਲੌਕਿਕ ਆਨੰਦ ਦਾ ਅਨੁਭਵ ਕਰਨ ਲੱਗ ਪੈਂਦਾ ਹੈ, ਤਾਂ ਸ਼ਾਂਤ ਰਸ ਪੈਦਾ ਹੁੰਦਾ ਹੈ। ਆਨੰਦ, ਯਾਦ, ਜੀਵਾਂ ਉੱਤੇ ਦਇਆ ਆਦਿ ਸ਼ਾਂਤ ਰਸ ਦੇ ਸੰਚਾਰੀ ਭਾਵ ਹਨ।

- **ਵਾਤਸਲਯ ਰਸ –** ਜਿਸ ਨਾਲ ਮਾਂ ਦੀ ਮਮਤਾ ਦੀ ਝਲਕ ਮਿਲੇ, ਉਸ ਸਮੇਂ ਵਾਤਸਲਯ ਰਸ ਉਤਪੰਨ ਹੁੰਦਾ ਹੈ। ਇਹ ਇੱਕ ਨਵਾਂ ਰਸ ਹੈ।

- **ਭਗਤੀ ਰਸ –** ਪ੍ਰਮਾਤਮਾ ਦੀ ਅਰਾਧਨਾ ਕਰਨ ਸਮੇਂ, ਉਸਨੂੰ ਯਾਦ ਕਰਦੇ ਸਮੇਂ ਆਦਿ ਜਿਸ ਰਸ ਦੀ ਉੱਤਪੱਤੀ ਹੁੰਦੀ ਹੈ, ਉਦੋਂ ਭਗਤੀ ਰਸ ਦੀ ਨਿਸ਼ਪੱਤੀ ਹੁੰਦੀ ਹੈ।

ਭਰਤ ਨੇ ਰਸਾਂ ਦੀ ਸੰਖਿਆ ਅੱਠ ਦੱਸੀ ਹੈ ਸ਼ਿੰਗਾਰ ਰਸ, ਹਾਸ ਰਸ, ਕਰੁਣ ਰਸ, ਰੋਦਰ ਰਸ, ਵੀਰ ਰਸ, ਭਿਆਨਕ ਰਸ, ਵੀਭਤਸ ਰਸ ਅਤੇ ਅਦਭੁੱਤ ਰਸ । ਇਸ ਤੋਂ ਉਪਰੰਤ ਅਭਿਨਵਗੁਪਤ ਨੇ ਸ਼ਾਂਤ ਰਸ ਦੱਸਿਆ ਤੇ ਰਸਾਂ ਦੀ ਸੰ. ਨੌਂ ਹੋ ਗਈ। ਫਿਰ ਆਚਾਰਯ ਵਿਸ਼ਵਨਾਥ ਨੇ ਦੱਸਵਾਂ ਰਸ ਵਾਤਸਲਯ ਰਸ ਦੱਸਿਆ। ਇਸ ਤੋਂ ਇੱਕ ਹੋਰ ਰਸ ਭਗਤੀ ਰਸ ਦੀ ਉੱਤਪੱਤੀ ਹੋਈ । ਇਸ ਤਰ੍ਹਾਂ ਵਰਤਮਾਨ ਕਾਲ ਵਿੱਚ ਰਸਾਂ ਦੀ ਸੰਖਿਆ 11 ਮੰਨੀ ਜਾਂਦੀ ਹੈ।

**ਸਾਹਿਤਿਕ ਪੱਖ** - ਸੰਗੀਤ ਸੁਰਾਂ 'ਤੇ ਨਿਰਭਰ ਕਰਦਾ ਹੈ ਪਰ ਇਸ ਵਿਚ ਸ਼ਬਦ ਵੀ ਬਰਾਬਰ ਮਹੱਤਵਪੂਰਨ ਹਨ। ਜੇਕਰ ਸੁਰਾਂ ਦੀ ਭਾਸ਼ਾ ਮੂਕ ਹੈ ਤਾਂ ਸ਼ਬਦ ਸੁਰਾਂ ਨੂੰ ਆਵਾਜ਼ ਦਿੰਦੇ ਹਨ। ਇੰਜ ਜਾਪਦਾ ਹੈ ਜਿਵੇਂ ਸ਼ਬਦਾਂ ਤੋਂ ਬਿਨਾਂ ਆਵਾਜ਼ਾਂ ਦਾ ਦਮ ਘੁੱਟ ਜਾਂਦਾ ਹੈ। ਆਧੁਨਿਕ ਹਿੰਦੁਸਤਾਨੀ ਸੰਗੀਤ ਦੀਆਂ ਪ੍ਰਮੁੱਖ ਵਿਧਾਵਾਂ ਵਿੱਚ ਭਾਸ਼ਾ ਦਾ ਸਥਾਨ ਬਹੁਤ ਮਹੱਤਵ ਰੱਖਦਾ ਹੈ। ਸੰਗੀਤ ਵਿੱਚ ਆਵਾਜ਼ਾਂ ਅਤੇ ਸ਼ਬਦਾਂ ਦੇ ਸੁੰਦਰ ਮਿਲਾਪ ਦੁਆਰਾ ਭਾਵਨਾਤਮਕ ਖਿੱਚ ਪੈਦਾ ਹੁੰਦੀ ਹੈ। ਖ਼ਿਆਲ ਦੀਆਂ ਰਚਨਾਵਾਂ ਬ੍ਰਜ ਭਾਸ਼ਾ, ਅਵਧੀ, ਸੰਸਕ੍ਰਿਤ, ਹਿੰਦੀ, ਭੋਜਪੁਰੀ, ਫ਼ਾਰਸੀ, ਉਰਦੂ, ਪੰਜਾਬੀ ਆਦਿ ਭਾਸ਼ਾਵਾਂ ਵਿੱਚ ਮਿਲਦੀਆਂ ਹਨ। 16ਵੀਂ ਸਦੀ ਤੋਂ ਲੈ ਕੇ ਹੁਣ ਤੱਕ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਭਾਸ਼ਾ

ਜ਼ਿਆਦਾਤਰ ਹਿੰਦੀ ਰਹੀ ਹੈ। ਵੈਸੇ ਤਾਂ ਅਜੋਕੇ ਦੌਰ ਵਿੱਚ ਅਵਧੀ, ਭੋਜਪੁਰੀ ਆਦਿ ਹਿੰਦੀ ਦੀਆਂ ਉਪ-ਬੋਲੀਆਂ ਵਿੱਚ ਖ਼ਿਆਲ ਰਚਣ ਦੀ ਜੁਰਅਤ ਬਹੁਤ ਸਾਰੇ ਖ਼ਿਆਲ ਰਚਣਹਾਰਿਆਂ ਨੇ ਕੀਤੀ ਹੈ, ਪਰ ਭਾਸ਼ਾ ਦੀ ਜੋ ਸੁਰੀਲੀਤਾ ਬ੍ਰਜਭਾਸ਼ਾ ਅਤੇ ਪੰਜਾਬੀ ਖ਼ਿਆਲਾਂ ਵਿੱਚ ਵੇਖਣ ਨੂੰ ਮਿਲਦੀ ਹੈ, ਉਹ ਹੋਰ ਕਿਸੇ ਭਾਸ਼ਾ ਵਿੱਚ ਨਹੀਂ ਮਿਲਦੀ। ਨਾਥਨ ਪੀਰ ਬਖ਼ਸ਼, ਖੁਦਾ ਬਖ਼ਸ਼, ਵੱਡੇ ਮੁਹੰਮਦ ਖ਼ਾਨ, ਹਦੂ ਖ਼ਾਨ, ਹੱਸੂ ਖ਼ਾਨ, ਤਰਸ ਖ਼ਾਨ, ਫ਼ਤਿਹ ਅਲੀ, ਉਸਤਾਦ ਵੱਡੇ ਗੁਲਾਮ ਅਲੀ ਖ਼ਾਨ ਆਦਿ ਨੇ ਵੀ 18ਵੀਂ ਅਤੇ 19ਵੀਂ ਸਦੀ ਵਿਚ ਇਸ ਸਬੰਧੀ ਯੋਗਦਾਨ ਪਾਇਆ। 20ਵੀਂ ਸਦੀ ਦੇ ਸੰਗੀਤਕਾਰ ਉਸਤਾਦ ਸੋਹਣ ਸਿੰਘ, ਪ੍ਰੋ. ਤਾਰਾ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਡਾ. ਸ਼ੰਕਰ ਲਾਲ ਮਿਸ਼ਰਾ, ਉਸਤਾਦ ਲਕਸ਼ਮਣ ਸਿੰਘ ਸੀਨ, ਮਾਸਟਰ ਹਰੀਦੇਵ, ਬੀ.ਐਸ. ਨਾਰੰਗ, ਪੰਡਿਤ ਜਵਾਹਰ ਲਾਲ ਸ਼ਰਮਾ, ਪ੍ਰੋ. ਓ, ਪੀ.ਮੰਗੋਤਰਾ, ਡਾ. ਦਰਸ਼ਨ ਸਿੰਘ ਨਰੂਲਾ, ਡਾ. ਸੁਰਿੰਦਰ ਕਪਿਲਾ, ਪ੍ਰੋ. ਜਗਜੀਤ ਵਾਲੀਆ ਆਦਿ ਨੇ ਵੀ ਪੰਜਾਬੀ ਭਾਸ਼ਾ ਵਿੱਚ ਰਚਨਾਵਾਂ ਰਚੀਆਂ। ਕਲਾ ਦਾ ਮਾਧਿਅਮ ਮੁੱਖ ਤੌਰ 'ਤੇ ਸੰਗੀਤ ਵਿੱਚ ਸਾਹਿਤ ਦਾ ਸੰਚਾਰ ਹੈ। ਸਾਹਿਤ ਦੀ ਵੋਕਲ ਮੌਜੂਦਗੀ ਦੇ ਨਾਲ-ਨਾਲ ਸੰਗੀਤਕ ਕਲਾ ਦਾ ਰੂਪ ਵੀ ਉੱਭਰਦਾ ਹੈ। ਬੰਦਿਸ਼ ਦੇ ਸ਼ਬਦ ਭਾਸਾ ਰਾਗ ਦੇ ਸਵਰਾਂ ਨੂੰ ਹੋਰ ਵੀ ਵਧੀਆ ਢੰਗ ਨਾਲ ਸ਼ਿੰਗਾਰਦੇ ਹਨ। ਭਾਸ਼ਾ ਭਾਵਨਾਵਾਂ, ਵਿਚਾਰਾਂ ਅਤੇ ਕੋਮਲ ਕਲਪਨਾ ਦੇ ਪ੍ਰਭਾਵਸ਼ਾਲੀ ਸੰਗ੍ਰਹਿ ਤੋਂ ਬਣੀ ਹੈ। ਜੇ ਭਾਸ਼ਾ ਨਾ ਹੁੰਦੀ ਤਾਂ ਸੰਗੀਤ ਲਈ ਕੋਈ ਸ਼ਬਦ ਨਾ ਹੁੰਦਾ। ਧੁਨ ਵਿੱਚ ਨੋਟਾਂ ਵਿੱਚ ਜਾਨ ਹੁੰਦੀ ਹੈ ਅਤੇ ਧੁਨ ਵਿੱਚ ਸ਼ਬਦਾਂ ਵਿੱਚ ਜਾਨ ਹੁੰਦੀ ਹੈ। ਅਵਾਜ਼ਾਂ ਨੂੰ ਮਿੱਠੇ ਅਤੇ ਮਿੱਠੇ ਸ਼ਬਦਾਂ ਦੀ ਭਾਸ਼ਾ ਵਿੱਚ ਰੰਗਿਆ ਜਾਂਦਾ ਹੈ। ਸੰਗੀਤ ਨੂੰ ਕਦੇ ਵੀ ਭਾਸ਼ਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸ਼ਬਦਾਂ ਦੀ ਮਦਦ ਨਾਲ ਰਾਗ ਦੇ ਸਵਰਾਂ ਨੂੰ ਸਹੀ ਢੰਗ ਨਾਲ ਸੰਚਾਰਿਤ ਕੀਤਾ ਜਾਂਦਾ ਹੈ। ਸੰਗੀਤ ਵਿੱਚ ਗਾਇਨ ਪੜਾ, ਮੰਤਰ, ਸਲੋਕਾ, ਛੰਦ ਆਦਿ ਰਾਹੀਂ ਹੀ ਸੰਭਵ ਹੋਇਆ ਹੈ। ਜੇਕਰ ਗੋਰਖਨਾਥ, ਕਬੀਰ ਵਰਗੇ ਸੂਫ਼ੀ ਕਵੀਆਂ ਅਤੇ ਵਾਗਯਾਕਾਰਾਂ ਦੇ ਅਹੁਦੇ ਸਾਹਿਤ ਵਿੱਚ ਉਪਲਬਧ ਨਾ ਹੁੰਦੇ ਤਾਂ ਅਸੀਂ ਸੋਚ ਵੀ ਨਹੀਂ ਸਕਦੇ ਸੀ ਕਿ ਭਾਰਤੀ ਸੰਗੀਤ ਇੰਨਾ ਖੁਸ਼ਹਾਲ ਹੋ ਸਕਦਾ ਸੀ। ਸਾਹਿਤ ਸਾਰੀਆਂ ਕਲਾਵਾਂ ਦੀ ਮੌਲਿਕ ਆਵਾਜ਼ ਜਾਂ ਗੂੰਜ ਦੇ ਰੂਪ ਵਿੱਚ ਮੌਜੂਦ ਰਿਹਾ ਹੈ।

ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ ਤਾਂ ਸੰਗੀਤ ਸਾਮਾਜਿਕ ਰਵੱਈਆ ਦਾ ਪ੍ਰਤੀਬਿੰਬ ਹੈ। ਭਾਸ਼ਾ ਸੰਗੀਤ ਤੇ ਸਾਹਿਤ ਦੋਵਾਂ ਨੂੰ ਆਧਾਰ ਪ੍ਰਦਾਨ ਕਰਦੀ ਹੈ। ਜਿਸ ਤਰ੍ਹਾਂ ਭਾਸ਼ਾ ਸਾਧਾਰਣ ਸਮਾਜ ਦੇ ਭਾਵਾਂ ਦੇ ਪ੍ਰਗਟਾਵੇ ਦਾ ਪ੍ਰਮੁੱਖ ਸਾਧਨ ਹੈ, ਉਸੀ ਤਰ੍ਹਾਂ ਸੰਗੀਤ ਦੇ ਮੂਲ ਰੂਪ ਨੂੰ ਸਹੀ ਮਤਲਬ ਵਿੱਚ ਭਾਸ਼ਾ ਤੋਂ ਬਿਨਾਂ ਸਵੀਕਾਰ ਨਹੀ ਕੀਤਾ ਜਾ ਸਕਦਾ। ਭਾਸ਼ਾ ਉਹ ਤੱਤ ਹੈ ਜੋ ਸੰਗੀਤ ਦੇ ਨਾਲ ਮਿਲ ਕੇ ਸਰੋਤਿਆਂ ਦੇ ਮਨ ਦੀਆਂ ਸੂਖਮ ਭਾਵਨਾਵਾਂ ਨੂੰ ਪ੍ਰਗਟਾਵਾ ਪ੍ਰਦਾਨ ਕਰਦੀਆਂ ਹਨ। ਅਲੱਗ- ਅਲੱਗ ਹਾਲਤਾਂ ਵਿੱਚ ਕਦੀ ਸੰਗੀਤ ਵੱਧ ਪ੍ਰਭਾਵੀ ਹੁੰਦਾ ਹੈ ਤਾਂ ਕਦੀ ਭਾਸ਼ਾ।

## 5.2 20ਵੀਂ ਸਦੀ ਨਵ-ਨਿਰਮਿਤ ਰਾਗਾਂ ਵਿੱਚ ਰਸ, ਭਾਵ ਅਤੇ ਸਾਹਿਤਿਕ ਪੱਖ

### 5.2.1 1901 ਤੋਂ 1925 ਈ. ਤੱਕ ਬਣੇ ਰਾਗ

ਖੋਜਾਰਥਣ ਨੂੰ ਘੋਖਣ ’ਤੇ ਇਸ ਸਮੇਂ ਵਿੱਚ ਸਾਧਨਾਂ ਦੇ ਆਭਾਵ ਆਦਿ ਹੋਣ ਕਰਕੇ ਦੋ ਰਾਗ ਮਿਲੇ ਜਿਨ੍ਹਾਂ ਦੇ ਸਿਰਫ ਸਰੂਪ ਹੀ ਪਤਾ ਲੱਗ ਸਕੇ ਹਨ। ਤੇ ਰਾਗ ਮਾਲਗੁੰਜੀ ਦਾ ਸਾਹਿਤ ਮਿਲਿਆ ਹੈ ਜੋ ਇਸ ਪ੍ਰਕਾਰ ਹੈ-

ਸਥਾਈ ਮੁਰਲੀ ਕੀ ਧੁਨ ਸੁਨੀ ਸਖੀ ਰੀ ਆਜ
ਆਜ ਸੂਝਤ ਨਾਹੀ ਕਛੁ ਕਾਮ ਕਾਜ।

ਅੰਤਰਾ ਜਾਤ ਰਹੀ ਥੀ ਜਮੁਨਾ ਜਲ ਭਰਵਾ
ਭਰਨ ਲੱਗੀ ਡੂਬ ਗਈ ਡੱਗਰੀ ਮੋਰੀ
ਕਿਆ ਕਰੂੰ ਸੁਧ ਗਈ ਮੋਰੀ ਤਨਹੀ
ਛੋਰ ਦੀਉ ਚਿੱਤ ਬੰਸੀ ।[78]

ਇਸ ਦੀ ਪ੍ਰਕਿਰਤੀ ਚੰਚਲ ਹੈ। ਇਸ ਵਿੱਚੋਂ ਸ਼ਿੰਗਾਰ ਰਸ ਤੇ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ। ਤਿੰਨਾਂ ਸਪਤੱਕਾਂ ਵਿੱਚ ਇਸਦਾ ਚਲਨ ਹੈ। ਇਸ ਵਿੱਚ ਰਚਨਾਕਾਰ ਨੇ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਹੈ ਤੇ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ

[78] *Youtube.com/watch?v=ZQPGd5jsqwE*

ਕ੍ਰਿਸ਼ਨ ਦੀ ਮੁਰਲੀ ਦੀ ਧੁਨ ਬਾਰੇ ਦੱਸਿਆ ਗਿਆ ਹੈ ਤੇ ਜਿਸ ਨੂੰ ਸੁਣ ਕੇ ਤਨ ਮਨ ਦਾ ਹਾਲ ਬਿਆਨਿਆ ਹੈ।

### 5.2.2 1926 ਤੋਂ 1950 ਈ. ਤੱਕ ਬਣੇ ਰਾਗ

1. **ਪ੍ਰਭਾਕਲੀ –** ਇਸ ਰਾਗ ਦੀ ਪ੍ਰਕਿਰਤੀ ਨਾ ਜਿਆਦਾ ਗੰਭੀਰ ਹੈ ਤੇ ਨਾ ਹੀ ਜਿਆਦਾ ਚੰਚਲ ਹੈ। ਇਸ ਵਿੱਚ ਖਾਂ ਸਾਹਿਬ ਨੇ ਵਿਲੰਬਿਤ ਗਤ ਵਿੱਚ ਰੂਪਕ ਤੇ ਦਰੁਤ ਗਤ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਹੈ। ਇਸ ਰਾਗ ਵਿੱਚ ਕਰੁਣ ਰਸ ਝਲਕਦਾ ਹੈ।

2. **ਮਦਨਮੰਜਰੀ –** ਇਸ ਦਾ ਚਲਨ ਮੱਧ ਅਤੇ ਤਾਰ ਸਪੱਤਕ ਵਿੱਚ ਅਧਿਕ ਹੈ। ਇਸ ਰਾਗ ਦੀ ਪ੍ਰਕਿਰਤੀ ਨਾ ਜਿਆਦਾ ਗੰਭੀਰ ਹੈ ਤੇ ਨਾ ਹੀ ਜਿਆਦਾ ਚੰਚਲ ਹੈ। ਇਸ ਰਾਗ ਦੀ ਦਰੁਤ ਗਤ ਵਿੱਚ ਤੀਨਤਾਲ ਦਾ ਤੇ ਦਰੁਤ ਖਿਆਲ ਵਿੱਚ ਤਿਲਵਾੜਾ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ।

ਸਥਾਈ ਸੁਹਤ ਚੌਂਦਰ ਬਦਨੀ ਮ੍ਰਿਗ ਨੈ<br>
ਪਿਕ ਬੈਨ ਮਨ ਹਰਨੀ ਚੋਮ ਪਮ ਬਰਨੀ।

ਅੰਤਰਾ ਅਧਰਨ ਬਿੰਬਧਰ ਦਾਸ਼ਨਨ ਨਾਸੀ ਕਾ<br>
ਭ੍ਰਕ੍ਰਿਤ ਧਨੁ ਝਲਕਤ ਮਨੀ।

ਇਸ ਬੰਦਿਸ਼ ਦੇ ਸਾਹਿਤ ਵਿੱਚ ਨਾਇਕਾ ਦੀ ਸੁੰਦਰਤਾ ਦਾ ਵਰਣਨ ਕੀਤਾ ਗਿਆ ਹੈ।

3. **ਹੇਮ ਬਿਹਾਗ –** ਇਸ ਵਿੱਚ ਖਾਂ ਸਾਹਿਬ ਨੇ ਤੀਨਤਾਲ ਵਿੱਚ ਗਤ ਦੀ ਰਚਨਾ ਕੀਤੀ ਹੈ। ਇਹ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਦਾ ਚਲਨ ਵਕਰ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ।

4. **ਸ਼ੋਭਾਵਤੀ –** ਇਸ ਰਾਗ ਵਿੱਚ ਰਚਨਾਕਾਰ ਨੇ ਵਿਲੰਬਿਤ ਗਤ ਵਿੱਚ ਰੂਪਕ ਤੇ ਦਰੁਤ ਗਤ ਵਿੱਚ ਏਕਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਦੀ ਪ੍ਰਕਿਰਤੀ ਚੰਚਲ ਹੈ। ਇਸ ਵਿੱਚ ਸ਼ਿੰਗਾਰ ਰਸ ਤੇ ਸ਼ਾਂਤ ਰਸ ਦਿਖਾਈ ਦਿੰਦਾ ਹੈ। ਮੱਧ ਤੇ ਤਾਰ ਸਪੱਤਕ ਵਿੱਚ ਇਹ ਰਾਗ ਅਧਿਕ ਗਾਇਆ ਵਜਾਇਆ ਜਾਂਦਾ ਹੈ।

5. **ਮਾਂਝ-ਖਮਾਜ** – ਇਸ ਰਾਗ ਵਿੱਚ ਗਤ ਰਚਨਾਵਾਂ ਰਚੀਆਂ ਗਈਆਂ। ਵਿਲੰਬਿਤ ਗਤ ਦਾਦਰਾ ਤਾਲ ਤੇ ਦਰੁਤ ਗਤ ਤੀਨ ਤਾਲ ਵਿੱਚ ਮਿਲਦੀ ਹੈ। ਇਸਦਾ ਚਲਨ ਤਿੰਨਾਂ ਸਪਤੱਕਾਂ ਵਿਚ ਹੁੰਦਾ ਹੈ। ਇਸਦੀ ਪ੍ਰਕਿਰਤੀ ਮਧੁਰ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੀ ਝਲਕ ਮਿਲਦੀ ਹੈ।

6. **ਹੇਮੰਤ** – ਇਸ ਰਾਗ ਦੀ ਪ੍ਰਕਿਰਤੀ ਮਧੁਰ ਹੈ। ਇਸਦਾ ਚਲਨ ਤਿੰਨਾਂ ਸਪੱਤਕਾਂ ਵਿੱਚ ਇੱਕੋ ਜਿਹਾ ਹੈ। ਇਸ ਰਾਗ ਦੀ ਗਤ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਸ਼ਿੰਗਾਰ ਤੇ ਸ਼ਾਂਤ ਰਸ ਦੇ ਦਰਸ਼ਨ ਹੁੰਦੇ ਹਨ।

7. **ਦੁਰਗੇਸ਼ਵਰੀ** – ਇਸ ਰਾਗ ਦੀ ਪ੍ਰਕਿਰਤੀ ਬਹੁਤ ਜਿਆਦਾ ਗੰਭੀਰ ਨਹੀ ਹੈ। ਇਸ ਰਾਗ ਦਾ ਚਲਨ ਮੱਧ ਤੇ ਤਾਰ ਸਪੱਤਕ ਵਿੱਚ ਜਿਆਦਾ ਹੁੰਦਾ ਹੈ। ਇਸ ਰਾਗ ਦੀ ਗਤ ਵਿੱਚ ਝੱਪਤਾਲ ਤੇ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਝਲਕਦਾ ਹੈ।

8. **ਧਵਲੇਸ਼੍ਰੀ** – ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਸ ਦਾ ਚਲਨ ਮੱਧ ਤੇ ਤਾਰ ਸਪੱਤਕ ਵਿੱਚ ਅਧਿਕ ਹੈ। ਇਸ ਵਿੱਚ ਭਗਤੀ ਰਸ ਦੀ ਪ੍ਰਾਪਤੀ ਹੁੰਦੀ ਹੈ। ਇਸ ਰਾਗ ਦੀ ਵਿਲੰਬਿਤ ਗਤ ਵਿੱਚ ਚਾਰਤਾਲ ਤੇ ਦਰੁਤ ਖਿਆਲ ਵਿੱਚ ਝੱਪਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

ਸਥਾਈ ਹਬੀਬਰ ਹੈ ਇਮਾਮ
ਦੀਨਨ ਦੁਖਾਹਰਨ
ਤੁਮ ਕਰੀਮ ਰਹੀਮ
ਪਾਪ ਤਾਪ ਹਰਨ

ਅੰਤਰਾ ਜਗਪਤਿ ਜਗਨਨਾਥ
ਮੇਰੋ ਅੱਲ੍ਹਾ
ਤੁਮ ਹੀ ਦੀਨ ਕੇ ਪਰਵਰਦਿਗਾਰ[79]

---

[79] ਉਸਤਾਦ ਅਲਾਉਦੀਨ ਖਾਂ ਦੁਆਰਾ ਨਿਰਮਿਤ ਰਾਗ ਔਰ ਉਨਕੀ ਬੰਦਿਸ਼ੇਂ, ਡਾ. ਪ੍ਰਭਾ ਜੈਨ, ਪੰ 117

ਇਸ ਦੇ ਸਾਹਿਤ ਨੂੰ ਵਾਚਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਖਾਂ ਸਾਹਿਬ ਨੇ ਇਸ ਵਿੱਚ ਖੁਦਾ ਕਰੀਮ-ਰਹੀਮ ਤੇ ਜਗਪਤਿ ਜਗਨਨਾਥ ਦੋਵਾਂ ਨੂੰ ਬੰਦਿਸ਼ ਦੁਆਰਾ ਪੁਕਾਰਿਆ ਹੈ। ਇਸ ਵਿਚ ਪਰਮਾਤਮਾ ਦਾ ਇੱਕ ਹੀ ਰੂਪ ਬਾਰੇ ਬਹੁਤ ਖੂਬਸੂਰਤ ਢੰਗ ਨਾਲ ਬਿਆਨਿਆ ਹੈ।

**9. ਭੁਵਨੇਸ਼ਵਰੀ –** ਇਸ ਰਾਗ ਦੀ ਪ੍ਰਕਿਤੀ ਮਧੁਰ ਹੈ ਤੇ ਤਿੰਨਾਂ ਸਪੱਤਕਾਂ ਵਿੱਚ ਇਸ ਦਾ ਚਲਨ ਸਮਾਨ ਹੈ। ਇਸ ਵਿੱਚ ਰਚਾਇਤਾ ਨੇ ਵਿਲੰਬਿਤ ਗਤ ਵਿੱਚ ਝੱਪਤਾਲ ਤੇ ਦਰੁਤ ਗਤ ਵਿੱਚ ਏਕਤਾਲ ਦਾ ਪ੍ਰਯੋਗ ਕੀਤਾ ਹੈ। ਖਾਂ ਸਾਹਿਬ ਨੇ ਇਸ ਰਾਗ ਵਿੱਚ ਇੱਕ ਗਾਇਨ ਬੰਦਿਸ਼ ਵੀ ਦਿੱਤੀ ਹੈ ਜੋ ਇਸ ਪ੍ਰਕਾਰ ਹੈ –

ਸਥਾਈ ਮਾਤੇਸ਼੍ਰੀ ਜਗਜਨਨੀ
ਵੀਣਾ ਪੁਸਤਕ ਧਾਰਿਨੀ
ਜਗਜਨਨ ਸੰਤਾਨ
ਪਾਪ ਤਾਪ ਦੁਖ ਹਾਰਿਨੀ

ਅੰਤਰਾ ਦੇਵ ਰਿਸ਼ੀ ਗੰਧਰਵ
ਸਬਹਿ ਤੁਮੇ ਪੂਜਤ
ਆਲਮ ਭਵ ਪਾਰ ਤਾਰਿਨਿ
ਭਕਤਨ ਹਿਤਕਾਰਿਨੀ। [80]

ਇਸ ਦੇ ਸਾਹਿਤ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ ਤੇ ਇਸ ਮਾਂ ਸਰਸਵਤੀ ਦੀ ਅਰਾਧਨਾ ਕੀਤੀ ਗਈ ਹੈ।

**10. ਕੇਦਾਰ ਮਾਂਝ –** ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਸ ਦਾ ਚਲਨ ਮੱਧ ਤੇ ਤਾਰ ਸੱਪਤਕ ਵਿੱਚ ਜਿਆਦਾ ਹੈ। ਇਸ ਰਾਗ ਦੀ ਬੰਦਿਸ਼ ਦੀ ਦਰੁਤ ਗਤ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਸ਼ਾਂਤ ਰਸ ਤੇ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ।

---

[80] ਉਸਤਾਦ ਅਲਾਉਦੀਨ ਖਾਂ ਦੁਆਰਾ ਨਿਰਮਿਤ ਰਾਗ ਔਰ ਉਨਕੀ ਬੰਦਿਸ਼ੇਂ, ਡਾ. ਪ੍ਰਭਾ ਜੈਨ, ਪੰ 119

**11. ਚੰਡਿਕਾ –** ਇਸ ਰਾਗ ਦਾ ਚਲਨ ਵਕਰ ਹੈ ਤੇ ਤਿੰਨਾਂ ਸਪਤੱਕਾਂ ਵਿੱਚ ਸਮਾਨ ਰੂਪ ਵਿੱਚ ਹੈ। ਇਸਦੀ ਪ੍ਰਕਿਰਤੀ ਮਧੁਰ ਹੈ। ਇਸ ਵਿੱਚ ਸ਼ਿੰਗਾਰ ਦੀ ਝਲਕ ਪ੍ਰਾਪਤ ਹੁੰਦੀ ਹੈ। ਇਸ ਰਾਗ ਵਿੱਚ ਵਿਲੰਬਿਤ ਗਤ ਵਿੱਚ ਝੱਪਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

**12. ਮੁਹੰਮਦ –** ਇਸ ਦਾ ਚਲਨ ਤਿੰਨਾਂ ਸਪੱਤਕਾਂ ਵਿੱਚ ਬਰਾਬਰ ਹੈ। ਇਸ ਦੀ ਪ੍ਰਕਿਰਤੀ ਨਾ ਹੀ ਚੰਚਲ ਹੈ ਤੇ ਨਾ ਹੀ ਗੰਭੀਰ। ਇਸ ਰਾਗ ਦੀ ਗਤ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਰਾਗ ਭਗਤੀ ਰਸ ਪ੍ਰਧਾਨ ਹੈ।

**13. ਕੋਸ਼ੀ ਭੈਰਵ –** ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਸਦਾ ਚਲਨ ਤਿੰਨਾਂ ਸਪਤੱਕਾਂ ਵਿੱਚ ਸਮਾਨ ਹੈ। ਇਸ ਰਾਗ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਰਾਗ ਗਤ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

**14. ਨੱਟ ਭੈਰਵ –** ਇਸ ਰਾਗ ਦੀ ਬੰਦਿਸ਼ ਵਿੱਚ ਸ਼ਿੰਗਾਰ ਰਸ ਤੇ ਭਗਤੀ ਰਸ ਝਲਕਦਾ ਹੈ। ਇਸਦਾ ਚਲਨ ਤਿੰਨਾਂ ਸਪੱਤਕਾਂ ਵਿੱਚ ਬਰਾਬਰ ਹੈ। ਇਸ ਵਿੱਚ ਏਕਤਾਲ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿੱਚ ਪੰ. ਜੀ ਨੇ ਏਕ ਤਾਲ ਵਿੱਚ ਮੱਧ ਲੈਅ ਵਿੱਚ ਬੰਦਿਸ਼ ਦਿੱਤੀ ਹੈ, ਜੋ ਇਸ ਪ੍ਰਕਾਰ ਹੈ–

ਸਥਾਈ – ਉਚਟ ਗਈ ਮੋਰੀ ਨਿੰਦੀਆ
ਦੇਖੀ ਸਪਨੇ ਸੁਹਾਨੇ।
ਅੰਤਰਾ – ਦੇਖੀ ਨਟਨਾਗਰ ਕੋ ਮੁਰਲੀ ਕੋ
ਅਧਰ ਧਰ ਮੰਦ-ਮੰਦ ਮੁਸਕਾਏ।

ਪੰ. ਜੀ ਨੇ ਇਸ ਬੰਦਿਸ਼ ਦੀਆਂ ਪੰਗਤੀਆਂ ਦੀ ਸ਼ਬਦ ਰਚਨਾ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਜਿਸ ਵਿੱਚ ਸ਼੍ਰੀ ਕ੍ਰਿਸ਼ਨ ਨੂੰ ਮੁਰਲੀ ਤੇ ਨਟਨਾਗਰ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ। ਸ਼੍ਰੀ ਕ੍ਰਿਸ਼ਨ ਨੂੰ ਨਾਇਕ ਵਜੋਂ ਕਿਹਾ ਗਿਆ ਹੈ। ਜਿਸ ਵਿੱਚ ਜਾਪਦਾ ਹੈ ਕਿ ਕਈ ਜੀਵ ਇਸਤਰੀ ਆਪਣੇ ਸੁਪਨੇ ਦੇ ਵਿੱਚ ਮੁਰਲੀਧਰ ਨੂੰ ਮੰਦ-ਮੰਦ ਭਾਵ ਹੌਲੀ-ਹੌਲੀ ਮੁਸਕਰਾਉਂਦੇ ਹੋਏ ਦੇਖਦੀ ਹੈ।

15. **ਅਹੀਰ ਲਲਿਤ –** ਇਹ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਖੋਜਾਰਥਣ ਨੂੰ ਇਸ ਰਾਗ ਦੇ ਰਚਨਾਕਾਰ ਦੀ ਬੰਦਿਸ਼ ਵਿੱਚ ਸਿਰਫ ਗਤ ਪ੍ਰਾਪਤ ਹੋਈ ਹੈ। ਸਵੇਰ ਦਾ ਰਾਗ ਹੋਣ ਕਰਕੇ ਇਸ ਵਿੱਚ ਭਗਤੀ ਰਸ ਤੇ ਸ਼ਿੰਗਾਰ ਰਸ ਦੇਖਣ ਨੂੰਮਿਲਦਾ ਹੈ। ਇਸ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

16. **ਰਸੀਆ –** ਇਸ ਰਾਗ ਦੀ ਪ੍ਰਕਿਰਤੀ ਚੰਚਲ ਹੈ। ਇਸ ਦਾ ਚਲਨ ਤਿੰਨਾਂ ਸਪੱਤਕਾਂ ਵਿੱਚ ਸਮਾਨ ਹੈ। ਇਸ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਰਚਨਾਕਾਰ ਨੇ ਇਸ ਬੰਦਿਸ਼ ਵਿੱਚ ਗਤ ਦੀ ਰਚਨਾ ਕੀਤੀ ਹੈ।

17. **ਜਨਸੰਮੋਹਿਨੀ –** ਇਹ ਚੰਚਲ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇਖਣ ਨੂੰ ਮਿਲਦਾ ਹੈ। ਇਸ ਰਾਗ ਦਾ ਮੱਧ ਤੇ ਤਾਰ ਸਪੱਤਕ'ਚ ਚਲਨ ਅਧਿਕ ਹੈ। ਰਚਨਾਕਾਰ ਨੂੰ ਇਸ ਬੰਦਿਸ਼ ਵਿੱਚ ਗਤ ਮਿਲਦੀ ਹੈ। ਇਸ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

18. **ਤਿਲਕ ਸਿਯਾਮ –** ਇਹ ਚੰਚਲ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇਖਣ ਨੂੰ ਮਿਲਦਾ ਹੈ। ਇਹ ਰਾਗ ਤਿੰਨਾਂ ਸਪੱਤਕਾਂ 'ਚ ਸਮਾਨ ਚਲਦਾ ਹੈ। ਇਸ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਰਚਨਾਕਾਰ ਨੇ ਇਸ ਬੰਦਿਸ਼ ਵਿੱਚ ਗਤ ਦੀ ਰਚਨਾ ਕੀਤੀ ਹੈ।

19. **ਮੌਹਨ ਕੌਂਸ –** ਇਹ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਤਿੰਨੋਂ ਸਪੱਤਕ । ਇਸ ਰਾਗ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਰਚਨਾਕਾਰ ਨੇ ਇਸ ਬੰਦਿਸ਼ ਵਿੱਚ ਗਤ ਦੀ ਰਚਨਾ ਕੀਤੀ ਹੈ।

20. **ਬੈਰਾਗੀ –** ਇਹ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਤੇ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ । ਇਸ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਤਿੰਨੋਂ ਸਪੱਤਕਾਂ ਵਿੱਚ ਇਸਦਾ ਚਲਨ ਹੈ।

**21. ਯਮਨ ਮਾਂਝ –** ਇਸ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਰਚਨਾਕਾਰ ਨੇ ਇਸ ਬੰਦਿਸ਼ ਵਿੱਚ ਗਤ ਦੀ ਰਚਨਾ ਕੀਤੀ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸਦਾ ਚਲਨ ਮੰਦਰ ਅਤੇ ਮੱਧ ਸਪੱਤਕ ਵਿੱਚ ਹੈ।

**22. ਗੂੰਜੀ ਕਾਨੜ੍ਹਾ –** ਇਸ ਰਾਗ ਵਿੱਚ ਸ਼ਿੰਗਾਰ ਰਸ ਤੇ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ । ਇਸ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਰਚਨਾਕਾਰ ਨੇ ਇਸ ਬੰਦਿਸ਼ ਵਿੱਚ ਗਤ ਦੀ ਰਚਨਾ ਕੀਤੀ ਹੈ। ਇਸਦਾ ਚਲਨ ਮੰਦਰ ਅਤੇ ਮੱਧ ਵਿੱਚ ਹੈ।

**23. ਪੰਚਮ ਗਾਰਾ –** ਇਹ ਚੰਚਲ ਪ੍ਰਕਿਰਤੀ ਦਾ ਰਾਗ ਹੈ। ਰਚਨਾਕਾਰ ਨੇ ਇਸ ਬੰਦਿਸ਼ ਵਿੱਚ ਗਤ ਦੀ ਰਚਨਾ ਕੀਤੀ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸਦਾ ਚਲਨ ਮੱਧ ਤੇ ਤਾਰ ਸਪੱਤਕ ਵਿੱਚ ਵਧੇਰੇ ਹੈ।

**24. ਮਿਸ਼ਰ ਗਾਰਾ –** ਇਹ ਅਤਿ ਚੰਚਲ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਦਾ ਮੱਧ ਤੇ ਤਾਰ ਸਪੱਤਕ ਵਿੱਚ ਵਧੇਰੇ ਚਲਨ ਹੈ।

**25. ਜੋਗਕੌਂਸ –** ਇਸ ਰਾਗ ਦੀ ਪ੍ਰਕਿਰਤੀ ਨਾ ਹੀ ਚੰਚਲ ਹੈ ਤੇ ਨਾ ਹੀ ਗੰਭੀਰ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦਿਖਾਈ ਦਿੰਦਾ ਹੈ। ਇਸ ਦੇ ਸਾਹਿਤ ਵਿੱਚ ਪੰ. ਜਗਨਨਾਥ ਨੇ ਬ੍ਰਜਭਾਸ਼ਾ ਦਾ ਪ੍ਰਯੋਗ ਕੀਤਾ ਹੈ। ਇਸ ਵਿੱਚ ਪੰ. ਜੀ ਨੇ ਆਪਣੇ ਗੁਰੁ ਪ੍ਰਾਨਪਿਆ ਨੂੰ ਯਾਦ ਕਰਦੇ ਹੋਏ ਆਪਣੀ ਪੀੜਾ ਨੂੰ ਵਿਅਕਤ ਕੀਤਾ ਹੈ। ਇਸ ਰਾਗ ਦੀ ਬੰਦਿਸ਼ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

ਸਥਾਈ ਪੀਰ ਪਰਾਈ, ਜਾਨੇ ਨਹੀਂ ਬਾਲਮਵਾ

ਅੰਤਰਾ ਪ੍ਰਾਨਪੀਆ ਤੁਮ,<br>
ਐਸੇ ਨਿਠੁਰ ਭਏ,<br>
ਗੁਨੀਦਾਸ ਕੀ ਸਾਰੀ ਆਸ ਗਵਾਈ।

### 5.2.3 1951–1975 ਈ. ਵਿੱਚ ਬਣੇ ਰਾਗ

1. **ਪਲਾਸਕਾਫੀ –** ਇਹ ਰਾਗ ਚੰਚਲ ਪ੍ਰਕਿਰਤੀ ਦਾ ਰਾਗ ਹੈ। ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ।

2. **ਕਾਮੇਸ਼ਵਰੀ –** ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਵਿੱਚ ਝਪਤਾਲ ਦਾ ਪ੍ਰਯੋਗ ਪ੍ਰਾਪਤ ਹੁੰਦਾ ਹੈ। ਇਸ ਵਿੱਚ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ।

3. **ਗੰਗੇਸ਼ਵਰੀ –** ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਵਿੱਚ ਰਚਨਾਕਾਰ ਨੇ ਰੂਪਕ ਤਾਲ ਦਾ ਪ੍ਰਯੋਗ ਕੀਤਾ ਹੈ। ਇਸ ਰਾਗ ਵਿੱਚ ਸ਼ਿੰਗਾਰ ਤੇ ਭਗਤੀ ਦਿਖਾਈ ਦਿੰਦੇ ਹਨ।

4. **ਯੋਗੇਸ਼ਵਰੀ –** ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਵਿੱਚ ਏਕਤਾਲ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਸ਼ਿੰਗਾਰ ਰਸ ਦੇਖਣ ਨੂੰ ਮਿਲਦਾ ਹੈ।

5. **ਕੌਸ਼ਿਕ ਤੌੜੀ –** ਇਸ ਵਿੱਚ ਸ਼ਿੰਗਾਰ ਤੇ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ।

6. **ਚਾਰੂਕੌਂਸ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਵਿੱਚ ਤੀਨ ਤਾਲ, ਏਕਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

7. **ਪੂਰਵੀ ਕਲਿਆਣ –** ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

9. **ਪ੍ਰਣਵੇਂਦਰ ਮਧਿਅਮ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਤਿੰਨੋ ਸਪੱਤਕ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ।

10. **ਰਾਗ ਪਰਮੇਸ਼ਵਰੀ –** ਇਹ ਸ਼ਿੰਗਾਰ ਰਸ ਦਾ ਰਾਗ ਹੈ।ਇਸ ਵਿੱਚ ਗਤ ਪ੍ਰਪਾਤ ਹੋਈ ਹੈ। ਇਸਦਾ ਚਲਨ ਤਿੰਨੋਂ ਸਪੱਤਕਾਂ ਵਿੱਚ ਹੈ।

**11. ਰਾਗ ਮਧੂਕਲੀ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਵਿੱਚ ਸ਼ਿੰਗਾਰ ਰਸ, ਕਰੁਣ ਰਸ, ਭਗਤੀ ਰਸ ਦੇ ਦਰਸ਼ਨ ਹੁੰਦੇ ਹਨ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸਦਾ ਚਲਨ ਤਿੰਨਾਂ ਸਪੱਤਕਾਂ ਵਿੱਚ ਹੈ।

**12. ਰਾਗ ਮਧੂਭੈਰਵ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਵਿੱਚ ਸ਼ਿੰਗਾਰ ਤੇ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਦਾ ਚਲਨ ਮੰਦਰ ਤੇ ਮੱਧ ਸਪੱਤਕ ਵਿੱਚ ਅਧਿਕ ਹੈ।

**13. ਰਾਗ ਜੋਗਤੋੜੀ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ।

**14. ਵਿਸ਼ਵੇਸ਼ਵਰੀ –** ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

**16. ਕਲਿਆਣੀ ਬਿਲਾਵਲ –** ਇਸ ਵਿੱਚ ਸ਼ਿੰਗਾਰ ਰਸ ਤੇ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਮੱਧ, ਤਾਰ ਸਪੱਤਕ ਵਿੱਚ ਇਸਦਾ ਚਲਨ ਜਿਆਦਾ ਹੈ।

**17. ਸਾਵਨੀ ਕੇਦਾਰ –** ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਏਕਤਾਲ, ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਭਾਸ਼ਾ 'ਚ ਨਵੀਨਤਾ ਹੈ। ਇਸ ਵਿੱਚ ਨਾਇਕਾ ਸ਼ਿੰਗਾਰ ਕਰਕੇ ਆਪਣੇ ਨਾਇਕ ਦਾ ਇੰਤਜ਼ਾਰ ਕਰ ਰਹੀ ਹੈ ਅਤੇ ਨਾਇਕਾ ਦੀ ਸੁੰਦਰਤਾ ਨੂੰ ਬਿਆਨਿਆ ਹੈ। ਇਸ ਵਿੱਚ ਰਾਤਨਜਕਰ ਜੀ ਨੇ ਇਸ ਵਿੱਚ ਆਪਣਾ ਉਪਨਾਮ 'ਸੁਜਨ' ਦਾ ਉਲੇਖ ਕੀਤਾ ਹੈ।

**ਸਥਾਈ –** ਸੋਲੇ ਹੂੰ ਸਿੰਗਾਰ ਕੀਏ ਸਜੀ ਸਜਨੀ, ਰਜਨੀਕਾਂਤ ਹੂੰ
ਯਾਤੇ ਲਜਤ ਅਤ ਚਤੁਰ ਸੁਧਰ ਸੁੰਦਰ ਵਿਯਾਰੀ ਨਾਰੀ।

ਅੰਤਰਾ – ਬਾਣ ਜੁਹਤ ਆਨੰਦ ਭਰੇ, ਮਿਲਬੇ ਕੋ ਚਾਹੇ,
ਜਿਯਾ ਪਿਯਾ ਸਨ, ਰਸਿਕ 'ਸੁਜਨ' ਮਨ ਮਾਹੇ ਭਾਰੀ॥

**18. ਪੀਲੂ ਕੀ ਮਾਂਝ –** ਇਸ ਰਾਗ ਦੀ ਪ੍ਰਕਿਰਤੀ ਨਾ ਅਧਿਕ ਗੰਭੀਰ ਨਾ ਚੰਚਲ ਹੈ। ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਵਿਲਿੰਬਿਤ ਏਕਤਾਲ ਦਰੁਤ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਸਥਾਈ – ਕੌਨ ਅਧੀਨ ਭਯੌ ਏਸੋ ਬਾਲੁਮਵਾ ਮੋਰਾ,
ਨਾ ਜਾਨੂੰ ਕੌਨ ਏਸੀ ਪਰੀ ਚੂਕ ਮੋਸੋ।
ਅੰਤਰਾ – ਬਿਰਮ ਰਹੇ ਸਖੀ ਪੀਤਮ ਪਿਆਰੇ
ਬੂਝਤ ਨਾ ਕਛੂ ਸੂਝਤ ਹੈ ਮੋਰੇ
ਕੌਨ ਏਸੀ ਪਰੀ ਚੂਕ ਮੌਂਸੌਂ।

**19. ਸਾਲਗਵਰਾਲੀ –** ਇਸ ਰਾਗ ਵਿੱਚ ਮੱਧ ਸਪੱਤਕ ਪ੍ਰਧਾਨ ਹੈ। ਇਸ ਵਿੱਚ ਤੀਨਤਾਲ, ਏਕਤਾਲ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿੱਚ ਭਗਤੀ ਰਸ ਤੇ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਬੰਦਿਸ਼ ਵਿੱਚ ਭਗਤੀ ਭਾਵ, ਕ੍ਰਿਸ਼ਨ ਭਗਤੀ ਭਾਵ ਦੇ ਦਰਸ਼ਨ ਹੁੰਦੇ ਹਨ। ਉਰਦੂ ਭਾਸ਼ਾ 'ਚ ਇੱਕ ਬੰਦਿਸ਼ ਅਤੇ ਦੋ ਬੰਦਿਸ਼ਾਂ ਬ੍ਰਜ ਭਾਸ਼ਾ ਵਿੱਚ ਹਨ।

ਉਰਦੂ ਭਾਸ਼ਾ ਵਿੱਚ ਤੀਨ ਤਾਲ

ਸਥਾਈ – ਸੁਮਰ ਸਾਹੇਬ ਸੁਲਤਾਨੇ – ਆਲਮ ਨਿਜਾਮੁਉਦੀਨ ਔਲਿਆ ਮਨ।
ਅੰਤਰਾ – ਕਰ ਯਾਦ ਨਾਮ ਪਰਵਰਦਿਗਾਰ ਕਰਤਾਰ ਜਿਨ ਰਚਿਯੋ ਸੰਸਾਰ ਵੋਹੀ ਅਪਰੰਪਾਰ ਮਨ।

ਬ੍ਰਜ ਭਾਸ਼ਾ ਵਿੱਚ ਤੀਨ ਤਾਲ

ਸਥਾਈ – ਸੁਮਿਰ 'ਸੁਜਨ' ਘਨਸ਼ਿਯਾਮ ਨਾਮ ਨਿੱਤ ਅਨਾਥ ਨਾਥ ਨਾਰਇਣ।
ਅੰਤਰਾ – ਪਤਿਤ ਉਧਾਰਣ ਪਰਮ ਪਵਿੱਤਰ ਕਿਰਤਾਰ ਜਿਹਿੰ ਰਚਯੋ ਸੰਸਾਰ ਬੋਹੀ ਅਪਰੰਪਾਰ ਮਨ॥

**20. ਗੌਰੀ ਸ਼ੰਕਰ –** ਇਸ ਰਾਗ ਵਿੱਚ ਮੱਧ ਸਪੱਤਕ ਪ੍ਰਧਾਨ ਹੈ। ਦੋ ਰਚਨਾਵਾਂ- ਤੀਨ ਤਾਲ, ਝੱਪਤਾਲ, ਇਸ ਰਾਗ ਵਿੱਚ ਕਰੁਣ ਤੇ ਵੀਰ ਰਸ ਦੇਖਣ ਨੂੰ ਮਿਲਦਾ ਹੈ। ਇਸ

ਵਿੱਚੋਂ ਭਗਤੀ ਭਾਵ ਝਲਕਦਾ ਹੈ। ਇਸ ਰਾਗ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਹੈ। ਇਸ ਵਿੱਚ ਕ੍ਰਿਸ਼ਨ ਦੀਆਂ ਵੱਖ-2 ਲੀਲਾਵਾਂ ਦਾ ਜ਼ਿਕਰ ਹੈ।

ਝੱਪਤਾਲ

ਸਥਾਈ ਕੌਨ ਮਦਮਾਤੋ ਠਾੜੋਹੈ ਬਾਰੇ
ਸੈਨ ਕਰਤ ਮੋਸੋਂ ਨੈਨ ਉਜਿਯਾਰੋ।

ਅੰਤਰਾ ਏਸਾ ਲੰਗਰ ਢੀਟ ਦੇਖਯੋ ਜਾ ਕੋਊ ਗਾਓ
ਲ਼ਾਜ ਲਜਤ ਮੋਰੀ ਸੁਧ ਬੁਧ ਬਿਸਾਰੋ।

ਤੀਨਤਾਲ

ਸਥਾਈ - ਸਰਸ ਰਸ ਰਾਸ ਰਚਯੋਂ ਕਾਂਨਹਰ ਬ੍ਰਿਜ ਗਵਾਰਨ ਵਿੱਚ ਸੋਹੇ ਲਲਾ ਲਲੀ।

ਅੰਤਰਾ - ਸ਼ਿਯਾਮਸੁੰਦਰ ਸੰਗ ਰਾਧਾ ਗੌਰੀ ਬਿਲਸਤ ਨਿਰਤਤ ਹਰਖਤ ਬਨਮਾਲੀ।

**21. ਦੇਵਗੰਧਾਰੀ ਤੋੜੀ -** ਮੱਧ ਤੇ ਤਾਰ ਸਪੱਤਕ। ਤੀਨ ਤਾਲ ਦਰੁਤ, ਏਕਤਾਲ ਵਿਲੰਬਿਤ। ਇਸ ਵਿੱਚ ਸ਼ਿੰਗਾਰ ਰਸ ਤੇ ਭਗਤੀ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਰਾਗ-ਰਸ ਦੇ ਭੇਦ ਬਾਰੇ ਦੱਸਿਆ ਗਿਆ ਹੈ। ਇਸ ਵਿੱਚ ਰਚਨਾਕਾਰ ਨੇ ਆਪਣਾ ਉਪਨਾਮ 'ਸੁਜਨਵਾ' ਨਾਲ ਉਲੀਕਿਆ ਹੈ।

ਸਥਾਈ ਰਾਗ ਰਸਕੋ ਭੇਦ ਨਿਯਾਰੋ,

ਸੁਰ ਸੰਯੋਗ ਰਹਸ ਰਸ ਜਾਨੇ,

ਤਬ ਆਵੇ ਉਪਜੇ ਰਸ ਰਾਗ ਰੰਗ।

ਅੰਤਰਾ ਸੁਨ 'ਸੁਜਨਵਾ' ਸਾਚੀ ਨੀਕੀ ਸੀਖ

ਸੁਰਮੇਲ ਸੰਵਾਦਿ ਵਾਦਿ ਸੁਰ-ਸੰਗਤ ਰਾਗ-ਅੰਗ

ਉਚਾਰ, ਨੇਮ ਧਰਮ ਬਿਨ ਨਹਿੰ ਉਜੇ ਰਸ ਰਾਗ ਕੰਜ॥

**22. ਵਿਯੋਗਵਰਾਲੀ –** ਮੱਧਯ ਤੇ ਤਾਰ ਸਪੱਤਕ। ਤੀਨ ਤਾਲ ਦਰੁਤ, ਏਕਤਾਲ ਵਿਲੰਬਿਤ ਕਰੁਣ ਰਸ। ਇਸ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਦਰੁਤ ਦੀ ਬੰਦਿਸ਼ ਵਿੱਚ ਗੌਕੁਲਵਾਸੀ ਕ੍ਰਿਸ਼ਨ ਜੀ ਮਥੁਰਾ ਨਾ ਜਾਣ ਲਈ ਪ੍ਰਾਰਥਨਾ ਕਰ ਰਹੇ ਹਨ।

ਤੀਨਤਾਲ

ਸਥਾਈ ਬਿਨਤੀ ਯਹੀ ਨ ਜੈਯੋ ਮਥੁਰਾ ਨਗਰੀ,
ਗੋਕੁਲ ਧਾਮ ਛਾਂਡੀ।

ਅੰਤਰਾ ਭਯੇ ਉਦਾਸ ਨਰ ਨਾਰੀ ਸਬ ਜੀਵ ਜੰਤ
ਗ੍ਰਾਮ ਗੌਕੁਲ ਕੇ ਤੋਰੇ ਬਿਨਾ
ਘਰ ਅੰਗਨਾ ਉਜਾੜੀ।

**23. ਰਾਗ ਸ਼ਿਯਾਮਲੀ –** ਇਸਦਾ ਚਲਨ ਤਿੰਨੋਂ ਸਪੱਤਕਾਂ ਵਿੱਚ ਹੈ। ਇਸ ਵਿੱਚ ਝੱਪਤਾਲ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਨਾਇਕਾ ਸ਼ਿੰਗਾਰ ਕਰਕੇ ਆਪਣੇ ਨਾਇਕ ਦਾ ਇੰਤਜ਼ਾਰ ਕਰ ਰਹੀ ਹੈ ਤੇ ਉਸਨੂੰ ਦੇਖਣ ਲਈ ਤਰਸ ਰਹੀ ਹੈ।

ਸਥਾਈ ਲਾਵੋ ਰੀ ਗੂੰਧ ਲਾਵੋ ਮਾਲਨ,
ਸ਼ਰਸ ਸੁਗੰਧ ਹਰਵਾ ਡਾਰੂੰ,
ਗਰੇ ਲਾਗੂੰ ਪਿਯੂ ਕੇ।

ਅੰਤਰਾ ਸੋਲੇਹੂੰ ਸਿੰਗਾਰ ਕੀਯੋ ਬੈਠੀ ਤਕਤ ਰਾਹ
ਉਨਕੇ ਆਵਨ ਕੀ, ਵਿਆਸੀ ਦਰਸ ਕੀ।

**24. ਜੋਗੇਸ਼ਵਰੀ –** ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਤਿੰਨੋਂ ਸਪੱਤਕ। ਦਰੁਤ ਤੀਨ ਤਾਲ, ਵੱਡਾ ਖਿਆਲ ਏਕਤਾਲ। ਇਸ ਵਿੱਚ ਸ਼ਾਂਤ ਰਸ ਤੇ ਭਗਤੀ ਭਾਵ ਦੇ ਦਰਸ਼ਨ

ਹੁੰਦੇ ਹਨ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਸ਼੍ਰੀ ਕ੍ਰਿਸ਼ਣ ਦੀ ਬੰਸਰੀ ਬਾਰੇ ਵਰਣਨ ਪ੍ਰਾਪਤ ਹੁੰਦਾ ਹੈ।

ਸਥਾਈ ਲਾਜ ਕਾਜ ਸਬ ਛਾਂਹੀ ਧਾਂਈ ਮੈਂ,
ਬਾਸੁੰਰੀ ਕੀ ਧੁਨ ਸੁਨਿ ਭਈ ਬੌਰੀ
ਸੁਧ ਬੁਧ ਬਿਸਰਾਯੇ ਸਖੀ ਰੀ।

ਅੰਤਰਾ ਨਾਹੀਂ ਭਾਵੈ ਘਰ ਆਗਨ ਮੋਂਕੋ
ਅਬ ਨਾ ਚੈਨ ਦਿਨ ਰੈਨ ਨੀਂਦ ਨਹੀਂ
ਲਗੀ ਲਗਨ ਨਿਸਦਿਨ, ਤਰਪ ਤਰਪ
ਬੀਤਿ ਜਾਤ ਅਕੁਲਾਤ ਜਿਯਾਰੀ॥

**25. ਕੁਮੁਧੁਤੀ –** ਇਸਦਾ ਚਲਨ ਤਿੰਨੋਂ ਸਪੱਤਕਾਂ ਵਿੱਚ ਹੈ। ਛੋਟਾ ਖਿਆਲ ਤੀਨ ਤਾਲ, ਵੱਡਾ ਖਿਆਲ ਏਕਤਾਲ ਵਿੱਚ ਹੈ। ਇਸ ਵਿੱਚ ਭਗਤੀ ਭਾਵ ਹੈ। ਇਸ ਵਿੱਚ ਸ਼ਿੰਗਾਰ ਰਸ, ਸ਼ਾਂਤ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਨਾਇਕਾ ਬਿਰਹਾ ਵਿੱਚ ਹੈ ਜਿਸ ਦਾ ਪਤੀ ਪਰਦੇਸ ਚਲਾ ਗਿਆ ਹੈ।

ਸਥਾਈ ਸਰਸ ਰਸ ਬੱਤਿਆਂ ਕਰਕੇ ਚਲੇ
ਛਾਂਡ ਗਏ ਪਰਦੇਸ ਮੋਹੇ,
ਅਜਹੂੰ ਨਾਯੇ ਨਾਯੇ ਨਾਯੇ।

ਅੰਤਰਾ ਕਹੋ ਸਖੀ ਕੌਨ ਯੇ ਰੀਤ ਪੀਤ ਕੀ
ਤਰਪਤ ਰਹੀ ਮੈਂ ਅਕੇਲੀ, ਕੈਸੇ ਫੰਸੀ,
ਨੇਹਾ ਲਗਾਯੇ ਲਗਾਯੇ ਲਗਾਯੇ।

**26. ਸੁਰੇਸ਼ਵਰੀ –** ਇਸਦਾ ਤਾਰ ਮੱਧ, ਤਾਰ ਸਪੱਤਕ ਵਿੱਚ ਹੈ। ਇਸ ਵਿੱਚ ਤੀਨਤਾਲ, ਏਕਤਾਲ ਦਾ ਪ੍ਰਯੋਗ ਕੀਤਾ ਹੈ। ਇਸ ਵਿੱਚ ਸ਼ਿੰਗਾਰ ਰਸ ਤੇ ਭਗਤੀ ਭਾਵ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਗੁਰੂ

ਦੀ ਮਹਿਮਾ ਦਾ ਵਰਣਨ ਕੀਤਾ ਹੈ। ਗੁਰੁ ਦੇ ਬਿਨ੍ਹਾਂ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਗੁਰੁ ਤੋਂ ਹੀ ਲੈਅ, ਸੁਰ, ਤਾਲ, ਤਾਨ, ਰਾਗ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਸ ਰਚਨਾ ਵਿੱਚ ਰਚਨਾਕਾਰ ਨੇ ਆਪਣੇ ਉਪਨਾਮ 'ਸੁਜਾਨ' ਦੀ ਵਰਤੋਂ ਕੀਤੀ ਹੈ।

ਸਥਾਈ ਗੁਰੂ ਬਿਨਾ ਕਬਹੂ ਨਹੀਂ ਆਵੇ

ਸੁਧ ਬਾਨੀ ਸੁਧ ਮੁਦਰਾ ਨ ਸਧੇ

ਅੰਤਰਾ ਗੁਰੁ ਮੁਖਤੇ ਸਾਚੀ ਸੀਖ 'ਸੁਜਾਨ' ਪਾਵੇ

ਆਵੇ ਤੁਰਤਹੂੰ ਸੁਰ ਲੈਅ ਰਾਗ ਤਾਨ ਤਾਲ ਸੁਧਬੁਧੇ।

27. **ਹਰਪ੍ਰਿਆ** – ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਮੱਧ ਤੇ ਤਾਰ ਸਪੱਤਕ ਵਿੱਚ ਇਸਦਾ ਚਲਨ ਵਧੇਰੇ ਹੈ। ਰੂਪਕ ਤਾਲ ਵਿੱਚ ਰਚਨਾ ਕੀਤੀ ਗਈ ਹੈ। ਇਸ ਵਿੱਚ ਰਾਗ ਹਰਪ੍ਰਿਆ ਬਾਰੇ ਦੱਸਿਆ ਗਿਆ ਹੈ।

ਸਥਾਈ ਸੁਨ ਰੇ 'ਸੁਜਾਨ' ਮਨਮੋਹਨ ਏਕ ਰਾਗ ਹਰਪ੍ਰਿਆ ਸੁੰਦਰ ਨਾਮ।

ਅੰਤਰਾ ਗਾਇਕ ਗੁਨੀ ਗੰਧਰਵ

ਜੋ ਸਾਚੇ ਗਿਆਨੀ ਭੇਦ ਵਾਕੀ ਜਾਨੇ

ਨਾ ਔਰ ਕਾਹੰ ਕੋ ਯੇ ਕਾਮ।

28. **ਰਜਨੀ ਕਲਿਆਣ** – ਇਸਦਾ ਚਲਨ ਮੱਧ ਤੇ ਤਾਰ ਸਪੱਤਕ ਵਿੱਚ ਵਧੇਰੇ ਹੈ। ਇਸ ਰਾਗ ਵਿੱਚ ਦਰੁਤ ਤੀਨ ਤਾਲ, ਵਿਲੰਬਿਤ ਏਕਤਾਲ ਦਾ ਪ੍ਰਯੋਗ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਤੇ ਭਗਤੀ ਭਾਵ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਰਚਨਾਕਾਰ ਨੇ ਪਰਮਾਤਮਾ ਨੂੰ ਯਾਦ ਕਰਨ ਲਈ ਕਿਹਾ ਹੈ ਕਿਉਂਕਿ ਅਖੀਰਲਾ ਸਮਾਂ ਨਜ਼ਦੀਕ ਆ ਗਿਆ ਹੈ।

ਸਥਾਈ ਅਬ ਤੋ ਯਾਦ ਕਰੋ ਈਸ਼ਵਰ ਕੋ

ਨਿਕਟ ਆਈ ਘਰੀ ਅੰਤ ਸਮਾਂ ਕੀ।

ਅੰਤਰਾ ਸੁਤ ਦਾਰਾ ਸੰਸਾਰਾ ਸਬਹੀ

ਛਾਂੜ ਦੇਯੋ ਭੀ ਮਾਯਾ ਜੰਜਾਲ।

**29. ਮਾਲਵਮੰਜਰੀ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਹੈ। ਇਹ ਮੱਧ ਤੇ ਤਾਰ ਸਪੱਤਕ ਵਿੱਚ ਜਿਆਦਾ ਗਾਇਆ ਵਜਾਇਆ ਜਾਂਦਾ ਹੈ। ਇਸ ਰਾਗ ਦੇ ਦਰੁੱਤ ਖਿਆਲ ਵਿੱਚ ਤੀਨਤਾਲ, ਵਿਲੰਬਿਤ ਵਿੱਚ ਰੂਪਕ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਬ੍ਰਜਭਾਸ਼ਾ ਦਰੁਤ ਵਿੱਚ –

ਸਥਾਈ ਨਾਮ ਨ ਜਾਨੂੰ ਗਾਮਹੂੰ ਨਾ ਜਾਨੂੰ

ਕਾਹੂੰ ਕੋ ਢੀਟਨਵਾ ਕਰੇ ਲਰਕੈਯਾਂ

ਕਰਤ ਮੋਂ ਸੰਗ ਅਬ ਬਰਜੋਰੀ।

ਅੰਤਰਾ ਮੁਕੁਟ ਮਾਥੇ ਕਾਛੇ ਪੀਤਾਂਬਰ,

ਗਰੇ ਹਰਵਾ ਨੀਕੋ ਸਾਂਵਰੋ,

ਅਧਰ ਧਰੀ ਐਸੋ ਮਨਭਾਵਨੋ

ਕਰਤ ਮੋਂ ਸੰਗ ਅਤ ਬਰਜੋਰੀ।

ਵਿਲੰਬਿਤ – ਰੂਪਕ

ਸਥਾਈ ਹੋ ਮੇਂਡਾ ਸਾਂਈ ਇਸਕਟੀ,

ਤੈਂਡੀ ਗਲਾਂ ਮਨਭਾਵਨੀ।

ਅੰਤਰਾ ਦਿਨ ਰੈਨਾ ਮੈਨੂੰ ਯਾਦ ਆਵਤ ਅਤਹੀ,

ਜਿਯਰਾ ਬੇਕਲ, ਇਸ਼ਕ ਦੀ ਤੈਂਡੀ ਗਲਾਂ ਮਨਭਾਵਨੀ।

30. ਸੁਰੰਜਨੀ – ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਮੱਧ ਸਪੱਤਕ, ਵਿਲੰਬਿਤ ਖਿਆਲ ਤਿਲਵਾੜਾ ਤਾਲ। ਇਸ ਰਾਗ ਵਿੱਚ ਵੀਰ ਰਸ, ਸ਼ਾਂਤ ਰਸ, ਸ਼ਿੰਗਾਰ ਰਸ ਦੇਖਣ ਨੂੰ

ਮਿਲਦਾ ਹੈ। ਸਾਹਿਤ ਵਿੱਚ ਨਾਇਕਾ ਜੋ ਕਿ ਬਿਰਹਾ ਵਿੱਚ ਹੈ, ਕਿਉਂਕਿ ਉਸਦਾ ਪ੍ਰੇਮੀ ਪਰਦੇਸੀ ਹੋ ਗਿਆ ਹੈ, ਬਾਰੇ ਕਿਹਾ ਗਿਆ ਹੈ।

ਸਥਾਈ ਨੇਹ ਲਗਾ ਕਿਤ ਜਾਯ ਬਸੇ ਮੋਰੇ ਰਾਜਾ
ਅਬ ਕੈਸੇ ਸਹੂੰ ਯੇ ਬਿਰਹ ਬਿਥਾ।

ਅੰਤਰਾ ਕੌਨ ਪਰ ਮੋਂਸੇ ਚੂਕ ਮੇਰੀ ਭਯੋ ਪਰਦੇਸੀ ਪਿਯਾ ਮੇਰਾ
ਅਸ਼ਵਨਕੀ ਝਰੀ ਲਗੀ, ਕੋ ਜਾਨੇ ਯੇ ਕਥਾ।

31. **ਦੁਗਮ ਹਿੰਡੋਲ –** ਇਸ ਰਾਗ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਬੰਦਿਸ਼ ਦੇ ਸਾਹਿਤ ਵਿੱਚ ਨਾਇਕਾ ਨੇ ਮਨ ਦੀਆਂ ਭਾਵਨਾਵਾਂ ਨੂੰ ਦੱਸਿਆ ਗਿਆ ਹੈ ਜੋ ਕਿ ਆਪਣੀ ਸੌਤਨ ਤੋਂ ਪਰੇਸ਼ਾਨ ਹੈ। ਇਸ ਵਿੱਚ ਰਚਨਾਕਰਤਾ ਨੇ ਬ੍ਰਜ ਭਾਸ਼ਾ ਦਾ ਉਪਯੋਗ ਕੀਤਾ ਹੈ।

ਸਥਾਈ ਕੈਸੇ ਰਿਝਾਊਂ ਮਨ ਉਨਹੀ ਕੇ
ਜਬ ਪਿਯਾ ਮੋਰੀ ਬਾਤ ਨ ਮਾਨੇ।

ਅੰਤਰਾ ਮੀਠੀ ਬੱਤੀਆਂ ਕਰਤ ਨਿਤ ਮੋਂਸੇ
ਰੰਗਰਲੀਆਂ ਕਰਤ ਸੰਗ ਦੂਜੇ
ਬਿਥਾ ਅਬ ਰੀ ਕਹੂੰ ਕਾਸੇ
ਜਾਨ ਗੁਨੀ ਕੇ ਝੂਠੇ ਬਹਾਨੇ॥

32. **ਧਨਕੋਨੀ ਕਲਿਆਣ –** ਇਸ ਰਾਗ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਹੈ। ਇਸ ਦੀ ਲੈਅ ਮੱਧ ਹੈ। ਇਸ ਵਿੱਚ ਬ੍ਰਜ ਭਾਸ਼ਾ ਵਰਤੀ ਗਈ ਹੈ। ਇਸਦੇ ਸਾਹਿਤ ਵਿੱਚ ਪ੍ਰੇਮਿਕਾ ਜੋ ਆਪਣੇ ਪ੍ਰੇਮੀ ਨੂੰ ਚੋਰੀ ਮਿਲਣ ਆਉਂਦੀ ਹੈ ਬਾਰੇ ਬਿਆਨਿਆ ਗਿਆ ਹੈ।

ਸਥਾਈ ਦੇਖ ਚੰਦਾ ਨਭ ਨਿਕਸ ਆਇਉ,
ਅਬ ਤੋ ਭਈ ਬੇਰ ਜਾਨੇ ਦੇ ਘਰ ਮੋਹੇ,
ਕਰਸੇ ਕਰ ਛੋਰ ਜਿਯਾ ਘਬਰਾਵੇ।

ਅੰਤਰਾ ਨਿਤ ਕੀ ਇਹ ਬਾਤ ਸੰਗ ਕੁੰਵਰ ਕਾਨਹ,
ਮਨ ਭੂਲ ਬੈਠੀ ਭਯੋ ਮੋਰਾ ਘਾਤ,
ਕੈਸੇ ਛਿਪਾਊਂ ਮਿਲਨ ਕੀ ਚੋਰੀ,
ਨਜਰ ਕੰਥਨ ਕੀ ਮੋਹੇ ਡਰਾਵੇ॥

33. **ਸੁੱਧਜੋਗਿਆ –** ਇਸ ਰਾਗ ਵਿੱਚ ਏਕਤਾਲ ਦਾ ਪ੍ਰਯੋਗ ਕੀਤਾ ਹੈ। ਇਸ ਦੀ ਲੈਅ ਮੱਧ ਹੈ। ਇਸ ਵਿੱਚ ਬ੍ਰਜ ਭਾਸ਼ਾ ਵਿੱਚ ਵਿੱਦਿਆ ਲੈਣ ਆਏ ਇੱਕ ਸ਼ਿਸ਼ ਦੀ ਬੇਨਤੀ ਬਾਰੇ ਕਿਹਾ ਗਿਆ ਹੈ।

ਸਥਾਈ ਸੁਨ ਹੋ ਅਰਜ ਮੋਰੀ,
ਸੁਖ ਸੰਪਤ ਯਾ ਮਾਨ ਕੀ,
ਮੋਹੇ ਨਾ ਕਛੁਕ ਆਸ।

ਅੰਤਰਾ ਵਿੱਦਿਆ ਧਨ ਕਾਰਨ ਤਬ ਚਰਨ ਪਾਸ ਆਇਓ ਤੋਰੇ,
ਕੀਜੋ ਕ੍ਰਿਪਾ ਮੋਪੇ ਅਬ ਤੁਮ ਜਾਨ ਗੁਨੀ ਦਾਸ॥

34. **ਸੰਜੋਗਿਯਾ –** ਇਸ ਰਾਗ ਵਿੱਚ ਏਕਤਾਲ ਦਾ ਪ੍ਰਯੋਗ ਕੀਤਾ ਹੈ। ਇਸ ਦੀ ਲੈਅ ਦਰੁਤ ਹੈ। ਇਸਦੀ ਭਾਸ਼ਾ ਬ੍ਰਜ ਹੈ।

ਸਥਾਈ ਕਿਤ ਜਾਯ ਨਿਹਾਰੂੰ,
ਛਬ ਤੋਰੀ ਮਨਮੋਹਿਨੀ।

ਅੰਤਰਾ ਦਾਸ-ਗੁਨੀ ਜਾਨ ਤੇਰੋ,
ਭਯੋ ਆਜ ਬਾਵਰੀ,
ਕਭੀ ਨਾ ਅਬ ਦਰਸ ਪਾਊਂ,
ਵੋ ਸੁਰਤ ਸੋਹਿਨੀ।

35. **ਸੁਧਰੰਜਨੀ –** ਇਸ ਰਾਗ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਹੈ। ਇਸ ਦੀ ਲੈਅ ਮੱਧ ਹੈ।

ਸਥਾਈ ਬਲਮ ਜਾ ਜਾ ਜਾਰੇ ਕਾਹੇ ਮਨਾਵਨ ਆਇਆ

ਦਿਖਾਵਤ ਝੂਟੇ ਪ੍ਰੀਤ ਕੇ ਬਹਾਨੇ।

ਅੰਤਰਾ ਜਬਹਿ ਘਰ ਆਵੇ ਬੱਤੀਆਂ ਬਨਾਵੇ

ਕੌਨ ਸਹ ਪਾਵੇ ਨਿੱਤ ਕੀ ਬੁਰਾਈ

ਸੁਨ 'ਗੁਨਿਜਾਨ' ਕਛੁਕ ਹੂੰ ਨ ਮਾਨੇ॥

**36. ਸਗੇਰਾ –** ਏਕਤਾਲ, ਦਰੁਤ ਲੈਅ ਇਸ ਰਾਗ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਹੈ। ਇਸ ਦੀ ਲੈਅ ਮੱਧ ਹੈ।

ਸਥਾਈ ਦਰਬਾਰਸੂਨਾ ਤੁਮਬਿਨ ਦਾਸਗੁਨੀ-ਜਾਨ

ਗਤ ਹਮਾਰੀ ਭਈ ਬਾਵਰੀ।

ਅੰਤਰਾ ਸਭਾ ਵਿੱਚ ਤੋਰੀ ਸੂਰਤ ਸੋਹੇ,

ਮੁਦਰਿਆਮੇਂ ਰਤਨਸੋਂ, ਰਸਿਕ ਮਨ ਮੋਹੀ।

**37. ਸ਼ਿਵ ਆਭੋਗੀ –** ਇਸ ਰਾਗ ਵਿੱਚ ਏਕਤਾਲ ਦਾ ਪ੍ਰਯੋਗ ਕੀਤਾ ਹੈ। ਇਸ ਦੀ ਲੈਅ ਦਰੁੱਤ ਹੈ।

ਸਥਾਈ ਨਿਤ ਰਹੇ ਮਗਨ ਤੋਮੇਂ, ਮਨ ਚਾਹਤ ਗੁਨ ਗਾਊਂ

ਨਿਸਦਿਨ ਤੁਮਹਰੇ ਬਲਮ।

ਅੰਤਰਾ ਤੂਹੀ ਗਿਆਨ ਤੂਹੀ ਧਿਆਨ ਚਰਆਚਰਮੇ ਤੂਹੀ

ਗੁਨੀਜਾਨ ਕੀ ਤਨ ਹੀ ਭਰਮ॥

**38. ਸੰਯੋਗ –** ਆਚਾਰਯ ਜੀ ਦੀਆਂ ਰਾਗ ਸੰਯੋਗ ਬੰਦਿਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ। ਪਰ 'ਸਾਹਿਤਯ-ਸੰਗੀਤ-ਸੰਗਮ' 1987 ਸਮਾਰਿਕਾ ਵਿੱਚ ਬੰਦਿਸ਼ ਦਾ ਸਾਹਿਤ ਇਸ ਪ੍ਰਕਾਰ ਹੈ-

ਇਸ ਰਾਗ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਹੈ। ਇਸ ਦੀ ਲੈਅ ਦਰੁੱਤ ਹੈ।

ਸਥਾਈ     ਏਸੀ ਬੀ ਕਿਆ ਨਾਰਾਜ਼ੀ ਕਹਿਯੇ

ਮਾਨਾ ਖਤਾ ਹਮਸੇ ਹੁਈ

ਦੀਜੇ ਸਜ਼ਾ ਬੰਦਾ ਨਵਾਜ਼।

ਅੰਤਰਾ     ਕੈਸਾ ਗਿਲਾ ਸ਼ਿਕਵਾ ਕਹਾਂ

ਨਾਜ਼ ਉਠਾਨਾ ਸ਼ੋਵਾ ਮੇਰਾ

ਮੈਂ ਤੋ ਗੁਲਾਮ ਜਾਨੇ ਜਹਾਂ।

5.2.4 1976-1999 ਈ. ਤੱਕ ਬਣੇ ਰਾਗ

ਵਿਲਾਯਤ ਖਾਂ- ਆਪਣੀਆਂ ਰਚਨਾਵਾਂ ਵਿੱਚ ਗੁਰੂ ਨੂੰ ਸਵਾਮੀ ਦਾ ਰੂਪ ਦੇ ਕੇ ਉਸ ਨਾਲ ਮਿਲਣ ਦੇ ਭਾਵ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ ਤੇ 'ਨਾਥ' ਉਪਨਾਮ ਨਾਲ ਰਚੀਆਂ ਹਨ।

**1.** ਰਾਗ - ਸਾਂਝ ਸਾਵਰੀ [81] (ਤੀਨ ਤਾਲ) ਦਰੁਤ

ਸਥਾਈ     ਸਖੀ ਮੋਰੀ ਰੂਮ ਝੂਮ ਕਰ ਆਈ

ਪਿਆ ਕੇ ਪਗ ਚੂਮ ਕਰ ਆਈ।

ਅੰਤਰਾ     ਗਾਏ ਨਾਚੇ ਕਿੜਧਾ ਧੂੰ ਧੂੰ ਨਾਤਿਟ ਤਾ ਕਰ

'ਨਾਥ' ਪਿਆ ਕੋ ਅਪਨੇ ਗਾਏ ਰਿਝਾਏ।

ਰੇ ਗ ਗ ਨੀ ਰੇਂ ਗਂ ਰੇਂ ਧ ਪ ਰੇ ਸ

ਨੀ ਸ ਧ ਨੀ ਗ ਮ _ ਰੇ _ ਗ ॥

**2.** ਰਾਗ - ਗਾਵਤੀ [82] (ਤੀਨ ਤਾਲ) ਦਰੁਤ

ਸਥਾਈ     ਚੰਦਨ ਫੁਲਵਨ ਕੇ ਡਾਰੋ ਹਰਣਾ,

ਸੁੰਦਰ ਸੁਰਜਨ ਸਾਂਵਰਿਆ ਬਲਮਾ ਤੋਰੇ ਲਾਗੂੰ,

ਲਾਗੂੰ ਤੋਰੇ ਗਰਵਾ।

---

[81] ਪਾਠਕ ਜਦਗੀਸ਼ ਨਾਰਾਇਣ, ਸਿਤਾਰ ਸ਼ਾਸਤਰ ਪ੍ਰਵੀਣ,ਪਾਠਕ ਪਬਲੀਕੇਸ਼ਨ, ਇਲਾਹਾਬਾਦ, 10 ਸੰਸਕਰਣ, 1999.

[82] ਬੈਨਰਜੀ ਮੀਨਾ, ਕੋਮਲ ਗੰਧਾਰ: ਉਸਤਾਦ ਵਿਲਾਯਤ ਖਾਂ,ਕਨਿਸ਼ਕ ਪਬਰੀਸ਼ਰਸ, ਦਿੱਲੀ, 1 ਸੰਸਕਰਣ, 2006.

ਅੰਤਰਾ ਜੋ ਹੋ ਕਰਮ, 'ਨਾਥ', ਤੁਮਰੀ ਹਮ ਪਰ

ਚੰਦਨ ਚੜਾਊਂ ਸੇਤੀ ਦੋਨਾ ਗਰਵਾ।

3. **ਰਾਗ ਮਾਂਡ ਭੈਰਵ –** ਇਸ ਰਾਗ ਵਿੱਚ ਸ਼ਿੰਗਾਰ ਤੇ ਸ਼ਾਂਤ ਰਸ ਦੇ ਦਰਸ਼ਨ ਹੁੰਦੇ ਹਨ। ਇਸ ਰਾਗ ਵਿੱਚ ਗਤ ਦੀ ਪ੍ਰਾਪਤੀ ਹੋਈ। ਇਸ ਰਾਗ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ।

4. **ਆਨੰਦ ਮਲਹਾਰ –** ਇਸ ਵਿੱਚ ਸ਼ਿੰਗਾਰ ਰਸ ਦੇਖਣ ਨੂੰ ਮਿਲਦਾ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਰਚਨਾਕਾਰ ਨੇ ਮੀਂਹ ਅਤੇ ਮੀਂਹ ਦੇ ਸਮੇਂ ਕੁਦਰਤ ਦੇ ਨਜਾਰੇ ਬਾਰੇ ਬਿਆਨਿਆ ਹੈ।

ਸਥਾਈ ਬਰਸਤ ਘਨ ਆਇਓ ਰੰਗੀਲੋ

ਹਰੀ ਹਰੀ ਰੰਗ ਛਟਾ ਦਿਨਹੋ ਚਹੂੰ ਦੇਸ।

ਅੰਤਰਾ ਬੂੰਦੀਅਨ ਮਾਲ ਸ਼ਿੰਗਾਰ ਕਰੇ

ਸ਼ਬ ਫੂਲ ਪਾਤ ਆਨੰਦ ਚਾਹੂੰ ਦੇਸ।[83]

5. **ਅੜਾਨਾ ਮਲਹਾਰ –** ਇਸ ਵਿੱਚ ਏਕਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਝਲਕਦਾ ਹੈ। ਇਸਦੇ ਸਾਹਿਤ ਵਿੱਚ ਨਾਇਕਾ ਵਰਖਾ ਦੀ ਰੁੱਤ ਵਿੱਚ ਆਪਣੇ ਨਾਇਕ ਨੂੰ ਯਾਦ ਕਰ ਰਹੀ ਹੈ।

ਸਥਾਈ ਆਈਰੇ ਬਦਰੀਆਂ ਕਾਰੀ ਕਾਰੀ,

ਉਮੜ ਘੁਮੜ ਅਤਹੀ ਜਿਯਾ ਘਬਰਾਵੇ;

ਪੀ ਬਿਨ ਮੋਹੇ ਚੈਨ ਨਹੀ ਆਵੇ,

ਏਰੀ ਸਖੀ ਆਈ ਰੇ ਬਦਰੀਆਂ ਕਾਰੀ-ਕਾਰੀ।

ਅੰਤਰਾ ਦੇਸੀ ਰਿਤੂ ਪਿਯਾ ਬਿਨ,

ਭਾਵੇ ਨਾ ਪਲ ਛਿਨ।

---

[83] YOutube :- youtube.com/watch?v=SUMcZGfslwk

ਕੈਸੇ ਕਰੂੰ ਏਰੀ ਸਖੀ

ਆਈਰੇ ਬਦਰੀਆਂ ਕਾਰੀ ਕਾਰੀ।

6. **ਰਾਗ ਦੇਵ ਵਿਭਾ –** ਇਸ ਰਾਗ ਦਾ ਨਿਰਮਾਣ ਗਤ ਦੇ ਰੂਪ ਵਿੱਚ ਕੀਤਾ ਗਿਆ। ਇਹ ਰਾਗ ਮਧੁਰ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸਦਾ ਚਲਨ ਮੰਦਰ ਤੇ ਮੱਧ ਸਪੱਤਕ ਵਿੱਚ ਵਧੇਰੇ ਹੈ। ਇਸ ਰਾਗ ਵਿੱਚ ਸ਼ਿੰਗਾਰ ਅਤੇ ਕਰੁਣ ਰਸ ਦੇਖਣ ਨੂੰ ਮਿਲਦਾ ਹੈ।

7. **ਭਵਾਨੀ ਭੈਰਵ –** ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਹ ਰਾਗ ਦਾ ਚਲਨ ਮੱਧ ਤੇ ਤਾਰ ਸਪੱਤਕ ਵਿੱਚ ਹੈ। ਇਸ ਰਾਗ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ।

8. **ਸਾਂਝ ਕਲਿਆਣ –** ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਰਾਗ ਦੀ ਪ੍ਰਕਿਰਤੀ ਮਧੁਰ ਹੈ। ਇਹ ਰਾਗ ਦਾ ਚਲਨ ਮੱਧ ਸਪੱਤਕ ਵਿੱਚ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ।

9. **ਸ਼ੈਲਾਂਗੀ –** ਇਸ ਰਾਗ ਵਿੱਚ ਸ਼ਿੰਗਾਰ ਰਸ ਅਤੇ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਵਿੱਚ ਰੂਪਕ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸਦਾ ਚਲਨ ਮੰਦਰ, ਮੱਧ ਸਪਤੱਕ ਵਿੱਚ ਜਿਆਦਾ ਹੈ।

10. **ਸੁਰੰਜਨੀ –** ਇਹ ਰਾਗ ਚੰਚਲ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇਖਣ ਨੂੰ ਮਿਲਦਾ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ।

11. **ਰਾਜਯਕਲਿਆਣ –** ਇਹ ਸ਼ਿੰਗਾਰ ਰਸ ਦਾ ਰਾਗ ਹੈ। ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ।

12. **ਬੰਜਾਰਾ –** ਇਸ ਰਾਗ ਵਿੱਚ ਗਤ ਪ੍ਰਾਪਤ ਹੋਈ ਹੈ। ਇਸ ਰਾਗ ਦੀ ਪ੍ਰਕਿਰਤੀ ਮਧੁਰ ਹੈ। ਤਿੰਨੋਂ ਸਪੱਤਕਾਂ ਵਿੱਚ ਚਲਨ ਹੈ। ਇਸ ਵਿੱਚ ਝਪਤਾਲ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ।

**13. ਸਵਰਨ ਜਯੰਤੀ –** ਇਹ ਰਾਗ 50 ਮਾਤਰਾਵਾਲੇ ਤਾਲ 'ਚ ਨਿਬੱਧ ਹੈ।ਇਹ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਵਿੱਚੋਂ ਸ਼ਾਂਤ ਅਤੇ ਭਗਤੀ ਰਸ ਝਲਕਦਾ ਹੈ।

**14. ਮਾਰਵਾ ਸ਼੍ਰੀ – ਦਰੁੱਤ ਖਿਆਲ**

ਸਥਾਈ ਸ਼ੁਭ ਮੰਗਲ ਗਾਵੋ ਏਰੀ ਮਾਈ ਆਜ

ਗਾਵੋ ਰਿਝਾਵੋ ਬੰਧਨਵਾਰ॥

ਅੰਤਰਾ ਗੁਨੀ-ਗੰਧਰਵ ਅਪਸਰਾ ਕਿੰਨਰ ਕੀਨਹੀਂ

ਰੂਬਾਬ ਬਜੇ ਮ੍ਰਿੰਦਗ ਸਤਾਰ॥

**15. ਸਹੇਲੀ ਤੋੜੀ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਮੰਦਰ ਤੇ ਮੱਧ ਸਪੱਤਕ। ਇਸ ਰਾਗ ਵਿੱਚ ਕਰੁਣ ਰਸ ਦੇਖਣ ਨੂੰ ਮਿਲਦਾ ਹੈ। ਇਸ ਰਾਗ ਦੀ ਲੈਅ ਦਰੁਤ ਹੈ। ਇਸ ਵਿੱਚ ਏਕਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਪੰਡਿਤ ਜੀ ਨੇ ਖੜੀ ਬੋਲੀ ਤੇ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਇਸ ਨਾਲ ਨਾਇਕਾ ਦੀ ਸੁੰਦਰਤਾ ਬਾਰੇ ਵਰਣਨ ਕੀਤਾ ਗਿਆ ਹੈ।

ਸਥਾਈ ਚੰਦਾਸਾ ਮੁਖ ਬਨਡਾਰਾ

ਹੰਸ-ਹੰਸ ਕਰ ਬੱਤੀਆਂ ਯੇ।

ਅੰਤਰਾ ਯੇ ਮੋਰੇ ਸਬ ਹਰ ਲੀਨੋ

ਧੀਯਾ ਮਨ ਬਸ ਕਰ ਲੀਨੋ ਯੇ।

**16. ਭਵਮਤ ਭੈਰਵ –** ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਹ ਰਾਗ ਦਾ ਚਲਨ ਮੱਧ ਤੇ ਤਾਰ ਸਪੱਤਕ ਵਿੱਚ ਹੈ। ਇਸ ਰਾਗ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਦੀ ਲੈਅ ਮੱਧ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਦੇ ਸਾਹਿਤ ਵਿੱਚ ਪੰ. ਜੀ ਨੇ ਬਿਰਹਾ ਵਿੱਚ ਤੜਫਦੀ ਦੀ ਇੱਕ ਨਾਇਕਾ ਬਾਰੇ ਦੱਸਿਆ ਹੈ, ਜਿਸਦਾ ਪ੍ਰੇਮੀ ਵਿਦੇਸ਼ ਚਲਾ ਗਿਆ ਹੈ। ਇਸ ਵਿੱਚ ਖੜੀ ਬੋਲੀ ਤੇ ਬ੍ਰਜਭਾਸ਼ਾ ਦੀ ਝਲਕ ਮਿਲਦੀ ਹੈ।

ਸਥਾਈ ਕੰਥਾਰੇ, ਜਾਨੋ ਜਾਨੋ ਰੇ ਜਾਨੋ

ਦਰਸ ਬਿਨ ਤੋਰੇ ਸੂਝਤ ਕਛੂ ਨਾਹੀਂ।

ਅੰਤਰਾ ਬਿਦੇਸਾ ਗਯੋ ਜੋ ਤੂ ਪਤਿਆ ਨਹੀਂ ਭੇਜੋ

ਜੋਹਤ ਬਟ ਮੈਂਤੋ ਸੂਝਤ ਕਛੂ ਨਾਹੀਂ।

**17. ਬੀਹੜ ਭੈਰਵ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਤਿੰਨੋਂ ਸਪੱਤਕਾਂ ਵਿੱਚ ਇਸਦਾ ਚਲਨ ਹੈ । ਇਸ ਰਾਗ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਦੀ ਲੈਅ ਵਿਲੰਬਿਤ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਬੰਦਿਸ਼ ਦੇ ਸਾਹਿਤ ਵਿੱਚ ਕ੍ਰਿਸ਼ਨ ਦੀ ਅਰਾਧਨਾ ਕੀਤੀ ਗਈ ਹੈ। ਉਹ ਬ੍ਰਿਜ ਨੂੰ ਭੁੱਲ ਗਏ ਹਨ ਤੇ ਸਭ ਉਨ੍ਹਾਂ ਨੂੰ ਯਾਦ ਕਰਦੇ ਹਨ। ਉਨ੍ਹਾਂ ਨੂੰ ਯਾਦ ਕਰਦੇ ਹਨ। ਉਨ੍ਹਾਂ ਦੇ ਦਰਸ਼ਨ ਲਈ ਤਰਸ ਗਏ ਹਨ। ਬ੍ਰਜਭਾਸ਼ਾ ਦਾ ਪ੍ਰਯੋਗ ਮਿਲਦਾ ਹੈ।

ਸਥਾਈ ਯੇਹੋਰੇ ਸਿਯਾਮ

ਭੂਲ ਗਿਯੋ ਕਤਹੇ ਬ੍ਰਿਜਧਾਮ।

ਅੰਤਰਾ ਯਾਦ ਕਰੇ ਤੋਰੇ ਬਾਲ ਸਖਾ ਰੇ,

ਤਰਸ ਦਰਸ ਬਿਨ ਬਿਕਲ ਭਯੋ ਸਬ ਬ੍ਰਿਜਧਾਮ॥

**18. ਮਧਸੂਰਜਾ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਰਾਗ ਦਾ ਚਲਨ ਮੱਧ ਤੇ ਤਾਰ ਸਪੱਤਕ ਵਿੱਚ ਹੈ। ਇਸ ਰਾਗ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਦੀ ਲੈਅ ਮੱਧ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਮਾਂ ਦੀ ਮਮਤਾ ਬਾਰੇ ਬਿਆਨਿਆ ਗਿਆ ਹੈ, ਕਿ ਉਸ ਤੋਂ ਬਿਨ੍ਹਾਂ ਉਸ ਦਾ ਬੱਚਾ ਇਕੱਲਾ, ਬੇਸਹਾਰਾ ਹੋ ਜਾਵੇਗਾ। ਇਸ ਵਿੱਚ ਖੜੀ ਬੋਲੀ ਤੇ ਬ੍ਰਜਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਸਥਾਈ ਬਚਾਲੇ ਮੋਰੀ ਮਾਂ ਮਾਤਾਰੀ

ਘਰ ਮੇਂ ਲਲੁਵਾ ਅਕੇਲੋ ਬਿਨ ਮੋਹੇ

ਅੰਤਰਾ ਅਰਜ ਯਹੀ ਤੋਰੇ ਪਾਸ ਮੇਰੋ ਯੋ ਹੈ।

ਘਰ ਮੇਂ ਲਲੁਵਾ ਅਕੇਲੋ ਬਿਨ ਮੋਹੇ।

**19. ਨਿੰਦਯਾਰੀ –** ਇਹ ਰਾਗ ਮਧੁਰ ਤੇ ਸ਼ਾਂਤ ਪ੍ਰਕਿਰਤੀ ਦਾ ਹੈ। ਇਸ ਰਾਗ ਦਾ ਚਲਨ ਮੰਦਰ ਤੇ ਮੱਧ ਸਪੱਤਕ ਵਿੱਚ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਵਿੱਚ ਸਾਂਤ ਰਸ, ਸ਼ਿੰਗਾਰ ਰਸ ਦੇਖਣ ਨੂੰ ਮਿਲਦਾ ਹੈ। ਇਸ ਦੀ ਲੈਅ ਵਿਲੰਬਿਤ ਹੈ। ਇਸ ਵਿੱਚ ਨਾਇਕਾ ਆਪਣੇ ਨਾਇਕ ਨੂੰ ਘਰ ਆਉਣ ਦੀ ਬੇਨਤੀ ਕਰ ਰਹੀ ਹੈ। ਇਸ ਵਿੱਚ ਖੜੀ ਬੋਲੀ ਦਾ ਪ੍ਰਯੋਗ ਹੈ ਅਤੇ ਬ੍ਰਜ ਭਾਸ਼ਾ ਦੀ ਝਲਕ ਹੈ।

ਸਥਾਈ ਆਜਾਰੇ ਆਜਾ, ਪਿਯਾ ਘਰ ਮੋਰੇ,
ਨਾਮ ਤੇਰੋ ਨਿਸਦਿਨ ਲਲਨ ਉਚਾਰੇ।

ਅੰਤਰਾ ਬਾਬੁਲ ਬਾਬੁਲ ਕਰਤ ਹੋ ਰੇ,
ਪੂਛਤ ਤੋਹੇ ਨਾਮ ਤੇਰੋ ਨਿਸਦਿਨ ਲਲਨ ਉਚਾਰੇ।

**20. ਸੰਜਾਰੀ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਤਿੰਨੋ ਸਪੱਤਕ। ਇਸ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਦੀ ਲੈਅ ਦਰੁਤ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਬੰਦਿਸ਼ ਦੇ ਸਾਹਿਤ ਵਿੱਚ ਇੱਕ ਬੱਚਾ ਆਪਣੀ ਮਾਂ ਅੱਗੇ ਬੇਨਤੀ ਕਰ ਰਿਹਾ ਹੈ ਕਿ ਮੈਨੂੰ ਰਾਤ ਕਾਲੀ ਤੇ ਡਰਾਵਣੀ ਲੱਗ ਰਹੀ ਹੈ। ਇਸ ਲਈ ਮੈਨੂੰ ਇਕ1ਲੇ ਰਾਤ ਵਿੱਚ ਨਾਂ ਭੇਜ। ਇਸ ਵਿੱਚ ਖੜੀ ਬੋਲੀ ਤੇ ਬ੍ਰਜਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਸਥਾਈ ਰੱਤੀਆਂ ਡਰਾਵਨ ਲਾਗੋ ਰੀ ਮਾਂ
ਸੰਜਾਕੇ ਸਾਥੇ ਤੂੰ ਮੈਂ ਕਾਨਾ ਭੇਜੋਰੀ।

ਅੰਤਰਾ ਸੰਜਾ ਕੋ ਆਜੇ ਕਾਹੇਂ, ਭੇਜੋ ਮੈਯਾ ਰੀ,
ਰਤੀਆਂ ਤੋਂ ਕਾਰੀ ਕਾਰੀ, ਡਰ ਘਣੇਰੀ।

**21. ਮਾਲਵਤੀ –** ਇਹ ਰਾਗ ਸ਼ਾਂਤ ਪ੍ਰਕਿਰਤੀ ਦਾ ਰਾਗ ਹੈ। ਤਿੰਨੋ ਸਪੱਤਕ। ਇਸ ਵਿੱਚ ਸ਼ਿੰਗਾਰ ਰਸ ਦੇਖਣ ਨੂੰ ਮਿਲਦਾ ਹੈ। ਇਸ ਵਿੱਚ ਨਾਇਕਾ ਬੱਦਲ ਨੂੰ ਉਸਦੇ ਸਸੁਰਾਲ ਜਾਣ ਲਈ ਕਹਿ ਰਹੀ ਹੈ। ਇਸ ਵਿੱਚ ਖੜੀ ਬੋਲੀ ਤੇ ਬ੍ਰਜਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਸਥਾਈ ਚਲਾਰੇ ਚਲਾ ਜਾਰੇ ਬਦਰਾ ਤੂੰ

ਜਾਯ ਸਸੁਰਿਯਾ ਘਰ ਛਾਯ ਗਰਜ ਰਿਹੋਰੇ।

ਅੰਤਰਾ ਗਰਜ ਸੁਣ ਆਵਾਂ, ਸਾਂਵਰੀ ਹੋ ਧਨ ਮਹਾਰੀ

ਕੀ ਦੋ ਉਕੇ ਮਨ ਮਹਾਰਾ, ਖੇਤਾਪੇ ਨੀ ਨਾਗਯੋ ਰੇ।

22. **ਮਧਵਾ –** ਇਸ ਰਾਗ ਮਧੁਰ ਪ੍ਰਕਿਰਤੀ ਦਾ ਹੈ। ਤਿੰਨੋ ਸਪੱਤਕ। ਇਸ ਵਿੱਚ ਸ਼ਿੰਗਾਰ ਰਸ ਦੇਖਣ ਨੂੰ ਮਿਲਦਾ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸਦੀ ਲੈਅ ਮੱਧ ਹੈ। ਇਸ ਵਿੱਚ ਖੜੀ ਬੋਲੀ ਤੇ ਬ੍ਰਜਭਾਸ਼ਾ ਦਾ ਪ੍ਰਯੋਗ ਕੀਤਾ ਹੈ। ਇਸਦੇ ਅੰਤਰਗਤ ਨਾਇਕਾ ਦੁਆਰਾ ਸ਼ਿਵ ਦੇ ਸ਼ਿੰਗਾਰ ਦਾ ਵਰਣਨ ਕੀਤਾ ਗਿਆ ਹੈ।

ਸਥਾਈ ਮੋਰੇ ਲਾਈ ਰੇ ਲਾਈ ਅੰਬੁਵਾ ਕੀ ਯੇ,

ਭੋਲਾ ਕੇ ਸਾਥ ਚੜਾਵਨ।

ਅੰਤਰਾ ਜੋ ਥਾ ਸੋ ਲਾਈ ਪਾਸ ਮੇਰੋ ਯੋਹੈ

ਲ਼ੇਹੋ ਰੇ ਬਮਨਵਾ, ਭੋਲਾ ਕਾ ਰੂਪ ਸਜਾਵਨ।

23. **ਲਗਨ ਗੰਧਾਰ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਤਿੰਨੋ ਸਪੱਤਕ। ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਦੀ ਲੈਅ ਦਰੁਤ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਨਾਇਕਾ ਆਪਣੇ ਪ੍ਰੇਮੀ ਨੂੰ ਪੁੱਛ ਰਹੀ ਹੈ ਕਿ ਮੈਂ ਕਿਸ ਤਰ੍ਹਾਂ ਮਿਲਣ ਆਵਾਂ, ਮੇਰੀ ਝਾਂਜਰ ਦੁਸ਼ਮਣ ਬਣ ਗਈ ਹੈ। ਇਸ ਵਿੱਚ ਬ੍ਰਜਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਸਥਾਈ ਬਾਜੇ ਲੇ ਮੋਰਾ ਝਾਂਝਰਬਾ

ਆਊਂ ਮੈਂ ਕੈਸੇ ਪਾਸ ਪਿਯਾਰੇ।

ਅੰਤਰਾ ਬੈਰਨ ਭਈ ਯੇ ਪਾਯਲ ਮੋਰਾ,

ਕਛੂ ਨਾ ਸੁਚਤ ਮਨ ਪਿਯਾਰੇ।

**24. ਰਾਹੀ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਤਿੰਨੋ ਸਪੱਤਕ। ਇਸ ਵਿੱਚ ਸ਼ਿੰਗਾਰ ਰਸ ਦੇ ਦਰਸ਼ਨ ਹੁੰਦੇ ਹਨ। ਇਸ ਵਿੱਚ ਬਿਰਹਾ ਵਿੱਚ ਤੜਪਦੀ ਨਾਇਕਾ ਬਾਰੇ ਕਿਹਾ ਗਿਆ ਹੈ। ਇਸ ਵਿੱਚ ਖੜੀ ਬੋਲੀ ਤੇ ਬ੍ਰਜਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਸਥਾਈ ਆਜਾਰੇ ਕੰਥਾ, ਛਾਂਡ ਪਰਦੇਸਾ

ਦਿਖਾ ਦੇ ਸੁਰਤ ਤੋਰਾ, ਬਹਿਯਾ ਬਰਸ ਭਯੋ।

ਅੰਤਰਾ ਆਜ ਘਰ ਸੂਨਾ, ਡਰਾਵਨ ਲਾਗੇ

ਅਬ ਨਾ ਸਹੂੰ ਮੈਂ ਤੋ, ਬਰਿਹਾ ਬਰਸ ਭਯੋ।

**25. ਅਹਿਮੋਹਿਨੀ –** ਇਹ ਰਾਗ ਗੰਭੀਰ ਪ੍ਰਕਿਰਤੀ ਦਾ ਰਾਗ ਹੈ। ਇਸ ਵਿੱਚ ਕਰੁਣ ਰਸ ਦੇ ਦਰਸ਼ਨ ਹੁੰਦੇ ਹਨ। ਇਸ ਦੀ ਲੈਅ ਮੱਧ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਮੰਦਰ ਤੇ ਮੱਧਸਪਤਕ ਵਿੱਚ ਇਸਦਾ ਵਧੇਰੇ ਚਲਨ ਹੈ। ਇਸ ਵਿੱਚ ਨਾਇਕਾ ਦਾ ਨਾਇਕ ਪ੍ਰਤੀ ਪ੍ਰੇਮ ਦਰਸਾਇਆ ਗਿਆ ਹੈ। ਇਸ ਵਿੱਚ ਬ੍ਰਜਭਾਸ਼ਾ ਦਾ ਪ੍ਰਯੋਗ ਕੀਤਾ ਹੈ।

ਸਥਾਈ ਅੰਖਿਯਾ ਨੀ ਫੇਰੋ ਸੈਯਾਂ,

ਮਾਰੂਣੀ ਥਾਰੀ ਉਬੀ ਸ਼ਰਜ ਕਰੀਹੋ।

ਅੰਤਰਾ ਨਿਰੁਰ ਜਿਨ ਬਨ, ਫੇਰੀਲੋ ਮੁਖ ਅਬ,

ਮਾਰੂਣੀ ਥਾਰੀ ਉਬੀ ਸ਼ਰਜ ਕਰੀਹੋ।

**26. ਲਲਿਤ ਭਟਿਆਰ –** ਇਸ ਦੀ ਲੈਅ ਵਿਲੰਬਿਤ ਹੈ। ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਪ੍ਰਮਾਤਮਾ ਦੀ ਵਡਿਆਈ ਕੀਤੀ ਗਈ ਹੈ।

ਸਥਾਈ ਹੋ ਕਰਤਾਰ ਸਬ ਜਗਤ ਕੇ ਤਰਨਹਾਰ।

ਅੰਤਰਾ ਦੀਨ-ਦੁਨੀਯਾਂ ਮੇਂ ਤੇਰੋ ਨਾਮ ਰੋਸ਼ਨ

ਤੂਤੋਂ ਦੀਨ ਦਿਯਾਲ ਹੋ ਕਰਤਾਰ॥

**27. ਹਿੰਦੋਲਿਤਾਂ –** ਇਸ ਵਿੱਚ ਤੀਨ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਰਾਗ ਦੀ ਲੈਅ ਦਰੁਤ ਹੈ।

ਸਥਾਈ ਸ਼ੁਭ ਮੰਗਲ ਗਾਵੇ ਏਰੀ ਮਾਈ

ਆਜ ਗਾਵੋ ਰਿਝਾਵੋ ਬੰਧਨਹਾਰ।

ਅੰਤਰਾ ਗੁਨੀ ਗੰਧਰਵ ਅਪਸਰਾ ਕਿੰਨਰ ਕੀਨਹੀ,

ਰਬਾਬ ਬਜੇ ਮ੍ਰਿਦੰਗ ਸਿਤਾਰ॥

**28. ਕਲਾ ਸ਼੍ਰੀ –** ਵਿਲੰਬਿਤ ਝਪਤਾਲ

ਸਥਾਈ ਧੰਨ-2 ਮੰਗਲ ਗਾਉ।

ਘੜੀ ਘੜੀ ਘੜੀ ਅਤਵੋ ਰੀ।

ਅੰਤਰਾ ਦਿਨ-ਦਿਨ ਤਰਸੇ ਰੈਨ ਸੁਹਾਗ ਮੰਗਲ ਗਾਉ।

**29. ਖੇਮਧਵਨੀ –** ਇਹ ਸ਼ਿੰਗਾਰ ਰਸ ਦਾ ਰਾਗ ਹੈ। ਇਸਦੀ ਪ੍ਰਕਿਰਤੀ ਗੰਭੀਰ ਹੈ। ਇਸ ਰਾਗ ਦਾ ਚਲਨ ਮੰਦਰ ਤੇ ਮੱਧ ਸਪਤੱਕ ਵਿੱਚ ਹੈ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਮਿਲਦਾ ਹੈ। ਇਸ ਵਿੱਚ ਪ੍ਰੇਮਿਕਾ ਆਪਣੇ ਪ੍ਰੇਮੀ ਦੇ ਆਉਣ ਵਿੱਚ ਬਹੁਤ ਖੁਸ਼ ਹੈ।

ਸਥਾਈ ਸਾਜਨ ਮੋਰਾ ਆਇਉ ਰੀ ਆਜ

ਘਰ ਆਂਗਨ ਸਬ ਚੌਕ ਪੁਰਾਣੋ।

ਅੰਤਰਾ ਧੰਨ-ਧੰਨ ਮੰਗਲ ਸਪਤ ਸੁਰਨ ਮੇਂ

ਘਾਵੋ ਬਜਾਵੋ ਲੇ ਤਾਨ।

**30. ਗਗਨ ਵਿੰਹਗ –** ਇਹ ਸ਼ਿੰਗਾਰ ਰਸ ਦਾ ਰਾਗ ਹੈ। ਇਹ ਮੱਧ ਤੇ ਤਾਰ ਸਪਤੱਕ ਵਿੱਚ ਗਾਇਆ ਵਜਾਇਆ ਜਾਂਦਾ ਹੈ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਨਾਇਕਾ ਆਪਣੇ ਪ੍ਰੇਮੀ ਲਈ ਤੜਫ ਰਹੀ ਦੱਸੀ ਗਈ ਹੈ।

ਸਥਾਈ    ਦੇਖਤ ਮੁੱਖ ਚੰਦਰ ਚਕੋਰ ਰਜਨੀ ਮੇਂ

ਨਿਰਖ ਨਿਹਾਰਤ ਜੁਗ ਬੀਤ ਗਏ ਬਾਵਰੇ ਕੇ।

ਅੰਤਰਾ    ਹੋਵੇ ਨਾ ਸੰਗ ਸਾਥ ਪ੍ਰੇਮ ਮਿਲਨ ਕੋ

ਕਬ ਛਾਂਡੋਗੇ ਝੂਠੀ ਆਸ ਪ੍ਰੀਤ ਕੀ ਪਿਯਾਰੇ ਕੇ।

31. **ਭੂਪਵਲੀ –** ਇਹ ਸ਼ਿੰਗਾਰ ਰਸ ਦਾ ਰਾਗ ਹੈ। ਇਸਦੀ ਪ੍ਰਕਿਰਤੀ ਗੰਭੀਰ ਹੈ। ਇਸਦਾ ਚਲਨ ਮੱਧ ਤੇ ਤਾਰ ਸਪਤੱਕ ਵਿੱਚ ਅਧਿਕ ਹੈ। ਇਸ ਵਿੱਚ ਨਾਇਕਾ ਦੀ ਬਿਰਹਣਾ ਦੱਸੀ ਗਈ ਹੈ।

ਸਥਾਈ    ਬਿਛੁਵਾ ਛਮਕੇ ਜੋ ਹਾਲੇ ਪਗਵਾ

ਮਧਰਾਤ ਕੀ ਬੇਲਾ ਸੁਹਾਨੀ

ਮੈਂ ਜਾਨੀ ਗਤ ਪਿਯੂ ਕੇ ਮਨਵਾ।

ਅੰਤਰਾ    ਜੋਬਨਾ ਅਗਨ ਕੈਸੇ ਬੁਝਾਉਂ

ਸ਼ਾਸ ਨਨਦ ਬੀਚ ਹਮਰੋ ਮਗਵਾ।

32. **ਸਾਲਗਭੈਰਵੀ –** ਇਸ ਰਾਗ ਵਿੱਚ ਸ਼ਿੰਗਾਰ, ਸ਼ਾਂਤ ਅਤੇ ਕਰੁਣ ਰਸ ਝਲਕਦੇ ਹਨ। ਇਸ ਰਾਗ ਦੀ ਪ੍ਰਕਿਰਤੀ ਨਾ ਬਹੁਤ ਗੰਭੀਰ ਹੈ ਤੇ ਨਾਂ ਹੀ ਚੰਚਲ। ਇਸ ਰਾਗ ਦਾ ਚਲਨ ਤਿੰਨਾਂ ਸਪਤੱਕਾਂ ਵਿੱਚ ਹੈ। ਇਸ ਵਿੱਚ ਰਚਨਾਕਾਰ ਨੇ ਝੱਪਤਾਲ ਦਾ ਪ੍ਰਯੋਗ ਕੀਤਾ ਹੈ। ਇਸ ਵਿੱਚ ਮਾਂ ਸਰਸਵਤੀ ਮਾਂ ਦੀ ਅਰਾਧਨਾ ਕੀਤੀ ਗਈ ਹੈ।

ਸਥਾਈ    ਮਾਂ ਸਰਸਵਤੀ ਕੇ ਸਵਰ ਗੂੰਜੇ ਕਾਨਨ

ਹੋਵਤ ਪ੍ਰਮੱਤ ਚਿੱਤ ਰਿਦੈ ਭਏ ਪਾਵਨ।

ਅੰਤਰਾ    ਸਾਲਗ ਸੁਭੈਰਵੀ ਰਾਗਿਨੀ ਸਵਰੂਪਿਨੀ

ਨਿਖਰਤ ਰੂਪ ਨਿਰਖ 'ਦਿਨਰੰਗ' ਭਏ ਪਾਵਨ।

**33. ਬਯਾਤੀ –** ਇਸ ਰਾਗ ਵਿੱਚ ਸ਼ਿੰਗਾਰ ਰਸ ਤੇ ਸ਼ਾਂਤ ਰਸ ਦੇ ਦਰਸ਼ਨ ਹੁੰਦੇ ਹਨ। ਇਸ ਦਾ ਚਲਨ ਮੱਧ ਤੇ ਤਾਰ ਸਪੱਤਕ ਵਿੱਚ ਹੈ। ਇਸ ਦੀ ਪ੍ਰਕਿਰਤੀ ਚੰਚਲ ਹੈ। ਇਸ ਵਿੱਚ ਪੰਚਰੂਪਕ ਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਪਰਮਾਤਮਾ ਦੀ ਆਰਾਧਨਾ ਕੀਤੀ ਗਈ ਹੈ।

ਸਥਾਈ ਤੂੰ ਕਰੀਮ ਤੂੰ ਰਹੀਮ
ਪਾਕ ਨਾਮ ਤੇਰੋ
ਪੀਰ ਫਕੀਰ ਸਬ, ਜਪਤ ਨਿਹਾਲੇ।

ਅੰਤਰਾ ਰਾਮ ਰਹੀਮ ਯੇਸੂ ਕ੍ਰਿਸ਼ਣ ਤਿਹਾਰੇ
ਨਾਮ ਅਨੇਕ 'ਦਿਨਰੰਗ' ਪੁਕਾਰੇ।

**34. ਅਪੂਰਵਾ ਕਲਿਆਣ –** ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ। ਇਸਦਾ ਚਲਨ ਤਿੰਨਾਂ ਸਪਤੱਕਾਂ ਵਿੱਚ ਹੁੰਦਾ ਹੈ। ਇਸ ਵਿੱਚ ਸ਼ਿੰਗਾਰ, ਸ਼ਾਂਤ ਤੇ ਭਗਤੀ ਰਸ ਝਲਕਦਾ ਹੈ। ਇਸ ਦੀ ਬੰਦਿਸ਼ ਵਿੱਚ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸਦੇ ਸਾਹਿਤ ਵਿੱਚ ਪਰਮਾਤਮਾ ਅੱਗੇ ਬੇਨਤੀ ਕੀਤੀ ਗਈ ਹੈ ਅਤੇ ਉਸ ਦੀ ਵਡਿਆਈ ਕੀਤੀ ਗਈ ਹੈ।

ਸਥਾਈ ਕਰਮ ਕਰੋ ਮੋਰੇ ਸਵਾਮੀ।

ਅੰਤਰਾ ਸਵਾਮੀ ਤੂ ਹੈ ਦਿਆਲ
ਕ੍ਰਿਪਾ ਸ਼ਰਣ ਆਈ।

**35. ਮੱਧਕਲਿਆਣ**[84] **–** ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਸ ਵਿੱਚੋਂ ਸ਼ਿੰਗਾਰ ਰਸ ਦੀ ਪ੍ਰਾਪਤੀ ਹੁੰਦੀ ਹੈ। ਇਸ ਦਾ ਚਲਨ ਮੰਦਰ ਤੇ ਮੱਧ ਸਪਤੱਕ ਵਿੱਚ ਅਧਿਕ ਹੁੰਦੀ ਹੈ। ਇਸ ਵਿੱਚ ਨਾਇਕਾ ਆਪਣੇ ਪਤੀ ਨੂੰ ਦੁੱਖ ਵਿੱਚ ਕਹਿ ਰਹੀ ਕਿ ਤੂੰ ਕਿਸੇ ਦੀ ਮੰਨ ਰਿਹਾ ਤੇ ਕਿਸੇ ਹੋਰ ਨਾਲ ਪ੍ਰੇਮ ਰਚਾ ਕੇ ਮੇਰੀ ਕਦਰ ਨਹੀਂ ਕਰ ਰਿਹਾ ਅਤੇ ਮੈਨੂੰ ਛੱਡ ਕੇ ਜਾ ਰਿਹਾ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ।

---

[84] ਮੱਧ ਕਲਿਆਣ, ਉਸਤਾਦ ਸਲਾਮਤ ਅਲੀ ਖਾਨ-ਪਾਰਟ 1(youtube.com/@AllyAdnan)

ਸਥਾਈ	ਕਾਹੂੰ ਕੀ ਨਾ ਮਾਨੀ ਬਲਮਾ,

ਕਿਨ ਬੈਰਨ ਸੰਗ ਲਗਨ ਰਚਾਇਉ,

ਹਮਰੀ ਕਦਰ ਨਾ ਜਾਨੀ।

ਅੰਤਰਾ	ਹਮ ਸੰਗ ਤੋੜੀ,

ਕਿਨ ਬੈਰਨ ਸੰਗ ਜੋਰੀ,

ਮਨਰੰਗ ਤੁਨੇ ਪ੍ਰੀਤ ਕੀ ਰੀਤ ਨਾ ਜਾਨੀ।

**36. ਰੂਪਵਤੀ ਕਲਿਆਣ –** ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਇਸਦਾ ਚਲਨ ਮੰਦਰ ਤੇ ਮੱਧ ਸਪੱਤਕ ਵਿੱਚ ਅਧਿਕ ਹੈ। ਇਸ ਵਿੱਚ ਰਚਨਾਕਾਰ ਨੇ ਵਿਲੰਬਿਤ ਖਿਆਲ ਵਿੱਚ ਝੂਮਰਾ ਤਾਲ ਦਾ ਪ੍ਰਯੋਗ ਕੀਤਾ ਹੈ। ਇਸ ਵਿੱਚੋਂ ਭਗਤੀ ਤੇ ਸ਼ਾਂਤ ਰਸ ਦੇ ਦਰਸ਼ਨ ਹੁੰਦੇ ਹਨ।

ਸਥਾਈ	ਦਰਸ ਮੋਹੇ ਦੀਜੇ ਮਨ ਮੇਂ ਸੁਰ ਗਿਆਨ ਕਾ।

ਅੰਤਰਾ	ਸੁਰ ਗਿਆਨ ਕੀ ਨਯਾ ਦੌਲਤ ਦਬ ਮੇਂ

ਮਨਰੰਗ ਕੀ ਸੂਰਤਾਂ ਦੀਜੋ,

ਖਬਰੀਆ ਲੀਜੋ।[85]

**37. ਸ਼ਿਯਾਮਵਤੀ –** ਇਸ ਰਾਗ ਵਿੱਚ ਸ਼ਿੰਗਾਰ ਰਸ ਦਿਖਾਈ ਦਿੰਦਾ ਹੈ। ਇਸ ਦੀ ਬੰਦਿਸ਼ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਤੀਨਤਾਲ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਵਿੱਚ ਪ੍ਰੇਮਿਕਾ ਆਪਣੇ ਪ੍ਰੇਮੀ ਦੇ ਵਿਛੋੜੇ ਵਿੱਚ ਤੜਫ ਰਹੀ ਹੈ ਅਤੇ ਉਸਦੇ ਮਿਲਣ ਦੀ ਆਸ ਕਰਦੀ ਹੋਈ ਕਹਿ ਰਹੀ ਹੈ ਕਿ ਉਸ ਤੋਂ ਬਿਨਾਂ ਪਾਗਲ ਜਿਹੀ ਹੋਈ ਪਈ ਹੈ।

ਸਥਾਈ	ਨਯਨ ਮੋਰੇ ਲਾਗੇ,

ਤੁਮ ਸੰਗ ਬਲਮਾ,

ਮੋਰੇ ਪਿਆਰੇ ਰਸੀਲੇ ਬਲਮਾ।

[85] *www.youtube.com/@JaswantBasson*

ਅੰਤਰਾ ਤੁਮਰੇ ਮਿਲਨ ਕੀ ਆਸ ਪੀਆ ਮੋਰੇ,

ਮਨਰੰਗ ਅਬ ਤੋ ਤੁਮ ਬਿਨ ਪਗਲਾਤ।

38. **ਨੰਦੇਸ਼ਵਰੀ –** ਇਸ ਰਾਗ ਵਿੱਚ ਭਗਤੀ ਰਸ ਦਿਖਾਈ ਦਿੰਦਾ ਹੈ। ਉ. ਸਲਾਮਤ ਅਲੀ ਖਾਨ ਨੇ ਇਸ ਰਾਗ ਵਿੱਚ ਦਰੁਤ ਖਿਆਲ ਦੀ ਬੰਦਿਸ਼ ਤੀਨਤਾਲ ਵਿੱਚ ਦਿੱਤੀ ਹੈ। ਇਸ ਦੇ ਸਾਹਿਤ ਵਿੱਚ ਮਾਂ ਗੌਰੀ ਦੀ ਪ੍ਰਸ਼ੰਸਾ ਕੀਤੀ ਗਈ ਹੈ। ਇਸ ਵਿੱਚ ਬ੍ਰਜ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ।

ਸਥਾਈ ਗੌਰੀ ਕੇ ਮਾਥੇ ਤਿਲਕ ਬਿਰਾਜੇ ਸਜਨੀ,

ਸੁੰਦਰ ਨੈਨੋ ਮੇਂ ਕਜਰਾ ਸਾਜੇ।

ਅੰਤਰਾ ਸੁੰਦਰ ਮੁੱਖ ਪੇ ਮੈਂ ਬਲੀ ਜਾਊਂ,

ਜੀਆ ਰੰਗ ਗਲ ਮੋਤੀਅਨ ਕੀ ਮਾਲਾ ਸਾਜੇ।

## 5.3 ਚੁਣੀਂਦਾ ਬੰਦਿਸ਼ਾਂ

1. ਰਾਗ ਮਧੂਭੈਰਵ — ਤਾਲ ਤੀਨਤਾਲ

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | ਪਪ | ਮਮ | ਗਗ | ਰੁੇ | ਰੁੇਸਾ | -ਸਾ | .ਪ | .ਨੀ | - | - | ਸਾ |
| | | | | | ਦਿਰ | ਦਿਰ | ਦਿਰ | ਦਾ | ਰਦਾ | Sਰ | ਨਾ | ਦਾ | S | S | ਰਾ |
| ਰੁੇ | _ | _ | ਸਾ | _ | ਪਪ | ਮਮ | ਗਗ | ਰੁੇ | ਰੁੇਸਾ | -ਸ | .ਪ | - | .ਨੁੀ | - | ਸਾ |
| ਦਾ | S | S | ਦਾ | S | ਦਿਰ | ਦਿਰ | ਦਿਰ | ਦਾ | ਰਦਾ | Sਰ | ਦਾ | S | ਦਾ | S | ਰਾ |
| _ | ਰੇਰੇ | ਸਾ | ਰੁੇ | ਨੀ | ਸਸ | ਪ | ਨੁੀ | - | ਰੇਰੇ | ਸਸ | ਰੇਰੇ | ਸਾ | ਸਸ | -ਸ | ਸਾ |
| S | ਦਾਰਿ | ਦਾ | ਰਾ | ਦਾ | ਦਿਰ | ਦਾ | ਗ | S | ਦਿਰ | ਦਿਰ | ਦਿਰ | ਦਾ | ਰਦਾ | Sਰ | ਦਾ |
| ਸਾਂ | ਨੁੀ | _ | ਨੁੀ | ਪ | _ | ਮ | ਗ | ਰੁੇ | ਰੇਸਾ | -ਸਾ | .ਪ | _ | .ਨੁੀ | _ | ਸ |
| ਦਾ | ਰਾ | S | ਦਾ | ਰਾ | S | ਦਾ | ਰਾ | ਦਾ | ਰਦਾ | Sਰ | ਦਾ | S | ਦਾ | S | ਰਾ |
| ਰੁੇ | | | | | | | | | | | | | | | |
| ਦਾ | | | | | | | | | | | | | | | |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਮ | ਪ | ਨੁੀ | ਪ | ਪ |
| | | | | | | | | | | | ਦਾ | ਰਾ | ਦਾ | S | ਦਾ |
| ਸਾਂ | - | _ | ਨੁੀ | _ | ਰੁੇਂਰੁੇਂ | ਸਾਂਸਾਂ | ਰੁੇਂਰੁੇਂ | ਨੁੀ | ਨੀਸਾ | -ਸਾ | | | | | |
| ਦਾ | S | S | ਦਾ | S | ਦਿਰ | ਦਿਰ | ਦਿਰ | ਦਾ | ਰਦਾ | Sਰ | | | | | |
| | | | | | | | | | | | ਸਾ | ਸਾਂ | ਸਾਂ | ਪ | ਗ |
| | | | | | | | | | | | ਦਾ | ਧਾ | ਰ | ਦਾ | ਗ |
| _ | ਮ | ਪ | ਨੁੀ | ਨੁੀਪ | -ਪ | ਮ | ਮਗ | ਗ | ਰੁੇ | ਸਾ | ਪ | _ | .ਨੁੀ | - | ਸ |
| S | ਦਾ | ਰਾ | ਦਾ | ਰਦਾ | Sਰ | ਦਾ | ਰਦਾ | ਰ | ਦਾ | ਰਾ | ਦਾ | S | ਦਾ | S | ਰਾ |
| ਰੁੇ | | | | | | | | | | | | | | | |
| ਦਾ | | | | | | | | | | | | | | | |

2. ਰਾਗ ਸ਼ਿਵ ਆਭੋਗੀ　　　　　　　　　　　　　　ਤਾਲ ਏਕਤਾਲ

ਸਥਾਈ

| | | | | | | | | | | | |
|---|---|---|---|---|---|---|---|---|---|---|---|
| | | | | | | | | _ | [.ਨਿ]ਸਾ | ਰੇ | [ਮ']ਗੁ |
| | | | | | | | | S | ਨਿ | ਤ | ਰ |
| ਮ' | _ | _ | ਗੁ | ਰੇ | ਸਾ | [ਗੁ]ਰੇ | _ | ਰੇ | _ | ਸਾ | [.ਨਿ]ਧ਼ |
| ਹੇ | S | S | ਮ | ਗ | ਨ | ਤੋ | S | ਮੇਂ | S | ਮ | ਨ |
| ਸਾ | _ | [ਗੁ]ਰੇ | ਗੁ | [ਧ]ਮ' | [ਮ']ਧ | ਸਾਂ | _ | ਸਾਂ | _ | [ਸਾਂ]ਗੁਂ | ਰੇਂ |
| ਚਾ | S | ਹ | ਤ | ਗੁ | ਨ | ਗਾ | S | ਊਂ | S | ਨਿ | ਸ |
| ਸਾਂ | [ਸਾਂ]ਧ | [ਧ]ਮ' | ਗੁ | [ਗੁ]ਰੇ | ਗੁ | ਰੇ | ਸਾ | _; | [.ਨਿ]ਸਾ | ਰੇ | [ਮ']ਗੁ |
| ਦਿ | ਨ | ਤੁ | ਮਹ | ਰੇ | ਬ | ਲ | ਮ | S; | ਨਿ | ਤ | ਰ |

ਅੰਤਰਾ

| | | | | | | | | | | | |
|---|---|---|---|---|---|---|---|---|---|---|---|
| | | | | | | | | _ | [ਧ]ਮ' | _ | ਧ |
| | | | | | | | | S | ਤੂ | S | ਹੀ |
| ਸਾਂ | _ | ਸਾਂ | [ਨਿ]ਸਾਂ | _ | ਸਾਂ | ਰੇਂਧ | _ | ਧ | _ | [ਧ]ਸਾਂ | ਧ |
| ਗਯਾ | S | ਨ | ਤੂ | S | ਹੀ | ਧਯਾ | S | ਨ | S | ਚ | ਰ |
| ਸਾਂ | _ | [ਗੁਂ]ਰੇਂ | ਗੁਂ | ਰੇਂ | [ਮ'ਂ]ਗੁਂ | ਮਂ' | ਗੁਂ | _ | ਰੇਂ | ਗੁਂ | ਰੇਂ |
| ਆ | S | ਚ | ਰ | ਮੇਂ | S | S | ਤੂ | S | ਹੀ | ਗੁ | ਨਿ |
| ਸਾਂ | _ | [ਨਿ]ਧ | [ਧ]ਮ' | [ਧ]ਮ' | ਗੁ | [ਗੁ]ਰੇ | ਗੁ | ਰੇ | ਸਾ | ਰੇ | [ਮ']ਗੁ |
| ਜਾ | S | ਨ | ਕੀ | ਤ | ਨ | ਹੀ | ਭ | ਰ | ਮ | S | ਰ |

3. **ਰਾਗ ਸਵਾਨੰਦੀ**

ਸਥਾਈ

| | | | | | | | | | | | |
|---|---|---|---|---|---|---|---|---|---|---|---|
| | | | | | | | | | [.ਨਿ].ਧ | [ਸ]ਨ਼ਿ | [ਰੇ]ਸਾ |
| | | | | | | | | | ਤੋ | ਹੇ | ਰੇ |
| ਮ | _ | _ | ਪ | ਗ | [ਗ]ਪ | [ਪ]ਗ | [ਗ]ਰੇ | [ਰੇ]ਸਾ | _ | ਗ | ਮ |
| ਗਾ | S | ਊਂ | S | S | ਮੈਂ | ਆ | S | ਜ | S | ਗੁ | ਨਿ |
| ਨਿ | ਧ | ਧ | [ਸਂ]ਨਿ | ਰੇਂ | ਨਿ | ਧ | _ | ਪ | _ | [ਮ]ਪ | ਪ |
| ਦਾ | S | ਸ | ਬ | ਲ | ਮ | ਮੋ | S | ਰੇ | S | ਸ | ਰ |
| ਧਨਿ | ਨਿ | ਧ | ਪ | [ਮ]ਪ | ਮ | [ਮ]ਪ | _ | ਗ | _ | [ਮ]ਗ | ਮ |
| ਸ | ਰ | ਚੀ | S | ਧੁ | ਨ | ਨੀ | S | ਕੀ | S | ਸੁ | ਨ |
| [ਪ]ਧ | [ਪ]ਧ | ਧਪ | ਮ | [ਮ]ਪ | [ਮ]ਪ | [ਪ]ਗ | [ਗ]ਰੇ | [ਰੇ]ਸਾ; | [.ਨਿ]ਧ਼ | [ਸ]ਨ਼ਿ | [ਰੇ]ਸਾ |
| ਮੇ | S | ਰੋ | S | ਮ | ਨ | ਭਾ | S | ਯੇ; | ਤੋ | ਹੇ | ਰੇ |

ਅੰਤਰਾ

| | | | | | | | | | | | |
|---|---|---|---|---|---|---|---|---|---|---|---|
| | | | | | | | | | | ਮ | ਧ |
| | | | | | | | | | | ਚ | ਤ |
| ਧਨਿ | ਸਾਂ | [ਨਿ]ਸਾਂ | _ | [ਨਿ]ਸਾਂ | _ | ਨਿਧ | ਸਾਂ | _ | ਸਾਂ | [ਨਿ]ਧ | ਨਿ |
| ਰਾ | S | ਈ | S | ਕਿ | S | ਨਹੀਂ | ਮੋਂ | S | ਸੇ | ਸ | ਪ |
| ਸਾਂਗਂ | ਪਂ | ਗਂ | ਰੇਂ | [ਨਿ]ਸਾਂ | ਸਾਂ | ਨਿਧ | [ਸਂ]ਨਿ | _ | ਧ | ਮ | ਧ |
| ਨਾ | S | ਮੋ | ਹੇ | ਦ | ਰ | ਸS | ਦੇ | S | ਕੇ | ਜ | ਬ |
| [ਸਂ]ਨਿ | ਰੇਂ | ਨਿ | ਧ | ਪ | _ | ਧਪ | ਮਪ | ਮ | _ | [ਮ]ਗ | ਮ |
| ਜਾ | S | ਗ | ਪ | ਰੀ | S | ਪਾS | SS | ਛੇ | S | ਗੁ | ਨੀ |
| [ਪ]ਧ | [ਪ]ਧ | ਧਪ | ਮ | ਮ | [ਮ]ਪ | [ਪ]ਗ | [ਗ]ਰੇ | [ਰੇ]ਸਾ; | ਧ਼ | [ਸ]ਨ਼ਿ | [ਰੇ]ਸਾ |
| ਜਾ | S | ਨ | ਦੁ | ਖ | S | ਪਾ | S | ਯੇ; | ਤੋ | ਹੇ | ਰੇ |

| | | | | | | | | | | | |
|---|---|---|---|---|---|---|---|---|---|---|---|
| ਸਥਾਈ | | | | | | | | | | | |
| | | | | | | | | | | ਗ | ਪ |
| | | | | | | | | | | ਉ | ਚ |
| ਧੁ | ਧੁ | ਪ | _ | ਧੁ | ਮ | ਪ | ਗੁ | ਮ | _ | ਗਮ | ਪਮ |
| ਟ | ਗ | ਈ | _ | ਮੋ | ਰੀ | ਨਿ- | ਦਿ | ਯਾ | _ | ਦੇS | ਖੀS |
| ਰੇ | ਸ | ਨ਼ਿ | ਸ | ਗ | ਮ | ਧੁਨਿ | ਸਂਨਿ | ਧੁਪ | ਮਗ | | |
| ਸ | ਪ | ਨੇ | S | ਸੁ | ਹਾ | SS | SS | SS | Sਨੇ | | |
| ਅੰਤਰਾ | | | | | | | | | | | |
| | | | | | | | | | | ਗ | ਮ |
| | | | | | | | | | | ਦੇ | S |
| ਧੁ | _ | ਸਂ | _ | ਸਂ | _ | ਨਿ | ਰੇਂ | ਸਂ | _ | ਧੁ | ਧੁ |
| ਖੀ | S | ਨ | ਟ | ਨਾ | S | ਗ | ਰ | ਕੋ | S | ਮੁ | ਰ |
| ਸਂ | ਸਂ | ਸਂ | _ | ਸਂ | ਨਿ | ਸਂ | ਧੁ | _ | ਪ | ਗ | ਮ |
| ਲੀ | S | ਕੋ | S | ਅ | ਧ | ਰ | ਧੁ | S | ਰ | ਦੇ | S |
| ਧੁ | _ | _ | ਸਂ | _ | ਸਂ | ਨਿ | ਰੇਂ | ਸਂ | _ | | |
| ਖੀ | S | S | ਨ | ਟ | ਨਾ | ਗ | ਰ | ਕੋ | S | | |
| | | | | | | | | | | ਧੁ | ਨ਼ਿ |
| | | | | | | | | | | ਮੰ | S |
| ਸ਼ | ਗੁਂ | _ | ਰੇਂ | ਸਂ | _ | ਨਿਰੇਂ | ਸਂਨਿ | ਧਪ | ਮਗ | | |
| ਧ | ਮੰ | S | ਦ | ਮੁ | ਸ | ਕਾS | SS | SS | ਏ | | |

5. ਰਾਗ ਬੈਰਾਗੀ ਤਾਲ ਤੀਨਤਾਲ

ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | ਪਪ | ਨਿਨਿ੍ | ਪ- | ਪਮ | ਮ | ਪ | ਮ | ਰੇ੍ | ਰੇ੍ | ਨਿ. |
| | | | | | | ਦਿਰ | ਦਿਰ | ਦਾ | ਰਾਦਾ | ਰਾ | ਦਾ | ਦਾ | ਦਾ | ਰੇ੍ | ਦਾ |
| | | | | | | ਪਪ | | | | | | | | | |
| ਸ | ਸ | ਸ | ਰੇ | ਰੇ੍ | ਮ | | | | | | | | | | |
| ਦਾ | ਰਾ | ਦਾ | ਦਾ | ਰਾ | ਦਾ | | | | | | | | | | |

ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | ਪ | ਪ | ਪ | ਨਿ੍ਨਿ੍ | ਸੰਸੰ | ਰੇਂ | ਸੰ- | ਸੰਨਿ੍ | ਨਿ | ਪ |
| | | | | | | ਦਾ | ਰਾ | ਦਾ | ਦਿਰ | ਦਿਰ | ਦਾ | ਦਾ | ਰਾਦਾ | ਰਾ | ਦਾ |
| ਸੰ | ਨਿ੍ਨਿ੍ | ਪ | ਮ | ਮ | ਰੇ੍ | | | | | | | | | | |
| ਦਾ | ਦਿਰ | ਦਾ | ਰਾ | ਰਾ | ਦਾ | | | | | | | | | | |

6. ਰਾਗ ਸਹੇਲੀ ਤੋੜੀ — ਤਾਲ ਏਕਤਾਲ

| | | | | | | | | | | | |
|---|---|---|---|---|---|---|---|---|---|---|---|
| ਸਥਾਈ | | | | | | | | | | | |
| ਰੁੀ | ਸਾ | ਸਾ | _ | ਧ਼ | ਧ਼ | ਸਾ | ਧ਼ | ਸਾ | _ | ਸਾਰੁੇ | ਰੁੇ |
| ਚੰ | ਦਾ | ਸਾ | S | ਮੁ | ਖ | ਬ | ਨ | ਡਾ | S | ਰਾS | S |
| ਪ਼ | ਧ਼ | ਸਾ | ਧ਼ | ਸਾ | ਰੁੇ | ਰੁੇ | ਪ | ਗੁ | – | ਰੁੇ | ਗੁ |
| ਹੰ | ਸ | ਹੰ | ਸ | ਕ | ਰ | ਬ | ਤਿ | ਯਾਂ | S | ਯੇ | S |
| ਅੰਤਰਾ | | | | | | | | | | | |
| ਗੁ | ਪ | ਧੁ | – | ਸਾਂ | ਧੁ | ਸਾਂ | ਰੁੀਂ | ਰੁੇਂਗੁਂ | ਸਾਂਰੀਂ | ਸਾਂ | – |
| ਯੇ | ਮੇ | ਰੋ | S | ਸਾਂ | ਬ | ਹ | ਰ | ਲੀ | S | ਨੋ | S |
| ਧੁ | ਸਾਂ | ਰੁੀਂ | ਗੁਂ | ਰੁੀਂ | ਸਾਂ | ਧੁ | ਪ | ਧੁਨ੍ਹਿ | ਧੁਧੁ | ਰੁੀ | ਮ |
| ਧੀ | ਯਾ | ਮ | ਨ | ਬ | ਸ | ਕ | ਰ | ਲੀS | ਨੋS | ਯੇ | S |

7. ਰਾਗ ਪ੍ਰਭਾਤ ਰੰਜਨੀ — ਤਾਲ ਤੀਨਤਾਲ

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਸਾਸਾ | ਸਾ | ਰੇਮ | ਧਪ | ਧਨਿ |
| | | | | | | | | | | | ਦਿਰ | ਦਾ | ਦਿਰ | ਦਾ | ਰਾ |
| ਧ | ਧ | ਧ | ਨਿ-ਧਪ | ਮ | ਮਮ | ਪ-ਧਨਿ | ਗ | ਰੇ | ਗੁਮ | ਰੇਸਾ | | | | | |
| ਧਾ | ਦਾ | ਰਾ | ਦਿ-ਰ- | ਦਾ | ਦਿਰ | ਦਾ-ਰਾ- | ਰਾ | ਦਾ | ਦਾ- | ਰਾ- | | | | | |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਮਮ | ਮ | ਪਪ | ਧ | ਨਿ੍-ਰੇ- |
| | | | | | | | | | | | ਦਿਰ | ਦਾ | ਦਿਰ | ਦਾ | ਦਾ-ਰਾ- |
| ਸਂ | ਸਾਂ | ਸਾ | ਸਾਂਸਾਂ | ਨਿ | ਸਾਂਸਾਂ | ਰੇਂ | ਰੇਂ | ਗੁਂ | ਰੇਂ | ਸਾ | | | | | |
| ਦਾ | ਦਾ | ਦਾ | ਦਿਰ | ਦਾ | ਦਿਰ | ਦਾ | ਰਾ | ਦਾ | ਦਾ | ਰਾ | | | | | |
| | | | | | | | | | | | ਰੇਂਗਂ | ਰੇਂ | ਸਾਂਸਾਂ | ਨਿ | ਧ |
| | | | | | | | | | | | ਦਿਰ | ਦਾ | ਦਿਰ | ਯਾ | ਰਾ |
| ਮ | ਪਪ | ਧ | ਨਿ੍ਸਾ | ਰੇਂ | ਗੁਂਰੇਂ | ਸਾਂ | ਸਂ | ਨਿ੍ਧੁ | ਪ | ਮ | | | | | |
| ਦਾ | ਦਾ- | ਰਾ | ਦਿਰ | ਦਾ | ਦਿਰ | ਯਾ | ਰਾ | ਦਾ- | ਦਾ | ਰਾ | | | | | |

8. ਰਾਗ ਪੀਲੂ ਕੀ ਮਾਂਝ ਤਾਲ ਤੀਨਤਾਲ

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਨਿ | ਪ | ਗੁ | _ | ਸਾ | _ | ਸਾ, | ਨਿ਼ | ਸਾ | _ | ਰੇ, | ਮ | ਪ | _ | ਨਿ | _ |
| ਸੀ | ਕੈ | ਸੀ | S | ਰੀ | S | ਤ, | ਨੇ | ਹਾ | S | ਕੀ, | ਨਿ | ਰਾ | S | ਲੀ | S |
| ਸਾਂ | _ | ਰੇਂ, | ਗੁਂ | ਸਾਂ | _ | ਪ | ਪ, | ਪਨਿ | ਸਾਂਰੇਂ | ਸਾਂ | ਸਾਂ | ਪ | ਧ, | ° | ਮ |
| ਪੀ | S | ਤ, | ਲ | ਗਾ | S | ਵ | ਤ, | ਔS | SS | ਰ | ਨ | ਸੌਂ | S, | ਨਿ | ਥ |
| ਗੁ | _ | ਰੇਸਾ | ਨਿ਼ | ਪ਼ | ਨਿ਼ | ਸਾ, | ਰੇ | ਗ | ਰੇਗੁ | ਸਾ | ਸਾ | ਰੇਮ | ਪਨਿ | ਸਾਂਰੇਂ, | ਸਾਂ |
| ਝੂ | S | ਠੀ | S | ਬ | ਤੀ | ਆਂ, | ਪ | ਨਾ | SS | ਵ | ਤ | ਹੋS | SS | SS, | ਏ |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਪਧ | - | ਧਪ | ਗੁ | _ | ਸਾ, | ਸਾ, | ਰੇਮ | ਪਨਿ | ਸਾਰੇਂ | ਗੁਂ | ਸਾਂ | _ | _ | ਸਾਂ |
| ਹਮ | ਤੋS | S | ਲS | ਗਾ | S | ਯੇ, | ਫੰ | ਸੇS | SS | SS | S | ਪੀ | S | S | ਥ |
| ਪਨਿ | ਸਾਂਰੇਂ | ਸਾਂ | _ | ਪ | ਧ | ਮ | ਮ, | ਰੇ | ਮ | ਪ | ਸਾਂ | ਪ | ਧ | ° | ਗੁ |
| ਕੋS | SS | ਜਾ | S | ਨੇ | S | ਯ | ਹ, | ਪੀ | S | ਤ | ਕੀ | ਰੀ | S | S | ਥ |
| ਸਾ | ਸਾ | ਨਿ਼ | _ | ਪ਼ | ਨਿ਼ | ਸਾ, | ਰੇ | ਰੇਗ | ਰੇ | ਮ | ਪ | ਰੇਮ | ਪਨਿ | ਸਾਂਰੇਂ, | ਸਾਂ |
| ਰ | ਸ | ਕੇ | S | ਹੇ | S | ਤ, | ਰੇ | ਸਿS | ਯਾ | ਤੁ | ਮ | ਹੋS | SS | SS | ਓ |

9. ਰਾਗ ਮੁਹੰਮਦ ਤਾਲ ਤੀਨਤਾਲ

ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਨ਼ਿ | ਪ਼- | ਸ਼ਨ਼ਿ | ਸ- | ਰੇ | _ | ਰੇ | _ | ਗ | ਮ | ਗਰੇ | ਸਨ਼ਿ | ਰੇ | _ | ਸ | _ |
| ਈ | ਦ | ਮੁ | ਬਾ | ਰੇ | s | ਖ | s | ਗ | ਈ | s | ਇਸ | ਲਤ | s | ਮੀ | s |
| ਨ਼ਿ | ਰੇਸ | ਨ਼ਿ | ਪ | ਸਨ਼ਿ | ਰੇ- | ਰੇ | _ | ਗ | ਮ | ਗਰੇ | ਸ_ | ਰੇ | _ | ਸ | ਪ |
| ਖੁ | ਦਾ | ਕੇ | s | ਬ | ਨ | ਛੇ | s | ਮੁ | s | ਹ | s | ਤ | s | ਦ | s |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | ਪ | ਨਿਸਂ | _ | ਸਾਂ | ਸਂ | ਸਂ | _ | ਸਂਨਿ | ਰੇਂ- | ਗਂ | ਮਂ | ਗਂ | ਰੇਂ | ਸਂ | ਨਿ |
| ਅ | s | ਸਰ | s | ਖੁ | s | ਦਰ | | ਜ | ਮੀ | ਨ | s | ਆ | ਸ | ਮਾ | ਨ |
| ਸਂ | ਨਿ | ਪ | _ | ਗ | ਪ | ਨਿ | ਸਂ | ਪ | ਨਿ | ਸਂ | _ | ਗ | ਗ | ਰੇ | ਸ |
| ਸਂ | s | ਮੀ | s | ਪੁ | ਕਾ | ˏ | ਤ | ਅੱ | ਲਾ | ਹੋ | s | ਅ | ਕ | ਬ | ਰ |

10. ਰਾਗ ਦੇਵ ਵਿਭਾ ਤਾਲ ਤੀਨਤਾਲ

ਸਥਾਈ

| | | | | | | | |
|---|---|---|---|---|---|---|---|
| | | | | 2 | | | |
| | | | | ___ | ਪਪ | ਗਪ | ਗਰੇ |
| | | | | | ਦਿਰ | ਦਾਰਾ | ਦਾਰਾ |
| 0 | | | | 3 | | | |
| ਸਸ | ਧੁ _ | ਧੁਸ | ਸ, | ਰੇ_ | ਰੇਗ | _ ਗ | ਪ |
| ਦਿਰ | ਦਾS | ਰਦਾ | ਰ | ਦਾS | ਰਦਾ | Sਰ | ਦਾ |
| * | | | | 2 | | | |
| ਧੁ | _ | _ | ਪ | _ | | | |
| ਧਾ | S | S | ਰਾ | S | | | |

ਅੰਤਰਾ

| | | | | | | | |
|---|---|---|---|---|---|---|---|
| * | | | | 2 | | | |
| ਧੁ | _ | _ | ਪ | _ | ਧੁ | ਸ | ਰੇ |
| ਧਾ | S | S | ਦਾ | S | ਰ | ਦਾ | ਰਾ |
| 0 | | | | 3 | | | |
| ਗਂ | ਰੇਂ | ਸਂਸਂ | ਰੇਂਰੇਂ | ਸਂ S | ਸਂਧੁ | _ ਧੁ | ਫ _ |
| ਧਾ | ਰਾ | ਦਿਰ | ਦਿਰ | ਦਾ S | ਰਾਦਾ | S ਰ | ਦਾ S |
| * | | | | 2 | | | |
| ਪਗ | _ਗ | ਰੇ | ਸ, | _, | | | |
| ਦਾ | S ਰਾ | ਦਾ | ਰਾ | S | | | |

11. ਰਾਗ ਕਲਾਸ਼੍ਰੀ — ਤਾਲ ਤੀਨਤਾਲ

ਸਥਾਈ

| 0 | | | | 3 | | | | * | | | | 2 | | | |
|---|---|---|---|---|---|---|---|---|---|---|---|---|---|---|---|
| ਗ | ਪ | ਧ | ਪ | _ | ਗ | ਰੇ | ਸਾ | ਮ | _ | _ | ਗ | ਪ | _ | ਪ | ਗ |
| ਧ | ਨ | ਧ | ਨ | s | ਭਾ | ਗ | ਸੁ | ਹਾ | s | s | ਗ | ਤੇ | s | ਰੋ | s |
| ਗ | ਪ | ਧ | ਸਾਂ | _ | ਸਾਂ | ਰੇਂ | ਨਿ੍ | _ | ਨਿ੍ | ਧ | ਧ | ਪ | _ | _ | _ |
| ਤੂ | s | ਪਿ | ਯਾ | ਕੇ | s | ਮ | ਨ | ਭਾ | s | s | s | s | s | s | ਯੇ |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਧ | ਪ | _ | _ | ਗ | ਪ | _ | ਧ | ਸਾਂ | _ | _ | _ | _ | _ | ਨਿ੍ | ਨਿ੍ |
| ਧ | ਨ | s | ਧ | ਨ | ਤਾ | s | ਨ | ਸੇ | s | s | ਨ | s | s | ਪ੍ਰ | ਭੂ |
| ਸਾਂ | ਗਂ | _ | _ | ਸਾਂ | ਰੇਂ | ਨਿ੍ | ਸਾਂ | ਸਾਂ | _ | _ | _ | ਨਿ੍ | ਧਪ | ਗ | _ |
| ਰਿ | ਝਾ | s | s | s | s | s | ਈ | ਤੂ | s | s | s | ਹੀ | s | s | s |
| ਗ | ਪ | ਧ | ਪ | ਨਿ੍ | _ | _ | ਧ | ਪਗ | ਗ | ਮ | ਰੇ | _ | ਨਿ੍ | ਰੇ | ਸਾ |
| ਸ | ਬ | ਨ | ਮੇਂ | ਦੇ | s | s | ਤ | s | ਦਿ | ਖਾ | s | s | ਈ | s | s |
| ਗ | ਪ | ਧ | ਪ | _ | ਗ | ਰੇ | ਸਾ | ਮ | _ | _ | ਗ | ਪ | _ | ਪ | ਗ |
| ਧ | ਨ | ਧ | ਨ | s | ਭਾ | ਗ | ਸੁ | ਹਾ | s | s | ਗ | ਤੇ | s | ਰੋ | s |

12. ਰਾਗ ਵੇਦੀ ਕੀ ਲਲਿਤ ਤਾਲ ਤੀਨਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | ਪਧ | ਨ੍ਿਧ | ਪਗ | ਗੁਰ | ਸਰ |
| | | | | | | | | | | | ਨੈs | ss | ਨs | ਵਾs | ਕੇs |
| ਗੁ | _ | _ | _ | ਰੇ | ਰੇ | ਗੁ | ਗ | ਗ | ਸ | ਸ | ਪ | ਧ | ਸਰੇ | ਗੁਗ | ਗੁਰੇ |
| ਤੀ | s | s | s | s | s | s | s | ਰ | s | ਨ | ਮ | s | ਰੋs | ss | ਜਿs |
| ਸਰੇ | ਗਪ | ਧਨ੍ੀ | ਧਪ | ਧਸਂ | ਰੇਂਗਂ | ਰੇਸਂ | ਧਪ | ਗਗੁ | ਗੁ- | ਰੇਸ | ਪਧ | | | | |
| ਗs | ss | ss | ਰs | ਪs | ss | ਰs | ਰਾs | ss | ss | ਗੇs | ਨੈs | | | | |

ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | _ | _ | _ | ਪਪ | ਪਪ | ਪਧ | ਸਂ | ਧ |
| | | | | | | | | S | s | s | ਕੋs | Ss | sਨ | ਸੁ | ਲ |
| ਸਂ | _ | ਸਂ | ਸਂ | ਧ | sN | ਰੇਂ | ਗਂ | ਰੇਂਰੇਂ | ਸਂਧ | ਪਗ | ਗੁਗੁ | ਰੇਸ | ਸ | ਰੇ | ਗੁ |
| ਝਾ | s | ਯੇ | ਨੈ | s | ਨ | ਵਾ | ਕੀ | ਓs | ਲs | ਝs | ss | ਨs | ਜਿ | ਯ | ਰਾ |
| ਪ | ਧ | ਸਂ | ਗਂ | ਰੇਂ | ਸਂ | ਧ | ਪ | ਗ | ਗੁ | ਰੇ | ਪਧ | | | | |
| ਧ | ਰ | ਤ | ਨ | ਧੀ | ਸ | ਸ | ਸ | ਸ | s | ਰ | ਨੈs | | | | |

## ਅਧਿਆਇ – 6

# ਨਵੀਨ ਰਾਗਾਂ ਦਾ ਪ੍ਰਚਾਰ-ਪ੍ਰਸਾਰ, ਲੋਕਪ੍ਰਿਯਤਾ ਅਤੇ ਸਿਰਜਨਸ਼ੀਲਤਾ

ਕਲਾ ਦੇ ਆਵਿਸ਼ਕਾਰ ਦਾ ਸਵਰੂਪ ਨਿੱਤ ਨਵਾਂ ਰੱਖਣ ਲਈ ਉਸ ਵਿੱਚ ਕਲਾ ਅਨੁਰੂਪ ਬਦਲਾਵ ਹੋਣਾ ਜ਼ਰੂਰੀ ਹੈ। ਸਾਡੇ ਪ੍ਰਾਚੀਨ ਸੰਗੀਤਕਾਂ ਨੇ ਅਤਿਅੰਤ ਨਾਲ ਰਾਗ ਵਿਵਸਥਾ ਦੀ ਨਿਰਮਤੀ ਕੀਤੀ, ਜਿਸਦੇ ਫਲਸਰੂਪ ਸਾਨੂੰ ਕਈ ਨਵੇਂ ਰਾਗ ਪ੍ਰਾਪਤ ਹੋਏ ਹਨ। ਅੱਜ ਵੀ ਕਈ ਪ੍ਰਤਿਭਾ ਸੰਪੰਨ ਕਲਾਕਾਰ ਨਵਰਾਗ ਨਿਰਮਤੀ ਕਰ ਰਹੇ ਹਨ। ਰਾਗ-ਸੰਗੀਤ ਦੀ ਪਰੰਪਰਾ ਅੱਗੇ ਦੀ ਪੀੜ੍ਹੀ ਤੱਕ ਪਹੁੰਚਾਉਣ ਲਈ ਨਵੇਂ ਰਾਗਾਂ ਦੀ ਨਿਰਮਤੀ ਇੱਕ ਮਹੱਤਵਪੂਰਨ ਪ੍ਰਕਿਰਿਆ ਮੰਨੀ ਜਾ ਸਕਦੀ ਹੈ।

ਇਸ ਤਰ੍ਹਾਂ ਹੁੰਦੇ ਹੋਏ ਵੀ ਨਵੇਂ ਰਾਗਾਂ ਦੇ ਸੰਦਰਭ ਵਿੱਚ ਨਵੇਂ ਕਲਾਕਾਰਾਂ ਵਿੱਚ ਮਤਭੇਦ ਹਨ। ਸਾਰੇ ਸ਼ਾਸਤਰੀ ਕਲਾਵਾਂ ਵਿੱਚ ਨਵੀਨਤਾ ਵਿਵਾਦ ਦਾ ਵਿਸ਼ਾ ਹੈ। ਰੂੜ੍ਹੀਵਾਦੀ ਕਲਾਕਾਰਾਂ ਦੇ ਮਨ ਅਨੁਸਾਰ ਪਰੰਪਰਾਗਤਾ ਹੀ ਸ਼ਾਸਤਰੀ ਸੰਗੀਤ ਦਾ ਆਧਾਰ ਹੈ। ਨਵੇਂ ਰਾਗਾਂ ਦੀ ਨਿਰਮਤੀ ਨਾਲ ਪਰੰਪਰਿਕ ਰਾਗਾਂ ਦੀ ਸ਼ਾਸਤਰੀਅਤਾ ਨੂੰ ਹਾਨੀ ਪਹੁੰਚਣ ਦੀ ਆਸ਼ੰਕਾ ਦੇ ਕਾਰਨ ਰੂੜ੍ਹੀਵਾਦੀ ਕਲਾਕਾਰ ਨਵੇਂ ਰਾਗਾਂ ਨੂੰ ਪ੍ਰੋਤਸਾਹਨ ਨਹੀਂ ਦਿੰਦੇ। ਨਵੇਂ ਰਾਗਾਂ ਦੇ ਸੰਦਰਭ ਵਿੱਚ ਉਹ ਆਪਣੀ ਨਾਰਾਜ਼ਗੀ ਖੁੱਲੇ ਆਮ ਪ੍ਰਗਟ ਕਰਦੇ ਹਨ। ਪਰੰਤੂ ਇਸ ਮੱਤ ਦਾ ਕੋਈ ਆਧਾਰ ਨਹੀਂ ਹੋਣ ਦੇ ਕਾਰਨ ਇਸ ਵਿੱਚ ਪਰਿਵਰਤਨ ਲਿਆਉਣ ਦੀ ਜ਼ਰੂਰਤ ਹੈ।

ਸੰਗੀਤ ਕਲਾ ਨੂੰ ਨਿਰੰਤਰ ਪ੍ਰਵਾਹਿਤ ਰੱਖਣ ਲਈ ਆਧੁਨਿਕ ਯੁਗ ਵਿੱਚ ਨਵਨਿਰਮਤੀ ਰਾਗਾਂ ਨੂੰ ਸਵੀਕਾਰ ਕਰਨਾ ਜ਼ਰੁਰੀ ਹੈ। ਨਵਨਿਰਮਤੀ ਹਰ ਕਲਾਕਾਰ ਦੀ ਪ੍ਰਤਿਭਾ ਦਾ ਪ੍ਰਮੁੱਖ ਲੱਛਣ ਹੈ। ਉਹ ਕਲਾ ਨੂੰ ਜੀਵਿਤ ਰੱਖਦੀ ਹੈ। ਨਵੀਨਤਾ ਦਾ ਅਭਾਵ ਕਿਸੇ ਵੀ ਕਲਾ ਦੇ ਵਿਕਾਸ ਵਿੱਚ ਅੜਚਨ ਹੁੰਦਾ ਹੈ। ਇੱਕ ਕਲਾਕਾਰ ਦੇ ਜੀਵਨ ਵਿੱਚ ਨਵਨਿਰਮਤੀ ਕਰਨਾ ਅਤਿਅੰਤ ਗਰਵ ਦੀ ਗੱਲ ਹੁੰਦੀ ਹੈ।

ਪ੍ਰਾਚੀਨ ਜਾਤੀ ਵਿਵਸਥਾ ਤੋਂ ਆਧੁਨਿਕ ਵਿਵਸਥਾ ਤੱਕ ਦਾ ਮਾਰਗ ਖੋਜਣ ਤੋਂ ਬਾਅਦ ਹੁਣ ਸੰਗੀਤ ਦੇ ਅਭਿਆਸਕਾਰੀਆਂ ਨੂੰ ਰਾਗ ਸੰਕਲਪਨਾ ਵਿੱਚ ਹੋਣ ਵਾਲੇ ਸੰਭਾਵੀ ਵਿਕਾਸ ਦਾ ਅਭਿਆਸ ਕਰਨਾ ਚਾਹੀਦਾ ਹੈ। ਇਤਿਹਾਸ ਗਵਾਹ ਹੈ ਕਿ ਅੱਜ ਤੱਕ ਨਵੇਂ ਰਾਗਾਂ ਦੀ ਸੰਖਿਆ ਵੀ ਸਕਾਰਾਤਮਕ ਹੋਈ ਹੈ। ਸੰਗੀਤ ਦੇ ਵਿਕਾਸ ਵਿੱਚ ਇਸਦਾ ਮਹੱਤਵਪੂਰਨ ਯੋਗਦਾਨ ਹੈ।

## 6.1 ਨਵੇਂ ਰਾਗਾਂ ਦੀ ਨਿਰਮਤੀ ਦੇ ਕਾਰਨਾਂ ਦਾ ਵਿਸ਼ਲੇਸ਼ਣ ਅਸੀਂ ਨਿਮਨ ਪ੍ਰਕਾਰ ਨਾਲ ਕਰ ਸਕਦੇ ਹਾਂ

1. **ਸਰੋਤਿਆਂ ਨੂੰ ਆਨੰਦ ਦਿਵਾਉਣ ਦੇ ਲਈ ਨਿਰਮਤੀ –** ਪਰੰਪਰਾਗਤ ਸਮਾਜ ਵਿੱਚ ਸੰਗੀਤ ਦਾ ਉਪਯੋਗ ਹੈਰਾਨੀਜਨਕ ਅਤੇ ਗੁਣੀਜਨਾਂ ਨੂੰ ਆਨੰਦ ਪ੍ਰਦਾਨ ਕਰਨ ਤੱਕ ਹੀ ਸੀਮਿਤ ਸੀ। ਪਰੰਤੂ ਅੱਜ ਦੀ ਬਦਲਦੀ ਪਰਿਸਥਿਤੀ ਵਿੱਚ ਸੰਗੀਤ ਦੀਆਂ ਮਹਿਫਿਲਾਂ ਵਿੱਚ ਸੰਗੀਤ ਨੂੰ ਸਮਝਣ ਵਾਲੇ ਸਰੋਤਿਆਂ ਦੇ ਨਾਲ ਹੀ ਕੇਵਲ ਆਨੰਦ ਪ੍ਰਾਪਤੀ ਦੇ ਲਈ ਆਏ ਸਰੋਤੇ ਵੀ ਹੁੰਦੇ ਹਨ।

2. **ਸੰਗੀਤ ਖੇਤਰ ਵਿੱਚ ਨਾਮ ਅਤੇ ਪ੍ਰਸਿੱਧੀ ਪ੍ਰਾਪਤ ਕਰਨ ਲਈ–** ਸਰੋਤਿਆਂ ਦੇ ਸਨਮੁੱਖ ਹਰ ਸਮਾਂ ਕੁਝ ਨਵਾਂ ਪ੍ਰਸਤੁਤ ਕਰਨ ਦੀ ਇੱਛਾ ਦੇ ਪਰਿਣਾਮਸਵਰੂਪ ਕਲਾਕਾਰ ਨਵੇਂ ਸਵਰਾਵਲੀਆਂ ਦੀ ਨਿਰਮਤੀ ਕਰਨ ਲੱਗਦਾ ਹੈ। ਇਨ੍ਹਾਂ ਨਵੀਨ ਸਵਰਾਵਲੀਆਂ ਨੂੰ ਰਾਗ ਨਿਯਮਾਂ ਵਿੱਚ ਬਿਠਾ ਕੇ ਨਵੇਂ ਰਾਗ ਦੇ ਰੂਪ ਵਿੱਚ ਉਹ ਸਰੋਤਿਆਂ ਦੇ ਸਨਮੁੱਖ ਪ੍ਰਸਤੁਤ ਕਰਦਾ ਹੈ।

3. **ਸਿਰਜਨਸ਼ੀਲਤਾ–** ਕਈ ਵਾਰ ਕਿਸੇ ਵਿਸ਼ਿਸ਼ਟ ਉਦੇਸ਼ ਤੋਂ ਬਿਨਾਂ ਹੀ ਕਲਾਕਾਰ ਆਪਣੀ ਸਿਰਜਣਸ਼ੀਲ ਪ੍ਰਤਿਭਾ ਦੇ ਆਧਾਰ ‘ਤੇ ਨਵੇਂ ਰਾਗਾਂ ਦਾ ਸਿਰਜਣ ਕਰਦਾ ਹੈ। ਨਵੇਂ ਰਾਗਾਂ ਦੁਆਰਾ ਕਲਾਕਾਰ ਦੀਆਂ ਅੰਦਰੂਨੀ ਭਾਵਨਾਵਾਂ ਪ੍ਰਗਟ ਹੁੰਦੀਆ ਹਨ। ਇਸ ਨੂੰ ਉਤੇਜਨਾ ਕਹਿੰਦੇ ਹਨ।

4. **ਸੰਸ਼ੋਧਨਵਿਰਤੀ–** ਪ੍ਰਚਲਿਤ ਰਾਗਾਂ ਉੱਤੇ ਅਧਿਕ ਵਿਚਾਰਾਂ ਤੋਂ ਉਪਰੰਤ ਉਨ੍ਹਾਂ ਵਿੱਚ ਨਵਨਿਰਮਤੀ ਦੀਆਂ ਸੰਭਾਵਨਾਵਾਂ ਦਿਖਾਈ ਦਿੰਦੀਆਂ ਹਨ। ਅਧਿਕ ਅਭਿਆਸ ਨਾਲ


ਉਨ੍ਹਾਂ ਰਾਗਾਂ ਵਿੱਚ ਇਸ ਤਰ੍ਹਾਂ ਦੇ ਸ੍ਵਰ ਸੰਦਰਭ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਨਾਲ ਨਵੇਂ ਰਾਗ ਜਨਮ ਲੈਂਦੇ ਹਨ। ਨਵੇਂ ਰਾਗ ਜਾਣ-ਬੁੱਝ ਕੇ ਨਹੀ੍ ਬਣਦੇ, ਉਨ੍ਹਾਂ ਵਿੱਚ ਸਹਿਜਤਾ ਹੁੰਦੀ ਹੈ। ਕਦੀ ਕਿਸੇ ਸ੍ਵਰ ਸੰਗਤੀ ਨੂੰ ਵਾਰ-ਵਾਰ ਗਾਉਣ ਦਾ ਮਨ ਕਰਦਾ ਹੈ, ਇਸ ਤਰ੍ਹਾਂ ਦੀ ਸ੍ਵਰਸੰਗਤੀ ਤੋਂ ਫਿਰ ਸੰਸ਼ੋਧਨ ਤੋਂ ਬਾਅਦ ਰਾਗਰੂਪ ਦੀ ਨਿਰਮਤੀ ਹੁੰਦੀ ਹੈ।

5. **ਭਾਵਨਾਵਾਂ ਦੀ ਅਭੀਵਿਅਕਤੀ–** ਨਵ ਰਾਗ ਨਿਰਮਤੀ ਦਾ ਇਹ ਵੀ ਇੱਕ ਮਹੱਤਵਪੂਰਨ ਕਾਰਨ ਹੈ। ਕਿਸੇ ਇੱਕ ਰਾਗ ਨੂੰ ਪ੍ਰਸਤੁਤ ਕਰਦੇ ਸਮਾਂ ਕਦੀ-ਕਦੀ ਕਲਾਕਾਰ ਉਸ ਰਾਗਸਵਰੂਪ ਨਾਲ ਇਸ ਤਰ੍ਹਾਂ ਇੱਕਰੂਪ ਹੁੰਦਾ ਹੈ ਕਿ ਫਿਰ ਉਸ ਸਮੇਂ ਰਾਗਸਵਰੂਪ ਸ਼ੁੱਧਤਾ ਜਾਂ ਉਸਦਾ ਨਿਯਮਬੱਧ ਪ੍ਰਸਤੁਤੀਕਰਨ ਕਰਨਾ ਸੌਖਾ ਹੋ ਜਾਂਦਾ ਹੈ। ਉਸ ਸਮਾਂ ਭਾਵਨਾਵਾਂ ਦਾ ਪ੍ਰਗਟੀਕਰਨ ਅਧਿਕ ਮਹੱਤਵ ਰੱਖਦਾ ਹੈ। ਕਈ ਵਾਰ ਆਪਣੀਆਂ ਭਾਵਨਾਵਾਂ ਦੀ ਸੰਪੂਰਨ ਅਭੀਵਿਅਕਤੀ ਦੇ ਲਈ ਰਾਗ ਦਾ ਵਿਵਾਦੀ ਜਾਂ ਵਰਜਿਤ ਸ੍ਵਰ ਲਗਾਉਣ ਦੀ ਕਲਾਕਾਰ ਨੂੰ ਬਹੁਤ ਇੱਛਾ ਹੁੰਦੀ ਹੈ। ਇਸ ਸ੍ਵਰ ਦੇ ਉਪਯੋਜਨ ਨਾਲ ਰਾਗ ਦਾ ਸਵਰੂਪ ਬਦਲ ਕੇ ਕੋਈ ਨਵਾਂ ਰਾਗ ਨਿਰਮਾਣ ਹੁੰਦਾ ਹੈ।

6. **ਵਿਵਸਾਇਕ ਜ਼ਰੂਰਤ–** ਸੰਗੀਤਕ ਜ਼ਰੂਰਤ ਨੂੰ ਧਿਆਨ ਵਿੱਚ ਰੱਖ ਕੇ ਵੀ ਅੱਜ ਕੱਲ ਨਵਰਾਗਨਿਰਮਤੀ ਹੋ ਰਹੀ ਹੈ। ਮਨੁੱਖੀ ਮਨ ਨੂੰ ਨਿਰੰਤਰ ਹੀ ਨਵੀਨਤਾ ਦਾ ਆਕਰਸ਼ਣ ਰਿਹਾ ਹੈ। ਅੱਜ ਦੇ ਸਰੋਤਾ ਨੂੰ ਵੀ ਸੰਗੀਤ ਵਿੱਚ ਹੋਣ ਵਾਲੇ ਨਿੱਤ ਨਵੇਂ ਪ੍ਰਯੋਗ ਆਕਰਸ਼ਿਤ ਕਰਦੇ ਹਨ। ਕਲਾਕਾਰ ਨੂੰ ਕਲਾ ਪ੍ਰਸਤੁਤੀ ਕਰਦੇ ਸਮਾਂ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੋ ਜਾਂਦਾ ਹੈ। ਅੱਜ ਕੱਲ ਕਲਾਕਾਰ ਮਹਿਫਲਾਂ ਵਿੱਚ ਪਾਰੰਪਰਿਕ ਰਾਗ ਪ੍ਰਸਤੁਤੀਕਰਨ ਤੋਂ ਬਾਅਦ ਨਵਨਿਰਮਤੀ ਨੂੰ ਵੀ ਸਰੋਤਿਆਂ ਦੇ ਸਾਹਮਣੇ ਰੱਖਦੇ ਹਨ। ਇਸ ਨਾਮ ਮਹਿਫਿਲ ਵਿੱਚ ਆਕਰਸ਼ਣ ਦਾ ਨਿਰਮਾਣ ਹੁੰਦਾ ਹੈ। ਇਸ ਤਰ੍ਹਾਂ ਨਵਰਾਗਨਿਰਮਤੀ ਕੁਝ ਹੱਦ ਤੱਕ ਵਿਵਸਾਇਕ ਜ਼ਰੂਰਤ ਬਣ ਗਈ ਹੈ।

## 6.2 ਨਵੀਨ ਰਾਗਾਂ ਦਾ ਪ੍ਰਚਾਰ-ਪ੍ਰਸਾਰ

ਵਰਤਮਾਨ ਕਾਲ ਪ੍ਰਚਾਰ ਦਾ ਯੁੱਗ ਹੈ। ਪ੍ਰਚਾਰ ਅੱਜ ਦੇ ਸਮਾਜ ਦਾ ਇੰਨ੍ਹਾਂ ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਤੱਤ ਹੈ। ਇਸ ਕਾਲ ਵਿੱਚ ਜੀਵਨ ਦੇ ਹਰ ਖਿੱਤਾ, ਵਿਸ਼ਾ-ਵਸਤੂ ਪ੍ਰਚਾਰ ਨਾਲ ਸਬੰਧਿਤ ਹੈ। ਇਸ ਸਮੇਂ ਨੂੰ 'ਪ੍ਰਚਾਰ ਦਾ ਸਮਾਂ ਕਿਹਾ ਜਾ ਸਕਦਾ ਹੈ। 'ਪ੍ਰਚਾਰ' ਸ਼ਬਦ ਨੂੰ ਅੰਗਰੇਜ਼ੀ ਭਾਸ਼ਾ ਵਿੱਚ *Propaganda* ਕਿਹਾ ਜਾਂਦਾ ਹੈ। ਇਸ ਸ਼ਬਦ ਦੀ ਉਤਪੱਤੀ ਲੈਟਿਨ ਭਾਸ਼ਾ ਦੇ ਸ਼ਬਦ Propogare ਤੋਂ ਹੋਈ ਹੈ, ਜਿਸ ਦਾ ਭਾਵ ਹੈ ਵਿਕਾਸ ਕਰਨਾ, ਅੱਗੇ ਵਧਣਾ। ਪ੍ਰਚਾਰ ਇੱਕ ਯੋਜਨਾਬੱਧ ਪ੍ਰਕਿਰਿਆ ਹੈ ਜਿਸਦਾ ਉਦੇਸ਼ ਸਮਾਜ ਨੂੰ ਪ੍ਰਭਾਵਿਤ ਕਰਨਾ ਹੈ। ਇਸ ਪ੍ਰਕਿਰਿਆ ਨੂੰ ਲਾਗੂ ਕਰਨ ਲਈ ਕਈ ਮਾਧਿਅਮਾਂ ਦਾ ਸਹਾਰਾ ਲਿਆ ਜਾ ਸਕਦਾ ਹੈ। ਪ੍ਰਾਚੀਨ ਕਾਲ ਵਿੱਚ ਸ਼ਿਲਾਲੇਖ, ਮੱਠ ਅਤੇ ਜਨਤਕ ਸਥਾਨ ਹੀ ਪ੍ਰਚਾਰ ਦੇ ਮਾਧਿਅਮ ਸਨ। ਪਰ ਅੱਜ ਵਿਗਿਆਨਿਕ ਯੁੱਗ ਵਿੱਚ ਗ੍ਰਾਮੋਫੋਨ, ਰਿਕਾਰਡਸ, ਟੇਪ ਰਿਕਾੱਰਡਰ, ਕੈਸੇਟਸ, ਸੀ.ਡੀ., ਆਕਾਸ਼ਵਾਣੀ, ਦੂਰਦਰਸ਼ਨ, ਕੰਪਿਊਟਰ, ਪੁਸਤਕਾਂ, ਸੰਗੀਤ ਪੱਤਿਰਕਾਵਾਂ, ਸਮਾਚਾਰ ਪੱਤਰ, ਇੰਟਰਨੈੱਟ, ਸੰਗੀਤ ਸੰਮੇਲਨ, ਸੰਗੀਤ ਸੰਸਥਾਵਾਂ ਆਦਿ ਮਾਧਿਅਮ ਹਨ।



1. **ਗ੍ਰਾਮੋਫੋਨ:-** ਗ੍ਰਾਮੋਫੋਨ ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਪ੍ਰਯੁਕਤ ਹੋਣ ਵਾਲਾ ਪਹਿਲਾ ਯੰਤਰ ਮਾਧਿਅਮ ਸੀ। ਇਸ ਯੰਤਰ ਦੀ ਕਾਢ 1877 ਈ. ਵਿੱਚ ਠਹੋਮਓਸ ਓਦਸਿੋਨਿ ਨੇ ਕੀਤੀ। 1898 ਈ. ਵਿੱਚ Emile Berlines ਨੇ ਗ੍ਰਾਮੋਫੋਨ ਕੰਪਨੀ ਨੇ ਸਥਾਪਨਾ ਕੀਤੀ। ਸੰਗੀਤ ਦੇ ਵਿਭਿੰਨ ਪ੍ਰਕਾਰਾਂ ਦੇ ਨਾਲ-ਨਾਲ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿੱਚ ਵੀ ਇਸ ਯੰਤਰ ਦਾ ਉਪਯੋਗ ਹੋਇਆ।

2. **ਟੇਪ ਰਿਕਾੱਰਡ ਅਤੇ ਕੈਸੇਟਸ:-** ਇਹ ਯੰਤਰ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਦਾ ਇੱਕ ਹੋਰ ਸਾਧਨ ਹੈ। ਸੰਨ 1898 ਵਿੱਚ ਪਹਿਲਾ ਟੇਪ ਰਿਕਾਰਡ ਦਾ ਆਵਿਸ਼ਕਾਰ ਹੋਇਆ। ਇਸ ਦੇ ਵਿੱਚ ਸਮੇਂ ਦੇ ਨਾਲ-ਨਾਲ ਬਦਲਾਅ ਹੁੰਦੇ ਗਏ ਅਤੇ ਇਸ ਨੂੰ ਪੂਰਨ ਰੂਪ ਵਿੱਚ ਵਿਕਸਿਤ ਹੋਣ ਲਈ ਲਗਭੱਗ 50 ਸਾਲ ਲੱਗੇ। ਟੇਪ ਰਿਕਾਰਡ ਨੇ ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਕਈ ਸੁਵਿਧਾਵਾਂ ਪ੍ਰਦਾਨ ਕੀਤੀਆਂ। ਇਸ ਯੰਤਰ ਦੀ ਸਹਾਇਤਾ ਨਾਲ ਸੰਗੀਤ ਜਿਗਆਸੂਆਂ ਨੂੰ ਆਪਣੀ ਇੱਛਾ ਅਨੁਸਾਰ ਅਤੇ ਆਪਣੀ ਮਨ ਪਸੰਦ ਦੇ ਕਲਾਕਾਰ ਦੀ ਕਲਾ ਨੂੰ ਸਵੈ-ਸੁਰੱਖਿਅਤ ਕਰਨ ਦਾ ਮੌਕਾ ਪ੍ਰਾਪਤ ਹੋਇਆ। ਇਸ ਦੇ ਪ੍ਰਯੋਗ ਨਾਲ ਸੰਗੀਤ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਆਈ। ਖੋਜ ਕਾਰਜ ਦੇ ਵਿੱਚ ਵੀ ਇਸ ਸਾਧਨ ਦਾ ਖੁਬ ਪ੍ਰਯੋਗ ਕੀਤਾ ਗਿਆ। ਜਿਵੇਂ ਕਿ ਸੰਗੀਤ ਦੀ ਭੇਂਟਵਾਰਤਾਲਤਪ, ਉਸਦੀ ਗਾਇਨ-ਵਾਦਨ ਸ਼ੈਲੀ, ਵਿਚਾਰ ਆਦਿ।

3. **ਕੰਪੈਕਟ ਡਿਸਕ :-** ਇਸ ਯੰਤਰ ਦਾ ਵਿਕਾਸ 20ਵੀਂ ਸਦੀ ਦੇ ਅੰਤਿਮ ਦਸਕਾਂ ਵਿੱਚ ਹੋਇਆ। 1983ਈ. ਵਿੱਚ ਇਸ ਮਾਧਿਅਮ ਦਾ ਪ੍ਰਯੋਗ ਹੋਣ ਲੱਗਾ ਅਤੇ 1990 ਤੱਕ ਇਹ ਇੱਕ ਲੋਕਪ੍ਰਿਯ ਸਾਧਨ ਬਣ ਗਿਆ। ਸ਼ਾਸਤਰੀ ਸੰਗੀਤ ਦੇ ਸੰਗ੍ਰਹਿ ਲਈ ਇਸ ਮਾਧਿਅਮ ਦਾ ਖੁਬ ਪ੍ਰਯੋਗ ਕੀਤਾ ਜਾਂਦਾ ਹੈ।

4. **ਆਕਾਸ਼ਵਾਣੀ :-** ਆਕਾਸ਼ਵਾਣੀ ਪ੍ਰਚਾਰ-ਪ੍ਰਸਾਰ ਦਾ ਸੁਣਨਯੋਗ ਯੰਤਰ ਹੈ। ਇਸਦੇ ਨਾਲ ਮੀਲਾਂ ਦੂਰ ਪ੍ਰਸਾਰਿਤ ਪ੍ਰੋਗਰਾਮ ਨੂੰ ਘਰ ਬੈਠ ਕੇ ਸੁਣਿਆ ਜਾ ਸਕਦਾ ਹੈ। ਇਹ ਵਿਗਿਆਨ ਦੀ ਬੇਮਿਸਾਲ ਦੇਣ ਹੈ ਜਿਸ ਦੇ ਆਗਮਨ ਨੇ ਵਿਸ਼ਵ ਨੂੰ ਨਵੀਆਂ ਸੰਭਾਵਨਾਵਾਂ ਪ੍ਰਦਾਨ ਕੀਤੀਆਂ ਅਤੇ ਪ੍ਰਚਾਰ-ਪ੍ਰਸਾਰ ਦਾ ਮਾਧਿਅਮ ਪ੍ਰਦਾਨ ਕੀਤਾ।

ਆਕਾਸ਼ਵਾਣੀ ਭਾਰਤੀ ਪ੍ਰਸਾਰਣ ਸੇਵਾ ਦਾ ਭਾਰਤੀ ਨਾਮ ਹੈ। ਇਸ ਤੋਂ ਇਲਾਵਾ ਇਸ ਨੂੰ ਰੇਡਿਉ, ਆੱਲ ਇੰਡਿਆ ਰੇਡਿਓ ਪ੍ਰਸਾਰ ਭਾਰਤੀ ਦੇ ਨਾਮ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਹੈ। ਆਕਾਸ਼ਵਾਣੀ ਤੋਂ ਭਾਵ 'ਆਕਾਸ਼ ਦੁਆਰਾ ਪ੍ਰਾਪਤ ਜਾਂ ਭੇਜੀ ਗਈ ਵਾਣੀ'। ਇਸ ਨੂੰ 1936 ਵਿੱਚ ਆੱਲ ਇੰਡਿਆ ਰੇਡਿਉ ਦਾ ਨਾਮ ਦਿੱਤਾ ਗਿਆ। 1942 ਈ. ਵਿੱਚ ਮੈਸੂਰ ਦੇ ਰਾਜਾ ਨੇ ਮੈਸੂਰ ਰਡਿਉ ਸਟੇਸ਼ਨ ਦਾ ਨਾਮ ਆਕਾਸ਼ਵਾਣੀ ਰੱਖਿਆ; ਇਸੇ ਨਾਮ ਨੂੰ 1958 ਵਿੱਚ ਅੜ੍ਹ ਨੇ ਅਪਣਾ ਕੇ ਇਸ ਨੂੰ ਆਕਾਸ਼ਵਾਣੀ ਸੰਬੋਧਿਤ ਕੀਤਾ ਗਿਆ। ਅੱਜ ਇਸ ਨੂੰ ਪ੍ਰਸਾਰ ਭਾਂਰਤੀ ਦੇ ਨਾਂ ਨਾਲ ਜਾਣਿਆ ਜਾਣ ਲੱਗਾ ਹੈ।

ਰੇਡਿਉ ਵਿੱਚ ਰਾਸ਼ਟਰੀ ਪ੍ਰੋਗਰਾਮ ਸੰਨ 1952 ਵਿੱਚ ਸ਼ੁਰੂ ਹੋਏ, ਜੋ ਸਾਰੇ ਕੇਂਦਰਾਂ ਵਿੱਚ ਪ੍ਰਸਾਰਿਤ ਹੁੰਦੇ ਸੀ; ਸੁਤੰਤਰਤਾ ਦੇ ਸਮੇਂ ਭਾਰਤ ਵਿੱਚ ਕੁਲ 6 ਰੇਡਿਉ ਸਟੇਸ਼ਨ ਸਨ। 1ਅਪ੍ਰੈਲ 1998 ਤੱਕ ਆਕਾਸ਼ਵਾਣੀ ਨੈੱਟਵਰਕ ਵਿੱਚ 195 ਆਕਾਸ਼ਵਾਣੀ ਕੇਂਦਰ ਹੋ ਗਏ, ਜਿਸ ਨਾਲ 90% ਖੇਤਰ ਦੇ ਕੁਲ 98.8% ਜਨਸੰਖਿਆ ਤੱਕ ਪ੍ਰਸਾਰਣ ਪਹੁੰਚਣ ਲੱਗਾ।

5. **ਦੂਰਦਰਸ਼ਨ :-** ਦੂਰਦਰਸ਼ਨ ਦੇ ਮਾਧਿਅਮ ਨਾਲ ਕੋਈ ਵੀ ਗਤੀਵਿਧੀ, ਘਟਨ ਆਦਿ ਮੀਲਾਂ ਦੂਰ ਤੋਂ ਦੇਖਿਆ-ਸੁਣਿਆ ਜਾ ਸਕਦਾ ਹੈ। ਵਰਤਮਾਨ ਕਾਲ ਵਿੱਚ ਇਸ ਮਾਧਿਅਮ ਦਾ ਭਰਪੂਰ ਮਾਤਰਾ ਵਿੱਚ ਪ੍ਰਯੋਗ ਕੀਤਾ ਜਾ ਰਿਹਾ ਹੈ। ਇਹ ਜੀਵਨ ਦਾ ਮਹੱਤਵਪੂਰਨ ਤੇ ਅਭਿੰਨ ਅੰਗ ਬਣ ਚੁੱਕਾ ਹੈ। ਭਾਰਤ ਵਿੱਚ ਦੂਰਦਰਸ਼ਨ ਦਾ ਆਗਮਨ 20ਵੀਂ ਸਦੀ ਦੁ ਮੱਧ ਵਿੱਚ ਹੋਇਆ। ਇਸ ਵਿੱਚ ਪ੍ਰਸਾਰਣ ਦੋ ਤਰ੍ਹਾਂ ਹੁੰਦਾ ਹੈ- ਸਿੱਧਾ ਪ੍ਰਸਾਰਣ ਅਤੇ ਰਿਕਾਰਡਿਡ ਪ੍ਰਸਾਰਣ। ਇਸ ਸਾਧਨ ਦੇ ਨਾਲ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦਾ ਬਹੁਤ ਪ੍ਰਚਾਰ-ਪ੍ਰਸਾਰ ਹੋਇਆ।

6. **ਮਾਈਕਰੋਫੋਨ :-** ਮਾਈਕ੍ਰੋਫੋਨ ਜਿਸ ਨੂੰ ਸਾਧਾਰਣ ਰੂਪ ਵਿੱਚ ਮਾਈਕ ਵੀ ਕਿਹਾ ਜਾਂਦਾ ਹੈ, ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਦਾ ਵਿਗਿਆਨਿਕ ਅਤੇ ਮਹੱਤਵਪੂਰਨ ਯੰਤਰ ਹੇ। ਇਹ ਯੰਤਰ ਸ਼ਾਸਤਰੀ ਸੰਗੀਤ ਦੇ ਮੰਚ ਪ੍ਰਦਰਸ਼ਨ ਦਾ ਮੁੱਖ ਅੰਗ ਹੈ। ਇਸ ਯੰਤਰ ਦੀ ਸਹਾਇਤਾ ਨਾਲ ਦੂਰ ਬੈਠੇ ਕਈ ਸਰੋਤਿਆਂ ਤੱਕ ਸਪੱਸ਼ਟ ਆਵਾਜ਼ ਪਹੁੰਚਦੀ ਹੈ।

7. **ਕੰਪਿਊਟਰ :-** ਇਹ ਇੱਕ ਨਵੀਨ ਪ੍ਰਚਾਰ-ਪ੍ਰਸਾਰ ਦਾ ਵਿਗਿਆਨਿਕ ਯੰਤਰ ਹੈ ਅਤੇ ਉਨ੍ਹਾਂ ਦਾ ਸੰਗ੍ਰਹਿਣ ਵਿ ਕਰਦਾ ਹੈ। 1969 ਵਿੱਚ ਇੰਟਰਨੈੱਟ ਪ੍ਰਣਾਲੀ ਦੀ ਸ਼ੁਰੂਆਤ ਅਮਰੀਕਾ ਵਿੱਚ ਹੋਈ। ਸੰਨ 1990 ਤੱਕ ਨੈੱਟ ਜਨਤਕ ਕਰ ਦਿੱਤਾ ਗਿਆ ਅਤੇ ਇਹ ਅਤਿਅੰਤ ਲੋਕਪ੍ਰਿਯ ਹੋ ਗਿਆ। ਵਿਭਿੰਨ ਸੰਗੀਤ ਪ੍ਰਕਾਰਾਂ ਨੂੰ ਸੁਣਾਉਣ ਵਾਲੀਆਂ ਸਾਈਟਾਂ ਤੋਂ ਇਲਾਵਾ ਸ਼ਾਸਤਰੀ ਸੰਗੀਤ ਦੀ ਵੀ ਅਨੇਕਾਂ ਜਾਣਕਾਰੀਆਂ ਕੰਪਿਊਟਰ ਦੇ ਮਾਧਿਅਮ ਨਾਲ ਪ੍ਰਾਪਤ ਹੁੰਦੀ ਹੈ, ਜਿਵੇਂ ਵਿਭਿੰਨ ਵਿਅਕਤੀਆਂ ਦੁਆਰਾ ਵਿਭਿੰਨ ਰਾਗਾਂ, ਵਾਦਾਂ, ਕਲਾਕਾਰਾਂ ਆਦਿ ਦੀ ਵੀ ਜਾਣਕਾਰੀ ਉਪਲੱਬਧ ਕਰਵਾਈ ਗਈ ਹੈ। ਕੰਪਿਊਟਰ 'ਤੇ ਉਪਲੱਬਧ ਇਹ ਜਾਣਕਾਰੀਆਂ ਵੀ ਅਨੇਕਾਂ ਲੋਕਾਂ ਤੱਕ ਪਹੁੰਚਦੀਆਂ ਹਨ।

**ਲਿਖਿਤ ਮਾਧਿਅਮ:-** ਭਾਸ਼ਾ ਸੰਚਾਰ ਦਾ ਸਭ ਤੋਂ ਉੱਤਮ ਮਾਧਿਅਮ ਹੈ। ਲਿਖਿਤ ਮਾਧਿਅਮਾਂ ਨਾਲ ਆਪਣੇ ਵਿਚਾਰ, ਜਾਣਕਾਰੀ ਅਨੇਕਾਂ ਸਥਾਨਾਂ 'ਤੇ ਪਹੁੰਚਾਈ ਜਾ ਸਕਦੀ ਹੈ। ਲਿਖਿਤ ਮਾਧਿਅਮਾਂ ਨਾਲ ਸੰਗੀਤ ਨੂੰ ਵੀ ਲਿਖਿਤ ਰੂਪ ਵਿੱਚ ਪ੍ਰਸਾਰਿਤ ਕੀਤਾ ਜਾ ਸਕਦਾ ਹੈ।

1. **ਸੰਗੀਤ ਪੁਸਤਕਾਂ :-** ਗਿਆਨ ਦੇ ਪ੍ਰਚਾਰ ਵਿੱਚ ਪੁਸਤਕਾਂ ਆਪਣਾ ਇੱਕ ਖਾਸ ਸਥਾਨ ਰੱਖਦੀਆਂ ਹਨ। ਸ਼ਾਸਤਰੀ ਸੰਗੀਤ ਆਪਣੇ ਕਿਰਿਆਤਮਕ ਸਵਰੂਪ ਦੇ ਨਾਲ-ਨਾਲ ਸਿਧਾਂਤਿਕ ਰੂਪ ਵਿੱਚ ਵੀ ਮੌਜੂਦ ਹਨ। ਉਸਦੇ ਪ੍ਰਚਾਰ ਵਿੱਚ ਵੀ ਪੁਸਤਕਾਂ ਦਾ ਆਪਣਾ ਵੱਖਰਾ ਸਥਾਨ ਹੈ। ਵਰਤਮਾਨ ਕਾਲ ਵਿੱਚ ਸ਼ਾਸਤਰੀ ਸੰਗੀਤ ਦੀ ਸਿੱਖਿਆ ਦੀ ਵਿਵਸਥਾ ਸੰਸਥਾਵਾਂ ਵਿੱਚ ਵੀ ਹੈ। ਸੰਸਥਾਗਤ ਸਿੱਖਿਆ, ਖੋਜ ਕਾਰਜ ਆਦਿ ਖਿੱਤਿਆ ਵਿੱਚ ਇਹ ਪੁਸਤਕਾਂ ਬਹੁਤ ਉਪਯੋਗੀ ਸਿੱਧ ਹੁੰਦੀਆਂ ਹਨ। ਸੰਗੀਤ ਦੇ ਕਿਰਿਆਤਮਕ ਅਤੇ ਸਿਧਾਂਤਿਕ ਸਵਰੂਪ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਕਰਦੀ ਹੈ। ਸ਼ਾਸਤਰੀ ਸੰਗੀਤ ਦ ਖੇਤਰ ਵਿੱਚ ਸਭ ਤੋਂ ਪਹਿਲਾਂ 1912 ਵਿੱਚ ਪੰ. ਭਾਤਖੰਡੇ ਜੀ ਦੁਆਰਾ ਰਚਿਤ 'ਹਿੰਦੁਸਤਾਨੀ ਸੰਗੀਤ ਪੱਧਤੀ ਮੰਨੀ ਜਾਂਦੀ ਹੈ। ਇਹ ਪੁਸਤਕਾਂ ਵਿਭਿੰਨ ਭਾਸ਼ਾਵਾਂ ਵਿੱਚ ਆਸਾਨੀ ਨਾਲ ਪ੍ਰਾਪਤ ਹੋ ਜਾਂਦੀਆਂ ਹਨ।

2. **ਸੰਗੀਤ ਪੱਤਿਰਕਾਵਾਂ:-** ਪੁਸਤਕਾਂ ਦੇ ਇਲਾਵਾ ਪੱਤਿਰਕਾਵਾਂ ਵੀ ਵਰਤਮਾਨ ਕਾਲ ਵਿੱਚ ਗਿਆਨ ਦੇ ਪ੍ਰਚਾਰ-ਪ੍ਰਸਾਰ ਦਾ ਭਾਸ਼ਾਬੱਧ ਮਾਧਿਅਮ ਹਨ। ਇਨ੍ਹਾਂ ਦੇ ਮਾਧਿਅਮਾਂ

ਨਾਲ ਪਾਠਕਾਂ ਤੱਕ ਗਿਆਨ ਪਹੁੰਚਦਾ ਹੈ। ਸੰਗੀਤ ਦੇ ਖੇਤਰ ਵਿੱਚ ਵੀ ਅਨੇਕਾਂ ਪੱਤਿਰਕਾਵਾਂ ਦਾ ਪ੍ਰਕਾਸ਼ਨ ਹੋਇਆ, ਜਿਸਦਾ ਮੁੱਖ ਉਦੇਸ਼ ਸੰਗੀਤ ਦੇ ਖੇਤਰ ਨਾਮ ਸਬੰਧਿਤ ਸੂਚਨਾਵਾਂ ਅਤੇ ਜਾਣਕਾਰੀਆਂ ਦਾ ਪ੍ਰਚਾਰ-ਪ੍ਰਸਾਰ ਕਰਨ। ਇਨ੍ਹਾਂ ਦਾ ਪ੍ਰਕਾਸ਼ਨ ਅਨੇਕ ਭਾਸ਼ਾਵਾਂ ਵਿੱਚ ਹੋ ਰਿਹਾ ਹੈ। ਪੰ. ਵਿਸ਼ਨੂੰ ਦਿਗੰਬਰ ਲੁਸਕਰ ਦੀ ਪੱਤਰਿਕਾ 'ਸੰਗੀਤਾਮ੍ਰਿਤ-ਪ੍ਰਵਾਹ' ਵੀ 1910 ਈ. ਦੇ ਲੱਗਭਗ ਨਿਕਲੀ ਸੀ। ਸੰਗੀਤ ਪੱਤਿਰਕਾਵਾਂ 'ਗੰਧਰਵ ਸੰਗੀਤ' 1951ਈ. ਵਿੱਚ, 'ਕਲਾਵੰਤ' 1952 ਈ. ਵਿੱਚ, ਇੰਦੌਰ ਸੰਗੀਤ-ਮਹਾਂਵਿਦਿਆਲਿਯ ਪੱਤਰਿਕਾ 1955 ਈ. ਵਿੱਚ ਪ੍ਰਾਪਤ ਹੁੰਦੀਆਂ ਹਨ।

**ਸੰਗੀਤ :-** ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਪ੍ਰਮੁੱਖ ਪੱਤਿਰਿਕਾ ਸੰਗੀਤ ਜਿਸਦਾ ਸ਼ੁੱਭ ਆਰੰਭ ਸੰਨ 1935 ਵਿੱਚ ਹੋਇਆ। ਨਵੀਨ ਰਾਗਾਂ ਦੇ ਪ੍ਰਚਾਰ-ਪ੍ਰਸਾਰ ਵਿੱਚ ਇਸ ਨੇ ਬਹੁਤ ਵੱਡੀ ਭੂਮਿਕਾ ਅਦਾ ਕੀਤੀ ਹੈ।

**ਸੰਗੀਤ ਕਲਾ ਵਿਹਾਰ :-** ਇਹ ਮਾਸਿਕ ਪੱਤਿਰਿਕਾ ਅਖਿਲ ਭਾਰਤੀਯ ਗੰਧਰਵ ਮਹਾਂਵਿਦਿਆਲਯ ਮੰਡਲ ਦੀ ਹੈ। ਇਹ ਮਰਾਠੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੁੰਦੀ ਹੈ।

**ਸੰਗੀਤ ਨਾਟਕ :-** ਇਹ ਸੰਗੀਤ ਨਾਟਕ ਅਕਾਦਮੀ ਨਵੀਂ ਦਿੱਲੀ ਦੁਆਰਾ ਪ੍ਰਕਾਸ਼ਿਤ ਹੋਣ ਵਾਲੀ ਤ੍ਰੈਮਾਸਿਕ ਪੱਤਿਰਿਕਾ ਹੈ। ਇਹ ਸੰਨ 1965 ਵਿੱਚ ਆਰੰਭ ਹੋਈ।

ਹੋਰ ਸਾਧਨ:-

1. **ਸੰਗੀਤ ਸੰਸਥਾਵਾਂ:-** ਸੰਸਥਾਵਾਂ ਵੀ ਪ੍ਰਚਾਰ-ਪ੍ਰਸਾਰ ਦਾ ਇੱਕ ਮਾਧਿਅਮ ਹਨ। ਸਭ ਤੋਂ ਪਹਿਲਾਂ ਸੰਨ 1901 ਵਿੱਚ ਪੰ. ਵਿਸ਼ਨੂ ਦਿਗੰਬਰ ਪਲੁਸਕਰ ਦੁਆਰਾ ਗੰਧਰਵ ਮਹਾਂਵਿਦਿਅਲਯ ਦੀ ਸਥਾਪਨਾ ਕੀਤੀ ਗਈ। 1952-53 ਵਿੱਚ 'ਮਾਧਯਮਿਕ ਸਿੱਖਿਆ ਆਯੋਗ' ਦੇ ਸੁਝਾਅ ਨਾਲ ਸੰਗੀਤ ਵਿਸ਼ੇ ਨੂੰ ਭਾਰਤ ਦੇ ਅਨੇਕਾਂ ਰਾਜਾਂ ਵਿੱਚ ਪਾਠਕ੍ਰਮ ਦੇ ਰੂਪ ਵਿੱਚ ਸਥਾਨ ਮਿਲਿਆ। ਹੌਲੀ-ਹੌਲੀ ਸੰਗੀਤ ਵਿਸ਼ੇ ਦੇ ਰੂਪ ਵਿੱਚ ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜਾਇਆ ਜਾਣ ਲੱਗਾ। ਕੁਝ ਨਵੀਨ ਰਾਗਾਂ ਸੰਸਥਾਵਾਂ ਅਤੇ ਅਕਾਦਮੀਆਂ ਨੇ ਪਾਠਕ੍ਰਮ ਵਿੱਚ ਸ਼ਾਮਿਲ ਕੀਤਾ ਅਤੇ ਜਿਸਦੇ ਸਿੱਟੇ ਵਜੋਂ ਨਵੀਨ ਰਾਗਾਂ ਦਾ ਪ੍ਰਚਾਰ-ਪ੍ਰਸਾਰ ਹੋਇਆ।

2. **ਸੰਗੀਤ ਸੰਮੇਲਨ:-** ਸੰਗੀਤ ਸੰਮੇਲਨਾਂ ਵਿੱਚ ਸੰਗੀਤ ਵਿਦਵਾਨ, ਕਲਾਕਾਰ, ਵਿਦਿਆਰਥੀ, ਅਧਿਆਪਕ ਅਤੇ ਸੰਗੀਤ ਵਿੱਚ ਰੁਚੀ ਰੱਖਣ ਵਾਲੇ ਲੋਕ ਇਕੱਠੇ ਹੁੰਦੇ ਹਨ। ਇਸ ਵਿੱਚ ਮੰਚ ਪ੍ਰਦਰਸ਼ਨ ਦਾ ਆਯੋਜਨ ਕੀਤਾ ਹੁੰਦਾ ਹੈ। ਭਾਰਤ ਵਿੱਚ ਸੰਗੀਤ ਸੰਮੇਲਨਾਂ ਦੀ ਪੁਨਰ-ਪਰੰਪਰਾ ਦਾ ਆਰੰਭ ਵਿਸ਼ਨੂ ਨਾਰਾਇਣ ਭਾਤਖੰਡੇ ਜੀ ਦੁਆਰਾ ਕੀਤਾ ਗਿਆ। ਇਨ੍ਹਾਂ ਸੰਮੇਲਨਾਂ ਦੇ ਮੰਚ ਪ੍ਰਦਰਸ਼ਨਾਂ ਵਿੱਚ ਵਿਭਿੰਨ ਕਲਾਕਾਰਾਂ ਨੇ ਨਵੀਨ ਰਾਗਾਂ ਦਾ ਪ੍ਰਸਤੁਤੀਆਂ ਪੇਸ਼ ਕਰ ਕੇ ਨਵੀਨ ਰਾਗਾਂ ਦੇ ਪ੍ਰਚਾਰ-ਪ੍ਰਸਾਰ ਵਿੱਚ ਆਪਣਾ ਵਿਲੱਖਣ ਯੋਗਦਾਨ ਪਾਇਆ ਹੈ।

## 6.3 ਨਵੀਨ ਰਾਗਾਂ ਦੀ ਲੋਕਪ੍ਰਿਯਤਾ

ਰਾਗਾਂ ਦੇ ਲੋਕਪ੍ਰਿਯ ਹੋਣ ਦੇ ਪਿੱਛੇ ਰੰਜਕਤਾ, ਨਿਯਮਾਂ ਦੀ ਪੂਰਨ ਰੂਪ ਨਾਲ ਪਾਲਣਾ, ਉਚਿੱਤ ਪ੍ਰਚਾਰ-ਪ੍ਰਸਾਰ ਆਦਿ ਤੱਤਾਂ ਦਾ ਯੋਗਦਾਨ ਹੁੰਦਾ ਹੈ ਜਿਨ੍ਹਾਂ ਦਾ ਵਰਣਨ ਨਿਮਨਲਿਖਿਤ ਅਨੁਸਾਰ ਹੈ:-

1. **ਨਿਯਮਾਂ ਦੀ ਪਾਲਣਾ** – ਰਾਗ ਨਿਰਮਾਣ ਸਮੇਂ ਨਿਯਮਾਂ ਦੀ ਪੂਰਨ ਰੂਪ ਵਿੱਚ ਪਾਲਣਾ ਹੋਣੀ ਚਾਹੀਦੀ ਹੈ ਜਿਵੇਂ ਰਾਗ ਕਿਸੇ ਥਾਟ ਦੇ ਅੰਤਰਗਤ ਹੋਣਾ ਚਾਹੀਦਾ ਹੈ, ਘੱਟ ਤੋਂ ਘੱਟ ਪੰਜ ਸਵਰ ਹੋਣੇ ਚਾਹੀਦੇ ਹਨ, ਸ਼ੜਜ ਤੇ ਪੰਚਮ ਸਾਰ ਇੱਕੋ ਸਮੇਂ 'ਤੇ ਵਰਜਿਤ ਨਹੀਂ ਹੋ ਸਕਦੇ, ਵਾਦੀ-ਸੰਵਾਦੀ, ਸਵਰ, ਨਿਆਸ ਗ੍ਰਹਿ, ਅੰਸ਼ ਸਵਰ, ਜਾਤੀ ਆਦਿ ਤੱਤਾਂ ਵੱਲ ਧਿਆਨ ਦੇਣਾ ਚਾਹੀਦਾ ਹੈ। [86]

2. **ਰੰਜਕਤਾ** – ਇਸ ਨੂੰ ਰਾਗ ਦਾ ਪ੍ਰਮੁੱਖ ਤੱਤ ਮੰਨਿਆ ਗਿਆ ਹੈ । ਜੋ ਰਾਗ ਸਰੋਤਿਆਂ ਦੇ ਮਨ ਨੂੰ ਰੰਜਕਤਾ ਪ੍ਰਦਾਨ ਕਰ ਸਕਣ ਵਿੱਚ ਸਫਲ ਹੁੰਦੇ ਹਨ, ਉਹ ਰਾਗ ਲੋਕਪ੍ਰਿਯਤਾ ਹਾਸਿਲ ਕਰ ਲੈਂਦੇ ਹਨ ਜਿਵੇਂ ਰਾਗ ਜੋਗਕੌਂਸ, ਰਾਗ ਮਧੂਕੌਂਸ ਆਦਿ। [87]

3. **ਰਚਨਾਕਾਰ ਅਤੇ ਕਲਾਕਾਰ** – ਰਾਗ ਦੀ ਸਿਰਜਨਾ ਕਰਦੇ ਸਮੇਂ ਰਚਨਾਕਾਰ ਨੇ ਰਾਗ ਨਿਰਮਾਣ ਦਾ ਢੰਗ, ਮਿਸ਼ਰਣ, ਵਿਧੀ ਆਦਿ ਦਾ ਸਹੀ ਉਪਯੋਗ ਕੀਤਾ ਹੋਣਾ ਚਾਹੀਦਾ

---

[86] ਡਾ. ਸਰੋਜ ਘੋਸ਼, ਭੇਂਟਵਾਰਤਾਲਾਪ

[87] ਸੁਨੀਲ ਕਾਂਤ ਗੁਪਤਾ, ਭੇਂਟਵਾਰਤਾਲਾਪ

ਹੈ। ਰਚਨਾਕਾਰ ਨੂੰ ਸੰਗੀਤ ਦੇ ਸ਼ਾਸਤਰ ਪੱਖ ਅਤੇ ਪ੍ਰਯੋਗਾਤਮਕ ਪੱਖ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਨਵੀਨ ਰਾਗ ਦੀ ਪ੍ਰਸਤੁਤੀਕਰਨ ਕਰਨ ਸਮੇਂ ਕਲਾਕਾਰ ਦੇ ਮਨ ਵਿੱਚ ਕਿਸੇ ਵੀ ਪ੍ਰਕਾਰ ਦਾ ਸ਼ੱਕ ਨਹੀਂ ਹੋਣਾ ਚਾਹੀਦਾ। ਕਲਾਕਾਰ ਜਾਂ ਰਚਨਾਕਾਰ ਦੀ ਸ਼ਿਸ਼ ਪ੍ਰੰਪਰਾ ਵੀ ਅੱਗੇ ਇਸਦਾ ਪ੍ਰਚਾਰ-ਪ੍ਰਸਾਰ ਕਰਕੇ ਲੋਕਪ੍ਰਿਯਤਾ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੀ ਹੈ।[88]

4. **ਨਵੀਨ ਰਾਗਾਂ ਦੀ ਬੰਦਿਸ਼ਾਂ** – ਬੰਦਿਸ਼ਾਂ ਦਾ ਸਰੂਪ, ਸਾਹਿਤ ਆਦਿ ਰਾਗ ਦੇ ਰਸ, ਭਾਵ ਅਦਿ ਦੇ ਅਨੁਸਾਰ ਹੋਣੇ ਚਾਹੀਦੇ ਹਨ ਤਾਂ ਜੋ ਰਾਗ ਲੋਕਪ੍ਰਿਯਤਾ ਦੀ ਪੌੜੀ ਚੜ੍ਹ ਸਕੇ। [89]

5. **ਮਾਨਸਿਕਤਾ** – ਜੇਕਰ ਕਲਾਕਾਰ ਅਤੇ ਸਰੋਤੇ ਦੋਵੇਂ ਨਵੀਨ ਰਾਗ ਨੂੰ ਸਵੀਕਾਰ ਲੈਂਦੇ ਹਨ ਤਾਂ ਵੀ ਉਹ ਰਾਗ ਰਚਨਾ ਪ੍ਰਫੁਲਿੱਤ ਹੁੰਦੀ ਹੈ। [90]

6. **ਪ੍ਰਚਾਰ-ਪ੍ਰਸਾਰ** – ਨਵ ਨਿਰਮਿਤ ਰਾਗ ਦਾ ਉਚਿੱਤ ਪ੍ਰਚਾਰ-ਪ੍ਰਸਾਰ ਵੀ ਨਵੇ ਰਾਗਾਂ ਨੂੰ ਲੋਕਪ੍ਰਿਯ ਬਣਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦੇ ਹਨ। [91]

7. **ਪਾਠਕ੍ਰਮ ਵਿੱਚ ਸ਼ਾਮਿਲ** – ਜੇਕਰ ਕਿਸੇ ਨਵੀਨ ਰਾਗ ਨੂੰ ਵਿੱਦਿਅਕ ਅਦਾਰਿਆਂ ਦੇ ਪਾਠਕ੍ਰਮ ਵਿੱਚ ਸਥਾਨ ਮਿਲ ਜਾਵੇ ਤਾਂ ਵੀ ਨਵ ਰਾਗ ਨੂੰ ਲੋਕਪ੍ਰਿਯਤਾ ਹਾਸਿਲ ਕਰਨ ਵਿੱਚ ਆਸਾਨੀ ਹੋ ਜਾਂਦੀ ਹੈ। [92]

## 6.4 ਨਵੀਨ ਰਾਗਾਂ ਦੀ ਸਿਰਜਿਨਸ਼ੀਲਤਾ

ਹਿੰਦੁਸਤਾਨੀ ਸ਼ਾਸਤਰੀ ਸੰਗੀਤ ਰਾਗ ਪ੍ਰਧਾਨ ਹੈ ਅਤੇ ਸੰਗੀਤ ਦਾ ਰਾਗਾਂ ਵਿੱਚ ਵਰਗੀਕਰਣ ਸੰਸਾਰ ਦੇ ਕਿਸੇ ਹੋਰ ਦੇਸ਼ ਦੇ ਪ੍ਰਾਚੀਨ ਸਮੇਂ ਵਿੱਚ ਸੰਗੀਤ ਦਾ ਇਸ ਤਰ੍ਹਾਂ ਦਾ ਰੂਪ ਨਹੀਂ ਮਿਲਦਾ। ਰਾਗ ਦੀ ਹੋਂਦ ਤੋਂ ਬਾਅਦ ਲਗਾਤਾਰ ਨਵੀਨ ਰਾਗਾਂ ਦਾ ਨਿਰਮਾਣ

---

88 ਡਾ. ਵਿਜੈ ਸਾਮਯਾਲ, ਭੇਂਟਵਾਰਤਾਲਾਪ

89 ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਭੇਂਟਵਾਰਤਾਲਾਪ

90 ਡਾ. ਅਰਚਨਾ ਦੀਕਸ਼ਤ, ਭੇਂਟਵਾਰਤਾਲਾਪ

91 ਡਾ. ਰਾਜੇਸ਼ ਸਾਹਾ, ਭੇਂਟਵਾਰਤਾਲਾਪ

92 ਡਾ. ਅਰਚਨਾ ਦੀਕਸ਼ਤ, ਭੇਂਟਵਾਰਤਾਲਾਪ

ਹੁੰਦਾ ਆਇਆ ਹੈ। ਮਨੁੱਖ ਦਾ ਮਨ ਹਮੇਸ਼ਾਂ ਨਵੀਨਤਾ ਦੀ ਹੋੜ੍ਹ ਵਿੱਚ ਲੱਗਾ ਰਹਿੰਦਾ ਹੈ। ਜਿਸ ਤਰ੍ਹਾਂ ਅੱਗੇ ਨਾ ਵੱਧਣ ਵਾਲਾ ਪਾਣੀ ਬਦਬੂਦਾਰ ਅਤੇ ਗੰਦਾ ਹੋ ਜਾਂਦਾ ਹੈ, ਉਸੀ ਤਰ੍ਹਾਂ ਸੰਗੀਤ ਵਿੱਚ ਨਵੀਨਤਾ ਨਾ ਲਿਆਉਣ ਕਰਕੇ ਉਹ ਵੀ ਆਪਣੀ ਜਗ੍ਹਾ 'ਤੇ ਰੁੱਕ ਜਾਵੇਗਾ। ਇਸ ਕਰਕੇ ਸੰਗੀਤ ਕਲਾ ਦੀ ਨਵੀਨ ਪ੍ਰਯੋਗਾਂ ਨਾਲ ਉੱਨਤੀ ਕਰਨੀ ਬਹੁਤ ਜਰੂਰੀ ਹੋ ਜਾਂਦੀ ਹੈ। ਸੰਗੀਤ ਵਿੱਚ ਨਵੀਨ ਰਾਗਾਂ ਦੇ ਬਣਨ ਨਾਲ ਪੁਰਾਣੇ ਰਾਗਾਂ, ਉਨ੍ਹਾਂ ਦੇ ਸਾਹਿਤ, ਉਨ੍ਹਾਂ ਦੀ ਕਲਾ ਦਾ ਮੁੱਲ ਨਹੀਂ ਘੱਟਦਾ, ਚਾਹੇ ਨਵੀਂ ਰਚਨਾ ਪੁਰਾਣੀ ਰਚਨਾ ਨਾਲੋਂ ਵੱਧ ਸੁੰਦਰ ਹੋਵੇ। ਹਰ ਰਚਨਾ ਦਾ ਆਪਣਾ ਇੱਕ ਅਲੱਗ ਸਥਾਨ ਅਤੇ ਮਹੱਤਵ ਹੁੰਦਾ ਹੈ। ਸੰਗੀਤ ਵਿੱਚ ਸੰਗੀਤਕਾਰਾਂ ਦੀ ਪ੍ਰਤਿਭਾ, ਲਗਨ, ਅਤੇ ਸਾਧਾਨ ਨਾਲ ਨਵੀਨ ਰਾਗਾਂ ਦੀ ਨਿਰਮਿਤੀ ਹੁੰਦੀ ਹੈ, ਪਰ ਉਨ੍ਹਾਂ ਨਾਲ ਪੁਰਾਣੇ ਰਾਗਾਂ ਜਿਵੇਂ ਰਾਗ ਭੈਰਵੀ, ਤੋੜੀ, ਮਾਲਕੌਂਸ ਆਦਿ ਰਾਗਾਂ ਦੀ ਮਧੁਰਤਾ ਅਤੇ ਮਹੱਤਵ ਨਹੀਂ ਘੱਟਦਾ। ਜਿਨ੍ਹਾਂ ਰਾਗਾਂ ਜਾਂ ਬੰਦਿਸ਼ਾਂ ਨੂੰ ਅੱਜ ਪੁਰਾਣੇ ਜਾਂ ਪਰੰਪਰਾਗਤ ਆਖਦੇ ਹਨ, ਉਹ ਵੀ ਉਸ ਸਮੇਂ ਨਵਨਿਰਮਿਤ ਹੋਣਗੀਆਂ।

ਅਮਜਦ ਅਲੀ ਖਾਂ ਦੇ ਅਨੁਸਾਰ, "ਇੱਕ ਰਾਗ ਆਪਣੇ ਆਪ ਵਿੱਚ ਸਮੁੰਦਰ ਦੇ ਵਾਂਗ ਹੈ, ਉਸਦੀ ਖੂਬਸੂਰਤੀ ਪਹਿਚਾਣ ਲੈਣਾ ਹੀ ਆਪਣੇ ਆਪ ਵਿੱਚ ਔਖਾ ਕੰਮ ਹੈ। ਪਰ ਜਿੱਥੇ ਤੱਕ Creativity ਦਾ ਪ੍ਰਸ਼ਨ ਹੈ ਜਦੋਂ ਪਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਤਦ ਇਨਸਾਨ ਸੋਚ ਵਿਚਾਰ ਕਰਦਾ ਹੈ"।

ਅਮਜਦ ਅਲੀ ਖਾਂ ਨੇ ਨਵੀਨ ਰਾਗ ਨੂੰ ਨਵਜਾਤ ਬੱਚੇ ਵਾਂਗ ਆਖਿਆ ਹੈ। The relatives who came to see the infant will claim it has the father's eyes, the mother's mouth or the grandfather's nose. Similarly one may recognize shades of other ragas, yet a new raga is an entity in itself.

ਨਵੇਂਪਨ ਦਾ ਆਪਣਾ ਅਲੱਗ ਆਰਕਸ਼ਣ ਹੁੰਦਾ ਹੈ। ਇਹ ਆਕਰਸ਼ਣ ਸੰਵੇਦਨਸ਼ੀਲ ਹੋਵੇ ਭਾਵ ਕਲਾਕਾਰ ਅਤੇ ਸਰੋਤੇ ਦੋਵੇਂ ਰਾਗ ਰਚਨਾ ਸੁਣ ਕੇ ਸੰਵੇਦਨਸ਼ੀਲ ਹੋ ਜਾਣ ਤਾਂ ਹੀ ਉਹ ਰਚਨਾ ਸਫਲ ਹੁੰਦੀ ਹੈ। ਨਵੀਨ ਰਾਗ ਦੀ ਸਿਰਜਨਾ ਦੇ ਲਈ ਰਚਨਾਕਾਰ ਨੂੰ ਪੂਰਾ ਅਨੁਭਵ ਹੋਣਾ ਚਾਹੀਦਾ ਹੈ ਅਤੇ ਪੁਰਾਣੇ ਰਾਗਾਂ 'ਤੇ ਪੂਰਨ ਅਧਿਕਾਰ ਹੋਣਾ ਚਾਹੀਦਾ ਹੈ। ਕੁੱਝ ਵਿਦਿਵਾਨਾਂ ਨੇ ਰਾਗਾਂ ਵਿੱਚ ਕਈ ਤਰ੍ਹਾਂ ਦੇ ਬਦਲਾਵ ਕਰਦੇ ਹੋਏ ਨਵੇਂ-ਨਵੇਂ ਨਾਮਾਂ

ਨਾਲ ਨਵੀਨ ਰਾਗਾਂ ਦੀ ਰਚਨਾ ਕੀਤੀ। ਕਈ ਕਲਾਕਾਰਾਂ ਨੇ ਆਪਣੇ ਨਾਮ ਤੋਂ ਹੀ ਰਾਗਾਂ ਦੀ ਸਿਰਜਨਾ ਕੀਤੀ ਜਿਵੇਂ ਪੰ. ਦਲੀਪਚੰਦਰ ਵੇਦੀ ਦੁਆਰਾ 'ਵੇਦੀ ਕੀ ਲਲਿਤ' ਆਦਿ। ਕੁਝ ਕਲਾਕਾਰਾਂ ਨੇ ਮਹਾਨ ਸਖਸ਼ੀਅਤਾਂ ਨੂੰ ਸਮਰਪਿਤ ਕਰਕੇ ਵੀ ਕੁੱਝ ਨਵੀਨ ਰਾਗਾਂ ਦੀ ਸਿਰਜਨਾ ਕੀਤੀ। ਕਈ ਵਿਦਿਵਾਨਾਂ, ਕਲਾਕਾਰਾਂ ਨੇ ਕੁੱਝ ਸਰਾਂ ਵਿੱਚ ਫੇਰ ਬਦਲ ਨਾਲ ਨਵੀਨ ਰਾਗ ਨਿਰਮਿਤ ਕੀਤੇ ਜਿਵੇਂ ਰਾਗ ਮਧੂਕੌਂਸ ਦਾ ਨਿਰਮਾਣ ਰਾਗ ਮਧੂਵੰਤੀ ਵਿੱਚ ਰੇ, ਧ ਨੂੰ ਵਰਜਿਤ ਕਰਕੇ ਅਤੇ ਨਿ ਨੂੰ ਕੋਮਲ ਕਰਕੇ ਕੀਤਾ। ਕੁੱਝ ਕਲਾਕਾਰਾਂ ਨੇ ਨਵੀਨ ਰਾਗਾਂ ਦੀ ਸਿਰਜਨਾ ਵਿਭਿੰਨ ਰਾਗਾਂ ਦੇ ਮਿਸ਼ਰਣ ਨਾਲ ਕੀਤੀ। ਇਹ ਮਿਸ਼ਰਣ ਸਮਾਨਤਾ ਰੱਖਣ ਵਾਲੇ ਰਾਗਾਂ ਦਾ ਕਰਨਾ ਚਾਹੀਦਾ ਹੈ ਜੋ ਮਿਲ ਕੇ ਇੱਕ ਹੀ ਪ੍ਰਤੀਤ ਹੋਣ। 20ਵੀਂ ਸਦੀ ਵਿੱਚ ਨਵੀਨ ਰਾਗਾਂ ਦੀ ਸਿਰਜਨਾ ਦੋ ਜਾਂ ਦੋ ਤੋਂ ਵੱਧ ਰਾਗਾਂ ਦੇ ਮਿਸ਼ਰਣ ਨਾਲ ਵੀ ਨਵੀਨ ਰਾਗ ਨਿਰਮਾਣ ਕਰਨ ਦਾ ਢੰਗ ਜਿਆਦਾ ਉੱਭਰ ਕੇ ਸਾਹਮਣੇ ਆਇਆ ਹੈ। ਇਸ ਸਦੀ ਵਿੱਚ ਨਵੀਨ ਰਾਗਾਂ ਦੀ ਸਿਰਜਨਾ ਜਿਆਦਾਤਰ ਰਿਆਜ ਕਰਨ ਦੇ ਦੌਰਾਨ ਜਾਂ ਗਾਉਂਦੇ- ਵਜਾਉਂਦੇ ਉਸੇਂ ਨਵੀਨ ਸਵਰਾਵਲੀ ਉੱਤਪੰਨ ਜਾਂ ਸੁੱਝਣ ਨਾਲ ਹੋਈ ਹੈ ਅਤੇ ਫਿਰ ਉਸਨੂੰ ਨਵੀਨ ਰਾਗ ਦਾ ਰੂਪ ਦੇ ਦਿੱਤਾ ਜਾਂਦਾ ਹੈ। ਜਿਸ ਪ੍ਰਕਾਰ ਕਵੀ ਦੀ ਕਵਿਤਾ ਉਸਦੀ ਕਲਪਨਾ ਅਤੇ ਮੌਲਿਕਤਾ ਦਾ ਪਰਿਣਾਮ ਹੁੰਦੀ ਹੈ ਠਕਿ ਉਸੀ ਤਰ੍ਹਾਂ ਸੰਗੀਤ ਦੇ ਰਾਗ ਵੀ ਸੰਗੀਤਕਾਰ ਦੀ ਕਲਪਨਾਸ਼ਕਤੀ ਦਾ ਮੁਜਾਹਰਾ ਕਰਦੇ ਹਨ।

## 6.5 ਨਵੀਨ ਸਿਰਜਿਤ ਰਾਗਾਂ ਦਾ ਪ੍ਰਚਾਰ-ਪ੍ਰਸਾਰ ਅਤੇ ਲੋਕਪ੍ਰਿਯਤਾ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਕਾਰਨ

ਕਿਸੇ ਵੀ ਰਾਗ ਦਾ ਪ੍ਰਚਾਰ-ਪ੍ਰਸਾਰ ਅਤੇ ਲੋਕਪ੍ਰਿਯਤਾ ਨਿਮਨਲਿਖਿਤ ਮੁੱਦਿਆਂ 'ਤੇ ਨਿਰਭਰ ਹੁੰਦੀ ਹੈ-

1. **ਰੰਜਕਤਾ –** ਰਾਗ ਸੰਕਲਪਨਾ ਦੇ ਉਗਮ ਨਾਲ ਹੀ ਰੰਜਕਤਾ ਹੁੰਦੀ ਹੈ, ਇਹ ਰਾਗ ਦਾ ਪ੍ਰਮੁੱਖ ਤੱਤ ਮੰਨਿਆ ਗਿਆ ਹੈ। ਬ੍ਰਹਿਦੇਸ਼ੀ ਦੇ ਸਮਾਂ ਤੋਂ ਆਧੁਨਿਕ ਯੁਗ ਤੱਕ ਰਾਗਨਿਰਮਤੀ ਰੰਜਕਤਾ ਦੇ ਆਧਾਰ 'ਤੇ ਹੀ ਹੁੰਦੀ ਹੈ। ਅੱਜ ਪ੍ਰਾਚੀਨ ਰਾਗਨਿਰਮਤੀ ਦੇ ਤੱਤਾਂ ਵਿੱਚ ਕੁਝ ਬਦਲਾਵ ਕਰਕੇ ਉਸਦੇ ਆਧਾਰ 'ਤੇ ਰਾਗਨਿਰਮਤ ਹੋ ਰਹੇ ਹਨ। ਪਰ ਅੱਜ ਵੀ ਰੰਜਕਤਾ ਇਹ ਹੀ ਨਵਨਿਰਮਤੀ ਦਾ ਆਦੀਤੱਵ ਰਿਹਾ ਹੈ। ਨਵੇਂ ਰਾਗਾਂ ਦੇ

ਸੰਖਿਆਤਮਕ ਵਿਕਾਸ ਤੋਂ ਉਪਰੰਤ ਵੀ ਉਨ੍ਹਾਂ ਰਾਗਾਂ ਵਿੱਚ ਗੁਣਾਤਮਕ ਵਿਕਾਸ ਨਹੀਂ ਹੋ ਸਕਿਆ ਹੈ ਇਸ ਤਰ੍ਹਾਂ ਦੀ ਟਿੱਪਣੀ ਹਰ ਵਾਰ ਕੀਤੀ ਜਾਂਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਨ੍ਹਾਂ ਰਾਗਾਂ ਵਿੱਚ ਰੰਜਨ ਦੀ ਸਮਰੱਥਾ ਨਹੀਂ ਹੈ।

2. **ਘਟਕ ਰਾਗਾਂ ਉੱਤੇ ਰਚਨਾਕਾਰ ਦਾ ਪ੍ਰਭੂਤੱਵ–** ਆਧੁਨਿਕ ਯੁਗ ਦੇ ਨਵਨਿਰਮਿਤ ਰਾਗ ਮੁੱਖ ਜੋੜ, ਮਿਸ਼ਰ ਅਤੇ ਸੰਕੀਰਣ ਪੱਧਤੀ ਤੋਂ ਨਿਰਮਾਣ ਹੁੰਦੇ ਹਨ। ਇਨ੍ਹਾਂ ਰਾਗਾਂ ਦੇ ਘਟਕ ਰਾਗਾਂ ਉੱਤੇ ਰਚਨਾਕਰਤਾ ਅਤੇ ਰਾਗ ਪ੍ਰਸਤੁਤ ਕਰਨ ਵਾਲੇ ਕਲਾਕਾਰ ਦਾ ਦਬਦਬਾ ਹੋਣਾ ਜ਼ਰੂਰੀ ਹੈ। ਇਨ੍ਹਾਂ ਰਾਗਾਂ ਵਿੱਚ ਘਟਕ ਰਾਗਾਂ ਦਾ ਮਿਸ਼ਰਣ ਇਸ ਤਰ੍ਹਾਂ ਕਰਨਾਂ ਹੈ, ਇਹ ਉਸ ਕਲਾਕਾਰ ‘ਤੇ ਨਿਰਭਰ ਕਰਦਾ ਹੈ। ਪ੍ਰਸਤੁਤੀਕਰਨ ਦੇ ਸਮਾਂ ਉਸਦੇ ਮਨ ਵਿੱਚ ਇਸ ਵਿਸ਼ੇ ਵਿੱਚ ਕਿਸੇ ਪ੍ਰਕਾਰ ਦੀ ਸ਼ੱਕ ਨਹੀਂ ਹੋਣੀ ਚਾਹੀਦੀ।

3. **ਨਵੇਂ ਰਾਗਾਂ ਵਿੱਚ ਬੰਦਿਸ਼ ਦਾ ਸੰਗ੍ਰਹਿ–** ਕਿਸੇ ਵੀ ਰਾਗ ਦੇ ਸਰੂਪ ਨੂੰ ਸਮਝਣ ਲਈ ਉਨ੍ਹਾਂ ਦੀਆਂ ਬੰਦਿਸ਼ਾਂ ਦਾ ਅਭਿਆਸ ਕਰਨ ਦੀ ਪ੍ਰੰਪਰਾ ਸਾਡੇ ਪੂਰਵਜਾ ਤੋਂ ਚਲਦੀ ਆ ਰਹੀ ਹੈ। ਇੱਕ ਹੀ ਰਾਗ ਦੀਆਂ ਦੋ-ਚਾਰ ਅਲੱਗ-ਅਲੱਗ ਬੰਦਿਸ਼ਾਂ ਗਾਉਣ ਨਾਲ ਉਸ ਰਾਗ ਦੇ ਸ੍ਵਰ, ਆਰੋਹ ਅਵਰੋਹ, ਸੰਗਤੀ, ਨਿਆਸ, ਸ੍ਵਰ ਸੰਵਾਦ ਆਦਿ ਸਪੱਸ਼ਟ ਹੁੰਦੇ ਹਨ। ਪਰੰਤੂ ਇਸਦੇ ਲਈ ਇਨ੍ਹਾਂ ਬੰਦਿਸ਼ਾਂ ਦੀ ਰਚਨਾ ਕਰਦੇ ਸਮਾਂ ਰਾਗ ਨਿਯਮਾਂ ਦਾ ਪਾਲਣ ਹੋਣਾ ਅਤਿ ਜ਼ਰੂਰੀ ਹੈ। ਇਹ ਹੀ ਤੱਤ ਨਵੇਂ ਰਾਗਾਂ ਲਈ ਵੀ ਹੈ। ਪ੍ਰਚਲਿਤ ਰਾਗਾਂ ਵਿੱਚ ਸਾਨੂੰ ਇੱਕ ਹੀ ਰਾਗ ਦੀਆਂ ਕਈ ਬੰਦਿਸ਼ਾਂ ਮਿਲਦੀਆਂ ਹਨ। ਪਰ ਨਵੇਂ ਰਾਗਾਂ ਵਿੱਚ ਇਸ ਤਰ੍ਹਾਂ ਨਹੀਂ ਹੁੰਦਾ ਹੈ। ਨਵੇਂ ਰਾਗਾਂ ਵਿੱਚ ਵੀ ਇਸ ਤਰ੍ਹਾਂ ਜਿਆਦਾਤਰ ਬੰਦਿਸ਼ਾਂ ਦੀ ਰਚਨਾ ਹੋਣ ਲੱਗੀ ਤਾਂ ਉਨ੍ਹਾਂ ਦੁਆਰਾ ਉਨ੍ਹਾਂ ਦਾ ਸਵਰੂਪ ਜਿਆਦਾ ਸਪੱਸ਼ਟ ਹੋਵੇਗਾ।

4. **ਸਪੱਤਕ ਪ੍ਰਧਾਨਤਾ–** ਕੁਝ ਰਾਗ ਮੰਦਰ ਸਪੱਤਕ ਪ੍ਰਧਾਨ ਹੁੰਦੇ ਹਨ, ਕੁਝ ਪੱਧ ਸਪੱਤਕ ਪ੍ਰਧਾਨ ਅਤੇ ਕੁਝ ਤਾਰ ਸਪੱਤਕ ਪ੍ਰਧਾਨ। ਪ੍ਰਚਲਿਤ ਰਾਗਾਂ ਵਿੱਚ ਵੀ ਇਸ ਤਰ੍ਹਾਂ ਦੇ ਕਈ ਰਾਗ ਹਨ, ਜੋ ਮੰਦਰ ਸਪੱਤਕ ਅਤੇ ਤਾਰ ਸਪੱਤਕ ਪ੍ਰਧਾਨ ਹੋਣ ਦੇ ਕਾਰਨ ਅਧਿਕ ਮਾਤਰਾ ਵਿੱਚ ਉਨ੍ਹਾਂ ਦਾ ਪ੍ਰਸਤੁਤੀਕਰਨ ਨਹੀਂ ਹੁੰਦਾ ਹੈ। ਨਵੇਂ ਰਾਗਾਂ ਵਿੱਚ ਵੀ ਕਿਸੇ ਇੱਕ ਹੀ ਸਪੱਤਕ ਦੀ ਪ੍ਰਧਾਨਤਾ ਹੋਣ ਨਾਲ ਉਹ ਸਰੋਤਿਆਂ ਦੇ ਮਨ ਨੂੰ ਆਕਰਸ਼ਿਤ ਕਰ ਸਕਦੇ ਹਨ। ਇਸ ਲਈ ਨਵਨਿਰਮਿਤ ਰਾਗਾਂ ਦਾ ਸਵਰੂਪ ਮੱਧ ਸਪੱਤਕ ਪ੍ਰਧਾਨ ਰੱਖ ਕੇ ਉਸ ਦੇ

ਆਧਾਰ 'ਤੇ ਮੰਦਰ ਅਤੇ ਤਾਰ ਸਪੱਤਕ ਵਿੱਚ ਵਿਸਤਾਰ ਕਰਨ ਨਾਲ ਉਸਦਾ ਅਧਿਕ ਰੰਜਕ ਬਣਨਾ ਸੰਭਵ ਹੈ।

5. **ਕਲਾਕਾਰ ਦਾ ਵਿਅਕਤੀਤਵ–** ਨਵੇਂ ਰਾਗਾਂ ਦੀ ਲੋਕਪ੍ਰਿਯਤਾ ਵਿੱਚ ਉਸ ਨੂੰ ਪ੍ਰਸਤੁਤ ਕਰਨ ਵਾਲੇ ਕਲਾਕਾਰ ਦੇ ਵਿਅਕਤੀਤਵ ਦਾ ਮਹੱਤਵਪੂਰਨ ਯੋਗਦਾਨ ਹੈ। ਕਿਸੇ ਨਵੇਂ ਰਾਗ ਦੀ ਲੋਕ ਪ੍ਰਿਯਤਾ ਉਸ ਰਾਗ ਦੇ ਸਵਰੂਪ ਵਿੱਚ ਉਸਦੇ ਰਚਨਾਕਾਰ, ਉਨ੍ਹਾਂ ਦੀ ਗੁਰੂ ਪ੍ਰੰਪਰਾ, ਘਰਾਣਾ, ਸੰਗੀਤ ਖੇਤਰ ਵਿੱਚ ਉਨ੍ਹਾਂ ਦਾ ਸਥਾਨ, ਅਨੁਯਾਯੀ ਇਸ 'ਤੇ ਵੀ ਨਿਰਭਰ ਕਰਦੀ ਹੈ। ਉਸ ਰਾਗ ਨੂੰ ਪ੍ਰਸਤੁਤ ਕਰਨ ਵਾਲੇ ਕਲਾਕਾਰ ਦੀ ਲੋਕਪ੍ਰਿਯਤਾ ਜਿੰਨੀ ਜਿਆਦਾ ਹੋਵੇਗੀ, ਉੰਨਾਂ ਹੀ ਉਹ ਰਾਗ ਲੋਕ ਪ੍ਰਿਯ ਹੋਣ ਵਿੱਚ ਸਮਰੱਥ ਹੁੰਦਾ ਹੈ।

6. **ਸਰੋਤਿਆਂ ਦੀ ਮਾਨਸਿਕਤਾ–** ਸ਼ਾਸਤਰੀ ਸੰਗੀਤ ਦੀ ਮਹਫਿਲ ਦਾ ਇੱਕ ਅਤਿਅੰਤ ਮਹੱਤਵਪੂਰਨ ਘਟਕ ਹੈ, ਸਰੋਤਾ। ਅੱਜ ਦੇ ਯੁਗ ਵਿੱਚ ਸਰੋਤਾ ਵਰਗ ਬਹੁਤ ਮਹੱਤਵਪੂਰਨ ਹੁੰਦਾ ਹੈ। ਇਸ ਲਈ ਜਦੋਂ ਕੋਈ ਕਲਾਕਾਰ ਆਪਣੇ ਪ੍ਰੋਗਰਾਮ ਵਿੱਚ ਨਵਾਂ ਰਾਗ ਪ੍ਰਸਤੁਤ ਕਰਦਾ ਹੈ, ਤਾਂ ਇਸ ਨਵਪ੍ਰਯੋਗ ਨੂੰ ਸਰੋਤਿਆਂ ਦੁਆਰਾ ਸਵੀਕਾਰਨਾ ਵੀ ਉੰਨ੍ਹਾਂ ਹੀ ਜ਼ਰੂਰੀ ਹੁੰਦਾ ਹੈ। ਉਨ੍ਹਾਂ ਦੁਆਰਾ ਪ੍ਰਾਪਤ ਫੀਡਬੈਕ ਤੋਂ ਹੀ ਕਲਾਕਾਰ ਨੂੰ ਅਧਿਕ ਪ੍ਰੋਤਸਾਹਨ ਮਿਲਦਾ ਹੈ।

7. **ਨਵੇਂ ਰਾਗਾਂ ਦੇ ਪ੍ਰਸਤੁਤੀਕਰਨ ਵਿਚ ਸਤਿਅਤਾ ਦੀ ਜ਼ਰੂਰਤ–** ਨਵੇਂ ਰਾਗਾਂ ਦੇ ਪ੍ਰਸਤੁਤੀਕਰਨ ਵਿੱਚ ਸੱਤਿਅਤਾ ਦੇ ਆਭਾਵ ਨਾਲ ਉਹ ਰਾਗ ਬਾਕੀ ਰਾਗਾਂ ਦੀ ਤਰ੍ਹਾਂ ਲੋਕ ਪ੍ਰਿਯ ਨਹੀਂ ਹੁੰਦੇ। ਨਵਨਿਰਮਿਤ ਰਾਗਾਂ ਨੂੰ ਵਾਰ-ਵਾਰ ਸੁਣਨ ਨਾਲ ਹੀ ਸਰੋਤਿਆਂ ਦੇ ਮਨ ਵਿੱਚ ਸੰਵਾਦ ਨਿਰਮਾਣ ਹੁੰਦਾ ਹੈ। ਕਿਸੇ ਨਵੇਂ ਰਾਗ ਦਾ ਆਸਵਾਦ ਲੈਣ ਲਈ ਉਸ ਰਾਗ ਨੂੰ ਚਾਰ-ਪੰਜ ਵਾਰ ਸੁਣਨ ਨਾਲ ਹੀ ਸਰੋਤਿਆਂ ਤੋਂ ਸੰਵਾਦ ਨਿਰਮਾਣ ਹੋਵੇਗਾ। ਕਿਸੇ ਨਵੇਂ ਰਾਗ ਦਾ ਸੁਆਦ ਲੈਣ ਲਈ ਉਸ ਰਾਗ ਨੂੰ ਚਾਰ-ਪੰਜ ਵਾਰ ਸੁਣਨ ਦੀ ਜ਼ਰੂਰਤ ਹੁੰਦੀ ਹੈ।

8. **ਰਾਗ ਦਾ ਸਦੋਸ਼ ਪ੍ਰਸਤੁਤੀਕਰਨ–** ਅੱਜ ਦੇ ਯੁਗ ਵਿੱਚ ਹਰ ਕਲਾਕਾਰ ਆਪਣੀ ਮਹਫਿਲ ਨੂੰ ਕਾਮਯਾਬ ਕਰਨ ਲਈ ਪ੍ਰਯਤਨਸ਼ੀਲ ਹੁੰਦਾ ਹੈ। ਇਸ ਲਈ ਹਰ ਮਹਫਿਲ ਵਿੱਚ ਕੁਝ ਅਲੱਗ ਪ੍ਰਸਤੁਤ ਕਰਨ ਦਾ ਉਸਦਾ ਪ੍ਰਯਤਨ ਹੁੰਦਾ ਹੈ। ਕਈ ਕਲਾਕਾਰ

ਆਪਣੀਆਂ ਮਹਫਿਲਾਂ ਵਿੱਚ ਨਵੇਂ ਰਾਗ ਪ੍ਰਸਤੁਤ ਕਰਦੇ ਹਨ। ਪਰ ਕਈ ਵਾਰ ਉਨ੍ਹਾਂ ਰਾਗਾਂ 'ਤੇ ਜ਼ਰੂਰੀ ਪ੍ਰਭੂਤਵ ਨਾਂ ਹੋਣ ਦੇ ਕਾਰਨ ਉਹ ਥੋੜੇ ਹੀ ਸਮਾਂ ਲਈ ਪ੍ਰਸਤੁਤ ਕਰ ਪਾਉਂਦੇ ਹਨ।

ਕਈ ਵਾਰ ਕਲਾਕਾਰ ਉਸ ਨਵੇਂ ਰਾਗ ਦਾ ਸਵਰੂਪ ਓਪੱਸ਼ਟ ਨਹੀਂ ਕਰਦੇ, ਨਾਂ ਹੀ ਉਸਦਾ ਨਾਮ ਦੱਸਦੇ ਹਨ। ਇਸ ਸਥਿਤੀ ਵਿੱਚ ਸਰੋਤਿਆਂ ਦਾ ਜ਼ਿਆਦਾ ਸਮਾਂ ਉਸ ਰਾਗ ਦੇ ਸਵਰੂਪ ਨੂੰ ਪਹਿਚਾਨਣ ਵਿੱਚ ਹੀ ਬਤੀਤ ਹੁੰਦਾ ਹੈ, ਜਿਸਦੇ ਪਰਿਣਾਮਸਰੂਪ ਉਸ ਰਾਗ ਦਾ ਉਨ੍ਹਾਂ ਦੇ ਮਨ 'ਤੇ ਜਿਆਦਾ ਪ੍ਰਭਾਵ ਨਹੀਂ ਪੈਂਦਾ। ਇਸ ਲਈ ਇਹ ਜ਼ਰੂਰੀ ਹੈ ਕਿ ਪ੍ਰਸਤੁਤੀਕਰਨ ਦੇ ਸਮਾਂ ਕਲਾਕਾਰ ਨੂੰ ਉਸ ਰਾਗ ਦਾ ਸਵਰੂਪ ਅਤੇ ਨਾਮ ਸਮੱਸ਼ਟ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਹੋਣ ਨਾਲ ਸਰੋਤੇ ਉਸਦਾ ਅਨੰਦ ਜ਼ਿਆਦਾ ਚੰਗੀ ਤਰ੍ਹਾਂ ਲੈ ਸਕਣਗੇ।

9. **ਰਾਗ ਦੀ ਪ੍ਰਕਿਰਤੀ–** ਪ੍ਰਾਚੀਨ ਕਾਲ ਤੋਂ ਹੀ ਸੰਗੀਤ ਵਿੱਚ ਹਰ ਰਾਗ ਦੇ ਰਸ ਅਨੁਰੂਪ ਪ੍ਰਕਿਰਤੀ ਦੱਸੀ ਗਈ ਹੈ। ਪ੍ਰਾਚੀਨ ਕਾਲੀਨ ਰਾਗਾਂ ਦੇ ਸਵਰੂਪ ਸ਼ੁੱਧ ਹੋਣ ਦੇ ਕਾਰਨ ਸੰਪੂਰਨ ਰਾਗ ਦਾ ਇੱਕ ਹੀ ਰਸ ਅਤੇ ਪ੍ਰਕਿਰਤੀ ਦੱਸੀ ਗਈ ਹੈ। ਮੱਧਯੁਗ ਵਿੱਚ ਜੋ ਰਾਗ ਬਣੇ, ਉਨ੍ਹਾਂ ਵਿੱਚ ਦੋ ਜਾਂ ਅਧਿਕ ਰਾਗਾਂ ਦਾ ਮਿਸ਼ਰਣ ਸੀ। ਆਧੁਨਿਕ ਯੁਗ ਦੇ ਨਵੇਂ ਰਾਗ ਵੀ ਰਾਗ ਮਿਸ਼ਰਣ ਦੇ ਤੱਤਾਂ 'ਤੇ ਹੀ ਆਧਾਰਿਤ ਹਨ। ਇਨ੍ਹਾਂ ਰਾਗਾਂ ਦੇ ਘਟਕ ਰਾਗ ਸਮਾਨ ਪ੍ਰਕਿਰਤੀ ਦੇ ਨਾਂ ਹੋਣ 'ਤੇ ਵੀ ਰੰਜਕਤਾ ਦੇ ਅਭਾਵ ਵਿੱਚ ਉਨ੍ਹਾਂ ਦੀ ਲੋਕਪ੍ਰਿਯਤਾ ਵਿੱਚ ਅੜਚਨ ਆਉਣ ਦੀ ਪੂਰਨ ਸੰਭਾਵਨਾ ਹੁੰਦੀ ਹੈ।

10. **ਪਾਰੰਪਰਿਕਤਾ–** ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਕਿਸੇ ਰਾਗ ਦੀ ਨਿਰਮਤੀ ਤੋਂ ਬਾਅਦ ਉਸਦਾ ਸਰੋਤਿਆਂ ਦੇ ਸਾਹਮਣੇ ਵਾਰ-ਵਾਰ ਪ੍ਰਸਤੁਤੀਕਰਨ ਹੋਣਾ ਜ਼ਰੂਰੀ ਹੈ। ਕੋਈ ਨਵਨਿਰਮਿਤ ਰਾਗ ਕਿੰਨੇ ਸਮਾਂ ਲਈ ਲੋਕਪ੍ਰਿਯ ਹੋਵੇਗਾ ਇਸਦੇ ਬਾਰੇ ਵਿੱਚ ਕੁਝ ਵੀ ਕਹਿਣਾ ਅਸੰਭਵ ਹੈ। ਇਸ ਲਈ ਉਸ ਰਾਗ ਦੇ ਪ੍ਰਸਤੁਤੀਕਰਨ ਲਗਾਤਾਰ ਹੁੰਦਾ ਰਹਿਣਾ ਜ਼ਰੂਰੀ ਹੋ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਹਰ ਦਸ ਸਾਲ ਬਾਅਦ ਪੀੜ੍ਹੀ ਬਦਲਦੀ ਹੈ, ਇਸ ਲਈ ਨਵਨਿਰਮਿਤ ਰਾਗ ਰਚਨਾਕਰਤਾ ਦੁਆਰਾ ਪ੍ਰਸਤੁਤ ਹੋਣਾ ਜਿੰਨਾਂ ਜ਼ਰੂਰੀ ਹੈ, ਉੰਨਾਂ ਹੀ ਜ਼ਰੂਰੀ ਹੈ ਆਉਣ ਵਾਲੀ ਪੀੜ੍ਹੀ ਨੂੰ ਉਸਦੇ ਸਵਰੂਪ ਨਾਲ ਜਾਣੂ ਕਰਵਾਉਣਾ।

11. **ਪ੍ਰਚਾਰ ਅਤੇ ਪ੍ਰਸਾਰ ਦੀ ਜ਼ਰੂਰਤ–** ਅੱਜ ਕਲਾਕਾਰਾਂ ਨੂੰ ਪ੍ਰੋਤਸਾਹਿਤ ਕਰਨ ਲਈ ਕਈ ਮਾਧਿਅਮ ਉਪਲੱਬਧ ਹਨ। ਪਰੰਤੂ ਪੁਰਾਣੇ ਜਮਾਨੇ ਵਿੱਚ ਉਨ੍ਹਾਂ ਦੀਆਂ ਮਹਫਿਲਾਂ ਵਿੱਚ ਹੀ ਓਨ੍ਹਿਾਂ ਦੀ ਕਲਾ ਦਾ ਅਨੰਦ ਸੰਭਵ ਸੀ। ਪਰੰਤੂ ਇਸ ਸਥਿਤੀ ਵਿੱਚ ਵੀ ਉਸ ਸਮਾਂ ਨਵਨਿਰਮਿਤ ਰਾਗਾਂ ਨੂੰ ਵਿਸ਼ਿਸਟ ਦਰਜਾ ਪ੍ਰਾਪਤ ਸੀ। ਅੱਜ ਇਨ੍ਹਾਂ ਰਾਗਾਂ ਨੂੰ ਅਸੀਂ ਮਹਫਿਲਾਂ ਤੋਂ ਇਲਾਵਾ ਰੇਡਿਉ, ਦੂਰਦਰਸ਼ਨ, ਕੈਸਿਟਸ, ਸੀ.ਡੀ., ਇੰਟਰਨੈੱਟ ਆਦਿ ਮਾਧਿਅਮਾਂ ਦੁਆਰਾ ਵੀ ਸੁਣ ਸਕਦੇ ਹਾਂ। ਪੁਰਾਣੇ ਜ਼ਮਾਨੇ ਦੇ ਮੁਕਾਬਲੇ ਅੱਜ ਨਵੇਂ ਰਾਗਾਂ ਦੀ ਨਿਰਮਤੀ ਜ਼ਿਆਦਾ ਹੋ ਰਹੀ ਹੈ। ਜ਼ਰੂਰਤ ਹੈ ਤਾਂ ਕੇਵਲ ਇਨ੍ਹਾਂ ਰਾਗਾਂ ਨੂੰ ਵਿਧੀਵਤ ਪ੍ਰਚਾਰ- ਪ੍ਰਸਾਰ ਕਰਨ ਦੀ।

12. **ਪ੍ਰਸਾਰ ਮਾਧਿਅਮਾਂ ਦੀ ਭੂਮਿਕਾ–** ਨਵੇਂ ਰਾਗਾਂ ਨੂੰ ਲੋਕਪ੍ਰਿਯ ਬਣਾਉਣ ਵਿੱਚ ਪ੍ਰਸਾਰ ਮਾਧਿਅਮ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਇਨ੍ਹਾਂ ਵਿੱਚ ਟੀ.ਵੀ., ਰੇਡਿਉ, ਅਖਬਾਰ, ਰਿਕਾਰਡਿੰਗ ਕੰਪਨੀਆਂ, ਮਹਫਿਲ ਆਦਿ ਇਨ੍ਹਾਂ ਸਭ ਦਾ ਸਥਾਨ ਹੈ। ਇੱਕ ਸਮਾਂ ਸੀ ਜਦੋਂ ਸ਼ਾਸਤਰੀ ਸੰਗੀਤ ਕੇਵਲ ਪ੍ਰੋਗਰਾਮਾਂ ਦੁਆਰਾ ਹੀ ਲੋਕਪ੍ਰਿਯ ਹੁੰਦਾ ਸੀ। ਪਰ ਆਧੁਨਿਕ ਯੁਗ ਵਿੱਚ ਹੋਰ ਕਈ ਮਾਧਿਅਮ ਉਨ੍ਹਾਂ ਰਾਗਾਂ ਨੂੰ ਲਕੋਪ੍ਰਿਯ ਬਣਾਉਣ ਵਿੱਚ ਸਹਾਇਕ ਬਣ ਰਹੇ ਹਨ।

13. **ਗੁਰੂ ਦੀ ਭੂਮਿਕਾ–** ਸੰਗੀਤ ਗੁਰਮੁਖੀ ਵਿੱਦਿਆ ਹੈ। ਇਸ ਕਲਾ ਦਾ ਜਤਨ ਸਦੀਆਂ ਤੋਂ ਗੁਰੁ ਸ਼ਿਸ਼ ਪ੍ਰੰਪਰਾ ਦੁਆਰਾ ਹੀ ਕੀਤਾ ਗਿਆ ਹੈ। ਆਧੁਨਿਕ ਯੁਗ ਵਿੱਚ ਇਸ ਪ੍ਰੰਪਰਾ ਦੇ ਨਾਲ ਘਰਾਣਾ ਅਤੇ ਸੰਸਥਾਗਤ ਸਿੱਖਿਅਣ ਪੱਧਤੀ ਨਾਲ ਵੀ ਇਸ ਦਾ ਪ੍ਰਚਾਰ ਅਤੇ ਪ੍ਰਸਾਰ ਹੋ ਰਿਹਾ ਹੈ। ਪਰੰਤੂ ਇਨ੍ਹਾਂ ਪੱਧਤੀਆਂ ਵਿੱਚ ਵੀ ਸਮਗੀਤ ਸਿੱਖਣ ਵਾਲੇ ਵਿਦਿਆਰਥੀਆਂ ਨੂੰ ਗੁਰੂ ਦੀ ਸ਼ਰਣ ਵਿੱਚ ਜਾਣਾ ਹੀ ਪੈਂਦਾ ਹੈ। ਯੋਗ ਗੁਰੂ ਦੇ ਬਿਨ੍ਹਾਂ ਇਸ ਕਲਾ ਖੇਤਰ ਵਿੱਚ ਕਾਮਯਾਬੀ ਦੀ ਸੰਭਾਵਨਾ ਹੀ ਨਹੀਂ ਹੈ। ਇਸ ਮੁੱਦੇ ਦੇ ਆਧਾਰ ‘ਤੇ ਅਸੀਂ ਇਹ ਕਹਿ ਸਕਦੇ ਹਾਂ, ਕਿ ਨਵੀਨ ਰਾਗਾਂ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਦ੍ਰਿਸ਼ਟੀ ਤੋਂ ਗੁਰੂ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

14. **ਸ਼ਾਸਤਰ ਨਿਯਮਾਂ ਦਾ ਅਭਾਵ–** ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਪ੍ਰਸਥਾਪਿਤ ਰਾਗ–ਸ਼ਾਸਤਰ ਨਿਯਮਾਂ ਦੇ ਆਧਾਰ ‘ਤੇ ਸਿੱਧ ਹਨ। ਇਹ ਗੱਲ ਸਾਨੂੰ ਪ੍ਰਾਚੀਨ ਗ੍ਰੰਥਾਂ ਤੋਂ

ਪਤਾ ਚਲਦੀ ਹੈ। ਪਰੰਤੂ ਨਵਨਿਰਮਿਤ ਰਾਗ ਅਧਿਕ ਸਮਾਂ ਰਚਨਾਕਰਤਾ ਦੀ ਉਤੇਜਨਾ ਤੋਂ ਨਿਰਮਿਤ ਹੋਣ ਦੇ ਕਾਰਨ ਇਨ੍ਹਾਂ ਰਾਗਾਂ ਵਿੱਚ ਸ਼ਾਸਤਰ ਨਿਯਮਾਂ ਦਾ ਪਾਲਣ ਹੋਇਆ ਹੈ, ਇਹ ਕਹਿਣ ਵਿੱਚ ਕਠਿਨਾਈ ਹੁੰਦੀ ਹੈ। ਇਸੇ ਕਾਰਨ ਇਨ੍ਹਾਂ ਰਾਗਾਂ ਨੂੰ ਸ਼ਾਂਸਤਰ ਨਿਯਮਾਂ ਦਾ ਆਧਾਰ ਨਹੀਂ ਹੁੰਦਾ ਹੈ। ਜਦੋਂ ਕੋਈ ਕਲਾਕਾਰ ਨਵੇਂ ਰਾਗਾਂ ਨੂੰ ਪ੍ਰਸਤੁਤ ਕਰਦਾ ਹੈ, ਤਾਂ ਉਨ੍ਹਾਂ ਦਾ ਸ਼ਾਸਤਰ ਆਧਾਰ ਨਾਂ ਹੋਣ ਦੇ ਕਾਰਨ ਉਸਦੇ ਸਵਰੂਪ ਦੇ ਵਿਸ਼ੇ ਵਿੱਚ ਹਰ ਕਲਾਕਾਰ ਦਾ ਆਪਣਾ ਸੁਤੰਤਰ ਵਿਚਾਰ ਹੁੰਦਾ ਹੈ, ਜਿਸਦੇ ਕਾਰਨ ਸਰੋਤਾ ਵੀ ਉਸ ਰਾਗ ਸਵਰੂਪ ਦਾ ਮੁਲਾਕਣ ਉਚਿੱਤ ਢੰਗ ਨਾਲ ਨਹੀਂ ਕਰ ਪਾਉਂਦੇ। ਇਸਦਾ ਸਿੱਧਾ ਪਰਿਣਾਮ ਉਸ ਰਾਗ ਦੀ ਲੋਕ ਪ੍ਰਿਯਤਾ 'ਤੇ ਪੈਂਦਾ ਹੈ।

15. **ਅਭਿਆਸਕ੍ਰਮ ਵਿੱਚ ਸਥਾਨ–** ਸ਼ਾਸਤਰੀ ਸੰਗੀਤ ਨੂੰ ਵਿਸ਼ਵਵਿਦਿਆਲਯ ਵਿੱਚ ਸਥਾਨ ਪ੍ਰਾਪਤ ਹੋਣ ਤੋਂ ਬਾਅਦ ਉਸ ਖੇਤਰ ਵਿੱਚ ਅਭਿਆਸ ਦੀਆਂ ਕਈ ਸ਼ਾਖਾਵਾਂ ਉਪਲੱਬਧ ਹੋਈਆਂ। ਸਾਰੇ ਸੰਗੀਤ ਵਿਦਿਆਲਯ, ਵਿਸ਼ਵਵਿਦਿਆਲਯ, ਗੰਧਰਵ ਮਹਾ ਵਿਦਿਆਲਯ ਮੰਡਲ, ਪ੍ਰਯਾਗ ਸੰਗੀਤ ਸਮਿਤੀ ਆਦਿ ਸੰਗੀਤ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਪ੍ਰੇਰਿਤ ਸੰਸਥਾਂਵਾਂ ਨੇ ਆਪਣੇ ਅਲੱਗ-ਅਲੱਗ ਅਭਿਆਸਕ੍ਰਮ ਬਣਾਏ। ਇਸ ਤਰ੍ਹਾਂ ਅਭਿਆਸਕ੍ਰਮ ਵਿੱਚ ਵੀ ਵਿਵਧਤਾ ਲਿਆਉਣ ਦਾ ਪ੍ਰਯਤਨ ਹੋਇਆ। ਇਨ੍ਹਾਂ ਸਭ ਅਭਿਆਸਕ੍ਰਮਾਂ ਵਿੱਚ ਜੇਕਰ ਕਿਰਿਆਤਮਕ ਅਤੇ ਸ਼ਾਸਤਰ ਵਿੱਚ ਨਵੇਂ ਰਾਗਾਂ ਦਾ ਸਮਾਵੇਸ਼ ਕੀਤੇ ਜਾਣ ਨਾਲ ਉਨ੍ਹਾਂ 'ਤੇ ਵਿਸ਼ਲੇਸ਼ਣਾਤਮਕ ਅਧਿਐਨ ਨਾਲ ਉਨ੍ਹਾਂ ਦੇ ਸਵਰੂਪ ਅਧਿਕ ਸਪੱਸ਼ਟ ਹੋਣ ਦੀ ਸੰਭਾਵਨਾ ਹੈ।

## 6.6 20ਵੀਂ ਸਦੀ ਵਿੱਚ ਸਮੇਂ ਅਨੁਸਾਰ ਨਵੀਨ ਰਾਗਾਂ ਦੀ ਵੱਧਦੀ ਗਿਣਤੀ ਦੇ ਕਾਰਨ

ਅਧਿਐਨ ਕਰਨ ਉਪਰੰਤ ਪਾਇਆ ਗਿਆ ਕਿ ਸਮੇਂ ਦੇ ਵੱਧਣ ਦੇ ਨਾਲ-ਨਾਲ ਨਵੀਨ ਰਾਗਾਂ ਦੀ ਸਿਰਜਨਾ ਦੀ ਗਿਣਤੀ ਵੀ ਵੱਧ ਪ੍ਰਾਪਤ ਹੋਈ ਹੈ, ਜਿਸਦੇ ਨਿਮਨਲਿਖਿਤ ਕਾਰਨ ਹੋ ਸਕਦੇ ਹਨ-

1. **ਸੰਭਾਲ ਦੇ ਸਰੋਤ –** ਸਮਾਂ ਵੱਧਣ ਦੇ ਨਾਲ਼ ਵਿਗਿਆਨ ਨੇ ਤਰੱਕੀ ਕੀਤੀ ਜਿਸਦੇ ਸਿੱਟੇ ਵਜੋਂ ਸੰਗੀਤ ਦੀ ਸੰਭਾਲ ਦੇ ਸਰੋਤ ਵੀ ਵੱਧ ਗਏ। ਸਮੇਂ ਦੇ ਨਾਲ ਨਾਲ ਇਨ੍ਹਾਂ ਸਰੋਤਾਂ ਦਾ ਖਰਚਾ ਵੀ ਘੱਟ ਗਿਆ ਅਤੇ ਇਨ੍ਹਾਂ ਸਰੋਤਾਂ ਦੀ ਉਪਲੱਬਤਾ ਵੀ ਵੱਧ ਗਈ। ਸਮਾਂ ਵੱਧਣ ਦੇ ਨਾਲ ਪ੍ਰਾਪਤ ਰਾਗਾਂ ਦੀ ਗਿਣਤੀ ਦਾ ਵੱਧਣਾ ਇਹ ਇੱਕ ਵੱਡਾ ਕਾਰਨ ਹੋ ਸਕਦਾ ਹੈ।

2. **ਘਰਾਣਾ ਪ੍ਰੰਪਰਾ –** ਘਰਾਣਾ ਪ੍ਰੰਪਰਾ ਦੇ ਸਮੇਂ ਗਿਣੇ ਚੁਣੇ ਲੋਕ ਹੀ ਸੰਗੀਤ ਸਿੱਖਿਆ ਗਰਹਿਣ ਕਰਦੇ ਸਨ। ਜਿਵੇਂ- ਜਿਵੇਂ ਘਰਾਣਾ ਪ੍ਰੰਪਰਾ ਘੱਟਦੀ ਗਈ ਤੇ ਵਿੱਦਿਅਕ ਅਦਾਰੇ ਵੱਧਦੇ ਗਏ ਉਵੇਂ ਹੀ ਸੰਗੀਤ ਸਿੱਖਆਰਥੀਆਂ ਦੀ ਗਿਣਤੀ ਵਿੱਚ ਵੀ ਵਾਧਾ ਹੁੰਦਾ ਗਿਆ ਤੇ ਸੰਗੀਤ ਜਿਆਦਾ ਲੋਕਾਂ ਕੋਲ ਪਹੁੰਚ ਸਕਿਆ ਅਤੇ ਨਵ ਨਿਰਮਿਤ ਰਾਗ ਵੀ ਜਿਆਦਾ ਲੋਕਾਂ ਕੋਲ ਪਹੁੰਚ ਸਕੇ।

3. **ਸਾਖਰਤਾ –** ਭਾਰਤ ਵਿੱਚ ਆਜਾਦੀ ਤੋਂ ਬਾਅਦ ਸਾਖਰਤਾ ਦੀ ਦਿਸ਼ਾ ਅਤੇ ਦਸ਼ਾ ਦੋਵਾਂ ਵਿੱਚ ਲਗਾਤਾਰ ਸੁਧਾਰ ਹੁੰਦਾ ਆਇਆ ਹੈ। ਸਮਾਂ ਪਾ ਕੇ ਵਿੱਦਿਅਕ ਅਦਾਰਿਆਂ ਵਿੱਚ ਸੰਗੀਤ ਨੂੰ ਵਿਸ਼ੇ ਦੇ ਰੂਪ ਵਿੱਚ ਲਾਗੂ ਕੀਤਾ ਗਿਆ ਅਤੇ ਕੁੱਝ ਨਵੀਨ ਰਾਗਾਂ ਨੂੰ ਪਾਠਕ੍ਰਮ ਵਿੱਚ ਵੀ ਸ਼ਾਮਿਲ ਕੀਤਾ ਗਿਆ। ਭਾਰਤ ਵਿੱਚ ਪਹਿਲਾਂ ਅਨਪੜਤਾ ਜਿਆਦਾ ਹੋਣ ਦੇ ਕਾਰਣ ਹੋ ਸਕਦਾ ਹੈ ਕਿ ਉਸ ਸਮੇਂ ਵਿੱਚ ਨਿਰਮਿਤ ਰਾਗ ਸੁਰੱਖਿਅਤ ਨਹੀਂ ਕੀਤੇ ਜਾ ਸਕੇ ਹੋਣ।

4. **ਮੀਡੀਆ –** ਅੱਜ ਦਾ ਯੁੱਗ ਸੋਸ਼ਲ ਮੀਡੀਆ ਦਾ ਯੁੱਗ ਹੈ। ਮੀਡੀਆ ਦੀ ਤਰੱਕੀ ਨਾਲ ਨਵ ਨਿਰਮਿਤ ਰਾਗਾਂ ਦਾ ਪ੍ਰਚਾਰ-ਪ੍ਰਸਾਰ ਅਤੇ ਸੁਰੱਖਿਅਤ ਕਰਨ ਦੇ ਮੌਕੇ ਵੱਧ ਪ੍ਰਾਪਤ ਹੋਏ ਹਨ।

5. **ਸੰਕੀਰਣ ਮਾਨਸਿਕਤਾ–** 20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਰਾਗਾਂ ਦੀ ਗਿਣਤੀ ਘੱਟ ਮਿਲਣ ਦਾ ਇੱਕ ਕਾਰਣ ਸੰਕੀਰਣ ਮਾਨਸਿਕਤਾ ਵੀ ਹੋ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਪਹਿਲਾਂ ਦੇ ਆਪਣੀ ਕਲਾ ਕੇਵਲ ਆਪਣੇ ਤੱਕ ਜਾਂ ਆਪਣੇ ਘਰਾਣੇ ਤੱਕ ਹੀ ਸੀਮਿਤ ਰੱਖਦੇ ਸਨ। ਇਸ ਕਾਰਨ ਵੀ ਹੋ ਸਕਦਾ ਹੈ ਉਸ ਸਮੇਂ ਨਵੀਨ ਰਾਗ ਨਿਰਮਿਤ ਹੋਏ ਹੋਣ ਪਰ ਇਸ ਕਾਰਨ ਕਰਕੇ ਉਨ੍ਹਾਂ ਦੀ ਉਪਲੱਬਧਤਾ ਨਹੀਂ ਹੋਵੇ।

6. **ਪ੍ਰਚਾਰ-ਪ੍ਰਸਾਰ-** 20ਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਸੰਗੀਤ ਦਾ ਪ੍ਰਚਾਰ-ਪ੍ਰਸਾਰ ਬਹੁਤ ਜਿਆਦਾ ਨਹੀਂ ਹੁੰਦਾ ਸੀ ਤੇ ਉਸ ਸਮੇਂ ਪ੍ਰਚਾਰ-ਪ੍ਰਸਾਰ ਦੇ ਸਾਧਨ ਵੀ ਬਹੁਤ ਘੱਟ ਅਤੇ ਖਰਚੀਲੇ ਸੀ। ਉਸ ਸਮੇਂ ਦੇ ਨਵ ਨਿਰਮਿਤ ਰਾਗਾਂ ਦੀ ਪ੍ਰਾਪਤੀ ਨਾ ਹੋਣ ਦੀ ਇਹ ਵੀ ਇੱਕ ਵਜ੍ਹਾ ਹੋ ਸਕਦੀ ਹੈ।

7. **ਜਲਸੇ, ਸੰਮੇਲਨ ਅਤੇ ਪ੍ਰੋਗਰਾਮ -** 20ਵੀਂ ਸਦੀ ਦੇ ਆਰੰਭ ਵਿੱਚ ਜਲਸੇ ਹੁੰਦੇ ਸਨ ਤੇ ਜਿਨ੍ਹਾਂ ਦੀ ਗਿਣਤੀ ਵੀ ਬਹੁਤ ਘੱਟ ਹੁੰਦੀ ਸੀ। ਸਮਾਂ ਪਾ ਕੇ ਇਨ੍ਹਾਂ ਜਲਸਿਆਂ ਨੇ ਸੰਮੇਲਨਾਂ ਦਾ ਰੂਪ ਲੈ ਲਿਆ ਅਤੇ ਇਨ੍ਹਾਂ ਦੀ ਗਿਣਤੀ ਵੀ ਵੱਧ ਗਈ। ਆਖਿਰ ਵਿੱਚ ਇਨ੍ਹਾਂ ਸੰਮੇਲਨਾਂ ਨੇ ਪ੍ਰੋਗਰਾਮਾਂ ਦਾ ਰੂਪ ਲੈ ਲਿਆ ਅਤੇ ਇਨ੍ਹਾਂ ਦੀ ਗਿਣਤੀ ਵਿੱਚ ਹੋਏ ਇਜਾਫਾ ਹੋ ਗਿਆ। ਇਨ੍ਹਾਂ ਦੇ ਬਦਲਦੇ ਰੂਪਾਂ ਅਤੇ ਵੱਧਦੀ ਗਿਣਤੀ ਨਾਲ ਇਸ ਸਦੀ ਦੇ ਨਵ ਸਿਰਜਿਤ ਰਾਗ ਵੀ ਸੰਭਾਲੇ ਗਏ ਅਤੇ ਸੰਗੀਤ ਜਗਤ ਨੂੰ ਇੱਕ ਵੱਡੀ ਦੇਣ ਦਿੱਤੀ ਗਈ।

8. **ਜਨ ਸਾਧਾਰਨ ਦੀ ਪਹੁੰਚ ਤੋਂ ਬਾਹਰ -** ਪਹਿਲਾਂ ਸ਼ਾਸਤਰੀ ਸੰਗੀਤ ਜਨ ਸਾਧਾਰਨ ਦੀ ਪਹੁੰਚ ਤੋਂ ਬਾਹਰ ਸੀ। ਤਰੱਕੀ ਦੇ ਨਾਲ-ਨਾਲ ਸ਼ਾਸਤਰੀ ਸੰਗੀਤ ਅਤੇ ਨਵ ਸਿਰਜਿਤ ਰਾਗ ਜਨ ਸਾਧਾਰਨ ਤੱਕ ਪਹੁੰਚੇ ਅਤੇ ਸੰਗੀਤ ਪ੍ਰੇਮੀਆਂ ਨੇ ਖੁੱਲ੍ਹੇ ਦਿਲਾਂ ਨਾਲ ਨਵ ਨਿਰਮਿਤ ਰਾਗਾਂ ਨੂੰ ਅਪਣਾਇਆ।

9. **ਪਠਨ-ਪਾਠਨ -** ਸਮੇਂ ਦਾ ਨਾਲ ਸੰਗੀਤ ਵਿਸ਼ੇ ਦਾ ਪਠਨ-ਪਾਠਨ ਵੀ ਵਧਿਆ ਅਤੇ ਕਲਾਕਾਰਾਂ, ਰਚਨਾਕਾਰਾਂ ਆਦਿ ਨੇ ਸ਼ਾਸਤਰ ਅਤੇ ਕਿਰਿਆਤਮਕ ਪੱਖ ਨੂੰ ਚੰਗੀ ਤਰਾਂ ਸਮਝਣ ਤੋਂ ਉਪਰੰਤ ਨਵੀਨ ਰਾਗ ਨਿਰਮਿਤ ਕੀਤੇ।

10. **ਸਹੂਲਤਾਂ ਅਤੇ ਸੰਚਾਰ ਮਾਧਿਅਮ -** ਹਰ ਖਿੱਤੇ ਵਿੱਚ ਸਹੂਲਤਾਂ ਅਤੇ ਸੰਚਾਰ ਮਾਧਿਅਮ ਵੱਧਣ ਦੇ ਨਾਲ ਨਵੀਨ ਰਾਗਾਂ ਦੀ ਰਚਨਾਵਾਂ ਨੂੰ ਸੁਣਨਾ, ਸੰਭਾਲਣਾ ਆਦਿ ਸਭ ਵੀ ਆਸਾਨ ਹੋ ਗਿਆ। 20ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਜਿਆਦਾ ਨਵ ਨਿਰਮਿਤ ਰਾਗ ਪ੍ਰਾਪਤ ਹੋਣ ਦਾ ਇਹ ਵੀ ਇੱਕ ਕਾਰਨ ਹੋ ਸਕਦਾ ਹੈ। ਵਿਸ਼ਵੀਕਰਨ ਇਸ ਦਾ ਇੱਕ ਬਹੁਤ ਵੱਡਾ ਕਾਰਨ ਹੋ ਸਕਦਾ ਹੈ।

# ਸਿੱਟਾ

20ਵੀਂ ਸਦੀ ਵਿੱਚ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਨੇ ਨਵੀਨਤਾ ਦੇ ਪੱਖ ਤੋਂ ਨਵੀਆਂ ਬੁਲੰਦੀਆਂ ਨੂੰ ਛੋਹਿਆ। ਵਿਭਿੰਨ ਸੰਗੀਤ ਦੇ ਮਹਾਂਰਥੀਆਂ ਨੇ ਇਸ ਕਾਲ ਖੰਡ ਵਿੱਚ ਬਹੁਤ ਸਾਰੇ ਨਵੀਨ ਰਾਗਾਂ ਦੀ ਸਿਰਜਨਾ ਕੀਤੀ ਅਤੇ ਉਨ੍ਹਾਂ ਦਾ ਪ੍ਰਚਾਰ ਪ੍ਰਸਾਰ ਵੀ ਕੀਤਾ। ਵਿਸ਼ਲੇਸ਼ਣ ਕਰਨ ਉਪਰੰਤ ਖੋਜਾਰਥਣ ਵਲੋਂ ਪਾਇਆ ਗਿਆ ਕਿ ਕੇਵਲ ਕੁੱਝ ਕੁ ਰਾਗਾਂ ਨੂੰ ਹੀ ਹਰ ਘਰਾਣੇ ਦੇ ਕਲਾਕਾਰਾਂ ਨੇ ਅਪਣਾ ਕੇ ਗਾਇਆ ਵਜਾਇਆ। ਅਧਿਕਤਰ ਜਿਸ ਘਰਾਣੇ ਦੇ ਕਲਾਕਾਰ ਨੇ ਜਿਸ ਰਾਗ ਦੀ ਸਿਰਜਨਾ ਕੀਤੀ ਹੈ, ਉਸੇ ਘਰਾਣੇ ਦੀਆਂ ਅਗਲੇਰੀਆਂ ਪੀੜ੍ਹੀਆਂ ਨੇ ਅਪਣਾ ਕੇ ਅੱਗੇ ਉਸ ਦਾ ਪ੍ਰਚਾਰ-ਪ੍ਰਸਾਰ ਕੀਤਾ। ਇਨ੍ਹਾਂ ਵਿੱਚੋਂ ਰਚੇ ਕੁੱਝ ਰਾਗ ਕਾਲਜਾਂ, ਯੁਨੀਵਰਸਿਟੀਆਂ ਦੇ ਪਾਠਕ੍ਰਮ ਵਿੱਚ ਵੀ ਸ਼ਾਮਿਲ ਕੀਤੇ ਗਏ ਹਨ ਤੇ ਇਸਦੇ ਨਾਲ ਹੀ ਜਨਸਾਧਾਰਨ ਵਲੋਂ ਵੀ ਅਪਣਾ ਲਏ ਗਏ। ਕੁੱਝ ਪਰੰਪਰਾਵਾਦੀ ਸੰਗੀਤਿਕ ਗੁਣੀਜਨ ਆਪਣੀ ਪਰੰਪਰਾ ਵਿੱਚ ਅਜੇ ਤੱਕ ਬੱਝੇ ਹੋਏ ਹੋਣ ਕਰਕੇ ਉਹ ਨਾ ਤਾਂ ਖੁਦ ਇਸ ਤਰ੍ਹਾਂ ਦੀ ਨਵੀਨਤਾ ਲਿਆਉਦੇਂ ਹਨ, ਸਗੋਂ ਇਸ ਦਾ ਵਿਰੋਧ ਕਰਦੇ ਹਨ। ਕੁਝ ਸੰਗੀਤਿਕ ਗੁਣੀਜਨਾਂ ਨੇ ਇਸ ਪਰੰਪਰਾ ਨੂੰ ਤੋੜਦੇ ਹੋਏ ਨਵੀਨਤਾ ਵੱਲ ਰੁੱਖ ਕੀਤਾ ਅਤੇ ਨਵੀਨ ਰਾਗ ਨੂੰ ਸਿਰਜ ਕੇ ਇਸ ਸੰਗੀਤਕ ਜਗਤ ਨੂੰ ਅਣਮੁੱਲੀ ਦੇਣ ਵਿੱਚ ਆਪਣਾ ਵਿਲੱਖਣ ਯੋਗਦਾਨ ਪਾਇਆ ਹੈ। ਪਰਿਵਰਤਨ ਹੀ ਕੁਦਰਤ ਦਾ ਨਿਯਮ ਹੈ। ਪੁਰਾਣੇ ਰਾਗਾਂ ਦੇ ਨਾਲ-ਨਾਲ ਨਵੀਨ ਰਾਗ ਵੀ ਆਪਣੀ ਇੱਕ ਅਲੱਗ ਪਹਿਚਾਣ ਬਣਾਉਂਦੇ ਹਨ।

ਕਈ ਵਾਰ ਨਵੀਨ ਨਿਰਮਿਤ ਰਾਗਾਂ ਦੀ ਸੰਪੂਰਣ ਜਾਣਕਾਰੀ ਵੀ ਉਪਲੱਬਧ ਨਹੀਂ ਹੁੰਦੀ। ਸੰਗੀਤ ਕਲਾ ਪਰਿਵਰਤਨਸ਼ੀਲ ਹੁੰਦੀ ਹੈ ਜਿਸ ਕਾਰਨ ਉਨ੍ਹਾਂ ਵਿੱਚ ਕਲਾ ਦੇ ਅਨੁਰੂਪ ਹੋਏ ਬਦਲਾਵਾਂ ਦੇ ਪਰਿਣਾਮਸਵਰੂਪ ਇਹ ਭਿੰਨ-2 ਕਾਲਖੰਡਾਂ ਵਿੱਚ ਨਵੇਂ ਰਾਗਾਂ ਦੀ ਸਿਰਜਿਨਾ ਹੋਈ ਹੈ। ਨਵੇਂ ਰਾਗ ਦੀ ਰਚਨਾ ਤੋਂ ਭਾਵ ਹੈ, ਨਵੀਂ ਕਲਾ ਦਾ ਜਨਮ। ਸੁਰ, ਤਾਲ, ਲੈਅ, ਸ਼ਬਦ, ਰਸ, ਨਿਯਮ ਆਦਿ ਦੇ ਅਭਿਆਸ ਤੋਂ ਬਾਅਦ ਹੀ ਗੁਣੀਜਨ ਜਾਂ ਸੰਗੀਤਕਾਰ ਸੇ ਸਨਮੁੱਖ ਉਸ ਕਲਾਕ੍ਰਿਤੀ ਨੂੰ ਸਿੱਧ ਕਰਨ ਦੇ ਬਾਅਦ ਹੀ ਨਵਨਿਰਮਤੀ ਦੀ ਪ੍ਰਕਿਰਿਆ ਪੂਰਨ ਹੁੰਦੀ ਹੈ। ਰਾਗ ਬਣਾਏ ਨਹੀਂ ਜਾਂਦੇ, ਉਹ ਕਿਸੇ ਕਲਾਕਾਰ ਜਾਂ

ਰਚਨਾਕਾਰ ਦੀ ਅੰਦਰੂਨੀ ਸਫੁਰਤੀ ਨਾਲ ਪ੍ਰਗਟ ਹੁੰਦੇ ਹਨ। ਅਧਿਐਨ ਕਰਨ ਉਪਰੰਤ ਪਾਇਆ ਗਿਆ ਕਿ ਨਵੀਨ ਰਾਗਾਂ ਦੀ ਸਿਰਜਨਾ ਜਿਆਦਾਤਰ ਰਿਆਜ ਕਰਨ ਦੇ ਦੌਰਾਨ ਹੋਈ। ਜਿਸ ਢੰਗ ਨਾਲ ਕੋਈ ਰਚਨਾਕਾਰ ਰਿਆਜ ਕਰਦਾ ਸੀ ਉਸੇ ਢੰਗ ਦੇ ਨਾਲ ਨਵੀਨ ਰਾਗ ਨਿਰਮਿਤ ਕੀਤੇ। 20ਵੀਂ ਸਦੀ ਵਿੱਚ ਸਿਰਜੇ ਰਾਗਾਂ ਵਿੱਚ ਜਿਆਦਾਤਰ ਤੀਨ ਤਾਲ ਅਤੇ ਏਕਤਾਲ ਦਾ ਪ੍ਰਯੋਗ ਕੀਤਾ ਗਿਆ ਮਿਲਦਾ ਹੈ। ਇਨ੍ਹਾਂ ਦੇ ਸਾਹਿਤ ਵਿੱਚ ਬ੍ਰਜ ਭਾਸ਼ਾ ਦਾ ਅਧਿਕਤਰ ਪ੍ਰਯੋਗ ਕੀਤਾ ਗਿਆ ਦਿਖਾਈ ਦਿੰਦਾ ਹੈ। ਇਸ ਸਦੀ ਦੇ ਨਿਰਮਿਤ ਰਾਗਾਂ ਦੇ ਵਿੱਚ ਸ਼ਿੰਗਾਰ ਰਸ, ਭਗਤੀ ਰਸ, ਕਰੁਣ ਰਸ ਅਤੇ ਸ਼ਾਂਤ ਰਸ ਦੇ ਜਿਆਦਾ ਦਰਸ਼ਨ ਹੁੰਦੇ ਹਨ। 20ਵੀਂ ਸਦੀ ਦੇ ਨਵ-ਰਾਗਾਂ ਦੀਆਂ ਬੰਦਿਸ਼ਾਂ ਵਿੱਚ ਵਿੱਚ ਦੁਰਤ ਲੈਅ ਦਾ ਵਧੇਰੇ ਪ੍ਰਯੋਗ ਕੀਤਾ ਪ੍ਰਾਪਤ ਹੁੰਦਾ ਹੈ। ਸਮੇਂ ਦੇ ਵੱਧਣ ਦੇ ਨਾਲ਼-ਨਾਲ਼ ਨਵੇਂ ਰਾਗਾਂ ਦੀਆਂ ਰਚਨਾਵਾਂ ਵੀ ਵੱਧ ਪ੍ਰਾਪਤ ਹੁੰਦੀਆਂ ਹਨ। ਵਿੱਦਿਅਕ ਅਦਾਰਿਆਂ ਵਲੋਂ ਵੀ ਕੁੱਝ ਨਵੀਨ ਰਾਗਾਂ ਨੂੰ ਅਪਣਾਇਆ ਜਾ ਰਿਹਾ ਹੈ। ਨਵ-ਰਾਗ ਰਚਨਾ ਜਿਸ ਘਰਾਣੇ ਦੇ ਰਚਨਾਕਾਰ ਨੇ ਰਚੀ ਹੈ, ਉਸ ਘਰਾਣਾ ਦੇ ਕਲਾਕਾਰਾਂ ਨੇ ਹੀ ਜਿਆਦਾਤਰ ਉਨ੍ਹਾਂ ਨੂੰ ਅਪਣਾ ਕੇ ਗਾਈ ਵਜਾਈ ਹੈ ਤੇ ਉਸ ਰਾਗ ਰਚਨਾ ਦਾ ਪ੍ਰਚਾਰ-ਪ੍ਰਸਾਰ ਕਰਨ ਵਿੱਚ ਯੋਗਦਾਨ ਪਾਇਆ ਹੈ ਜਿਵੇਂ ਰਾਗ ਜੋਗਕੌਂਸ ਦੀ ਰਚਨਾ ਪੰ. ਜਗਨਨਾਥ ਬੂਆ ਪਰੋਹਿਤ ਨੇ ਕੀਤੀ ਪਰ ਸੰਗੀਤ ਜਗਤ ਵਿੱਚ ਇਸ ਨਵ ਰਾਗ ਦਾ ਪ੍ਰਸਾਰ-ਪ੍ਰਸਾਰ ਕਰ ਕੇ ਲੋਕਪ੍ਰਿਆ ਬਣਾਉਣ ਦਾ ਸਿਹਰਾ ਉਨ੍ਹਾਂ ਦੇ ਸ਼ਿਸ਼ ਪੰ. ਸੀ. ਆਰ. ਵਿਆਸ ਦੇ ਸਿਰ ਬੱਝਦਾ ਹੈ।

ਨਵੀਨ ਰਾਗਾਂ ਦਾ ਪੂਰੀ ਤਰ੍ਹਾਂ ਵਿਰੋਧ ਕਰਨਾ ਉਚਿੱਤ ਨਹੀਂ ਹੈ। ਰੰਜਕਤਾ ਹੀ ਉਸਦਾ ਅੰਤਿਮ ਅਤੇ ਮਹੱਤਵਪੂਰਨ ਮਾਪਦੰਡ ਹੁੰਦਾ ਹੈ। ਜੇਕਰ ਕੋਈ ਰਾਗ ਨਿਯਮਾਂ, ਸਿਧਾਂਤਾਂ ਦੇ ਨਾਲ ਹੀ ਇਸ ਮਾਪਦੰਡ ’ਤੇ ਵੀ ਖਰਾ ਉੱਤਰੇ ਤਾਂ ਉਹ ਨਿਸ਼ਚਿਤ ਰੂਪ ਵਿੱਚ ਸਰਵਮਾਨਤਾ ਹਾਸਿਲ ਕਰਕੇ ਪ੍ਰਸਿੱਧੀ ਪਾ ਲੈਂਦਾ ਹੈ। ਰੰਜਕ ਤੱਤ ਅਤੇ ਸਹਜ ਤੱਤ ਰਾਗ ਲਈ ਅਤਿ ਮਹੱਤਵਪੂਰਨ ਤੱਤ ਹਨ। ਨਵੀਨ ਰਾਗਾਂ ਦੇ ਨਿਰਮਾਣ ਲਈ 20ਵੀਂ ਸਦੀ ਵਿੱਚ ਵਿਭਿੰਨ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ ਪਰ ਸਭ ਤੋਂ ਵੱਧ ਰਾਗ ਮਿਸ਼ਰਿਤ ਵਿਧੀ ਨਾਲ ਨਿਰਮਿਤ ਕੀਤੇ ਗਏ ਹਨ। ਅਨੇਕਾਂ ਵਿਦਿਵਾਨਾਂ ਦੇ ਮੱਤ ਜਾਨਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਰਾਗ ਸਹਜ ਹੀ ਬਣਦੇ ਹਨ, ਬਣਾਏ ਨਹੀਂ ਜਾਂਦੇ।

# ਸੰਦਰਭ ਗ੍ਰੰਥ ਸੂਚੀ

**ਖੋਜ-ਪ੍ਰਬੰਧ:-**

1. ਅਗਰਵਾਲ, ਅਲਕਾ, ਸਵਤੰਤਰਤਾ ਕੇ ਪਸ਼ਚਾਤ ਉੱਤਰ ਪ੍ਰਦੇਸ਼ ਸੇ ਸੰਬੰਧਿਤ ਕਲਾਕਾਰੋਂ(ਸ਼ਾਸ਼ਤਰੀਯ ਗਾਇਨ ਏਵੰਮ ਸਿਤਾਰ) ਕਾ ਯੋਗਦਾਨ ਤਥਾ ਸੰਗੀਤ ਕੇ ਲੀਏ ਉਨਕੇ ਦੁਆਰਾ ਕੀਏ ਗਏ ਸੰਘਰਸ਼ : ਏਕ ਵਿਸ਼ਲੇਸ਼ਣਾਤਮਕ ਅਧਿਐਨ, ਡਾ. ਅੰਬੇਦਕਰ ਵਿਸ਼ਵਵਿਦਿਆਲਯ, ਆਗਰਾ

2. ਸਿੰਘ, ਸੁਮਿਤ, ਪਦਮਭੂਸ਼ਣ ਪੰ. ਦੇਵਵ੍ਰਤ(ਦੇਬੂ) ਚੌਧਰੀ ਕੀ ਸੰਗੀਤਮਕਤਾ ਕਾ ਪਰੀਸ਼ੀਲਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

3. ਭਾਰਦਵਾਜ, ਵੀਰਭੱਦਰ, ਸਰੋਦ ਵਾਦਨ ਕੇ ਕਸ਼ੇਤਰ ਮੇਂ ਉਸਤਾਦ ਅਲੀ ਅਕਬਰ ਖਾਂ ਕਾ ਯੋਗਦਾਨ, ਦਿੱਲੀ ਵਿਸ਼ਵਵਿਦਿਆਲਯ

4. ਕਟੋਚ, ਰਣਜੀਤ ਸਿੰਘ, ਪੰ. ਰਵੀਸ਼ੰਕਰ ਦੁਆਰਾ ਨਿਰਮਿਤ ਰਾਗੋਂ ਕਾ ਵ੍ਰਿਹਦ ਏਵੰਮ ਵਿਸ਼ਲੇਸ਼ਣਾਤਮਕ ਅਧਿਐਨ, ਦਿੱਲੀ ਯੂਨੀਵਰਸਿਟੀ

5. ਕੌਰ, ਮਨਵਿੰਦਰ, ਭਾਰਤੀ ਸੰਗੀਤ ਸਿਖਿੱਆ ਦੇ ਵਿਕਾਸ ਵਿੱਚ ਗੰਧਰਵ ਮਹਾਂਵਿਦਿਆਲੇ ਦਾ ਯੋਗਦਾਨ, ਪੰਜਾਬ ਯੂਨੀਵਰਸਿਟੀ

6. ਅਵਤਾਰ, ਰਾਮ, ਵਿਚਿੱਤਰ ਵੀਣਾਕਰ ਪੰ. ਗੋਪਾਲ ਕ੍ਰਿਸ਼ਨ ਸ਼ਰਮਾ ਕਾ ਵਿਅਕਤਿਤਵ ਏਵੰਮ ਕ੍ਰਤਿਤਵ, ਮਹਾਂਰਿਸ਼ੀ ਦਯਾਨੰਦ ਵਿਸ਼ਵਵਿਦਿਆਲਯ, ਰੋਹਤਕ

7. ਦੀਪਸ਼ਿਖਾ, ਉੱਤਰ ਭਾਰਤੀਯ ਸਾਸ਼ਤਰੀਯ ਸੰਗੀਤ ਮੇਂ ਸੰਮਿਸ਼ਰਣ ਕੀ ਅਵਧਾਰਣਾ, ਮਹਾਂਰਿਸ਼ੀ ਦਯਾਨੰਦ ਵਿਸ਼ਵਵਿਦਿਆਲਯ, ਰੋਹਤਕ

8. ਰਚਨਾ, ਸੰਗੀਤ ਕੀ ਗੇਯ ਵਿਧਾਓਂ ਦੁਆਰਾ ਰਸ, ਭਾਵ ਏਵੰਮ ਸੌਂਦਰਯਭਿਵਯਕਿਤ: ਏਕ ਅਧਿਐਨ, ਮਹਾਂਰਿਸ਼ੀ ਦਯਾਨੰਦ ਵਿਸ਼ਵਵਿਦਿਆਲਯ, ਰੋਹਤਕ

9. ਕੁਮਾਰ, ਭੁਪੇਂਦਰ, ਉੱਤਰ ਪ੍ਰਦੇਸ਼ ਮੇਂ ਖਿਆਲ ਗਾਇਨ ਕੀ ਪਰੰਪਰਾ-ਪ੍ਰਮੁੱਖ ਘਰਾਣੇਦਾਰ ਗਾਇਕੋਂ ਕੇ ਸੰਦਰਭ ਮੇਂ, ਮਹਾਂਰਿਸ਼ੀ ਦਯਾਨੰਦ ਵਿਸ਼ਵਵਿਦਿਆਲਯ, ਰੋਹਤਕ

10. ਰਾਮਨਿਵਾਸ, ਉੱਤਰ ਭਾਰਤ ਮੇਂ ਸੁਗਮ ਸੰਗੀਤ ਕਾ ਪ੍ਰਚਾਰ, ਸੰਭਾਵਨਾਏਂ, ਸਮਸਿਆਏਂ ਏਵੰਮ ਨਵੀਨ ਪ੍ਰਯੋਗ, ਮਹਾਂਰਿਸ਼ੀ ਦਯਾਨੰਦ ਵਿਸ਼ਵਵਿਦਿਆਲਯ, ਰੋਹਤਕ

11. ਕੁਮਾਰ, ਅਰੁਣ, ਉਸਤਾਦ ਅਮੀਰ ਖਾਂ ਸਾਹਿਬ ਕੀ ਗਾਇਕੀ ਕਾ ਵਿਸ਼ਲੇਸ਼ਣਾਤਮਕ ਅਧਿਐਨ, ਹਿਮਾਚਲ ਪ੍ਰਦੇਸ਼ ਵਿਸ਼ਵਵਿਦਿਆਲਯ

12. ਸ਼ਰਮਾ, ਡਿੰਪਲ, ਵੀਸਵੀਂ ਸ਼ਤੀ ਕੇ ਕਤਿਪਯ ਮੂਰਘਨਯ ਵਾਗੇਯਾਕਾਰੋਂ ਦੁਆਰਾ ਨਿਰਮਿਤ ਨਵੀਨ ਰਾਗ-ਰੂਪੋਂ ਕਾ ਸਾਂਗੀਤਿਕ ਵ ਵਿਸ਼ਲੇਸ਼ਣਾਤਮਕ ਅਧਿਐਨ, ਡੀ.ਈ. ਆਈ., ਦਿਆਲਬਾਗ

13. ਗਾਂਧੀ, ਨੀਰਜ, ਖਿਆਲ ਗਾਇਨ ਸ਼ੈਲੀ ਕੇ ਆਧੁਨਿਕ ਸੰਦਰਭ ਮੇਂ ਖਿਆਲ ਗਾਇਨ ਸ਼ੈਲੀ ਕੇ ਸਵਰੂਪ ਕਾ ਸਿਧਾਂਤਿਕ ਏਵੰਮ ਵਿਵਹਾਰਿਕ ਅਧਿਐਨ, ਪੰਜਾਬ ਯੂਨੀਵਰਸਿਟੀ

14. ਸੋਨੀਆ, ਪੰ. ਸ਼ੰਕਰਰਾਵ ਵਿਆਸ ਕੇ ਕਾਰਯੋਂ ਕਾ ਸੰਗੀਤਿਕ ਪਰੀਛੀਲਨ, ਪੰਜਾਬ ਯੂਨੀਵਰਸਿਟੀ

15. ਸਿੰਘ, ਰਾਏ ਬਹਾਦੁਰ, ਆਧੁਨਿਕ ਰਾਗ ਸੰਗੀਤ ਕੇ ਸੰਦਰਭ ਮੇਂ ਮੂਰਛਨਾ ਪੱਧਤੀ ਕੀ ਪ੍ਰਾਸੰਗਿਕਤਾ ਏਵੰਮ ਪ੍ਰਯੋਗਿਕਤਾ, ਪੰਜਾਬ ਯੂਨੀਵਰਸਿਟੀ

16. ਪਰਮਿੰਦਰ ਕੌਰ, ਸੰਗੀਤ ਮਾਰਤੰਡ ਪੰ. ਓਂਕਾਰ ਨਾਥ ਠਾਕੁਰ ਦੁਆਰਾ ਰਚਿਤ ਸੰਗੀਤਾਂਜਲੀ ਮੇਂ ਵਰਣਿਤ ਸ਼ਿੰਗਾਰ-ਪਰਕ ਰਚਨਾਓਂ ਮੇਂ ਸੌਂਦਰਯ : ਏਕ ਅਧਿਐਨ, ਪੰਜਾਬ ਯੂਨੀਵਰਸਿਟੀ

17. ਪੂਨਿਯਾ, ਚੰਦਰਪਾਲ, ਆਧੁਨਿਕ ਕਾਲ ਮੇਂ ਨਵਨਿਰਮਿਤ ਰਾਗ: ਏਕ ਅਨੁਸ਼ੀਲਨ, ਕੁਰੂਕਸ਼ੇਤਰ ਯੂਨੀਵਰਸਿਟੀ

18. ਅਨੀਤਾ ਰਾਣੀ, ਭਾਰਤੀਯ ਸ਼ਾਸਤਰੀ ਸੰਗੀਤ ਮੇਂ ਰਾਗ ਕੀ ਉੱਤਪੱਤੀ ਏਵੰ ਵਿਕਾਸ, ਕੁਰੂਕਸ਼ੇਤਰ ਯੂਨੀਵਰਸਿਟੀ

19. ਪਰਮਜੀਤ ਕੌਰ, ਰਾਗ ਪ੍ਰਸਤੁਤੀਕਰਣ ਵਿੱਚ ਰਾਗਾਂਗ ਦੀ ਭੂਮਿਕਾ, ਪੰਜਾਬੀ ਯੂਨੀਵਰਸਿਟੀ

20. ਵਰਮਾ, ਰਜਨੀ, ਹਿੰਦੁਸਤਾਨੀ ਸੰਗੀਤ ਕੇ ਰਾਗੋਂ ਮੇਂ ਏਕ ਸੇ ਵਿਭਿੰਨ ਰਾਗ ਨਿਰਮਾਣ- ਏਕ ਅਧਿਐਨ, ਪੰਜਾਬ ਯੂਨੀਵਰਸਿਟੀ

- **English books :-**

1. ਬੈਨਰਜੀ, ਅਨਿੰਦਿਆ, ਅਮਰ ਜੀਵਨੀ ਮਾਈ ਲਾਈਫ An autobiography by Ustad Alauddin Khan with compositions and notation and correspondence by the Master and evaluations, ਕਲਕੱਤਾ, ਦੂਜਾ ਸੰਸਕਰਣ 2020

2. ਬੰਨਧੋਪਾਧਿਯ, ਅਨਿੰਦਿਆ ਅਤੇ ਅਰਪਿਤਾ ਬੈਨਰਜੀ, Apnader Sebay: Ali Akbar Khan-er Atmajeebani, ਕਲਕੱਤਾ, ਪਹਿਲਾ ਸੰਸਕਰਣ 2011

- **ਬੰਗਾਲੀ ਕਿਤਾਬਾਂ :-**

3. ਬੈਨਰਜੀ, ਅਨਿੰਦਿਆ, ਅਮਰ ਜੀਵਨੀ ਮਾਈ ਲਾਈਫ An autobiography by Ustad Alauddin Khan with compositions and notation and correspondence by the Master and evaluations, ਕਲਕੱਤਾ, ਦੂਜਾ ਸੰਸਕਰਣ 2020

4. ਬੰਨਧੋਪਾਧਿਯ, ਅਨਿੰਦਿਆ ਅਤੇ ਅਰਪਿਤਾ ਬੈਨਰਜੀ, Apnader Sebay: Ali Akbar Khan-er Atmajeebani, ਕਲਕੱਤਾ, ਪਹਿਲਾ ਸੰਸਕਰਣ 2011

- ਮਰਾਠੀ ਕਿਤਾਬਾਂ :-

5. ਥੱਤੇ, ਅਨਯਾ (ਡਾ.), ਨਵਰਾਗਨਿਰਮਿਤੀ ਤੱਤਵੇ, ਸੰਸਕਾਰ ਪ੍ਰਕਾਸ਼ਨ, ਮੁੰਬਈ, ਪਹਿਲਾ ਸੰਸਕਰਣ 2013

- ਹਿੰਦੀ ਕਿਤਾਬਾਂ :-

6. ਪੈਂਤਲ, ਗੀਤਾ (ਪ੍ਰੋ.), ਪੰਜਾਬ ਕੀ ਸੰਗੀਤ ਪਰੰਪਰਾ, ਰਾਧਾ ਪਬਲੀਕੇਸ਼ਨਸ, ਨਵੀਂ ਦਿੱਲੀ, ਸੰਸਕਰਣ ਤੀਜਾ, 2011

7. ਭਾਤਖੰਡੇ, ਵਿਸ਼ਨੂੰ ਨਾਰਾਇਣ (ਪੰ.), ਕ੍ਰਮਿਕ ਪੁਸਤਕ ਮਾਲਿਕਾ, ਭਾਗ 3-6, ਸੰਗੀਤ ਕਾਰਾਯਲਯ ਹਾਥਰਸ, 1985, 1985, 1983, 1982

8. ਕਸ਼ਯਪ, ਅੰਬਿਕਾ (ਡਾ.), ਸੰਗੀਤ ਚਿੰਤਨ, ਕਨਿਸ਼ਕ ਪਬਲੀਸ਼ਰਸ, ਨਵੀ ਦਿੱਲੀ, ਪਹਿਲਾ ਸੰਸਕਰਣ, 2016

9. ਵਿਆਸ, ਸੀ. ਆਰ. (ਪੰ.), ਰਾਗ ਸਰਿਤਾ, ਸੰਸਕਾਰ ਪ੍ਰਕਾਸ਼ਨ, ਮੁੰਬਈ, ਦੂਜਾ ਸੰਸਕਰਣ 2011

10. ਕਾਸ਼ੀਕਰ, ਸ਼੍ਰੀ ਸ਼ੰਕਰ ਵਿਸ਼ਨੂੰ, ਸ਼ਰੁਤੀ ਵਿਲਾਸ, ਸੰਸਕਾਰ ਪ੍ਰਕਾਸ਼ਨ, ਮੁੰਬਈ, ਪੰਜਵਾਂ ਸੰਸਕਰਣ 2020

11. ਕਾਯਕਿਣੀ, ਸਵ. ਦਿਨਕਰ (ਪੰ.), ਰਾਗ ਰੰਗ, ਸੰਸਕਾਰ ਪ੍ਰਕਾਸ਼ਨ, ਮੁੰਬਈ, ਦੂਜਾ ਸੰਸਕਰਣ 2020

12. ਚੌਬੇ, ਸ਼ੁਸ਼ੀਲ ਕੁਮਾਰ (ਡਾ.), ਹਮਾਰਾ ਆਧੁਨਿਕ ਸੰਗੀਤ, ਛੇਦਾ ਲਾਲ ਨਿਦੇਸ਼ਕ, ਲਖਨਊ, ਤੀਜਾ ਸੰਸਕਰਣ, 2005

13. ਸਿੰਘ, ਠਾਕੁਰ ਜਯਦੇਵ, ਭਾਰਤੀਯ ਸੰਗੀਤ ਕਾ ਇਤਿਹਾਸ, ਸੰਗੀਤ ਰੀਸਰਚ ਅਕੈਡਮੀ, ਕਲਕੱਤਾ

14. ਪਟਵਰਧਨ, ਪੰ. ਵਿਨਾਇਕ ਰਾਉ, ਰਾਗ ਵਿਗਿਆਨ (ਭਾਗ 1-7), ਸੰਗੀਤ ਗੌਰਵ ਗ੍ਰੰਥਮਾਲਾ, ਪੂਨੇ

15. ਠਾਕੁਰ, ਪੰ. ਓਂਕਾਰ ਨਾਥ, ਸੰਗੀਤਾਂਜਲਿ (ਭਾਗ 1-6), ਸ਼੍ਰੀ ਕਲਾ ਸੰਗੀਤ ਭਾਰਤੀ, ਵਾਰਾਣਸੀ

16. ਠਾਕੁਰ, ਪੰ. ਉਂਕਾਰ ਨਾਥ, ਪ੍ਰਣਵ ਭਾਰਤੀ, ਸ਼੍ਰੀ ਕਲਾ ਸੰਗੀਤ ਭਾਰਤੀ, ਵਾਰਾਣਸੀ

17. ਸ਼ਰਮਾ, ਸਵਤੰਤਰ (ਪ੍ਰੋ.), ਭਾਰਤੀਯ ਸੰਗੀਤ ਏਕ ਏਤਿਹਾਸਿਕ ਵਿਸ਼ਲੇਸ਼ਣ, ਕਨਿਸ਼ਕ ਪਬਲੀਸ਼ਰਸ, ਨਵੀ ਦਿੱਲੀ

18. ਸ਼ਰਮਾ, ਯਸ਼ਪਾਲ (ਡਾ.), ਭਾਰਤੀਯ ਸੰਗੀਤ ਮੇਂ ਸ਼ਰੁਤੀ, ਕਨਿਸ਼ਕ ਪਬਲੀਸ਼ਰਸ, ਪਹਿਲਾ ਸੰਸਕਰਣ, 2006

19. ਚੌਧਰੀ, ਸੁਭਾਸ਼ ਰਾਨੀ, ਸੰਗੀਤ ਕੇ ਪ੍ਰਮੁੱਖ ਸ਼ਾਸਤਰੀਯ ਸਿਧਾਂਤ, ਕਨਿਸ਼ਕ ਪਬਲੀਸ਼ਰਸ, ਨਵੀਂ ਦਿੱਲੀ, ਪਹਿਲਾ ਸੰਸਕਰਣ 2017

20. ਕਾਸਲੀਵਾਲ, ਸੁਨੀਰਾ (ਡਾ.), ਸੰਗੀਤ ਪਰਕ ਵਿਵਿਧ ਸਮੱਗਰੀ ਕਾ ਸੰਗ੍ਰਹਿ, ਕਨਿਸ਼ਕ ਪਬਲੀਸ਼ਰਸ, ਨਵੀਂ ਦਿੱਲੀ, ਪਹਿਲਾ ਸੰਸਕਰਣ, 2013

21. ਭਰਿਗੂਵੰਸ਼ੀ, ਸ਼ਿਖਾ (ਡਾ.), ਸੰਗੀਤ ਸ਼ਾਸਤਰ ਏਵੰਮ ਸੰਗੀਤ ਪ੍ਰਦਰਸ਼ਨ, ਕਨਿਸ਼ਕ ਪਬਲੀਸ਼ਰਸ, ਨਵੀਂ ਦਿੱਲੀ, ਪਹਿਲਾ ਸੰਸਕਰਣ 2013

22. ਮਿਸ਼ਰਾ, ਜਯਾ (ਡਾ.), ਵਰਤਮਾਨ ਸਾਮਾਜਿਕ ਪਰਿਵਰਤਨ ਮੇਂ ਸੰਗੀਤ ਕੀ ਨਈ ਭੂਮਿਕਾ, ਅਨੁਭਵ ਪਬਲੀਸ਼ਿੰਗ ਹਾਊਸ, ਇਲਾਹਾਬਾਦ

23. ਉਦੀਨੀਆ, ਅਸ਼ਵਨੀ (ਡਾ.), ਹਿੰਦੁਸਤਾਨੀ ਸ਼ਾਸਤਰੀਯ ਰਾਗੋਂ ਮੇਂ ਸ਼ੜਜ ਗੰਧਾਰ ਭਾਵ ਕੀ ਮਹੱਤਤਾ, ਕਨਿਸ਼ਕ ਪਬਲੀਸ਼ਰਸ, ਨਵੀ ਦਿੱਲੀ, 2013

24. ਸ਼ਰਮਾ, ਸਵਤੰਤਰ (ਡਾ.), ਸੌਂਦਰਯ, ਰਸ ਔਰ ਸੰਗੀਤ, ਅਨੁਭਵ ਪਬਲੀਸ਼ਿੰਗ ਹਾਊਸ, ਇਲਾਹਾਬਾਦ, ਦੂਸਰਾ ਸੰਸਕਰਣ 2015

25. ਕੌਰ, ਨਰੇਂਦਰ (ਡਾ.), ਸੰਗੀਤ ਕੇ ਮੂਲ ਤੱਤਵ ਭਾਗ 2, ਕਨਿਸ਼ਕ ਪਬਲੀਸ਼ਰਸ, ਨਵੀ ਦਿੱਲੀ, ਪਹਿਲਾ ਸੰਸਕਰਣ, 2012

26. ਝਾ, ਮੋਹਨਾਨੰਦ, ਭਾਰਤ ਕੇ ਮਹਾਨ ਸੰਗੀਤਗਯ, ਗਿਆਨ ਗੰਗਾ, ਦਿੱਲੀ, 2016

27. ਕਾਵਯਾ, ਲਾਵਨਯ ਕੀਰਤੀ ਸਿੰਘ (ਡਾ.), ਸੰਗੀਤ ਸੁਧਾ, ਕਨਿਸ਼ਕ ਪਬਲੀਸ਼ਰਸ, ਨਵੀਂ ਦਿੱਲੀ, 2009

28. ਯਮਨ, ਅਸ਼ੋਕ ਕੁਮਾਰ, ਸੰਗੀਤ ਰਤਨਾਵਲੀ, ਅਭੀਸ਼ੇਕ ਪਬਲੀਕੇਸ਼ਨਜ, ਚੰਡੀਗੜ੍ਹ, 2015

29. ਵਸੰਤ, ਸੰਗੀਤ ਵਿਸ਼ਾਰਦ, ਸੰਗੀਤ ਕਾਰਾਯਲ ਹਾਥਰਸ, ਉ.ਪ੍ਰ., ਤੀਸਰਾ ਸੰਸਕਰਣ, 2017

30. ਮਾਥੁਰ, ਸੁਧਾ (ਡਾ.), ਹਿੰਦੁਸਤਾਨੀ ਸੰਗੀਤ ਕੀ ਰਾਗ-ਸੰਪਦਾ, ਸੰਜਯ ਪ੍ਰਕਾਸ਼ਨ, ਦਿੱਲੀ, ਪਹਿਲਾ ਸੰਸਕਰਣ, 2006

31. ਰਾਏਚੌਧਰੀ, ਨੂਪੁਰ, ਵੀਸਵੀਂ ਸ਼ਤਾਬਦੀ ਕੇ ਮਹਾਨ ਸੰਗੀਤਗਅ ਪੰ. ਦਿਲੀਪਚੰਦਰ ਵੇਦੀ, ਕਨਿਸ਼ਕ ਪਬਲੀਸ਼ਰ, ਦਿੱਲੀ, ਪਹਿਲਾ ਸੰਸਕਰਣ, 2016

32. ਤਿਆਗੀ, ਮੰਜੂਸ਼੍ਰੀ(ਡਾ.), ਪੰਡਿਤ ਜਗਨਨਾਥ ਬੂਵਾ ਪੁਰੋਹਿਤ, ਵਿਅਕਤੀਤਵ ਏਵੰਮ ਕ੍ਰਿਤਿਤਵ, ਕਨਿਸ਼ਕ ਪਬਲੀਸ਼ਰ, ਦਿੱਲੀ, ਪਹਿਲਾ ਸੰਸਕਰਣ, 2003

33. ਨਾਮਧਾਰੀ, ਗੁਰਦਿਆਲ ਸਿੰਘ, ਉਸਤਾਦ ਅਬਦੁਲ ਹਲੀਮ ਜਾਫਰ ਖਾਂ ਵਿਅਕਤੀਤਵ ਏਵੰਮ ਕ੍ਰਿਤਿਤਵ, ਕਨਿਸ਼ਕ ਪਬਲੀਸ਼ਰ, ਦਿੱਲੀ, ਪਹਿਲਾ ਸੰਸਕਰਣ, 2018.

34. ਪਾਂਡੇ ਅਮਿਤਾ (ਡਾ.), ਖਿਆਲ ਗਾਇਕੀ ਔਰ ਭਗਤੀ ਰਸ, ਕਨਿਸ਼ਕ ਪਬਲੀਸ਼ਰ, ਦਿੱਲੀ, ਪਹਿਲਾ ਸੰਸਕਰਣ, 2014

35. ਚੱਕਰਾਵਰਤੀ, ਇੰਦਰਾਣੀ(ਡਾ.), ਸੰਗੀਤ ਮੰਜੂਸ਼ਾ, ਮਿੱਤਲ ਪਬਲੀਕੇਸ਼ਨਸ, 1988

36. ਗਰਗ, ਉਮਾ, (ਡਾ.) ਰਾਗ ਵਿਸ਼ਲੇਸ਼ਣ, ਸੰਜਯ ਪ੍ਰਕਾਸ਼ਨ, ਦਿੱਲੀ, ਪਹਿਲਾ ਸੰਸਕਰਣ, 2004

37. ਗੁਰਪ੍ਰੀਤ ਕੌਰ, ਭਾਰਤੀਯ ਸੰਗੀਤ ਕੇ ਅਨਮੋਲ ਮਣੀ ਡਾ. ਲਾਲਮਣੀ ਮਿਸ਼ਰ, ਕਨਿਸ਼ਕ ਪਬਲੀਸ਼ਰ, ਦਿੱਲੀ, ਪਹਿਲਾ ਸੰਸਕਰਣ, 2004

38. ਚੱਕਰਵਰਤੀ, ਇੰਦਰਾਣੀ (ਡਾ.), ਸੰਗੀਤ ਮੰਜੁਸ਼ਾ, ਮਿੱਤਲ ਪਬਲੀਕੇਸ਼ਨ, ਦਿੱਲੀ, ਪਹਿਲਾ ਸੰਸਕਰਣ, 1988

39. ਚੌਰਸੀਆ, ਓਮਪ੍ਰਕਾਸ਼, ਸੰਗੀਤ-ਰਸ, ਪਰੰਪਰਾ ਔਰ ਵਿਚਾਰ, ਵਾਣੀ ਪ੍ਰਕਾਸ਼ਨ, ਨਈਂ ਦਿੱਲੀ, ਪਹਿਲਾ ਸੰਸਕਰਣ, 2001

40. ਜੋਸ਼ੀ, ਹੇਮਲਤਾ (ਪ੍ਰੋ.), ਰਾਗ ਔਰ ਰਸ, ਨਿਰਮਲ ਪਬਲੀਕੇਸ਼ਨ, ਦਿੱਲੀ, 1999

41. ਗਰਗ, ਲਕਸ਼ਮੀਨਰਾਇਣ (ਡਾ.), ਭਾਰਤ ਦੇ ਸੰਗੀਤਕਾਰ, ਸੰਗੀਤ ਕਾਰਾਯਲ ਹਾਥਰਸ, ਪਹਿਲਾ ਸੰਸਕਰਣ, 2013

42. ਜੈਨ, ਪ੍ਰਭਾ (ਡਾ.), ਉ. ਅਲਾਉਦੀਨ ਖਾਂ, ਹਿੰਦੀ ਗ੍ਰੰਥ ਅਕਾਦਮੀ, ਭੁਪਾਲ, 2001

43. ਮਾਥੁਰ, ਨਿਸ਼ੀ (ਡਾ.), ਭਾਰਤੀਯ ਸੰਗੀਤ ਕਲਾਕਾਰ, ਪਬਲੀਕੇਸ਼ਨ ਸਕੀਮ, ਜੈਪੁਰ

44. ਸ਼੍ਰੀਵਾਸਤਵ, ਮਾਲਤੀ (ਡਾ.), ਸਵਤੰਤਰ ਭਾਰਤ ਕੇ ਨਵਨਿਰਮਿਤ ਕਤਿਪਯ ਰਾਗੋਂ ਕਾ ਵਿਸ਼ਲੇਸ਼ਣਾਤਮਕ ਅਧਿਐਨ

45. ਗਰਗ, ਲਕਸ਼ਮੀਨਰਾਇਣ (ਡਾ.), ਹਮਾਰੇ ਸੰਗੀਤ ਰਤਨ, ਸੰਗੀਤ ਕਾਰਾਯਲ ਹਾਥਰਸ, ਪਹਿਲਾ ਸੰਸਕਰਣ, 1984

46. ਪਾਠਕ, ਸੁਨੰਦਾ (ਡਾ.), ਰਾਗ ਕੀ ਉੱਤਪੱਤੀ ਏਵੰਮ ਵਿਕਾਸ, ਰਾਧਾ ਪਬਲੀਕੇਸ਼ਨ, 1989

47. ਪ੍ਰਵੀਣ, ਵਿਜੈ (ਡਾ.), ਸੁਰ ਸਰਗਮ, ਚੰਮਕ ਪ੍ਰਿੰਟਰਜ, ਫਾਜਿਲਕਾ, 2004

48. ਪ੍ਰਵੀਣ, ਵਿਜੈ (ਡਾ.), ਆਕਰਸ਼ਿਕਾ, ਮੁਕੁਲ ਗਰਾਫਿਕਸ, ਜਲੰਧਰ

49. ਕੁਮਾਰ, ਨਰੇਸ਼ (ਡਾ.), ਹਿੰਦੁਸਤਾਨੀ ਸ਼ਾਸਤਰੀ ਸੰਗੀਤ ਮੇਂ ਪ੍ਰਯੋਗ ਏਵੰਮ ਪਰਿਵਰਤਨ, ਕਨਿਸ਼ਕ ਪਬਲੀਸ਼ਰ, ਡਿਸਟਰੀਬਿਊਟਰਸ, ਨਵੀਂ ਦਿੱਲੀ, ਪਹਿਲਾ ਸੰਸਕਰਣ 2013

50. ਸ਼ਰਮਾ, ਭਾਰਤੀ (ਡਾ.), ਹਿੰਦੁਸਤਾਨੀ ਸੰਗੀਤ ਮੇਂ ਸ਼ੁੱਧ-ਛਾਇਆਲਗ ਤੇ ਸੰਕੀਰਣ ਰਾਗੋਂ ਕੀ ਅਵਧਾਰਣਾ, ਸੰਜਯ ਪ੍ਰਕਾਸ਼ਨ, ਨਵੀਂ ਦਿੱਲੀ, ਪਹਿਲਾ ਸੰਸਕਰਣ, 2010ਵ

51. ਨਰਿੰਦਰ ਕੌਰ (ਡਾ.), ਸੰਗੀਤ ਕੇ ਮੂਲ ਤਤਵ, ਭਾਗ-1, ਕਨਿਸ਼ਕ ਪਬਲੀਸ਼ਰ, ਡਿਸਟਰੀਬਿਊਟਰਸ, ਨਵੀਂ ਦਿੱਲ਼ੀ

52. ਸੁਭਾਸ਼, ਰਾਨੀ ਚੌਧਰੀ, ਸੰਗੀਤ ਕੇ ਪ੍ਰਮੁੱਖ ਸ਼ਾਸਤਰੀਯ ਸਿਧਾਂਤ, ਕਨਿਸ਼ਕ ਪਬਲੀਸ਼ਰ, ਡਿਸਟਰੀਬਿਊਟਰਸ, ਨਵੀਂ ਦਿੱਲੀ, ਪਹਿਲਾ ਸੰਸਕਰਣ, 2002

53. ਝਾ, ਮੋਹਨਾਨੰਦ, ਭਾਰਤ ਕੇ ਮਹਾਨ ਸੰਗੀਤਅੱਗਿਯ, ਆਰ ਟੇਕ ਆੱਫਸੈੱਟ ਪ੍ਰਿੰਟਰਸ, ਦਿੱਲੀ

54. ਝਾ, ਪੰ. ਰਾਮਾਸ਼ਰੈਯ, ਅਭਿਨਵ ਗੀਤਾਂਜਲੀ, ਭਾਗ-4, ਸੰਗੀਤ ਸਦਨ ਪ੍ਰਕਾਸ਼ਨ, ਪੰਜਵਾਂ ਸੰਸਕਰਣ 2015

55. ਝਾ, ਪੰ. ਰਾਮਾਸ਼ਰੈਯ, ਅਭਿਨਵ ਗੀਤਾਂਜਲੀ, ਭਾਗ-3, ਸੰਗੀਤ ਸਦਨ ਪ੍ਰਕਾਸ਼ਨ, ਪੰਜਵਾਂ ਸੰਸਕਰਣ 2006

56. ਸ਼ਰਮਾ, ਯੋਗਿੰਦਰ ਪਾਲ ਤੇ ਬਚਿੱਤਰ ਸਿੰਘ : ਭਾਰਤੀ ਸੰਗੀਤ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ

57. ਮਿਸ਼ਰ ਪੰ. ਵਿਜਯਸ਼ੰਕਰ, ਭਾਰਤੀਯ ਸੰਗੀਤ ਕੇ ਨਯੇ ਆਯਾਮ

58. ਕਸ਼ਯਪ ਡਾ. ਅੰਬਿਕਾ, ਸੰਗੀਤ ਚਿੰਤਨ, ਕਨਿਸ਼ਕ ਪਬਲੀਸ਼ਰਜ, ਨਵੀਂ ਦਿੱਲੀ, ਪਹਿਲਾ ਸੰਸਕਰਣ 2016

**ਪੱਤਰਿਕਾਵਾਂ** :

1. ਸੰਗੀਤ ਮੇਂ ਪਰੰਪਰਾ, ਸ੍ਰਿਜਨ ਔਰ ਨਵੀਨੀਕਰਣ, ਸੰਗੀਤ ਕਲਾ ਵਿਹਾਰ, ਅਪ੍ਰੈਲ 2017

2. ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਅਪ੍ਰੈਲ 2022

3. ਅਪ੍ਰਚਲਿਤ ਰਾਗ, ਸੰਗੀਤ ਕਲਾ ਵਿਹਾਰ, ਅਗਸਤ 2005

4. ਸ਼ਾਈਨਾ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਦਸੰਬਰ, 2019

5. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਅਕਤੂਬਰ, 2020

6. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਦਸੰਬਰ, 2020

7. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਅਗਸਤ, 2009

8. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਜੁਲਾਈ, 2010

9. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਦਸੰਬਰ, 2005

10. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਅਗਸਤ 2003

11. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਅਕਤੂਬਰ, 2016

12. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਸੰਗੀਤ ਕਾਰਾਯਾਲਾ ਹਾਥਰਸ, ਮਾਰਚ 2020

13. ਗਰਗ, ਮੁਕੇਸ਼ (ਡਾ.), ਸੰਗੀਤ ਆਸਾਵਰੀ ਥਾਟ ਅੰਕ, ਸੰਗੀਤ ਕਾਰਾਯਾਲਾ ਹਾਥਰਸ, 1961

14. ਜਸਬੀਰ ਕੌਰ (ਡਾ.), ਸਮਾਜਿਕ ਵਿਗਿਆਨ ਪੱਤਰ, ਭਾਰਤੀ ਸੰਗੀਤ ਦੇ ਪ੍ਰਮੁੱਖ ਸੰਗੀਤਕਾਰ, ਵਿਸ਼ੇਸ਼ ਅੰਕ, ਭਾਗ-2, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 60, 2012

15. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ ਕਲਾ ਵਿਹਾਰ, ਅਕਤੂਬਰ, 2019

16. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ, ਸੰਗੀਤ, ਦਸੰਬਰ, 2019

- **ਭੇਂਟਵਾਰਤਾਲਾਪ**

1. ਪ੍ਰੋ. ਰਵੀਭਟਨਾਗਰ
2. ਡਾ. ਯਸ਼ਪਾੱਲ
3. ਡਾ. ਰਾਜੇਸ਼ ਸਾਹਾ
4. ਡਾ. ਰਵੀ ਭਟਨਾਗਰ
5. ਡਾ. ਸਰੋਜ ਘੋਸ਼
6. ਡਾ. ਅਨੀਦਿਆ ਬੈਨਰਜੀ
7. ਡਾ. ਅਰਚਨਾ ਦੀਕਸ਼ਤ
8. ਤੁਕਾਰਾਮ ਜੀਵਰਾਮ ਪਾਟਿਲ ਗੋਰਾਡੇਕਰ
9. ਡਾ. ਵਿਜੈ ਪ੍ਰਵੀਣ
10. ਡਾ. ਰਾਮਸ਼ੰਕਰ
11. ਡਾ. ਲਾਵੰਨਿਆ
12. ਪ੍ਰੋ. ਕੇ ਸ਼ਸ਼ੀ ਕੁਮਾਰ
13. ਪ੍ਰੋ. ਸ਼ਾਰਦਾ ਵੈਲੰਕਰ
14. ਪ੍ਰੋ. ਰਿਤਵਿਕ ਸਾਨਯਾਲ

15. ਡਾ. ਸੰਗੀਤਾ ਪੰਡਿਤ

16. ਟੀ. ਮਨੀ ਕੰਨਨ

17. ਊਸ਼ਾ ਬੈਨਰਜੀ

18. ਪੰ. ਸ਼ੰਨੂ ਲਾਲ ਮਿਸ਼ਰਾ

19. ਡਾ. ਯੋਗੇਸ਼ ਸ਼ਰਮਾ

20. ਸੁਨੀਲ ਕਾਂਤ ਗੁਪਤਾ

21. ਡਾ. ਵਿਜੇ ਸਾਮਯਾਲ